Punjabi/ਪੰਜਾਬੀ

सत्यमेव जयते

# ਕੌਮੀ ਸਿੱਖਿਆ ਨੀਤੀ 2020

ਸਿੱਖਿਆ ਮੰਤਰਾਲਾ

ਭਾਰਤ ਸਰਕਾਰ।

| ਪਾਠ | ਵਿਸ਼ਾ | ਪੰਨਾਂ |
|---|---|---|
| | ਜਾਣ-ਪਛਾਣ | 3 |
| | **ਭਾਗ-I ਪਾਠਸ਼ਾਲਾ ਸਿੱਖਿਆ** | |
| 1. | ਮੁੱਢਲੀ ਬਾਲ-ਉਮਰ ਦੇਖ-ਭਾਲ ਤੇ ਸਿੱਖਿਆ: ਸਿੱਖਣ ਦੀ ਨੀਂਹ | 8 |
| 2. | ਬੁਨਿਆਦੀ ਸਾਖਰਤਾ ਤੇ ਅੰਕ-ਗਿਆਨ: ਸਿੱਖਣ ਲਈ ਤੁਰੰਤ ਤੇ ਅਟੱਲ ਲੋੜ | 11 |
| 3. | ਹਰ ਪੱਧਰ ‘ਤੇ ਪੜ੍ਹਾਈ ਅੱਧ-ਵਿੱਚ ਛੱਡਣ ਨੂੰ ਰੋਕਣਾ ਅਤੇ ਸਿੱਖਿਆ ਤੱਕ ਸਰਬਵਿਆਪੀ ਪਹੁੰਚ ਯਕੀਨੀ ਬਨਾਉਣੀ | 13 |
| 4. | ਪਾਠਸ਼ਾਲਾ ਦਾ ਪਾਠਕ੍ਰਮ ਤੇ ਸਿੱਖਿਆ-ਵਿਧੀ: ਸਿੱਖਣਾ ਬਹੁਵਿਸ਼ਾਵੀ, ਅਖੰਡੀ, ਅਨੰਦਮਈ, ਅਤੇ ਮਨਲਾਉਣੀ ਹੋਵੇ | 15 |
| 5. | ਅਧਿਆਪਕ | 27 |
| 6. | ਇੱਕ-ਸਮਾਨ ਅਤੇ ਸਰਬਵਿਆਪੀ ਸਿੱਖਿਆ: ਸਭ ਲਈ ਸਿੱਖਿਆ | 34 |
| 7. | ਪਾਠਸ਼ਾਲਾ-ਸਮੂਹਾਂ ਅਤੇ ਪਾਠਸ਼ਾਲਾ-ਜੜੁੱਤਾਂ ਰਾਹੀਂ ਸੁਚਾਰੂ ਸਰੋਤ-ਵਰਤੋਂ ਅਤੇ ਕਾਰਗਰ ਪ੍ਰਸ਼ਾਸਨ | 40 |
| 8. | ਪਾਠਸ਼ਾਲਾ ਸਿੱਖਿਆ ਲਈ ਮਿਆਰਾਂ ਦਾ ਮਿਥਣਾ ਤੇ ਅੰਕਬੰਦੀ (ਅਕਰੈਡੀਟੇਸ਼ਨ) | 43 |
| | **ਭਾਗ-II ਉਚੇਰੀ ਸਿੱਖਿਆ** | |
| 9. | ਉੱਚ-ਗੁਣਵੱਤਾ ਵਿਸ਼ਵਵਿਦਿਆਲੇ ਅਤੇ ਮਹਾਂਵਿਦਿਆਲੇ: ਭਾਰਤੀ ਸਿੱਖਿਆ ਪ੍ਰਣਾਲੀ ਲਈ ਨਵੀਂ ਤੇ ਭਵਿੱਖਮੁਖੀ ਸਮਝ | 46 |
| 10. | ਸੰਸਥਾਈ ਮੁੜ-ਗਠਨ ਅਤੇ ਪੱਕੇ ਪੈਰੀਂ ਕਰਨਾ | 48 |
| 11. | ਵਧੇਰੇ ਬਹੁਅਨੁਸ਼ਾਸਨੀ ਅਤੇ ਸਰਬੰਗੀ ਸਿੱਖਿਆ ਵੱਲ | 51 |
| 12. | ਵਿਦਿਆਰਥੀਆਂ ਲਈ ਆਦਰਸ਼ੀ ਸਿੱਖਿਆ ਵਾਤਾਵਰਣ ਅਤੇ ਸਹਾਰਾ ਪ੍ਰਣਾਲੀ | 54 |
| 13. | ਪ੍ਰੇਰਨਾ-ਭਰਪੂਰ, ਉਤਸ਼ਾਹ-ਭਰਪੂਰ ਅਤੇ ਯੋਗ ਅਧਿਆਪਨ ਅਮਲਾ | 57 |
| 14. | ਉਚੇਰੀ ਸਿੱਖਿਆ ਵਿੱਚ ਇੱਕ-ਸਮਾਨਤਾ (ਇਕੁਇਟੀ) ਅਤੇ ਭਾਈਵਾਲਤਾ (ਇਨਕਲੂਜ਼ਨ) | 58 |
| 15. | ਅਧਿਆਪਕ ਸਿੱਖਿਆ | 60 |
| 16. | ਕਿੱਤਾਮੁਖੀ (ਵੋਕੇਸ਼ਨਲ) ਸਿੱਖਿਆ ਦੀ ਮੁੜ-ਕਲਪਨਾ | 62 |
| 17. | ਨਵੀਂ ਕੌਮੀ ਖੋਜ ਸਥਾਪਨਾ ਰਾਹੀਂ ਸਮੂਹ ਖੇਤਰਾਂ ਵਿੱਚ ਗੁਣਵੱਤਾ ਭਰਪੂਰ ਸਿੱਖਿਆ ਨੂੰ ਜਾਗ | 64 |
| 18. | ਉਚੇਰੀ ਸਿੱਖਿਆ ਦੀ ਨੇਮਬੰਦੀ (ਰੈਗੂਲੇਟਰੀ) ਪ੍ਰਣਾਲੀ ਦੀ ਕਾਇਆ-ਪਲਟੀ | 66 |
| 19. | ਉਚੇਰੀ ਸਿੱਖਿਆ ਲਈ ਕਾਰਗਰ ਪ੍ਰਸ਼ਾਸਨ ਅਤੇ ਅਗਵਾਈ | 69 |

| ਭਾਗ-III ਧਿਆਨ ਲਈ ਹੋਰ ਕੁੰਜੀਵਤ ਖੇਤਰ | | |
|---|---|---|
| 20. | ਪੇਸ਼ਾਵੀ (ਪਰੋਫੈਸ਼ਨਲ) ਸਿੱਖਿਆ | 71 |
| 21. | ਬਾਲਗ ਸਿੱਖਿਆ ਅਤੇ ਜੀਵਨ ਭਰ ਸਿੱਖਣਾ | 72 |
| 22. | ਭਾਰਤੀ ਭਾਸ਼ਾਵਾਂ, ਕਲਾਵਾਂ, ਅਤੇ ਸੱਭਿਆਚਾਰ ਦਾ ਵਾਧਾ | 75 |
| 23. | ਤਕਨਾਲੋਜੀ ਦੀ ਵਰਤੋਂ ਅਤੇ ਸੁਮੇਲ (ਇਨਟਿਗਰੇਸ਼ਨ) | 80 |
| 24. | ਬਿਜਲੇਈ (ਆਨਲਾਈਨ) ਤੇ ਅੰਕਾਵੀ ਸਿੱਖਿਆ: ਤਕਨਾਲੋਜੀ ਦੀ ਇਕਸਾਰ ਵਰਤੋਂ ਯਕੀਨੀ ਬਨਾਉਣਾ | 83 |
| **ਭਾਗ-IV ਹਕੀਕਤ ਵਿੱਚ ਲਿਆਉਣਾ** | | |
| 25. | ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਦਾ ਸਸ਼ਕਤੀਕਰਣ | 86 |
| 26. | ਵਿੱਤਕਾਰੀ: ਸਭ ਦੀ ਪਹੁੰਚ ਅੰਦਰ ਅਤੇ ਗੁਣਵੱਤਾ ਭਰਪੂਰ ਸਿੱਖਿਆ | 87 |
| 27. | ਅਮਲ ਵਿੱਚ ਲਿਆਉਣਾ | 88 |
| | **ਸੰਖੇਪ ਸਾਰਣੀ ਪੰਜਾਬੀ ਅੱਖਰਕ੍ਰਮ ਅਨੁਸਾਰ** | 90 |
| | **ਸੰਖੇਪ ਸਾਰਣੀ ਅੰਗਰੇਜ਼ੀ ਅੱਖਰਕ੍ਰਮ ਅਨੁਸਾਰ** | 95 |

## ਜਾਣ-ਪਛਾਣ

ਪੂਰਨ ਮਨੁੱਖੀ ਸੰਭਵਤਾ (ਪੋਟੈਨਸ਼ਿਅਲ) ਦੀ ਪ੍ਰਾਪਤੀ ਲਈ, ਇੱਕ-ਸਮਾਨਤਾਕਾਰੀ ਅਤੇ ਨਿਆਂਕਾਰੀ ਸਮਾਜ ਦੇ ਵਿਕਾਸ ਲਈ, ਅਤੇ ਕੌਮੀ ਵਿਕਾਸ ਦੇ ਵਾਧੇ ਲਈ ਸਿੱਖਿਆ ਪਹਿਲੀ ਲੋੜ ਹੈ। ਆਰਥਿਕ ਵਿਕਾਸ ਦੇ ਪੱਖੋਂ, ਸਮਾਜਿਕ ਨਿਆਂ ਅਤੇ ਸਮਾਨਤਾ ਦੇ ਪੱਖੋਂ, ਵਿਗਿਆਨ ਵਿੱਚ ਅੱਗੇ ਵਧਣ ਦੇ ਪੱਖੋਂ, ਕੌਮੀ ਏਕੀਕਰਣ ਦੇ ਪੱਖੋਂ, ਅਤੇ ਸਭਿਆਚਾਰ ਦੀ ਸੰਭਾਲ ਦੇ ਪੱਖੋਂ ਸਰਬਵਿਆਪੀ ਪੱਧਰ 'ਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨਾ ਭਾਰਤ ਦੀ ਭੂਮੰਡਲੀ ਪੱਧਰ 'ਤੇ ਲਗਾਤਾਰ ਅੱਗੇ ਵਧਣ ਅਤੇ ਅਗਵਾਈ ਲਈ ਧੁਰੀ ਹੈ। ਵਿਅਕਤੀ, ਸਮਾਜ, ਦੇਸ, ਅਤੇ ਦੁਨੀਆਂ ਦੀ ਭਲਾਈ ਲਈ ਆਪਣੇ ਦੇਸ ਦੀਆਂ ਉੱਤਮ ਪ੍ਰਤਿਭਾਵਾਂ ਅਤੇ ਸਰੋਤਾਂ ਦੇ ਵਿਕਾਸ ਅਤੇ ਪੂਰਨਤਾ ਲਈ ਸਰਬੋਤਮ ਰਾਹ ਸਰਬਵਿਆਪੀ ਉੱਚ-ਗੁਣਵੱਤਾ ਵਾਲੀ ਸਿੱਖਿਆ ਹੈ। ਅਗਲੇ ਦਹਾਕੇ ਵਿੱਚ ਜੱਗ ਦੀ ਸਭ ਤੋਂ ਵੱਧ ਨੌਜੁਆਨ ਅਬਾਦੀ ਭਾਰਤ ਵਿੱਚ ਹੋਵੇਗੀ, ਤੇ ਸਾਡੀ ਉਹਨਾਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਦੇਣ ਦੀ ਯੋਗਤਾ ਸਾਡੇ ਦੇਸ ਦਾ ਭਵਿੱਖ ਤੈਅ ਕਰੇਗੀ।

ਭਾਰਤ ਵੱਲੋਂ 2015 ਵਿੱਚ ਅਪਣਾਏ ਹੰਢਣਸਾਰ ਵਿਕਾਸ ਲਈ 2030 ਕਾਰਜ-ਸੂਚੀ ਦੇ ਟੀਚੇ 4 (ਹੰਵਿਟੀ 4) ਵਿੱਚ ਪ੍ਰਤੀਬਿੰਬਤ ਭੂਮੰਡਲੀ ਸਿੱਖਿਆ ਵਿਕਾਸ ਕਾਰਜ-ਸੂਚੀ ਦਾ ਨਿਸ਼ਾਨਾ 2030 ਤੱਕ ਸਰਬ-ਭਾਈਵਾਲਤਾ ਅਤੇ ਇੱਕ-ਸਮਾਨਤਾ ਵਾਲੀ ਗੁਣਵੱਤਾ ਭਰਪੂਰ ਸਿੱਖਿਆ ਅਤੇ ਸਭ ਲਈ ਜੀਵਨ ਭਰ ਸਿੱਖਣ ਦੇ ਮੌਕੇ ਪ੍ਰਦਾਨ ਕਰਨਾ ਹੈ। ਇਸ ਪਾਕ ਟੀਚੇ ਦੀ ਲੋੜ ਹੋਵੇਗੀ ਕਿ ਸਿੱਖਣ ਨੂੰ ਸਹਾਰਾ ਦੇਣ ਅਤੇ ਸਿੰਜਣ ਲਈ ਪੂਰੇ ਸਿੱਖਿਆ ਪ੍ਰਬੰਧ ਨੂੰ ਨਵਾਂ ਰੂਪ ਦੇਣ ਦੀ ਲੋੜ ਹੋਵੇਗੀ ਤਾਂ ਕਿ ਹੰਢਣਸਾਰ ਵਿਕਾਸ ਲਈ ਕਾਰਜ-ਸੂਚੀ 2030 ਦੇ ਨਿਰਣੇਕਾਰੀ ਟੀਚੇ ਤੇ ਉਦੇਸ਼ (ਹੰਵਿਟੀ) ਹਾਸਲ ਕੀਤੇ ਜਾ ਸੱਕਣ।

ਗਿਆਨ ਖੇਤਰ ਵਿੱਚ ਦੁਨੀਆਂ ਭਰ ਵਿੱਚ ਤਿੱਖੀਆਂ ਤਬਦੀਲੀਆਂ ਆਉਂਦੀਆਂ ਪਈਆਂ ਹਨ। ਵਿਸ਼ਾਲ ਅੰਕੜਾ ਭੰਡਾਰਾਂ, ਮਸ਼ੀਨ ਸਿੱਖਣ, ਬਣਾਉਟੀ ਬੁੱਧੀ ਜਿਹੇ ਅਚੰਭਾਕਾਰੀ ਵਿਗਿਆਨਵੀ ਅਤੇ ਤਕਨਾਲੋਜੀ ਵਿਕਾਸਾਂ ਕਰਕੇ, ਦੁਨੀਆਂ ਵਿੱਚ ਬਹੁਤ ਸਾਰੇ ਸਿਖਲਾਈਹੀਣ ਕੰਮ ਮਸ਼ੀਨਾਂ ਦੇ ਹਵਾਲੇ ਹੋ ਸਕਦੇ ਹਨ, ਜਦੋਂ ਕਿ ਗਣਿਤ, ਕੰਪਿਊਟਰ ਵਿਗਿਆਨ, ਅੰਕੜਾ-ਭੰਡਾਰਨ ਵਿਗਿਆਨ ਦੇ ਨਾਲ-ਨਾਲ ਵਿਗਿਆਨਾਂ, ਸਮਾਜ ਵਿਗਿਆਨਾਂ, ਅਤੇ ਮਾਨਵ ਵਿਗਿਆਨਾਂ ਵਿੱਚ ਬਹੁਵਿਸ਼ਾਵੀ ਸਮਰਥਾਵਾਂ ਵਾਲੇ ਸਿਖਲਾਈ-ਭਰਪੂਰ ਕੰਮਕਾਰਾਂ ਦੀ ਮੰਗ ਲਗਾਤਾਰ ਵਧਦੀ ਜਾਣ ਵਾਲੀ ਹੈ। ਵਾਤਾਵਰਣ ਪਰਿਵਰਤਨ, ਵਧਦੇ ਪ੍ਰਦੂਸ਼ਣ ਅਤੇ ਪ੍ਰਕਿਰਤਕੀ ਸਾਧਨਾਂ ਨੂੰ ਲੱਗਦੇ ਪਏ ਖੋਰੇ ਕਰਕੇ, ਇਸ ਵਿੱਚ ਵੀ ਵੱਡਾ ਹੇਰ-ਫੇਰ ਹੋਵੇਗਾ ਕਿ ਅਸੀਂ ਦੁਨੀਆਂ ਦੀਆਂ ਊਰਜਾ, ਜਲ, ਭੋਜਨ, ਅਤੇ ਸੁੱਛਤਾ ਲੋੜਾਂ ਨੂੰ ਕਿਵੇਂ ਪੂਰਾ ਕਰਦੇ ਹਾਂ; ਇਸ ਦੇ ਨਤੀਜੇ ਵੱਜੋਂ ਨਵੀਂ ਸਿਖਲਾਈ ਭਰਪੂਰ ਕੰਮਕਾਰਾਂ ਦੀ, ਖਾਸ ਤੌਰ 'ਤੇ ਜੀਵ ਵਿਗਿਆਨ, ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਖੇਤੀ-ਬਾੜੀ, ਪੌਣ-ਪਾਣੀ ਵਿਗਿਆਨ, ਅਤੇ ਸਮਾਜ ਵਿਗਿਆਨ ਵਿੱਚ ਸਿਖਲਾਈ ਵਾਲੇ ਕੰਮਕਾਰਾਂ ਦੀ ਲੋੜ ਪਵੇਗੀ। ਮਹਾਂਮਾਰੀਆਂ ਅਤੇ ਵਿਸ਼ਵ-ਵਿਆਪੀ-ਮਹਾਂਮਾਰੀਆਂ ਦੇ ਵਧਦੇ ਪਏ ਉਗਮਣ ਕਰਕੇ, ਛੂਤ ਰੋਗਾਂ ਨਾਲ ਨਜਿੱਠਣ ਦਾ ਕੰਮ ਅਤੇ ਰੋਗ-ਰੋਧੀ-ਔਖਧਾਂ (ਵੈਕਸੀਨ) ਦੇ ਵਿਕਾਸ ਦਾ ਕੰਮ ਰਲ-ਮਿਲ ਖੋਜ ਕਰਨ ਦੀ ਮੰਗ ਕਰਨਗੇ; ਅਤੇ ਇਹਨਾਂ ਦੇ ਨਤੀਜੇ ਵੱਜੋਂ ਪੈਦਾ ਹੋਏ ਸਮਾਜੀ ਮੁੱਦੇ ਬਹੁਵਿਸ਼ਾਵੀ ਸਿੱਖਣ ਦੀ ਲੋੜ ਹੋਰ ਵਧਾਂਦੇ ਹਨ। ਭਾਰਤ ਦੇ ਵਿਕਸਿਤ ਦੇਸ ਬਣਨ ਵੱਲ ਵਧਣ ਅਤੇ ਨਾਲ ਦੀ ਨਾਲ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਦੇ ਨਾਲ ਮਾਨਵ ਵਿਗਿਆਨਾਂ ਅਤੇ ਕਲਾਵਾਂ ਦੀ ਮੰਗ ਵੀ ਵਧੇਗੀ।

ਸਹੀ ਹੈ ਕਿ ਕੰਮ-ਕਾਜੀ ਪਰਸਥਿਤੀਆਂ ਅਤੇ ਭੂਮੰਡਲੀ ਵਾਤਾਵਰਣ ਦੀ ਤਿੱਖੀ ਤਬਦੀਲੀ ਕਰਕੇ ਇਹ ਹੋਰ ਵੀ ਜ਼ਰੂਰੀ ਹੋਈ ਜਾਂਦਾ ਹੈ ਕਿ ਬੱਚੇ ਬੱਸ ਸਿੱਖਣ ਈ ਨਾ, ਬਲਕਿ ਵਧੇਰੇ ਮਹੱਤਵਪੂਰਨ ਹੈ ਕਿ ਉਹ ਇਹ ਵੀ ਸਿੱਖਣ ਕਿ ਸਿੱਖਣਾ ਕਿਵੇਂ ਹੈ। ਇਸ ਕਰਕੇ, ਸਿੱਖਿਆ ਨੂੰ ਜ਼ਰੂਰ ਇਹਨਾਂ ਟੀਚਿਆਂ ਵੱਲ ਵਧਣਾ ਚਾਹੀਦਾ ਹੈ: ਘੱਟ ਵਿਸ਼ਾ-ਵਸਤ, ਅਲੋਚਨਾਵੀ ਕਿਵੇਂ ਸੋਚਿਆ ਜਾਵੇ ਅਤੇ ਸਮੱਸਿਆਵਾਂ ਹੱਲ ਕਿਵੇਂ ਕੀਤੀਆਂ ਜਾਣ, ਸਿਰਜਣਾਤਮਕ ਕਿਵੇਂ ਸੋਚਿਆ ਜਾਵੇ ਤੇ ਬਹੁਵਿਸ਼ਾਵੀ ਕਿਵੇਂ ਬਣਿਆਂ ਜਾਵੇ, ਅਤੇ ਨਵੇਂ ਤੇ ਬਦਲਦੇ ਖੇਤਰਾਂ ਵਿਚ ਕਾਢ (ਇਨੋਵੇਸ਼ਨ) ਕਿਵੇਂ ਕੀਤੀ ਜਾਵੇ,

ਇਹਨਾਂ ਅਨੁਸਾਰ ਢਲਿਆ ਕਿਵੇਂ ਜਾਵੇ ਤੇ ਇਹਨਾਂ ਵਿਚਲੀ ਸਮੱਗਰੀ ਨੂੰ ਆਤਮਸਾਤ ਕਿਵੇਂ ਕੀਤਾ ਜਾਵੇ। ਸਿੱਖਿਆ-ਵਿਧੀ ਦਾ ਵਿਕਾਸ ਇੰਞ ਹੋਵੇ ਪਈ ਸਿੱਖਿਆ ਵਧੇਰੇ ਅਨੁਭਵਮੁਖੀ, ਸਰਬੰਗੀ, ਅਖੰਡ, ਜਗਿਆਸਾਮੁਖੀ, ਲੱਭਤਮੁਖੀ, ਸਿੱਖਿਆਰਥੀਮੁਖੀ, ਵਿਚਾਰ-ਵਟਾਂਦਰਾਮੁਖੀ, ਲਚਕੀਲੀ, ਅਤੇ, ਨਿਰਸੰਦੇਹ ਅਨੰਦਭਰਪੂਰ, ਬਣੇਂ। ਸਿਖਿਆਰਥੀ ਦੇ ਸਾਰੇ ਪੱਖਾਂ ਅਤੇ ਸਮਰਥਾਵਾਂ ਦੇ ਵਿਕਾਸ ਲਈ, ਵਿਗਿਆਨ ਤੇ ਗਣਿਤ ਦੇ ਨਾਲ-ਨਾਲ ਮੂਲ ਕਲਾਵਾਂ, ਸ਼ਿਲਪਕਾਰੀਆਂ, ਮਾਨਵ ਵਿਗਿਆਨ, ਮਨ-ਪਰਚਾਵੇ, ਖੇਡਾਂ ਤੇ ਤੰਦਰੁਸਤੀ, ਭਾਸ਼ਾਵਾਂ, ਸਾਹਿਤ, ਸੱਭਿਆਚਾਰ, ਅਤੇ ਕਦਰਾਂ-ਕੀਮਤਾਂ ਪਾਠਕ੍ਰਮ ਦਾ ਹਿੱਸਾ ਹੋਣਾ ਚਾਹੀਦੀਆਂ ਹਨ। ਸਿੱਖਿਆ ਚਰਿੱਤਰ ਦੀ ਉਸਾਰੀ ਕਰੇ, ਸਿੱਖਿਆਰਥੀਆਂ ਨੂੰ ਨੈਤਿਕ, ਤਰੱਕੀ, ਦਇਆਵਾਨ, ਤੇ ਦੁੱਖ-ਦਰਦ ਵੰਡਣ ਵਾਲੇ ਹੋਣ ਦੇ ਯੋਗ ਬਣਾਵੇ, ਤੇ ਨਾਲ ਦੀ ਨਾਲ ਉਹਨਾਂ ਨੂੰ ਲਾਭਕਾਰੀ ਤੇ ਸੰਤੋਖਦਾਈ ਰੁਜ਼ਗਾਰ ਲਈ ਤਿਆਰ ਕਰੇ।

ਸਿੱਖਿਆ ਪ੍ਰਾਪਤੀਆਂ ਦੀ ਮੌਜੂਦਾ ਹਾਲਤ ਅਤੇ ਜੋ ਲੋੜੀਂਦਾ ਹੈ ਇਸ ਵਿਚਲਾ ਪਾੜਾ ਮੁੱਢਲੀ ਬਾਲ-ਉਮਰ ਦੇਖ-ਭਾਲ ਤੋਂ ਉਚੇਰੀ ਸਿੱਖਿਆ ਤੱਕ ਅਜਿਹੇ ਸੁਧਾਰ ਕਰਕੇ ਜਿਹੜੇ ਸਿੱਖਿਆ-ਪ੍ਰਣਾਲੀ ਵਿੱਚ ਸਰਬਉੱਚ ਗੁਣਵੱਤਾ, ਇੱਕ-ਸਮਾਨਤਾ, ਅਤੇ ਦਿਆਨਤਦਾਰੀ ਲਿਆਉਣ ਨਾਲ ਜ਼ਰੂਰ ਭਰਿਆ ਜਾਣਾ ਚਾਹੀਦਾ ਹੈ।

ਭਾਰਤ ਲਈ ਇਹ ਟੀਚਾ ਹੋਣਾ ਚਾਹੀਦਾ ਹੈ ਕਿ 2040 ਤੱਕ ਅਜਿਹੀ ਸਿੱਖਿਆ ਪ੍ਰਣਾਲੀ ਹੋਵੇ ਜੋ ਕਿਸੇ ਤੋਂ ਘੱਟ ਨਾ ਹੋਵੇ, ਤੇ ਹਰ ਸਮਾਜਿਕ ਅਤੇ ਆਰਥਿਕ ਪਿਛੋਕੜ ਵਾਲੇ ਸਿਖਿਆਰਥੀ ਦੀ ਸਰਬਉੱਚ-ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਹੋਵੇ।

ਇਹ ਕੌਮੀ ਸਿੱਖਿਆ ਨੀਤੀ 2020 ਇੱਕੀਵੀਂ ਸਦੀ ਦੀ ਪਹਿਲੀ ਸਿੱਖਿਆ ਨੀਤੀ ਹੈ ਤੇ ਇਸ ਦਾ ਟੀਚਾ ਦੇਸ ਦੀਆਂ ਵਧਦੀਆਂ ਹੋਈਆਂ ਵਿਕਾਸ ਲੋੜਾਂ ਨੂੰ ਨਜਿੱਠਣਾ ਹੈ। ਇਸ ਵਿੱਚ, ਭਾਰਤ ਦੀਆਂ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਆਧਾਰ ਬਣਾਉਂਦਿਆਂ ਇੱਕੀਵੀਂ ਸਦੀ ਦੀ ਸਿੱਖਿਆ ਦੀਆਂ ਅਕਾਂਖਿਆਵਾਂ ਭਰੇ ਟੀਚਿਆਂ ਨਾਲ ਜੁੜੀ , ਹੰਵਿਟੀ4 ਸਮੇਤ, ਨਵੀਂ ਸਿੱਖਿਆ ਪ੍ਰਣਾਲੀ ਦੀ ਸਿਰਜਣਾ ਲਈ ਸਿੱਖਿਆ ਬਣਤਰ ਦੇ ਸਾਰੇ ਪੱਖਾਂ ਦੇ, ਨੇਮਬੰਦੀ ਤੇ ਪ੍ਰਸ਼ਾਸਨ ਸਮੇਤ, ਮੁੜ-ਅਵਲੋਕਨ ਅਤੇ ਸੁਧਾਈ ਦਾ ਪ੍ਰਸਤਾਵ ਹੈ। ਸਿੱਖਿਆ ਨੀਤੀ ਹਰੇਕ ਵਿਅਕਤੀ ਦੀ ਸਿਰਜਣਾਤਮਕ ਸੰਭਾਵਨਾ ਦੇ ਵਿਕਾਸ ‘ਤੇ ਉਚੇਚਾ ਬਲ ਦੇਂਦੀ ਹੈ। ਇਹ ਇਸ ਅਸੂਲ ਤੇ ਟਿਕੀ ਹੈ ਪਈ ਸਿੱਖਿਆ ਬੱਸ ਗਿਆਨਵੀ ਸਮਰਥਾਵਾਂ ਦਾ - ਸਾਖਰਤਾ ਅਤੇ ਅੰਕ-ਸਾਖਰਤਾ ਦੀਆਂ ਨੀਂਹਵੀਂ ਸਮਰੱਥਾਵਾਂ ਅਤੇ ਉਚੇਰੀ ਪੱਧਰ ਦੀਆਂ ਅਲੋਚਨਾਵੀ ਸੋਚ ਅਤੇ ਸਮੱਸਿਆ ਹੱਲ ਕਰਨ ਵਰਗੀਆਂ ਗਿਆਨਵੀ ਸਮਰਥਾਵਾਂ ਦੋਵਾਂ ਦਾ - ਹੀ ਜ਼ਰੂਰ ਵਿਕਾਸ ਨਾ ਕਰੇ, ਬਲਕਿ ਸਮਾਜੀ, ਨੈਤਿਕ, ਅਤੇ ਭਾਵਨਾਵੀ ਸਮਰਥਾਵਾਂ ਅਤੇ ਵਿਹਾਰ ਦਾ ਵਿਕਾਸ ਵੀ ਕਰੇ।

ਪੁਰਾਤਨ ਅਤੇ ਸਦੀਵੀ ਭਾਰਤੀ ਗਿਆਨ ਤੇ ਸੋਚ ਇਸ ਨੀਤੀ ਦਾ ਚਾਨਣ ਮੁਨਾਰਾ ਰਹੇ ਹਨ। ਭਾਰਤੀ ਸੋਚ ਅਤੇ ਦਰਸ਼ਨ ਵਿੱਚ ਗਿਆਨ (Jnan), ਬੁੱਧੀ (Pragya), ਅਤੇ ਸੱਚ (Satya) ਨੂੰ ਸਦਾ ਮਨੁੱਖ ਦਾ ਸਰਬੋਤਮ ਟੀਚਾ ਸਮਝਿਆ ਜਾਂਦਾ ਸੀ। ਪੁਰਾਤਨ ਭਾਰਤ ਵਿੱਚ ਸਿੱਖਿਆ ਦਾ ਟੀਚਾ ਬੱਸ ਇਸ ਜੱਗ ਵਿੱਚ, ਜਾਂ ਪਾਠਸ਼ਾਲਾ ਤੋਂ ਬਾਹਰ, ਜਿਉਣ ਦੀ ਤਿਆਰੀ ਮਾਤਰ ਲਈ ਗਿਆਨ ਗ੍ਰਹਿਣ ਕਰਨਾ ਨਹੀਂ ਸੀ, ਬਲਕਿ ਸਵੈ ਦੇ ਪੂਰਨ ਅਨੁਭਵ ਅਤੇ ਮੁਕਤੀ ਲਈ ਗਿਆਨ ਗ੍ਰਹਿਣ ਕਰਨਾ ਸੀ। ਪੁਰਾਤਨ ਭਾਰਤ ਦੀਆਂ ਜਗਤ ਪ੍ਰਸਿੱਧ ਸੰਸਥਾਵਾਂ ਤਕਸ਼ਸ਼ਿਲਾ, ਨਾਲੰਦਾ, ਵਿਕਰਮਸ਼ਿਲਾ, ਤੇ ਵੱਲਭੀ ਨੇ ਬਹੁਵਿਸ਼ਾਵੀ ਅਧਿਆਪਨ ਅਤੇ ਖੋਜ ਦੇ ਉੱਚਤਮ ਮਿਆਰ ਕਾਇਮ ਕੀਤੇ ਅਤੇ ਭਾਂਤ-ਭਾਂਤ ਦੇ ਪਿਛੋਕੜ ਤੇ ਦੇਸਾਂ ਦੇ ਵਿਦਵਾਨ ਤੇ ਵਿਦਿਆਰਥੀਆਂ ਨੂੰ ਥਾਂ ਦਿੱਤੀ। ਭਾਰਤੀ ਸਿੱਖਿਆ ਪ੍ਰਣਾਲੀ ਨੇ ਚਰਕ, ਸੁਸਰੁਤ, ਆਰੀਆਭੱਟ, ਵਰਾਹਮਿਹੀਰ, ਭਾਸਕਰਾਚਾਰੀਆ, ਬ੍ਰਹਮਗੁਪਤ, ਚਾਣੱਕਿਆ, ਚੱਕਰਪਾਣੀ ਦੱਤ, ਮਾਧਵ, ਪਾਣਿਨੀ, ਪਤੰਜਲੀ, ਨਾਗਾਰਜੁਨ, ਗੌਤਮ, ਪਿੰਗਲ, ਸੰਕਰਦੇਵ, ਮੈਤਰੇਈ, ਗਾਰਗੀ, ਥੀਰੁਵੱਲੂਵਰ, ਅਤੇ ਅਨੇਕਾਂ ਹੋਰ ਮਹਾਨ ਵਿਦਵਾਨ ਪੈਦਾ ਕੀਤੇ, ਜਿੰਨਾਂ ਨੇ ਗਣਿਤ, ਖਗੋਲ ਵਿਗਿਆਨ, ਧਾਤ ਵਿਗਿਆਨ, ਚਿਕਿਤਸਾ ਅਤੇ ਚੀਰ-ਫਾੜ ਵਿਗਿਆਨ (ਸਰਜਰੀ), ਨਗਰ-ਉਸਾਰੀ, ਭਵਨ-ਵਿਗਿਆਨ, ਨਾਵ-ਨਿਰਮਾਣ ਤੇ ਦਿਸ਼ਾ ਵਿਗਿਆਨ, ਯੋਗ, ਲਲਿਤ ਕਲਾਵਾਂ, ਸ਼ਤਰੰਜ ਤੇ ਕਿੰਨੇ ਹੋਰ ਵਿਗਿਆਨਾਂ ਵਿੱਚ ਅਤੇ ਮੌਲਿਕ ਯੋਗਦਾਨ ਪਾਇਆ ਹੈ। ਭਾਰਤੀ ਸੱਭਿਆਚਾਰ

ਤੇ ਚਿੰਤਨ ਨੇ ਦੁਨੀਆਂ ‘ਤੇ ਡੂੰਘਾ ਪ੍ਰਭਾਵ ਪਾਇਆ ਹੈ। ਦੁਨੀਆਂ ਦੇ ਵਿਰਸੇ ਵਿੱਚ ਇਹਨਾਂ ਸ਼ਾਨਾਮੱਤੀਆਂ ਪਰੰਪਰਾਵਾਂ ਨੂੰ ਆਉਣ ਵਾਲੀਆਂ ਨਸਲਾਂ ਲਈ ਸਿੰਜਿਆ ਤੇ ਸਾਂਭਿਆ ਈ ਨਹੀਂ ਜਾਣਾ ਚਾਹੀਦਾ, ਬਲਕਿ ਇਹਨਾਂ ‘ਤੇ ਆਪਣੀ ਸਿੱਖਿਆ ਪ੍ਰਣਾਲੀ ਰਾਹੀਂ ਖੋਜ ਹੋਣੀ ਚਾਹੀਦੀ ਹੈ, ਇਹਨਾਂ ‘ਚ ਵਾਧਾ ਕੀਤਾ ਜਾਣਾ ਚਾਹੀਦਾ ਹੈ, ਤੇ ਇਹਨਾਂ ਦੀ ਨਵੀਂ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਸਿੱਖਿਆ ਵਿੱਚ ਅਧਿਆਪਕ ਮੂਲ ਬਦਲਾਵਾਂ ਦੀ ਧੁਰੀ ਹੋਣਾ ਚਾਹੀਦਾ ਹੈ। ਅਧਿਆਪਕ ਕਿਉਂਕਿ ਸਾਡੇ ਅਗਲੀ ਪੀੜ੍ਹੀ ਦੇ ਨਾਗਰਿਕਾਂ ਦਾ ਮੁਹਾਂਦਰਾ ਘੜਦੇ ਹਨ, ਇਸ ਲਈ ਨਵੀਂ ਸਿੱਖਿਆ ਨੀਤੀ ਨੂੰ ਅਧਿਆਪਕਾਂ ਨੂੰ ਹਰ ਪੱਧਰ ‘ਤੇ ਸਾਡੇ ਸਮਾਜ ਦੇ ਸਭ ਤੋਂ ਵੱਧ ਸਤਿਕਾਰੇ ਤੇ ਜ਼ਰੂਰੀ ਸਦੱਸਾਂ ਵੱਜੋਂ ਮੁੜ ਸਥਾਪਤ ਕਰਨ ਵਿੱਚ ਸਹਾਈ ਹੋਣਾ ਚਾਹੀਦਾ ਹੈ। ਸਿੱਖਿਆ ਨੀਤੀ ਨੂੰ ਅਧਿਆਪਕਾਂ ਦੇ ਸ਼ਕਤੀਕਰਣ ਲਈ ਸਭ ਕੁਝ ਕਰਨਾ ਚਾਹੀਦਾ ਹੈ ਤੇ ਉਹਨਾਂ ਦੇ ਕੰਮ ਨੂੰ ਸੰਭਵ ਦੀ ਹੱਦ ਤੱਕ ਸੁਚਾਰੂ ਰੂਪ ਵਿੱਚ ਨਿਭਾਉਣ ਵਿੱਚ ਸਹਾਈ ਹੋਣਾ ਚਾਹੀਦਾ ਹੈ। ਜੀਵਨ ਨਿਰਬਾਹ, ਸਤਿਕਾਰ, ਸਵੈਮਾਨ, ਤੇ ਸਵਾਧੀਨਤਾ ਯਕੀਨੀ ਬਣਾ ਕੇ ਨਵੀਂ ਸਿੱਖਿਆ ਨੀਤੀ ਨੂੰ ਅਧਿਆਪਨ ਦੇ ਕਿੱਤੇ ਵਿੱਚ ਸਭ ਤੋਂ ਉੱਤਮ ਤੇ ਪ੍ਰਤਿਭਾਵਾਨਾਂ ਦੇ ਦਾਖਲੇ ਵਿੱਚ ਸਹਾਈ ਹੋਣਾ ਚਾਹੀਦਾ ਹੈ, ਤੇ ਨਾਲ ਦੀ ਨਾਲ ਗੁਣਵੱਤਾ ਦੇ ਨਿਭਾਅ ਤੇ ਜਵਾਬਦੇਹੀ ਦੀਆਂ ਵਿਧੀਆਂ ਵੀ ਜੋੜੀਆਂ ਜਾਣੀਆਂ ਚਾਹੀਦੀਆਂ ਹਨ।

ਨਵੀਂ ਸਿੱਖਿਆ ਨੀਤੀ ਹਰ ਵਿਦਿਆਰਥੀ ਲਈ, ਭਾਵੇਂ ਉਹ ਕਿਧਰੇ ਵੀ ਰਹਿੰਦੇ ਹੋਣ, ਗੁਣਵੱਤਾ ਭਰਪੂਰ ਸਿੱਖਿਆ ਪ੍ਰਣਾਲੀ ਪ੍ਰਦਾਨ ਕਰੇ, ਤੇ ਇਤਿਹਸਾਕ ਤੌਰ ‘ਤੇ ਬਾਹਰ ਕੱਢੇ, ਵਿਤਕਰੇ ਦੇ ਸ਼ਿਕਾਰ, ਤੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਸਿੱਖਿਆ ਬੜੀ ਵੱਡੀ ਸਮਤਾਕਾਰੀ ਸ਼ਕਤੀ ਹੈ ਤੇ ਆਰਥਿਕ ਤੇ ਸਮਾਜਿਕ ਗਤੀਸ਼ੀਲਤਾ, ਭਾਈਵਾਲਤਾ, ਤੇ ਸਮਾਨਤਾ ਲਈ ਸਭ ਤੋਂ ਵੱਡਾ ਸੰਦ ਹੈ। ਅਜਿਹੀਆਂ ਪਹਿਲਕਦਮੀਆਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਜਿਸ ਨਾਲ ਇਹਨਾਂ ਸਮੂਹਾਂ ਵਾਲੇ ਸਾਰੇ ਵਿਦਿਆਰਥੀਆਂ ਨੂੰ, ਜਨਮਜਾਤ ਰੋਕਾਂ ਦੇ ਹੁੰਦਿਆਂ ਵੀ, ਸਿੱਖਿਆ ਪ੍ਰਣਾਲੀ ਵਿੱਚ ਦਾਖ਼ਲ ਹੋਣ ਅਤੇ ਵੱਡੀਆਂ ਪ੍ਰਾਪਤੀਆਂ ਕਰਨ ਦੇ ਭਾਂਤ-ਭਾਂਤ ਦੇ ਮਿਥੇ ਮੌਕੇ ਮਿਲਣ।

ਦੇਸ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਲੋੜਾਂ ਅਤੇ ਇਸ ਦੀ ਅਮੀਰ ਵੰਨਸੁਵੰਨਤਾ ਤੇ ਸਭਿਆਚਾਰ ਬਾਰੇ ਵਿਚਾਰਦਿਆਂ ਹੋਇਆਂ ਇਹ ਤੱਤ ਜ਼ਰੂਰ ਹਿੱਸਾ ਬਣਾਏ ਜਾਣੇ ਚਾਹੀਦੇ ਹਨ। ਭਾਰਤ ਦੇ ਨੌਜੁਆਨ ਲੋਕਾਂ ਨੂੰ ਭਾਰਤ ਬਾਰੇ ਅਤੇ ਇਸ ਦੀਆਂ ਵੱਖ-ਵੱਖ ਸਮਾਜੀ, ਸੱਭਿਆਚਾਰੀ ਤੇ ਤਕਨੀਕੀ ਲੋੜਾਂ ਬਾਰੇ, ਇਸ ਦੀ ਅਦੁੱਤੀ ਕਲਾ, ਭਾਸ਼ਾ, ਤੇ ਚਿੰਤਨ ਪ੍ਰੰਪਰਾਵਾਂ ਬਾਰੇ ਗਿਆਨ ਦੇਣਾ ਕੌਮੀ ਸਵੈਮਾਨ, ਸਵੈ-ਭਰੋਸੇ, ਸਵੈ-ਗਿਆਨ, ਸਹਿਕਾਰਤਾ, ਅਤੇ ਅਖੰਡਤਾ ਲਈ ਕੇਂਦਰੀ ਸਮਝਿਆ ਜਾਂਦਾ ਹੈ।

## ਪਿਛਲੀਆਂ ਨੀਤੀਆਂ

ਸਿੱਖਿਆ ਬਾਰੇ ਪਿਛਲੀਆਂ ਨੀਤੀਆਂ ਦਾ ਲਾਗੂ ਕਰਨਾ ਮੁੱਖ ਤੌਰ ‘ਤੇ ਪਹੁੰਚ ਤੇ ਇੱਕ-ਸਮਾਨਤਾ ਦੇ ਮੁੱਦਿਆਂ ‘ਤੇ ਕੇਂਦਰਤ ਸੀ। ਇਸ ਨੀਤੀ ਵਿੱਚ ਕੌਮੀ ਸਿੱਖਿਆ ਨੀਤੀ 1986, ਜੋ 1992 ਵਿੱਚ ਸੋਧੀ ਗਈ ਸੀ (ਕੌਂਸਿਨੀ 1986/92), ਦੇ ਰਹਿੰਦੇ ਕਾਰਜਾਂ ਨੂੰ ਢੁੱਕਵੀਂ ਥਾਂ ਦਿੱਤੀ ਗਈ ਹੈ। ਪਿਛਲੀ 1986/92 ਵਾਲੀ ਨੀਤੀ ਤੋਂ ਪਿੱਛੋਂ ਵੱਡਾ ਮੋੜ ‘ਬੱਚਿਆਂ ਦਾ ਮੁਫ਼ਤ ਤੇ ਜ਼ਰੂਰੀ ਸਿੱਖਿਆ ਦਾ ਅਧਿਕਾਰ ਕਨੂੰਨ (ਐਕਟ) 2009’ ਰਿਹਾ ਹੈ, ਜਿਸ ਨੇ ਸਭ ਲਈ ਮੁੱਢਲੀ ਸਿੱਖਿਆ ਲਈ ਕਨੂੰਨੀ ਆਧਾਰ ਪ੍ਰਦਾਨ ਕੀਤਾ।

## ਇਸ ਨੀਤੀ ਦੇ ਸਿਧਾਂਤ

ਸਿੱਖਿਆ ਪ੍ਰਣਾਲੀ ਦਾ ਉਦੇਸ਼ ਅਜਿਹੇ ਚੰਗੇ ਮਨੁੱਖ ਤਿਆਰ ਕਰਨਾ ਹੈ ਜੋ ਤਰਕੀ (ਲਾਜੀਕਲ) ਚਿੰਤਨ ਅਤੇ ਵਿਹਾਰ ਦੇ ਯੋਗ ਹੋਣ, ਜਿੰਨ੍ਹਾਂ ਵਿੱਚ ਡੂੰਘੇ ਨੈਤਿਕ ਬੰਧੇਜਾਂ ਤੇ ਕਦਰਾਂ-ਕੀਮਤਾਂ ਦੇ ਨਾਲ-ਨਾਲ ਰਹਿਮਦਿਲੀ ਤੇ ਸਹਾਨੁਭੂਤੀ, ਸਾਹਸ ਤੇ ਦ੍ਰਿੜਤਾ, ਵਿਗਿਆਨੀ ਸੁਭਾਅ ਅਤੇ ਸਿਰਜਣੇਈ ਕਲਪਨਾ ਹੋਵੇ। ਇਸ ਦਾ ਨਿਸ਼ਾਨਾ ਆਪਣੇ ਸੰਵਿਧਾਨ ਵੱਲੋਂ ਕਿਆਸੇ

ਗਏ ਇੱਕ-ਸਮਾਨਤਾਮੁਖੀ, ਭਾਈਵਾਲਤਾਮੁਖੀ (ਇਨਕਲੂਜ਼ਿਵ), ਅਤੇ ਬਹੁਲਤਾਮੁਖੀ ਸਮਾਜ ਦੀ ਉਸਾਰੀ ਲਈ ਵਚਨਬੱਧ, ਉਤਪਾਦਨਸ਼ੀਲ, ਅਤੇ ਯੋਗਦਾਨ ਪਾਉਣ ਵਾਲੇ ਨਾਗਰਿਕ ਤਿਆਰ ਕਰਨਾ ਹੈ।

ਇੱਕ ਚੰਗੀ ਸਿੱਖਿਆ ਸੰਸਥਾ ਉਹ ਹੁੰਦੀ ਹੈ ਜਿੱਥੇ ਹਰ ਇੱਕ ਵਿਦਿਆਰਥੀ ਦਾ ਸੁਆਗਤ ਹੁੰਦਾ ਹੈ ਤੇ ਦੇਖ-ਭਾਲ ਹੁੰਦੀ ਹੈ, ਜਿੱਥੇ ਸੁਰੱਖਿਅਤ ਅਤੇ ਉਤਸ਼ਾਹਦੇਈ ਸਿੱਖਣ ਮਾਹੌਲ ਦੀ ਹੋਂਦ ਹੁੰਦੀ ਹੈ, ਜਿੱਥੇ ਬਹੁ-ਭਾਂਤ ਦੇ ਸਿੱਖਣ ਅਨੁਭਵ ਦਿੱਤੇ ਜਾਂਦੇ ਹਨ, ਅਤੇ ਜਿੱਥੇ ਵਿਦਿਆਰਥੀਆਂ ਨੂੰ ਸਿੱਖਣ ਵਿੱਚ ਸਹਾਈ ਭੌਤਿਕ ਢਾਂਚਾ ਅਤੇ ਲੋੜੀਂਦੇ ਸਰੋਤ ਹਾਸਲ ਹੁੰਦੇ ਹਨ। ਹਰ ਸਿੱਖਿਆ ਸੰਸਥਾ ਦਾ ਇਹ ਗੁਣ ਹਾਸਲ ਕਰਨ ਦਾ ਟੀਚਾ ਜ਼ਰੂਰ ਹੋਣਾ ਚਾਹੀਦਾ ਹੈ। ਪਰ, ਇਸ ਦੇ ਨਾਲ-ਨਾਲ, ਸੰਸਥਾਵਾਂ ਵਿਚਕਾਰ ਤੇ ਸਿੱਖਿਆ ਦੇ ਸਾਰੇ ਪੜਾਵਾਂ ਵਿਚਕਾਰ ਬੇਰੋਕ ਸੁਮੇਲ (ਇਨਟਿਗਰੇਸ਼ਨ) ਅਤੇ ਤਾਲਮੇਲ ਹੋਣਾ ਚਾਹੀਦਾ ਹੈ।

ਸਿੱਖਿਆ ਪ੍ਰਣਾਲੀ ਦੀ ਸਮੁੱਚੇ ਤੌਰ 'ਤੇ ਅਤੇ ਵਿਅਕਤੀਗਤ ਸੰਸਥਾਵਾਂ ਦੀ ਇਕੱਲੇ ਤੌਰ 'ਤੇ ਅਗਵਾਈ ਕਰਨ ਵਾਲੇ ਮੂਲ ਸਿਧਾਂਤ ਇਹ ਹਨ:

- ਹਰੇਕ ਵਿਦਿਆਰਥੀ ਦੇ ਅਕਾਦਮਿਕ ਤੇ ਅਣ-ਅਕਾਦਮਿਕ ਦੋਵਾਂ ਖੇਤਰਾਂ ਵਿੱਚ ਸਰਬੰਗੀ ਵਿਕਾਸ ਵਿੱਚ ਵਾਧੇ ਲਈ ਅਧਿਆਪਕਾਂ ਅਤੇ ਮਾਪਿਆਂ ਦੋਵਾਂ ਨੂੰ ਸੰਵੇਦਨਸ਼ੀਲ ਬਣਾ ਕੇ **ਹਰੇਕ ਵਿਦਿਆਰਥੀ ਦੀਆਂ ਨਿਵੇਕਲੀਆਂ ਸਮਰਥਾਵਾਂ ਦੀ ਪਛਾਣ, ਨਿਸ਼ਾਨਦੇਹੀ, ਅਤੇ ਪਾਲਣ-ਪੋਸਣ ਕਰਨਾ**;
- ਤੀਜੀ ਜਮਾਤ ਤੱਕ ਹਰੇਕ ਵਿਦਿਆਰਥੀ ਨੂੰ **ਮੂਲ ਸਾਖਰਤਾ ਅਤੇ ਅੰਕ-ਗਿਆਨ** (ਨਿਊਮਰੇਸ਼) **ਹਾਸਲ ਕਰਾਉਣ ਨੂੰ ਸਭ ਤੋਂ ਵੱਧ ਤਰਜੀਹ ਦੇਣਾ**;
- **ਲਚਕ**, ਤਾਂ ਕਿ ਸਿਖਿਆਰਥੀ ਆਪਣੀ ਸਿੱਖਿਆ ਦਾ ਗਤੀ-ਮਾਰਗ ਤੇ ਕਾਰਜਕ੍ਰਮ ਚੁਣਨ ਦੀ ਯੋਗਤਾ ਹਾਸਲ ਕਰ ਲੈਣ, ਅਤੇ ਇੰਞ ਆਪਣੀਆਂ ਪ੍ਰਤਿਭਾਵਾਂ ਅਤੇ ਜਗਿਆਸਾਵਾਂ ਅਨੁਸਾਰ ਜੀਵਨ ਵਿੱਚ ਆਪਣਾ ਰਾਹ ਆਪ ਚੁਣ ਸੱਕਣ;
- ਵੱਖ-ਵੱਖ ਸਿੱਖਿਆ ਖੇਤਰਾਂ ਵਿਚਕਾਰ ਨੁਕਸਾਨਦੇਹ ਦਰਜਾਬੰਦੀ ਅਤੇ ਖਾਈਆਂ ਦਾ ਅੰਤ ਕਰਨ ਲਈ ਕਲਾਵਾਂ ਤੇ ਵਿਗਿਆਨਾਂ ਵਿਚਕਾਰ, ਪਾਠਕ੍ਰਮੀ ਅਤੇ ਪਰਾ-ਪਾਠਕ੍ਰਮੀ ਗਤੀਵਿਧੀਆਂ ਵਿਚਕਾਰ, ਕਿੱਤਾਮੁਖੀ ਅਤੇ ਅਕਾਦਮਿਕ ਧਰਾਵਾਂ ਵਿਚਕਾਰ ਕੋਈ **ਪੱਕੀ ਵੰਡ ਨਾ ਹੋਣਾ**;
- ਹਰ ਤਰ੍ਹਾਂ ਦੇ ਗਿਆਨ ਵਿਚਕਾਰ ਏਕਤਾ ਤੇ ਅਖੰਡਤਾ ਨੂੰ ਯਕੀਨੀ ਬਨਾਉਣ ਲਈ, ਬਹੁਵਿਸ਼ਾਵੀ ਦੁਨੀਆਂ ਲਈ ਵਿਗਿਆਨਾਂ, ਸਮਾਜ ਵਿਗਿਆਨਾਂ, ਕਲਾਵਾਂ, ਮਾਨਵ ਵਿਗਿਆਨਾਂ ਅਤੇ ਖੇਡਾਂ ਦੇ ਆਰ-ਪਾਰ **ਬਹੁਵਿਸ਼ਾਵੀ** ਅਤੇ **ਸਰਬੰਗੀ ਸਿੱਖਿਆ**;
- ਘੋਟਿਆਂ/ਰਟਨਬਾਜ਼ੀ ਅਤੇ ਪਰੀਖਿਆ ਲਈ ਸਿੱਖਣ ਦੀ ਥਾਂ **ਸੰਕਲਪਾਂ ਦੀ ਸਮਝ ਨੂੰ ਪਹਿਲ**;
- ਤਰਕਮੁਖੀ ਨਿਰਣੇਕਾਰੀ ਅਤੇ ਨਵੀਆਂ ਕਾਢਾਂ ਲਈ **ਸਿਰਜਣ-ਗੁਣ** ਅਤੇ **ਅਲੋਚਨਾਵੀ ਸੋਚ**;
- ਨੈਤਿਕਤਾ ਅਤੇ ਰਹਿਮਦਿਲੀ, ਦੂਜਿਆਂ ਲਈ ਸਤਿਕਾਰ, ਸੁੱਛਤਾ, ਸ਼ਿਸ਼ਟਤਾ, ਲੋਕਤੰਤਰੀ ਭਾਵਨਾ, ਸੇਵਾ ਭਾਵਨਾ, ਜਨਤਕ ਸੰਪਤੀ ਦਾ ਸਤਿਕਾਰ, ਵਿਗਿਆਨੀ ਬਿਰਤੀ, ਸਵੈਧੀਨਤਾ, ਜ਼ੁੰਮੇਵਾਰੀ ਦੀ ਭਾਵਨਾ, ਬਹੁਲਤਾਵਾਦ, ਸਮਾਨਤਾ, ਅਤੇ **ਨਿਆਂ ਜਿਹੀਆਂ ਮਨੁੱਖੀ ਤੇ ਸੰਵਿਧਾਨਕ ਕਦਰਾਂ-ਕੀਮਤਾਂ**;
- ਅਧਿਆਪਨ ਅਤੇ ਸਿੱਖਣ ਵਿੱਚ **ਬਹੁਭਾਸ਼ਤਾ ਅਤੇ ਭਾਸ਼ਾ ਦੀ ਤਾਕਤ ਦੀ ਵਰਤੋਂ ਨੂੰ ਬੜ੍ਹਾਵਾ**;
- ਸੰਚਾਰ, ਸਹਿਯੋਗ, ਰਲਮਿਲ ਕੰਮ ਕਰਨ, ਅਤੇ ਦ੍ਰਿੜ੍ਹਤਾ ਜਿਹੇ **ਜੀਵਨ ਹੁਨਰ**;
- ਅੱਜ ਦੇ ਕੋਚਿੰਗ ਸੱਭਿਆਚਾਰ ਨੂੰ ਵਧਾਉਣ ਵਾਲੇ ਅੰਤਕ-ਆਤਮੀ (ਸੱਮੇਟਿਵ) ਮੁਲਾਂਕਣ ਦੀ ਥਾਂ ਵਾਰ-ਵਾਰ **ਨਿਰੰਤਰ-ਆਤਮੀ** (ਫਾਰਮੇਟਿਵ) **ਮੁਲਾਂਕਣ ਤੇਂ ਜ਼ੋਰ**;
- ਅਧਿਆਪਨ ਅਤੇ ਸਿੱਖਣ ਵਿੱਚ **ਤਕਨਾਲੋਜੀ ਦੀ ਵੱਡੀ ਵਰਤੋਂ ਕਰਨਾ** ਤੇ ਭਾਸ਼ਾ ਰੋਕਾਂ ਨੂੰ ਹਟਾਉਣਾ; *ਦਿਵਿਆਂਗ* ਵਿਦਿਆਰਥੀਆਂ ਲਈ ਪਹੁੰਚ ਵਧਾਉਣਾ, ਅਤੇ ਸਿੱਖਿਆਵੀ ਯੋਜਨਾਬੰਦੀ ਅਤੇ ਪ੍ਰਬੰਧ;


- ਸਦਾ ਇਹ ਧਿਆਨ 'ਚ ਰੱਖਦੇ ਹੋਏ ਕਿ ਸਿੱਖਿਆ ਸਾਂਝੀ ਸੂਚੀ ਦਾ ਵਿਸ਼ਾ ਹੈ, ਪਾਠਕ੍ਰਮਾਂ, ਸਿੱਖਿਆ-ਵਿਧੀ, ਅਤੇ ਨੀਤੀ ਵਿੱਚ **ਸਥਾਨੀ ਪ੍ਰਸੰਗ ਅਤੇ ਵੰਨ-ਸਵੰਨਤਾ ਦਾ ਸਤਿਕਾਰ**;
- ਸਿੱਖਿਆ ਪ੍ਰਬੰਧ ਵਿੱਚ ਸਭ ਵਿਦਿਆਰਥੀਆਂ ਦਾ ਮੌਲਣਾ ਯਕੀਨੀ ਬਨਾਉਣ ਲਈ **ਪੂਰਨ ਇੱਕ-ਸਮਾਨਤਾ** ਅਤੇ **ਭਾਈਵਾਲਤਾ** ਸਾਰੇ ਸਿੱਖਿਆਵੀ ਨਿਰਨਿਆਂ ਦਾ ਮੂਲ ਅਧਾਰ;
- ਮੁੱਢਲੀ ਬਾਲ-ਉਮਰ ਦੇਖ-ਭਾਲ ਤੇ ਸਿੱਖਿਆ ਤੋਂ ਲੈ ਕੇ ਪਾਠਸ਼ਾਲਾ ਤੇ ਉਚੇਰੀ ਸਿੱਖਿਆ ਤੱਕ **ਸਿੱਖਿਆ ਦੇ ਸਭ ਪੜਾਵਾਂ ਵਿਚਕਾਰ ਪਾਠਕ੍ਰਮ ਦਾ ਤਾਲਮੇਲ**;
- **ਅਧਿਆਪਕ ਅਤੇ ਅਧਿਆਪਨ ਸਮੂਹ ਸਿੱਖਣ ਦੇ ਅਮਲ ਦੀ ਧੁਰੀ** - ਉਹਨਾਂ ਦੀ ਭਰਤੀ, ਨਿਰੰਤਰ ਪੇਸ਼ਾਵੀ (ਪਰੋਫ਼ੈਸ਼ਨਲ) ਵਿਕਾਸ, ਹਾਂ-ਪੱਖੀ ਕੰਮ-ਕਾਜ਼ੀ ਮਾਹੌਲ ਅਤੇ ਸੇਵਾ ਹਾਲਤਾਂ;
- **ਲੇਖਾ-ਪੜਤਾਲ, ਅਤੇ ਜਨਤਕ ਘੋਸ਼ਣਾ ਰਾਹੀਂ, ਅਖੰਡਤਾ, ਪਾਰਦਰਸ਼ਤਾ, ਅਤੇ ਸੁਚਾਰੂ ਸਾਧਨ ਵਰਤੋਂ** ਨੂੰ ਯਕੀਨੀ ਬਨਾਉਣ ਲਈ ਇੱਕ **'ਹੌਲਾ ਪਰ ਕਰੜਾ'** ਨੇਮਬੰਦੀ ਢਾਂਚਾ - ਪਰ ਨਾਲ ਹੀ ਸਵਾਧੀਨਤਾ, ਚੰਗੇਰੇ ਪ੍ਰਸ਼ਾਸਨ ਅਤੇ ਸ਼ਕਤੀਕਰਣ ਰਾਹੀਂ ਕਾਢ-ਭਾਵਨਾ ਅਤੇ ਲੀਕ ਤੋਂ ਹਟ ਕੇ ਵਿਚਾਰਾਂ ਨੂੰ ਉਤਸ਼ਾਹ ਦੇਣਾ;
- ਵਿਲੱਖਣ ਸਿੱਖਿਆ ਅਤੇ ਵਿਕਾਸ ਲਈ **ਵਿਲੱਖਣ ਖੋਜ** ਜੁੜਵੀਂ-ਸ਼ਰਤ ਵੱਜੋਂ;
- ਨਿਰੰਤਰ ਖੋਜ ਅਤੇ ਸਿੱਖਿਆ ਮਾਹਿਰਾਂ ਰਾਹੀਂ ਨੇਮਬੰਦ ਮੁਲਾਂਕਣ ਦੇ ਆਧਾਰ 'ਤੇ ਪ੍ਰਗਤੀ ਦੀ **ਲਗਾਤਾਰ ਪੜਚੋਲ**;
- **ਭਾਰਤ ਅਤੇ ਇਸ ਦੇ ਅਮੀਰ**, ਵੰਨ-ਸੁਵੰਨੇਂ, ਪੁਰਾਤਨ ਤੇ ਅਜੋਕੇ ਸੱਭਿਆਚਾਰ ਅਤੇ ਗਿਆਨ ਪ੍ਰਣਾਲੀਆਂ ਅਤੇ ਪਰੰਪਰਾਵਾਂ ਵਿੱਚ ਮਾਣ ਅਤੇ ਜੜ੍ਹਾਂ ਹੋਣਾ;
- **ਸਿੱਖਿਆ ਜਨਤਕ ਸੇਵਾ ਹੈ**; ਗੁਣਵੱਤਾ ਭਰਪੂਰ ਸਿੱਖਿਆ ਤੱਕ ਪਹੁੰਚ ਹਰ ਬੱਚੇ ਦਾ ਮੂਲ ਅਧਿਕਾਰ ਜ਼ਰੂਰ ਸਮਝਿਆ ਜਾਣਾ ਚਾਹੀਦਾ ਹੈ;
- **ਇੱਕ ਤਗੜੀ ਅਤੇ ਜੀਵੰਤ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਨਿੱਗਰ ਨਿਵੇਸ਼** ਅਤੇ ਨਾਲ ਦੀ ਨਾਲ ਸੱਚੀ ਪਰਉਪਕਾਰੀ ਨਿੱਜੀ ਅਤੇ ਸਮੂਹੀ ਭਾਗੀਦਾਰੀ ਨੂੰ ਉਤਸ਼ਾਹ।

## ਇਸ ਨੀਤੀ ਦੀ ਦ੍ਰਿਸ਼ਟੀ

ਇਹ ਨਵੀਂ ਸਿੱਖਿਆ ਨੀਤੀ ਭਾਰਤੀ ਵਿਸ਼ੇਸ਼ਤਾਈਆਂ ਵਿੱਚ ਜੜ੍ਹਾਂ ਵਾਲੀ ਅਜਿਹੀ ਸਿੱਖਿਆ ਪ੍ਰਣਾਲੀ ਚਿਤਵਦੀ ਹੈ, ਜਿਹੜੀ ਹਰ ਇੱਕ ਨੂੰ ਉੱਚ-ਦਰਜਾ ਸਿੱਖਿਆ ਹਾਸਲ ਕਰਵਾ ਕੇ ਭਾਰਤ ਦੀ ਇੱਕ ਹੰਢਣਸਾਰ ਇੱਕ-ਸਮਾਨਤਾਮੁਖੀ ਅਤੇ ਜੀਵੰਤ ਗਿਆਨ ਸਮਾਜ ਵਿੱਚ ਕਾਇਆ-ਪਲਟੀ ਕਰਦੀ ਹੋਵੇ, ਅਤੇ ਇੰਵ ਭਾਰਤ ਨੂੰ ਇੱਕ ਭੂਮੰਡਲੀ ਗਿਆਨ ਮਹਾਂਸ਼ਕਤੀ ਬਣਾਉਂਦੀ ਹੋਵੇ। ਇਹ ਨੀਤੀ ਚਿਤਵਦੀ ਹੈ ਕਿ ਸਾਡੀਆਂ ਸੰਸਥਾਵਾਂ ਦੇ ਪਾਠਕ੍ਰਮ ਤੇ ਸਿੱਖਿਆ-ਵਿਧੀ ਵਿਦਿਆਰਥੀਆਂ ਵਿੱਚ ਮੌਲਿਕ ਫਰਜਾਂ ਅਤੇ ਸੰਵਿਧਾਨੀ ਕਦਰਾਂ-ਕੀਮਤਾਂ ਲਈ ਸਤਿਕਾਰ, ਆਪਣੇ ਦੇਸ ਨਾਲ ਲਗਾਅ, ਅਤੇ ਬਦਲਦੀ ਦੁਨੀਆਂ ਵਿੱਚ ਆਪਣੀ ਭੂਮਕਾ ਅਤੇ ਕਰਤਵਾਂ ਪ੍ਰਤੀ ਚੇਤਨਾ ਦੀ ਭਾਵਨਾ ਪੈਦਾ ਕਰਨ। ਇਸ ਨੀਤੀ ਦੀ ਸੋਚ ਸਿਖਿਆਰਥੀਆਂ ਵਿੱਚ ਭਾਰਤੀ ਹੋਣ ਵਿੱਚ ਡੂੰਘਾ, ਵਿਚਾਰਾਂ ਵਿੱਚ ਈ ਨਹੀਂ ਭਾਵਨਾ, ਬੁੱਧੀ, ਤੇ ਅਮਲਾਂ ਵਿੱਚ ਵੀ, ਸਵੈਮਾਣ ਪੈਦਾ ਕਰਨਾ ਹੈ ਤੇ ਨਾਲ ਦੀ ਨਾਲ ਗਿਆਨ, ਹੁਨਰ, ਅਤੇ ਅਜਿਹੀ ਬਿਰਤੀ ਦਾ ਵਿਕਾਸ ਕਰਨਾ ਹੈ ਜਿਹੜੀ ਮਨੁੱਖੀ ਹੱਕਾਂ, ਹੰਢਣਸਾਰ ਵਿਕਾਸ ਅਤੇ ਜੀਵਨ-ਕਿਰਿਆ, ਅਤੇ ਭੂਮੰਡਲੀ ਭਲਾਈ ਪ੍ਰਤੀ ਜ਼ੁੰਮੇਦਾਰੀ ਭਰੀ ਵਚਨਬੱਧੀ ਨੂੰ ਉਤਸ਼ਾਹ ਦੇਵੇ, ਅਤੇ ਇੰਵ ਸੱਚ-ਮੁੱਚ ਭੂਮੰਡਲੀ ਨਾਗਰਿਕ ਹੋਣ ਦਾ ਝਲਕਾਰਾ ਦੇਵੇ।

# ਭਾਗ-I ਪਾਠਸ਼ਾਲਾ ਸਿੱਖਿਆ

ਇਹ ਨੀਤੀ ਚਿਤਵਦੀ ਹੈ ਕਿ 3-18 ਸਾਲ ਦੀ ਉਮਰ ਲਈ ਵਰਤਮਾਨ 10+2 ਪਾਠਸ਼ਾਲਾ ਸਿੱਖਿਆ ਦੀ ਬਣਤਰ ਨੂੰ 5+3+3+4 ਵਾਲੀ ਨਵੀਂ ਸਿੱਖਿਆ-ਵਿਧੀ ਅਤੇ ਪਾਠਕ੍ਰਮ ਬਣਤਰਕਾਰੀ ਵਿੱਚ ਬਦਲਿਆ ਜਾਵੇਗਾ, ਜਿਵੇਂ ਕਿ ਸਬੰਧਤ ਚਿੱਤਰ ਵਿੱਚ ਵਿਖਾਇਆ ਗਿਆ ਹੈ ਤੇ ਬਾਅਦ ਵਿੱਚ ਪਾਠ-4 ਵਿੱਚ ਵਿਸਤਾਰ ਦਿੱਤਾ ਗਿਆ ਹੈ।




ਐਸ ਵੇਲੇ, 3-6 ਸਾਲ ਦੇ ਉਮਰ ਜੁੱਟ ਦੇ ਬੱਚੇ 10+2 ਬਣਤਰ ਦਾ ਹਿੱਸਾ ਨਹੀਂ ਹਨ, ਕਿਉਂਕਿ ਪਹਿਲੀ ਜਮਾਤ 6 ਸਾਲ ਤੋਂ ਸ਼ੁਰੂ ਹੁੰਦੀ ਹੈ। ਨਵੀਂ 5+3+3+4 ਵਾਲੀ ਬਣਤਰ ਵਿੱਚ 3 ਸਾਲ ਦੀ ਉਮਰ ਤੋਂ ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ (ਮੁਬਾਦੇਸਿ) ਵੀ ਸ਼ਾਮਲ ਹੈ, ਜਿਸ ਦਾ ਟੀਚਾ ਚੰਗੇਰਾ ਸਮੁੱਚਾ ਸਿੱਖਣਾ, ਵਿਕਾਸ, ਤੇ ਭਲਾਈ ਹੈ।

## 1. ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ: ਸਿੱਖਣ ਦੀ ਨੀਂਹ

1.1. ਬੱਚੇ ਦੇ ਦਿਮਾਗ ਦਾ 85% ਤੋਂ ਵੱਧ ਸਰਬੰਗੀ ਵਿਕਾਸ 6 ਸਾਲ ਦੀ ਉਮਰ ਤੋਂ ਪਹਿਲਾਂ ਹੁੰਦਾ ਹੈ, ਜਿਹੜਾ ਸਿਹਤਮੰਦ ਦਿਮਾਗੀ ਵਿਕਾਸ ਨੂੰ ਯਕੀਨੀ ਬਨਾਉਣ ਲਈ ਪਹਿਲੇ ਸਾਲਾਂ ਵਿੱਚ ਦਿਮਾਗ ਦੀ ਢੁੱਕਵੀਂ ਦੇਖ-ਭਾਲ ਅਤੇ ਟੁੰਬਣ ਦੀ ਕੇਂਦਰੀ ਮਹੱਤਾ ਵੱਲ ਸੰਕੇਤ ਕਰਦਾ ਹੈ। ਇਸ ਵੇਲੇ, ਕਰੋੜਾਂ ਛੋਟੇ ਬੱਚਿਆਂ ਲਈ ਗੁਣਵੱਤਾ ਭਰਪੂਰ ਮੁਬਾਦੇਸਿ ਹਾਸਲ ਨਹੀਂ, ਖਾਸ ਤੌਰ 'ਤੇ ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਪਿਛੋਕੜ ਵਾਲੇ ਬੱਚਿਆਂ ਲਈ। ਮੁਬਾਦੇਸਿ ਵਿੱਚ ਤਗੜੇ ਨਿਵੇਸ਼ ਵਿੱਚ ਇਹ ਸਾਰੇ ਛੋਟੇ ਬੱਚਿਆਂ ਦੀ ਪਹੁੰਚ ਵਿੱਚ ਲਿਆਉਣ ਦੀ ਸਮਰੱਥਾ ਹੈ, ਜਿਹੜੀ ਉਹਨਾਂ ਨੂੰ ਜੀਵਨ ਭਰ ਸਿੱਖਿਆ ਪ੍ਰਣਾਲੀ ਵਿੱਚ ਹਿੱਸੇਦਾਰ ਬਣਨ ਅਤੇ ਵਿਗਸਣ-ਮੌਲਣ ਦੇ ਯੋਗ ਬਣਾਏਗੀ। ਇਹ ਯਕੀਨੀ ਬਨਾਉਣ ਲਈ ਕਿ ਪਹਿਲੀ ਜਮਾਤ ਵਿੱਚ ਆਉਣ ਵਾਲੇ ਸਾਰੇ ਬੱਚੇ ਪਾਠਸ਼ਾਲਾ ਲਈ ਤਿਆਰ ਹਨ, ਮੁੱਢਲਾ ਗੁਣਵੱਤਾ ਭਰਪੂਰ ਬਾਲ-ਉਮਰ ਵਿਕਾਸ, ਦੇਖ-ਭਾਲ, ਅਤੇ ਸਿੱਖਿਆ ਦੀ ਸਰਬਵਿਆਪੀ ਪਹੁੰਚ ਇਸ ਕਰਕੇ ਜਿੰਨੀ ਛੇਤੀ ਸੰਭਵ ਹੋ ਸਕੇ, 2030 ਤੋਂ ਪਹਿਲਾਂ-ਪਹਿਲਾਂ, ਅਵੱਸ਼ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

1.2. ਆਦਰਸ਼ ਰੂਪ ਵਿੱਚ ਮੁਬਾਦੇਸਿ ਵਿੱਚ ਲਚਕੀਲੀ, ਬਹੁ-ਦਿਸ਼ਾਵੀ, ਬਹੁ-ਪੱਧਰੀ, ਖੇਡ-ਅਧਾਰੀ, ਸਰਗਰਮੀ-ਅਧਾਰੀ, ਅਤੇ ਪੁੱਛ-ਪੜਤਾਲ ਅਧਾਰੀ ਸਿੱਖਣ ਸ਼ਾਮਲ ਹੁੰਦਾ ਹੈ, ਜਿਸ ਵਿੱਚ ਅੱਖਰ, ਭਾਸ਼ਾਵਾਂ, ਅੰਕ, ਗਿਣਤੀ, ਰੰਗ, ਅਕਾਰ, ਅੰਦਰ ਅਤੇ ਬਾਹਰ ਖੇਡਣਾ, ਬੁਝਾਰਤਾਂ ਅਤੇ ਤਰਕੀ ਸੋਚ, ਸਮੱਸਿਆ ਹੱਲ ਕਰਨਾ, ਰੇਖਾ ਚਿੱਤਰ, ਚਿੱਤਰਕਾਰੀ ਅਤੇ ਦੂਜੀਆਂ ਦਰਸ਼ਨੀ ਕਲਾਵਾਂ, ਦਸਤਕਾਰੀ, ਨਾਟਕ ਤੇ ਕੱਠਪੁਤਲੀ ਕਲਾ, ਸੰਗੀਤ ਅਤੇ ਹੋਰ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ। ਇਸ ਵਿੱਚ ਸਮਾਜੀ ਸਮਰਥਾਵਾਂ, ਸੰਵੇਦਨਸ਼ੀਲਤਾ, ਚੰਗਾ ਵਿਹਾਰ, ਸ਼ਿਸ਼ਟਾਚਾਰ, ਨੈਤਿਕਤਾ, ਨਿੱਜੀ ਤੇ ਜਨਤਕ ਸੁੱਛਤਾ, ਰਲ-ਮਿਲ ਕੰਮ ਕਰਨਾ, ਅਤੇ ਸਹਿਯੋਗ ਵੀ ਸ਼ਾਮਲ ਹਨ। ਮੁਬਾਦੇਸਿ ਦਾ ਸਮੁੱਚਾ ਟੀਚਾ, ਸਰੀਰਕ ਅਤੇ ਚਲ-ਤੰਤਵੀ (ਮੋਟਰ) ਵਿਕਾਸ, ਗਿਆਨਵੀ ਵਿਕਾਸ, ਸਮਾਜ-ਭਾਵਨਾ-ਨੈਤਿਕਤਾ ਵਿਕਾਸ, ਸੱਭਿਆਚਾਰੀ/ਕਲਾਵੀ ਵਿਕਾਸ, ਅਤੇ ਸੰਚਾਰ ਅਤੇ ਮੁੱਢਲੇ ਭਾਸ਼ਾ, ਸਾਖਰਤਾ, ਅਤੇ ਅੰਕ-ਗਿਆਨ ਦੇ ਖੇਤਰਾਂ ਵਿੱਚ ਸਰਬਉੱਚ ਪ੍ਰਾਪਤੀਆਂ ਹਾਸਲ ਕਰਨਾ ਹੋਵੇਗਾ।

1.3. ਉਪਰਲੀਆਂ ਹਦਾਇਤਾਂ, ਮੁਬਾਦੇਸਿ ‘ਤੇ ਨਵੀਂ ਖੋਜ, ਅਤੇ ਕੌਮੀ ਤੇ ਕੌਮਾਂਤਰੀ ਉੱਤਮ ਵਿਹਾਰ ਦੇ ਆਧਾਰ ‘ਤੇ, ਕੌਮੀ ਸਿੱਖਿਆ ਖੋਜ ਅਤੇ ਸਿਖਲਾਈ ਪਰਿਸ਼ਦ 8 ਸਾਲ ਦੀ ਉਮਰ ਤੱਕ ਦੇ ਬਾਲਾਂ ਲਈ ਕੌਮੀ ਪਾਠਕ੍ਰਮ ਅਤੇ ਸਿੱਖਿਆ-ਵਿਧੀ ਰੂਪ-ਰੇਖਾ ਦੋ ਹਿੱਸਿਆਂ ਵਿੱਚ ਤਿਆਰ ਕਰੇਗੀ, ਪਹਿਲੀ ਉਪ-ਰੂਪ-ਰੇਖਾ 0-3 ਸਾਲ ਦੀ ਉਮਰ ਲਈ ਤੇ ਦੂਜੀ 3-8 ਦੀ ਉਮਰ ਲਈ। ਖਾਸ ਤੌਰ ‘ਤੇ, ਭਾਰਤ ਦੀਆਂ ਦਹਿਸਦੀਆਂ ਵਿੱਚ ਵਿਗਸੀਆਂ ਅਨੇਕਾਂ ਅਮੀਰ ਸਥਾਨੀ ਪਰੰਪਰਾਵਾਂ ਨੂੰ, ਜਿੰਨ੍ਹਾਂ ਵਿੱਚ ਕਲਾ, ਕਥਾਵਾਂ, ਕਵਿਤਾ, ਖੇਡਾਂ, ਗੀਤ, ਅਤੇ ਹੋਰ ਸ਼ਾਮਲ ਹੈ, ਢੁੱਕਵੀਂ ਥਾਂ ਦਿੱਤੀ ਜਾਵੇਗੀ। ਇਹ ਰੂਪ-ਰੇਖਾ ਮਾਪਿਆਂ ਅਤੇ ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਸੰਸਥਾਵਾਂ ਦੋਵਾਂ ਦੀ ਅਗਵਾਈ ਕਰੇਗੀ।

1.4. ਮੁੱਖ ਟੀਚਾ ਪੂਰੇ ਦੇਸ ਵਿੱਚ ਪੜਾਅ-ਵਾਰ ਉੱਚ-ਗੁਣਵੱਤਾ ਭਰਪੂਰ ਮੁਬਾਦੇਸਿ ਦੀ ਸਰਬਵਿਆਪੀ ਪਹੁੰਚ ਯਕੀਨੀ ਬਨਾਉਣਾ ਹੋਵੇਗਾ। ਜਿਹੜੇ ਜ਼ਿਲ੍ਹੇ ਤੇ ਇਲਾਕੇ ਖਾਸ ਤੌਰ ‘ਤੇ ਸਮਾਜਿਕ-ਆਰਥਿਕ ਤੌਰ ‘ਤੇ ਵੰਚਿਤ ਹਨ ਉਹਨਾਂ ਵੱਲ ਉਚੇਚਾ ਧਿਆਨ ਅਤੇ ਪਹਿਲ ਦਿੱਤੀ ਜਾਵੇਗੀ। ਮੁਬਾਦੇਸਿ ਨੂੰ ਵੱਡੇ ਪਸਾਰ ਵਾਲੀ ਅਤੇ ਸ਼ਕਤੀਸ਼ਾਲੀ ਮੁੱਢਲੀ ਬਾਲ-ਉਮਰ ਸਿੱਖਿਆ ਸੰਸਥਾ ਪ੍ਰਣਾਲੀ ਰਾਹੀਂ ਲਾਗੂ ਕੀਤਾ ਜਾਵੇਗਾ ਜਿਸ ਵਿੱਚ ਇਹ ਸ਼ਾਮਲ ਹੋਣਗੇ: **ੳ**) ਕੱਲੀਆਂ-ਕਾਰੀਆਂ ਆਂਗਣਵਾੜੀਆਂ; **ਅ**) ਮੁੱਢਲੀਆਂ (ਪ੍ਰਾਇਮਰੀ) ਪਾਠਸ਼ਾਲਾਵਾਂ ਨਾਲ ਜੁੜੀਆਂ ਆਂਗਣਵਾੜੀਆਂ; **ੲ**) ਵਰਤਮਾਨ ਮੁੱਢਲੀਆਂ ਪਾਠਸ਼ਾਲਾਵਾਂ ਨਾਲ ਜੁੜੀਆਂ 5-6 ਸਾਲ ਦੀ ਉਮਰ ਵਾਲਿਆਂ ਲਈ ਪੂਰਬ-ਮੁੱਢਲੀਆਂ (ਪ੍ਰੀ-ਪ੍ਰਾਇਮਰੀ) ਪਾਠਸ਼ਾਲਾਵਾਂ/ਖੰਡ; ਅਤੇ **ਸ**) ਕੱਲੀਆਂ-ਕਾਰੀਆਂ ਪੂਰਬ-ਪਾਠਸ਼ਾਲਾਵਾਂ (ਪ੍ਰੀ-ਸਕੂਲਜ਼) - ਇਹ ਸਾਰੀਆਂ ਮੁਬਾਦੇਸਿ ਦੇ ਪਾਠਕ੍ਰਮ ਅਤੇ ਸਿੱਖਿਆ-ਵਿਧੀ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਕਾਮੇ/ਅਧਿਆਪਕ ਭਰਤੀ ਕਰਨਗੀਆਂ।

1.5. ਮੁਬਾਦੇਸਿ ਤੱਕ ਸਰਬਵਿਆਪੀ ਪਹੁੰਚ ਲਈ, ਆਂਗਣਵਾੜੀ ਕੇਂਦਰਾਂ ਨੂੰ ਉੱਚ-ਗੁਣਵੱਤਾ ਵਾਲੇ ਸਾਜ਼ੋ-ਸਮਾਨ, ਖੇਡ ਉਪਕਰਣ, ਅਤੇ ਉੱਤਮ ਸਿਖਲਾਈ ਪ੍ਰਾਪਤ ਆਂਗਣਵਾੜੀ ਕਾਮਿਆਂ/ਅਧਿਆਪਕਾਂ ਨਾਲ ਤਗੜਿਆਂ ਕੀਤਾ ਜਾਵੇਗਾ। ਹਰ ਆਂਗਣਵਾੜੀ ਕੋਲ ਭਰਪੂਰਤਾ ਨਾਲ ਸਿੱਖਣ ਵਾਲੇ ਵਾਤਾਵਰਣ ਵਾਲੀ ਵਧੀਆ ਹਵਾਦਾਰ, ਵਧੀਆ ਨਮੂਨੇ ਵਾਲੀ, ਬਾਲ-ਸੁਹਾਵੀ, ਅਤੇ ਵਧੀਆ ਉਸਾਰੀ ਵਾਲੀ ਇਮਾਰਤ ਹੋਵੇਗੀ। ਆਂਗਣਵਾੜੀ ਕੇਂਦਰਾਂ ਦੇ ਬਾਲ ਸਰਗਰਮੀਆਂ ਭਰੀਆਂ ਯਾਤਰਾਵਾਂ ‘ਤੇ ਜਾਣਗੇ - ਤੇ ਆਪਣੀ ਸਥਾਨੀ ਮੁੱਢਲੀ ਪਾਠਸ਼ਾਲਾ ਦੇ ਅਧਿਆਪਕਾਂ ਨੂੰ ਮਿਲਣਗੇ, ਤਾਂ ਕਿ ਆਂਗਣਵਾੜੀ ਕੇਂਦਰ ਤੋਂ ਮੁੱਢਲੀ ਪਾਠਸ਼ਾਲਾ ਵਿੱਚ ਜਾਣਾ ਬਿਨਾਂ ਕਿਸੇ ਔਖ ਦੇ ਹੋ ਸੱਕੇ। ਆਂਗਣਵਾੜੀਆਂ ਪਾਠਸ਼ਾਲਾ ਭਵਨ-ਸਮੂਹਾਂ/ਜੜੁੱਤਾਂ (ਕੰਮਪਲੈਕਸਿਜ਼/ਕਲੱਸਟਰਜ਼) ਨਾਲ ਪੂਰੀ ਤਰ੍ਹਾਂ ਇਕਮਿਕ ਹੋਣਗੀਆਂ, ਅਤੇ ਆਗਣਵਾੜੀਆਂ ਦੇ ਬਾਲਾਂ, ਮਾਪਿਆਂ, ਅਤੇ ਅਧਿਆਪਕਾਂ ਨੂੰ ਪਾਠਸ਼ਾਲਾ/ਪਾਠਸ਼ਾਲਾ ਭਵਨ-ਸਮੂਹਾਂ ਦੇ ਕਾਰਜਕ੍ਰਮਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਇਆ ਕਰੇਗਾ, ਤੇ ਇਸ ਦੇ ਉਲਟ ਵੀ।

1.6. ਇਹ ਵੀ ਚਿਤਵਿਆ ਗਿਆ ਹੈ ਕਿ ਹਰੇਕ ਬੱਚਾ 5 ਸਾਲ ਦੀ ਉਮਰ ਤੋਂ ਪਹਿਲਾਂ "ਤਿਆਰੀ-ਕਾਲ ਦੀ ਜਮਾਤ" ਜਾਂ "ਬਾਲਵਾਟਿਕਾ" (ਮਤਲਬ ਪਹਿਲੀ ਜਮਾਤ ਤੋਂ ਪਹਿਲਾਂ) ਵਿੱਚ ਦਾਖ਼ਲ ਹੋਵੇਗਾ, ਜਿੱਥੇ ਮੁਬਾਦੇਸਿ-ਸਿਖਲਾਈ ਪ੍ਰਾਪਤ ਅਧਿਆਪਕ ਹੋਵੇਗਾ। ਤਿਆਰੀ-ਕਾਲ ਦੀ ਜਮਾਤ ਵਿੱਚ ਸਿੱਖਣਾ ਮੂਲ ਰੂਪ ਵਿੱਚ ਖੇਡ-ਅਧਾਰੀ ਹੋਵੇਗਾ ਅਤੇ ਗਿਆਨਵੀ, ਭਾਵਨਾਵੀ, ਅਤੇ ਮਨੋ-ਚਲਤੰਤਵੀ (ਸਾਈਕੋਮੋਟਰ) ਯੋਗਤਾਵਾਂ ਅਤੇ ਮੁੱਢਲੀ ਸਾਖਰਤਾ ਅਤੇ ਅੰਕ-ਗਿਆਨ 'ਤੇ ਕੇਂਦਰਿਤ ਹੋਵੇਗਾ। ਭੱਤੇ-ਵੇਲਾ ਭੋਜਨ (ਮਿਡ-ਡੇਅ ਮੀਲ) ਕਾਰਜਕ੍ਰਮ ਦਾ ਪਸਾਰ ਮੁੱਢਲੀ ਪਾਠਸ਼ਾਲਾ ਦੀਆਂ ਤਿਆਰੀ-ਕਾਲ ਦੀਆਂ ਜਮਾਤਾਂ ਤੱਕ ਕੀਤਾ ਜਾਵੇਗਾ। ਸਿਹਤ-ਜਾਂਚ ਅਤੇ ਵਾਧਾ-ਨਿਗਰਾਨੀ ਸੇਵਾਵਾਂ ਜਿਹੜੀਆਂ ਆਂਗਣਵਾੜੀ ਪ੍ਰਣਾਲੀ ਵਿੱਚ ਹਾਸਲ ਹਨ, ਮੁੱਢਲੀਆਂ ਪਾਠਸ਼ਾਲਾਵਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਆਂਗਣਵਾੜੀ ਦੀ ਤਿਆਰੀ-ਕਾਲ ਦੀ ਜਮਾਤ ਲਈ ਵੀ ਹਾਸਲ ਕਰਵਾਈਆਂ ਜਾਣਗੀਆਂ।

1.7. ਆਂਗਣਵਾੜੀਆਂ ਲਈ ਉੱਚ-ਗੁਣਵੱਤਾ ਵਾਲੇ ਮੁਬਾਦੇਸਿ ਅਧਿਆਪਕਾਂ ਦਾ ਪਹਿਲਾ ਪੂਰ ਤਿਆਰ ਕਰਨ ਲਈ, ਮੌਜੂਦਾ ਆਂਗਣਵਾੜੀ ਕਾਮਿਆਂ/ਅਧਿਆਪਕਾਂ ਨੂੰ ਕੌਸਿਖੋਸਿਪ (ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪਰਿਸ਼ਦ) ਵੱਲੋਂ ਵਿਕਸਤ ਕੀਤੇ ਪਾਠਕ੍ਰਮੀ/ਸਿੱਖਿਆ-ਵਿਧੀ ਚੌਖਟੇ ਅਨੁਸਾਰ ਵਿਧੀਪੂਰਵਕ ਯਤਨ ਰਾਹੀਂ ਸਿਖਲਾਈ ਦਿੱਤੀ ਜਾਵੇਗੀ। 10+2 ਅਤੇ ਉਚੇਰੀ ਯੋਗਤਾ ਵਾਲੇ ਆਂਗਣਵਾੜੀ ਕਾਮਿਆਂ/ਅਧਿਆਪਕਾਂ ਨੂੰ 6 ਮਹੀਨੇ ਦਾ ਮੁਬਾਦੇਸਿ ਵਿੱਚ ਪ੍ਰਮਾਣ-ਪੱਤਰੀ (ਸਰਟੀਫਿਕੇਟ) ਕੋਰਸ ਕਰਾਇਆ ਜਾਵੇਗਾ; ਤੇ ਘੱਟ ਯੋਗਤਾ ਵਾਲਿਆਂ ਨੂੰ ਮੁੱਢਲੀ ਸਾਖਰਤਾ, ਅੰਕ-ਗਿਆਨ, ਅਤੇ ਮੁਬਾਦੇਸਿ ਦੇ ਹੋਰ ਸਬੰਧਤ ਪੱਖਾਂ ਬਾਰੇ ਇੱਕ ਸਾਲ ਦਾ ਸਨਦ (ਡਿਪਲੋਮਾ) ਕੋਰਸ ਕਰਾਇਆ ਜਾਵੇਗਾ। ਇਹ ਕੋਰਸ ਸਿੱਧੇ ਘਰੀਂ (ਡੀਟੀਐਚ) ਚੈਨਲਾਂ ਅਤੇ ਚਾਤਰ(ਸਮਾਰਟ)-ਫੋਨਾਂ ਦੀ ਵਰਤੋਂ ਕਰ ਕੇ ਬਿਜਲੇਈ/ਦੂਰਵਰਤੀ (ਡਿਸਟੈਂਸ) ਵਿਧੀ ਰਾਹੀਂ ਵੀ ਚਲਾਏ ਜਾ ਸਕਦੇ ਹਨ; ਇੰਞ ਅਧਿਆਪਕ ਆਪਣੇ ਚੱਲਦੇ ਕੰਮ ਵਿੱਚ ਘੱਟ ਤੋਂ ਘੱਟ ਬਿਘਨ ਨਾਲ ਮੁਬਾਦੇਸਿ ਯੋਗਤਾਵਾਂ ਹਾਸਲ ਕਰ ਸੱਕਣਗੇ। ਆਂਗਣਵਾੜੀ ਕਾਮਿਆਂ/ਅਧਿਆਪਕਾਂ ਦਾ ਯੋਗਤਾ ਵਿਕਾਸ ਪਾਠਸ਼ਾਲਾ ਸਿੱਖਿਆ ਵਿਭਾਗ ਦੇ ਜੜੁੱਤ ਸਰੋਤ ਕੇਂਦਰ ਕਰਨਗੇ ਜਿਹੜੇ ਨਿਰੰਤਰ ਮੁਲਾਂਕਣ ਲਈ ਮਹੀਨੇ ਵਿੱਚ ਘੱਟੋ-ਘੱਟ ਇੱਕ ਸੰਪਰਕ ਜਮਾਤ ਲਾਉਣਗੇ। ਲੰਮੇਰੇ ਕਾਲ ਲਈ, ਰਾਜ ਸਰਕਾਰਾਂ ਪੜਾਅ-ਵਿਸ਼ੇਸ਼ ਮਾਹਿਰ ਸਿਖਲਾਈ ਰਾਹੀਂ, ਯੋਗਤਾ ਵਿਕਾਸ ਉਪਰਾਲਿਆਂ ਰਾਹੀਂ, ਅਤੇ ਕਿੱਤਾ-ਜੀਵਨ ਰੇਖੀਕਰਣ (ਕੈਰੀਅਰ ਮੈਪਿੰਗ) ਰਾਹੀਂ ਪੇਸ਼ਾਵੀ ਯੋਗਤਾ ਹਾਸਲ ਸਿੱਖਿਆ ਦਾਤਾ ਅਮਲੇ ਤਿਆਰ ਕਰਨਗੀਆਂ। ਇਹਨਾਂ ਸਿੱਖਿਆਦਾਤਿਆਂ ਦੀ ਅਰੰਭਲੀ ਪੇਸ਼ਾਵੀ ਤਿਆਰੀ ਅਤੇ ਉਹਨਾਂ ਦੇ ਨਿਰੰਤਰ ਪੇਸ਼ਾਵੀ ਵਿਕਾਸ ਲਈ ਲੋੜੀਂਦੀਆਂ ਸਹੂਲਤਾਂ ਤਿਆਰ ਕੀਤੀਆਂ ਜਾਣਗੀਆਂ।

1.8. ਮੁਬਾਦੇਸਿ ਆਦਿਵਾਸੀ ਬਹੁਲਤਾ ਵਾਲੇ ਖੇਤਰਾਂ ਵਿੱਚ ਆਸ਼ਰਮਸ਼ਾਲਾਵਾਂ ਵਿੱਚ ਅਤੇ ਮੁਤਬਾਦਲ ਪਾਠਸ਼ਾਲਾ ਪੜ੍ਹਾਈ ਦੇ ਸਾਰੇ ਸਰੂਪਾਂ ਵਿੱਚ ਵੀ ਪੜਾਅ-ਵਾਰ ਲਾਗੂ ਕੀਤੀ ਜਾਵੇਗੀ। ਆਸ਼ਰਮਸ਼ਾਲਾਵਾਂ ਅਤੇ ਮੁਤਬਾਦਲ ਪਾਠਸ਼ਾਲਾ ਪ੍ਰਣਾਲੀ ਵਿੱਚ ਮੁਬਾਦੇਸਿ ਦੀ ਅਖੰਡਤਾ ਅਤੇ ਲਾਗੂ ਹੋਣ ਦੀ ਪ੍ਰਕਿਰਿਆ ਇੰਞ ਈ ਹੋਵੇਗੀ ਜਿਵੇਂ ਉੱਤੇ ਵਿਸਤਾਰ ਵਿੱਚ ਦੱਸੀ ਗਈ ਹੈ।

1.9. ਪੂਰਬ-ਮੁੱਢਲੀ ਪਾਠਸ਼ਾਲਾ ਪੱਧਰ ਤੋਂ ਮੁੱਢਲੀ ਪਾਠਸ਼ਾਲਾ ਤੱਕ ਇਸ ਦੀ ਨਿਰੰਤਰਤਾ ਯਕੀਨੀ ਬਨਾਉਣ ਲਈ ਅਤੇ ਸਿੱਖਿਆ ਦੇ ਨੀਂਹਵੀਂ ਪੱਖਾਂ ਵੱਲ ਬਣਦਾ ਧਿਆਨ ਯਕੀਨੀ ਬਨਾਉਣ ਲਈ ਮੁਬਾਦੇਸਿ ਦੇ ਪਾਠਕ੍ਰਮ ਅਤੇ ਸਿੱਖਿਆ-ਵਿਧੀ ਦੀ ਜ਼ੁੰਮੇਵਾਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੀ ਹੋਵੇਗੀ। ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਪਾਠਕ੍ਰਮ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਦਾ ਕੰਮ ਮਨੁੱਖੀ ਸਰੋਤ ਵਿਕਾਸ ਮੰਤਰਾਲਾ (ਮਸਵਿਮ), ਇਸਤਰੀ ਅਤੇ ਬਾਲ ਵਿਕਾਸ ਮੰਤਰਾਲਾ (ਇਬਾਵਿਮ), ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ (ਸਿਪਭਮ), ਅਤੇ ਆਦਿਵਾਸੀ ਮਾਮਲੇ ਮੰਤਰਾਲਾ (ਆਮਾਮ) ਸਾਂਝੇ ਤੌਰ 'ਤੇ ਕਰਨਗੇ। ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਦੀ ਪਾਠਸ਼ਾਲਾ ਸਿੱਖਿਆ ਨਾਲ ਬੇਰੋਕ ਅਖੰਡਤਾ ਦੀ ਨਿਰੰਤਰ ਅਗਵਾਈ ਲਈ ਇੱਕ ਖਾਸ ਸਾਂਝੇ ਕਾਰਜ ਬਲ ਦਾ ਗਠਨ ਕੀਤਾ ਜਾਵੇਗਾ।

## 2. ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ: ਸਿੱਖਣ ਲਈ ਤੁਰੰਤ ਅਤੇ ਅਟੱਲ ਲੋੜ

2.1. ਪੜ੍ਹਨ ਤੇ ਲਿਖਣ, ਅਤੇ ਅੰਕਾਂ ਦੀ ਮੁੱਢਲੀ ਵਰਤੋਂ ਦੀ ਯੋਗਤਾ ਪੂਰੀ ਪਾਠਸ਼ਾਲਾ ਸਿੱਖਿਆ ਅਤੇ ਜੀਵਨ-ਭਰ ਸਿੱਖਣ ਲਈ ਜ਼ਰੂਰੀ ਨੀਂਹ ਅਤੇ ਅਕੱਟ ਪਹਿਲੀ ਸ਼ਰਤ ਹੈ। ਪਰ, ਵੱਖਰੇ-ਵੱਖਰੇ ਸਰਕਾਰੀ ਅਤੇ ਅਣ-ਸਰਕਾਰੀ ਸਰਵੇਖਣ ਦੱਸਦੇ ਹਨ ਕਿ ਅਸੀਂ ਇਸ ਵੇਲੇ ਸਿੱਖਣ ਦੇ ਸੰਕਟ ਵਿੱਚ ਹਾਂ: ਅਰੰਭਲੀਆਂ ਪਾਠਸ਼ਾਲਾਵਾਂ ਵਿਚਲੇ ਇਸ ਵੇਲੇ ਦੇ ਵਿਦਿਆਰਥੀਆਂ ਦਾ ਵੱਡੇ ਅਨੁਪਾਤ - ਜਿੰਨ੍ਹਾਂ ਦੀ ਗਿਣਤੀ 5 ਕਰੋੜ ਤੋਂ ਵੱਧ ਦਾ ਅੰਦਾਜ਼ਾ ਹੈ - ਨੇ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਹਾਸਲ ਨਹੀਂ ਕੀਤਾ, ਮਤਲਬ ਮੁੱਢਲੀ ਪੋਥੀ ਪੜ੍ਹਨ ਅਤੇ ਸਮਝਣ ਦੀ ਯੋਗਤਾ ਅਤੇ ਭਾਰਤੀ ਅੰਕਾਂ ਨਾਲ ਮੁੱਢਲੇ ਜੋੜ ਅਤੇ ਘਟਾਓ ਦੇ ਕਾਰਜ ਕਰਨ ਦੀ ਯੋਗਤਾ।

2.2. ਇੰਞ, ਸਾਰੇ ਬੱਚਿਆਂ ਲਈ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਹਾਸਲ ਕਰਨਾ ਇੱਕ ਅਟੱਲ ਕੌਮੀ ਮੁਹਿੰਮ ਬਣ ਜਾਵੇਗੀ, ਇਸ ਲਈ ਕਈ ਮੁਹਾਜਾਂ ‘ਤੇ ਅਤੇ ਥੋੜ੍ਹੇ ਚਿਰ ਵਿੱਚ ਹਾਸਲ ਕੀਤੇ ਜਾਣ ਵਾਲੇ ਸਪਸ਼ਟ ਟੀਚਿਆਂ ਨਾਲ (ਜਿਸ ਵਿੱਚ ਇਹ ਵੀ ਸ਼ਾਮਲ ਹੋਵੇਗਾ ਕਿ ਹਰੇਕ ਵਿਦਿਆਰਥੀ ਤੀਜੀ ਜਮਾਤ ਤੱਕ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਹਾਸਲ ਕਰੇਗਾ) ਤੁਰੰਤ ਕਦਮ ਚੁੱਕਣੇ ਹੋਣਗੇ। ਸਿੱਖਿਆ ਪ੍ਰਣਾਲੀ ਦੀ ਸਭ ਤੋਂ ਪਹਿਲੀ ਤਰਜੀਹ 2025 ਤੱਕ ਸਰਬਵਿਆਪੀ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਹਾਸਲ ਕਰਨਾ ਹੋਵੇਗਾ। ਨੀਤੀ ਵਿਚਲਾ ਬਾਕੀ ਸਭ ਕੁਝ ਆਪਣੇ ਵਿਦਿਆਰਥੀਆਂ ਲਈ ਤਾਂ ਈ ਪ੍ਰਸੰਗੀ ਹੋਵੇਗਾ ਜੇ ਇਹ ਸਭ ਤੋਂ ਮੁੱਢਲੀ ਸਿੱਖਣ ਲੋੜ (ਮਤਬਲ ਨੀਂਹਵੀਂ ਪੱਧਰ ‘ਤੇ ਪੜ੍ਹਨਾ, ਲਿਖਣਾ, ਅਤੇ ਅੰਕ-ਜਾਣਕਾਰੀ) ਪਹਿਲਾਂ ਹਾਸਲ ਕਰ ਲਈ ਜਾਂਦੀ ਹੈ। ਇਸ ਉਦੇਸ਼ ਲਈ, ਮਨੁੱਖੀ ਸਰੋਤ ਵਿਕਾਸ ਮੰਤਰਾਲਾ (ਮਸਵਿਮ) ਪਹਿਲ ਦੇ ਆਧਾਰ ‘ਤੇ ਕੌਮੀ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਆਯੋਗ ਸਥਾਪਤ ਕਰੇਗਾ। ਏਸੇ ਤਰ੍ਹਾਂ, ਸਾਰੇ ਰਾਜਾਂ/ਸੰਘੀ ਖੇਤਰਾਂ ਦੀਆਂ ਸਰਕਾਰਾਂ 2025 ਤੱਕ ਹਾਸਲ ਕੀਤੇ ਜਾਣ ਵਾਲੇ ਰਾਜ-ਵਾਰ ਟੀਚੇ ਅਤੇ ਉਦੇਸ਼ਾਂ ਦੀ ਨਿਸ਼ਾਨਦੇਹੀ ਕਰਕੇ, ਅਤੇ ਇਸ ਦੀ ਪ੍ਰਗਤੀ ਦੀ ਨੇੜਿਓਂ ਪੈੜ ਦੱਬ ਕੇ ਅਤੇ ਹਿਸਾਬ-ਕਿਤਾਬ ਰੱਖ ਕੇ ਸਾਰੀਆਂ ਮੁੱਢਲੀਆਂ ਪਾਠਸ਼ਾਲਾਵਾਂ ਵਿੱਚ ਸਰਬਵਿਆਪੀ ਨੀਂਹਵੀਂ ਸਾਖਰਤਾ ਹਾਸਲ ਕਰਨ ਲਈ ਤੁਰੰਤ ਇੱਕ ਅਮਲ ਯੋਜਨਾ ਤਿਆਰ ਕਰਨਗੀਆਂ।

2.3. ਸਭ ਤੋਂ ਪਹਿਲਾਂ, ਅਧਿਆਪਨ ਅਸਾਮੀਆਂ ਸਮਾਂ-ਬੱਧ ਤਰੀਕੇ ਨਾਲ ਭਰੀਆਂ ਜਾਣਗੀਆਂ - ਖਾਸ ਤੌਰ ‘ਤੇ ਵੰਚਿਤ ਖੇਤਰਾਂ ਵਿੱਚ ਅਤੇ ਵੱਡੇ ਵਿਦਿਆਰਥੀ-ਅਧਿਆਪਕ ਅਨੁਪਾਤ ਜਾਂ ਨਿਰੱਖਰਤਾ ਦੀ ਉੱਚੀ ਦਰ ਵਾਲੇ ਖੇਤਰਾਂ ਵਿੱਚ। ਸਥਾਨੀ ਅਧਿਆਪਕ ਜਾਂ ਸਥਾਨੀ ਭਾਸ਼ਾ ਦੀ ਜਾਣਕਾਰੀ ਰੱਖਣ ਵਾਲੇ ਅਧਿਆਪਕ ਭਰਤੀ ਕਰਨ ਵੱਲ ਖਾਸ ਧਿਆਨ ਦਿੱਤਾ ਜਾਵੇਗਾ। ਹਰ ਪਾਠਸ਼ਾਲਾ ਦੇ ਪੱਧਰ ‘ਤੇ 30:1 ਤੋਂ ਘੱਟ ਸਿਖਿਆਰਥੀ-ਅਧਿਆਪਕ ਅਨੁਪਾਤ (ਵਿਅਅ) ਯਕੀਨੀ ਬਣਾਇਆ ਜਾਵੇਗਾ; ਜਿਹੜੇ ਖੇਤਰ ਵਿੱਚ ਸਮਾਜਿਕ-ਆਰਥਿਕ ਤੌਰ ‘ਤੇ ਵੰਚਿਤ ਵਿਦਿਆਰਥੀਆਂ ਦੀ ਗਿਣਤੀ ਵੱਡੀ ਹੋਵੇ ਓਥੇ 25:1 ਦੇ ਵਿਅਅ ਦਾ ਟੀਚਾ ਹੋਵੇਗਾ। ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਦੇਣ ਲਈ ਅਧਿਆਪਕਾਂ ਦੀ ਸਿਖਲਾਈ ਹੋਵੇਗੀ ਅਤੇ ਨਿਰੰਤਰ ਪੇਸ਼ਾਵੀ ਵਿਕਾਸ ਰਾਹੀਂ ਉਤਸ਼ਾਹ ਦਿੱਤਾ ਜਾਵੇਗਾ ਤੇ ਸਹਾਰਾ ਦਿੱਤਾ ਜਾਵੇਗਾ।

2.4. ਪਾਠਕ੍ਰਮ ਦੇ ਪੱਖੋਂ, ਸਾਰੇ ਤਿਆਰੀ-ਕਾਲ ਅਤੇ ਮੱਧਲੇ ਪਾਠਸ਼ਾਲਾ ਪਾਠਕ੍ਰਮ ਵੇਲੇ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ‘ਤੇ - ਤੇ ਆਮ ਤੌਰ ‘ਤੇ ਪੜ੍ਹਨ, ਲਿਖਣ, ਬੋਲਣ, ਗਿਣਨ, ਅੰਕਗਣਿਤੀ, ਅਤੇ ਗਣਿਤੀ ਸੋਚ ‘ਤੇ - ਧਿਆਨ ਹੋਰ ਵਧਾਇਆ ਜਾਵੇਗਾ; ਅਤੇ ਹਰੇਕ ਵਿਦਿਆਰਥੀ ਦੀ ਸਿੱਖਿਆ ਪ੍ਰਾਪਤੀ ਲਗਾਤਾਰ ਮਾਪਣ ਅਤੇ ਇੰਞ ਵਿਅਕਤੀਕਰਣ ਅਤੇ ਪ੍ਰਾਪਤੀ ਯਕੀਨੀ ਬਨਾਉਣ ਲਈ ਨਿਰੰਤਰ /ਢਲਨਾਵੀ (ਅਡਾਪਟਿਵ) ਮੁਲਾਂਕਣ ਦੀ ਪ੍ਰਭਾਵੀ ਪ੍ਰਣਾਲੀ ਹੋਵੇਗੀ। ਵਿਦਿਆਰਥੀਆਂ ਵਿੱਚ ਉਤਸ਼ਾਹ ਅਤੇ ਉਮੰਗ ਭਰਨ ਲਈ ਇਹਨਾਂ ਵਿਸ਼ਿਆਂ ਲਈ ਨਿੱਤ ਕੁਝ ਨਿਸ਼ਚਿਤ ਘੰਟੇ ਅਤੇ ਪੂਰਾ ਸਾਲ ਨੇਮਬੰਦ ਗਤੀਵਿਧੀਆਂ ਕੀਤੀਆਂ ਜਾਣਗੀਆਂ। ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ‘ਤੇ ਨਵੇਂ ਸਿਰਿਓਂ ਜ਼ੋਰ ਦੇਣ ਲਈ, ਅਧਿਆਪਕ ਸਿੱਖਿਆ ਅਤੇ ਮੁੱਢਲੀਆਂ ਜਮਾਤਾਂ ਦੇ ਨਵੇਂ ਪਾਠਕ੍ਰਮ ਤਿਆਰ ਕੀਤੇ ਜਾਣਗੇ।

2.5. ਇਸ ਵੇਲੇ, ਮੁਬਾਦੇਸਿ ਤੱਕ ਸਰਬਵਿਆਪੀ ਪਹੁੰਚ ਨਾ ਹੋਣ ਕਰਕੇ, ਬੱਚਿਆਂ ਦੀ ਬੜੀ ਵੱਡੀ ਗਿਣਤੀ ਪਹਿਲੀ ਜਮਾਤ ਦੇ ਪਹਿਲੇ ਕੁਝ ਹਫ਼ਤਿਆਂ ਵਿੱਚ ਹੀ ਪਿੱਛੇ ਰਹਿ ਜਾਂਦੀ ਹੈ। ਇਹ ਯਕੀਨੀ ਬਨਾਉਣ ਲਈ ਕਿ ਸਾਰੇ ਬੱਚੇ ਪਾਠਸ਼ਾਲਾ ਲਈ ਤਿਆਰ ਹਨ, ਕੌਸਿਖੋਸਿਪ ਅਤੇ ਰਾਸਿਖੋਸਿਪਾਂ (ਰਾਜ ਸਿੱਖਿਆ ਤੇ ਖੋਜ ਸਿਖਲਾਈ ਪਰਿਸ਼ਦਾਂ) ਪਹਿਲੀ ਜਮਾਤ ਦੇ ਸਾਰੇ ਵਿਦਿਆਰਥੀਆਂ ਲਈ ਤਿੰਨ ਮਹੀਨੇ ਦਾ ਇੱਕ ਖੇਡ-ਅਧਾਰੀ ਅੰਤਰਕਾਲੀ 'ਪਾਠਸ਼ਾਲਾ ਤਿਆਰੀ ਮੋਡਿਊਲ' ਤਿਆਰ ਕਰਨਗੀਆਂ, ਜਿਸ ਵਿੱਚ ਅੱਖਰ, ਧੁਨੀਆਂ, ਸ਼ਬਦ, ਰੰਗ, ਆਕਾਰ, ਸੰਖਿਆਵਾਂ ਸਿੱਖਣ ਨਾਲ ਜੁੜੀਆਂ ਸਰਗਰਮੀਆਂ, ਅਤੇ ਕਾਰਜਪੋਥੀ (ਵਰਕਬੁੱਕ) ਸ਼ਾਮਲ ਹੋਵੇਗੀ; ਇਸ ਤਿਆਰੀ ਲਈ ਸਹਿਪਾਠੀਆਂ ਅਤੇ ਮਾਪਿਆਂ ਤੋਂ ਸਹਿਯੋਗ ਲਿਆ ਜਾਵੇਗਾ।

2.6. ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਲਈ ਉੱਚ-ਗੁਣਵੱਤਾ ਸਰੋਤਾਂ ਦਾ ਭੰਡਾਰ 'ਗਿਆਨ ਸਾਂਝ ਲਈ ਅੰਕਵੀ ਸਾਜੋ-ਸਮਾਨ' (ਦੀਕਸ਼ਾ/ਗਿਸਾਂਲਬਿਸਾਸ) ਅਹਾਤੇ 'ਤੇ ਹਾਸਲ ਕਰਾਇਆ ਜਾਵੇਗਾ। ਅਧਿਆਪਕਾਂ ਲਈ ਸਹਾਈ ਹੋਣ ਵਾਲੇ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਜੇ ਕੋਈ ਭਾਸ਼ਾ ਪਾੜਾ ਹੋਵੇ ਤਾਂ ਉਸ ਨੂੰ ਪੂਰਨ ਲਈ ਤਕਨਾਲੋਜੀ ਦਾ ਸਹਾਰਾ ਲਿਆ ਜਾਵੇਗਾ।

2.7. ਇਸ ਵੇਲੇ ਦੇ ਸਿੱਖਿਆ ਸੰਕਟ ਦੇ ਪਸਾਰ ਕਰਕੇ, ਸਰਬਵਿਆਪੀ ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਦੇ ਟੀਚੇ ਨੂੰ ਹਾਸਲ ਕਰਨ ਦੀ ਮੁਹਿੰਮ ਵਿੱਚ ਅਧਿਆਪਕਾਂ ਦੀ ਮਦਦ ਲਈ ਸਾਰੇ ਸੰਭਵ ਤਰੀਕਿਆਂ ਦੀ ਵਰਤੋਂ ਕੀਤੀ ਜਾਵੇਗੀ। ਦੁਨੀਆਂ ਭਰ ਦੀਆਂ ਖੋਜਾਂ ਦੱਸਦੀਆਂ ਹਨ ਕਿ ਸਾਥੀ-ਸਾਥੀ ਪੜ੍ਹਨ ਵਿਧੀ ਦੋਵਾਂ ਧਿਰਾਂ ਲਈ ਸਿੱਖਣ ਵਿੱਚ ਬੜੀ ਲਾਹੇਵੰਦ ਹੁੰਦੀ ਹੈ। ਇਸ ਲਈ, ਸਾਥੀ-ਸਾਥੀ ਪੜ੍ਹਨ ਵਿਧੀ ਨੂੰ ਸਵੈਸੇਵੀ ਅਤੇ ਅਨੰਦਦੇਈ ਗਤੀਵਿਧੀ ਵੱਜੋਂ ਸਹਿਪਾਠੀ ਵਿਦਿਆਰਥੀਆਂ ਲਈ ਮਾਹਿਰ ਅਧਿਆਪਕਾਂ ਦੀ ਨਿਗਰਾਨੀ ਹੇਠ ਅਤੇ ਸੁਰੱਖਿਆ ਦੇ ਸਾਰੇ ਪੱਖਾਂ ਦਾ ਧਿਆਨ ਰੱਖਦਿਆਂ ਅਪਣਾਇਆ ਜਾ ਸਕਦਾ ਹੈ। ਇਸ ਦੇ ਨਾਲ, ਸਿਖਲਾਈ ਪ੍ਰਾਪਤ ਸਵੈਸੇਵਕਾਂ ਲਈ (ਸਥਾਨੀ ਜਨ-ਸਮੂਹਾਂ ਅਤੇ ਬਾਹਰ ਤੋਂ ਦੋਵਾਂ ਲਈ) ਇਸ ਵੱਡੀ ਮੁਹਿੰਮ ਵਿੱਚ ਹਿੱਸਾ ਲੈਣਾ ਸੌਖੇਰਾ ਕੀਤਾ ਜਾਵੇਗਾ। ਜੇ ਜਨ-ਸਮੂਹ ਦਾ ਹਰੇਕ ਸਾਖਰ ਬੰਦਾ ਇੱਕ ਵਿਦਿਆਰਥੀ/ਵਿਅਕਤੀ ਨੂੰ ਅੱਖਰ ਗਿਆਨ ਦੇਣ ਦਾ ਪੱਕਾ ਜ਼ੁੰਮਾਂ ਲੈ ਲਵੇ, ਤਾਂ ਇਹ ਬੜੇ ਥੋੜੇ ਚਿਰ ਵਿੱਚ ਦੇਸ ਦਾ ਨਕਸ਼ਾ ਈ ਬਦਲ ਦੇਵੇਗਾ। ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ ਦੇ ਵਾਧੇ ਦੀ ਇਸ ਕੌਮੀ ਮੁਹਿੰਮ ਵਿੱਚ, ਸਿਖਿਆਰਥੀਆਂ ਦੀ ਮਦਦ ਲਈ ਹੋਰ ਕਾਰਜਕ੍ਰਮ ਚਾਲੂ ਕਰਨ ਦੇ ਨਾਲ-ਨਾਲ ਇਹੋ ਜਿਹੀਆਂ ਸਾਥੀ-ਪੜ੍ਹਾਈ ਅਤੇ ਸਵੈਸੇਵੀ ਗਤੀਵਿਧੀਆਂ ਨੂੰ ਉਤਸ਼ਾਹ ਦੇਣ ਲਈ ਰਾਜ ਨਵੇਂ ਨਮੂਨੇ ਸਥਾਪਤ ਕਰਨ ਬਾਰੇ ਸੋਚ ਸਕਦੇ ਹਨ।

2.8. ਸਭ ਪੱਧਰਾਂ ਦੇ ਵਿਦਿਆਰਥੀਆਂ ਲਈ ਮਨੋਰੰਜਨਦਾਈ ਅਤੇ ਪ੍ਰੇਰਨਾਦਾਈ ਪੋਥੀਆਂ ਵਿਕਸਤ ਕੀਤੀਆਂ ਜਾਣਗੀਆਂ, ਸਾਰੀਆਂ ਭਾਰਤੀ ਸਥਾਨੀ ਭਾਸ਼ਾਵਾਂ ਵਿੱਚ ਉੱਚ-ਗੁਣਵੱਤਾ ਵਾਲੇ ਅਨੁਵਾਦਾਂ ਸਮੇਤ (ਲੋੜ ਹੋਵੇ ਤਾਂ ਤਕਨੀਕੀ ਦੀ ਮਦਦ ਨਾਲ); ਇਹ ਪੋਥੀਆਂ ਪਾਠਸ਼ਾਲਾਵਾਂ ਅਤੇ ਜਨਤਕ ਪੋਥੀਸ਼ਾਲਿਆਂ (ਪੁਸਤਕਾਲਿਆਂ) ਦੋਵਾਂ ਵਿੱਚ ਵੱਡੀ ਪੱਧਰ 'ਤੇ ਹਾਸਲ ਕਰਵਾਈਆਂ ਜਾਣਗੀਆਂ। ਸਾਰੇ ਦੇਸ ਵਿੱਚ ਪੜ੍ਹਨ ਸੱਭਿਆਚਾਰ ਦੀ ਸਿਰਜਣਾ ਲਈ ਜਨਤਕ ਤੇ ਪਾਠਸ਼ਾਲਾ ਪੋਥੀਸ਼ਾਲਿਆਂ ਵਿੱਚ ਵੱਡਾ ਵਾਧਾ ਕੀਤਾ ਜਾਵੇਗਾ। ਅੰਕਾਵੀ (ਡਿਜੀਟਲ) ਪੋਥੀਸ਼ਾਲਿਆਂ ਦੀ ਸਥਾਪਨਾ ਵੀ ਕੀਤੀ ਜਾਵੇਗੀ। ਪਾਠਸ਼ਾਲਾ ਤੋਂ ਵੱਖਰੇ ਸਮੇਂ ਵਿੱਚ ਜਨ-ਸਮੂਹ ਦੀ ਲੋੜ ਪੂਰੀ ਕਰਨ ਲਈ ਪਾਠਸ਼ਾਲਾ ਪੋਥੀਸ਼ਾਲੇ ਸਥਾਪਤ ਕੀਤੇ ਜਾਣਗੇ; ਪੜ੍ਹਨ-ਸੱਭਿਆਚਾਰ ਦੀ ਸੌਖ ਅਤੇ ਪਸਾਰ ਲਈ ਪੋਥੀ-ਮੰਡਲੀਆਂ (ਬੁੱਕ ਕਲੱਬਜ਼) ਜਨਤਕ ਤੌਰ 'ਤੇ ਜਾਂ ਪਾਠਸ਼ਾਲਾ ਪੋਥੀਸ਼ਾਲਾਵਾਂ ਵਿੱਚ ਮਿਲ ਸਕਦੀਆਂ ਹਨ। ਇੱਕ ਕੌਮੀ ਪੋਥੀ ਪ੍ਰੋਤਸਾਹਨ ਨੀਤੀ ਬਣਾਈ ਜਾਵੇਗੀ, ਅਤੇ ਸਾਰੇ ਭੂਗੋਲੀ ਖੇਤਰਾਂ, ਭਾਸ਼ਾਵਾਂ, ਪੱਧਰਾਂ, ਅਤੇ ਰੂਪਾਕਾਰਾਂ ਦੀ ਪ੍ਰਾਪਤੀ, ਪਹੁੰਚ, ਤੇ ਗੁਣਵੱਤਾ ਯਕੀਨੀ ਬਨਾਉਣ ਲਈ ਵੱਡੀਆਂ ਪਹਿਲਾਂ ਕੀਤੀਆਂ ਜਾਣਗੀਆਂ।

2.9. ਜੇ ਬੱਚਿਆਂ ਦਾ ਪੋਸ਼ਣ ਅਤੇ ਸਿਹਤ ਠੀਕ ਨਾ ਹੋਵੇ ਤਾਂ ਉਹ ਪੂਰੀ ਚੰਗੀ ਤਰ੍ਹਾਂ ਨਹੀਂ ਸਿੱਖ ਸਕਦੇ। ਇਸ ਕਰਕੇ, ਸਿਹਤਮੰਦ ਭੋਜਨ ਅਤੇ ਵਧੀਆ ਸਿਖਲਾਈ ਪ੍ਰਾਪਤ ਸਮਾਜੀ ਕਾਰਕੁਨਾਂ, ਸਲਾਹਕਾਰਾਂ ਨੂੰ ਜੋੜ ਕੇ ਅਤੇ ਪਾਠਸ਼ਾਲਾ

ਪ੍ਰਣਾਲੀ ਵਿੱਚ ਬਰਾਦਰੀ/ਜਨ-ਸਮੂਹ ਨੂੰ ਜੋੜ ਕੇ ਬੱਚਿਆਂ ਦੇ ਪੋਸ਼ਣ ਅਤੇ ਸਿਹਤ (ਮਾਨਸਿਕ ਸਿਹਤ ਸਮੇਤ) ਨੂੰ ਸੰਬੋਧਤ ਹੋਇਆ ਜਾਵੇਗਾ। ਇਸ ਤੋਂ ਵੀ ਅੱਗੇ, ਖੋਜ ਇਹ ਵੀ ਦੱਸਦੀ ਹੈ ਕਿ ਦਿਮਾਗੀ ਤੌਰ 'ਤੇ ਵਧੇਰੇ ਔਖੇ ਵਿਸ਼ਿਆਂ ਦੀ ਪੜ੍ਹਾਈ ਲਈ ਪੋਸ਼ਣ ਭਰਪੂਰ ਛਾਹ ਵੇਲੇ (ਨਾਸ਼ਤੇ) ਤੋਂ ਪਿੱਛੋਂ ਦਾ ਸਮਾਂ ਖਾਸ ਤੌਰ 'ਤੇ ਲਾਹੇਵੰਦ ਹੁੰਦਾ ਹੈ; ਇਸ ਲਈ ਭੱਤੇ-ਵੇਲੇ ਦੇ (ਮਿਡ-ਡੇ ਮੀਲ) ਭੋਜਨ ਦੇ ਨਾਲ-ਨਾਲ ਸਾਦਾ ਪਰ ਊਰਜਾ ਭਰਪੂਰ ਛਾਹ ਵੇਲਾ ਦੇ ਕੇ ਇਸ ਸਮੇਂ ਤੋਂ ਹੋਰ ਲਾਹਾ ਲਿਆ ਜਾ ਸਕਦਾ ਹੈ। ਜਿੰਨ੍ਹਾਂ ਥਾਵਾਂ 'ਤੇ ਪਕਾਇਆ ਭੋਜਨ ਨਹੀਂ ਦਿੱਤਾ ਜਾ ਸਕਦਾ ਉਹਨਾਂ ਥਾਵਾਂ 'ਤੇ ਸਾਦਾ ਪਰ ਪੋਸ਼ਣ ਭਰਪੂਰ ਭੋਜਨ, ਜਿਵੇਂ ਕਿ ਮੂੰਗਫਲੀ/ਗੁੜ ਮਿਲੇ ਛੋਲੇ ਤੇ/ਜਾਂ ਸਥਾਨੀ ਫਲ ਰਲਾ ਕੇ ਦਿੱਤੇ ਜਾ ਸਕਦੇ ਹਨ। ਸਾਰੇ ਬੱਚਿਆਂ ਦੀ ਨਿਰੰਤਰ ਸਿਹਤ-ਜਾਂਚ ਹੋਇਆ ਕਰੇਗੀ, ਪਾਠਸ਼ਾਲਾਵਾਂ ਵਿੱਚ 100 ਫੀਸਦੀ ਨੂੰ ਰੋਗ-ਰੋਧੀ ਟੀਕੇ ਲੱਗੇ ਹੋਣ ਦੀ ਖਾਸ ਤੌਰ 'ਤੇ, ਅਤੇ ਇਸ ਦੀ ਨਿਗਰਾਨੀ ਲਈ ਸਿਹਤ-ਪੱਤਰ ਜਾਰੀ ਕੀਤੇ ਜਾਣਗੇ।

## 3. ਪੜ੍ਹਾਈ ਵਿੱਚੇ ਛੱਡਣ ਦੀ ਦਰ ਨੂੰ ਘਟਾਉਣਾ ਅਤੇ ਹਰ ਪੱਧਰ 'ਤੇ ਸਿੱਖਿਆ ਦੀ ਸਰਬਵਿਆਪੀ ਪਹੁੰਚ ਯਕੀਨੀ ਬਨਾਉਣਾ

3.1. ਪਾਠਸ਼ਾਲਾ ਪ੍ਰਣਾਲੀ ਦਾ ਮੁੱਢਲੇ ਟੀਚਿਆਂ 'ਚੋਂ ਇੱਕ ਟੀਚਾ ਇਹ ਹੋਣਾ ਚਾਹੀਦਾ ਹੈ ਪਈ ਬੱਚੇ ਪਾਠਸ਼ਾਲਾ ਵਿੱਚ ਦਾਖ਼ਲ ਹਨ ਤੇ ਪਾਠਸ਼ਾਲਾ ਆਉਂਦੇ ਪਏ ਹਨ। ਭਾਰਤ ਨੇ 'ਸਰਬ ਸਿੱਖਿਆ ਅਭਿਆਨ' (ਹੁਣ 'ਸਮਗਰ ਸਿੱਖਿਆ') ਅਤੇ 'ਸਿੱਖਿਆ ਦਾ ਅਧਿਕਾਰ ਕਨੂੰਨ' ਜਿਹੀਆਂ ਪਹਿਲਾਂ ਰਾਹੀਂ ਹੁਣ ਦੇ ਸਾਲਾਂ ਵਿੱਚ ਮੁੱਢਲੀ ਸਿੱਖਿਆ ਵਿੱਚ ਲਗਭਗ ਸਰਬਵਿਆਪੀ ਦਾਖਲੇ ਹਾਸਲ ਕਰਨ ਦੀ ਵਿਲੱਖਣ ਪ੍ਰਾਪਤੀ ਹਾਸਲ ਕੀਤੀ ਹੈ। ਪਰ, ਅਗਲੇਰੀਆਂ ਜਮਾਤਾਂ ਦੇ ਅੰਕੜੇ ਬੱਚਿਆਂ ਨੂੰ ਪਾਠਸ਼ਾਲਾ ਪ੍ਰਣਾਲੀ ਵਿੱਚ ਬਣਾਈ ਰੱਖਣ ਬਾਰੇ ਕੁਝ ਗੰਭੀਰ ਮੁੱਦਿਆਂ ਵੱਲ ਸੰਕੇਤ ਕਰਦੇ ਹਨ। 6-8 ਜਮਾਤਾਂ ਲਈ ਕੁੱਲ ਦਾਖ਼ਲਾ ਅਨੁਪਾਤ (ਕੁਦਾਅ) 90.9% ਸੀ, ਜਦੋਂ ਕਿ 9-10 ਅਤੇ 11-12 ਲਈ ਇਹ ਤਰਤੀਬਵਾਰ ਬੱਸ 79.3% ਅਤੇ 56.5% ਸੀ - ਜੋ ਦੱਸਦਾ ਹੈ ਕਿ ਦਾਖ਼ਲ ਹੋਏ ਵਿਦਿਆਰਥੀਆਂ ਦਾ ਵੱਡਾ ਅਨੁਪਾਤ ਜਮਾਤ-5 ਤੋਂ ਤੇ ਖਾਸ ਕਰਕੇ ਜਮਾਤ-8 ਤੋਂ ਬਾਅਦ ਪੜ੍ਹਾਈ ਵਿੱਚੇ ਛੱਡ ਜਾਂਦਾ ਹੈ। ਕੌਮੀ ਨਮੂਨਾ ਸਰਵੇਖਣ ਸੰਗਠਨ (ਕੌਨਸਸ) ਦੇ 2017-18 ਵਿਚਲੇ 75ਵੇਂ ਗੇੜ ਦੇ ਘਰ ਸਰਵੇਖਣ ਅਨੁਸਾਰ, 6-17 ਸਾਲ ਦੇ 3.22 ਕਰੋੜ ਬੱਚੇ ਪਾਠਸ਼ਾਲਾ ਤੋਂ ਬਾਹਰ ਹਨ। ਇਹਨਾਂ ਬੱਚਿਆਂ ਨੂੰ ਜਿੰਨੀ ਛੇਤੀ ਸੰਭਵ ਹੋਵੇ ਓਨੀ ਛੇਤੀ ਸਿੱਖਿਆ ਵਿੱਚ ਲਿਆਉਣਾ ਅਤੇ ਹੋਰ ਵਿਦਿਆਰਥੀਆਂ ਦਾ ਪੜ੍ਹਾਈ ਵਿੱਚੇ ਛੱਡਣ ਤੋਂ ਰੋਕਣਾ ਸਭ ਤੋਂ ਪਹਿਲਾ ਟੀਚਾ ਹੋਵੇਗਾ, ਇਸ ਨਿਸ਼ਾਨੇ ਨਾਲ ਕਿ 2030 ਤੱਕ ਪੂਰਬ-ਪਾਠਸ਼ਾਲਾ ਤੋਂ ਦੁਜਾਵੀ (ਸੈਕੰਡਰੀ) ਪੱਧਰ ਤੱਕ 100% ਕੁਲ ਦਾਖ਼ਲਾ ਅਨੁਪਤਾ ਹਾਸਲ ਹੋ ਜਾਵੇ। ਦੇਸ ਦੇ ਸਾਰੇ ਬੱਚਿਆਂ ਲਈ ਪੂਰਬ-ਪਾਠਸ਼ਾਲਾ ਤੋਂ ਜਮਾਤ-12 ਤੱਕ ਗੁਣਵੱਤਾ ਭਰਪੂਰ ਸਰਬੰਗੀ ਸਿੱਖਿਆ ਦੀ - ਕਿੱਤਾ ਸਿੱਖਿਆ ਸਮੇਤ - ਸਰਬਵਿਆਪੀ ਪਹੁੰਚ ਅਤੇ ਪ੍ਰਾਪਤੀ ਸਮਰੱਥਾ ਦਾ ਮੌਕਾ ਯਕੀਨੀ ਬਨਾਉਣ ਲਈ ਇੱਕ ਸਮੂਹੀ ਕੌਮੀ ਯਤਨ ਕੀਤਾ ਜਾਵੇਗਾ।

3.2. ਪੜ੍ਹਾਈ ਵਿੱਚੇ ਛੱਡ ਗਏ ਬੱਚਿਆਂ ਨੂੰ ਪਾਠਸ਼ਾਲਾ ਵਾਪਸ ਲਿਆਉਣ ਲਈ ਅਤੇ ਹੋਰ ਬੱਚਿਆਂ ਨੂੰ ਪੜ੍ਹਾਈ ਵਿੱਚੇ ਛੱਡਣ ਤੋਂ ਬਚਾਉਣ ਲਈ ਸਮੁੱਚੇ ਤੌਰ 'ਤੇ ਦੋ ਪਹਿਲਕਦਮੀਆਂ ਕੀਤੀਆਂ ਜਾਣਗੀਆਂ। ਪਹਿਲੀ ਪ੍ਰਭਾਵੀ ਤੇ ਪੂਰੀਆਂ ਲੋੜੀਂਦੀਆਂ ਭੌਤਿਕ ਸਹੂਲਤਾਂ ਪ੍ਰਦਾਨ ਕਰਨਾ ਤਾਂ ਕਿ ਪੂਰਬ-ਮੁੱਢਲੀ ਪਾਠਸ਼ਾਲਾ ਤੋਂ ਜਮਾਤ-12 ਤੱਕ ਸਾਰੇ ਪੱਧਰਾਂ ਦੀ ਸੁਰੱਖਿਅਤ ਅਤੇ ਦਿਲ-ਲਾਊ ਪਾਠਸ਼ਾਲਾ ਸਿੱਖਿਆ ਤੱਕ ਸਾਰੇ ਬੱਚਿਆਂ ਦੀ ਪਹੁੰਚ ਹੋਵੇ। ਹਰ ਪੱਧਰ 'ਤੇ ਸਿਖਲਾਈ ਪ੍ਰਾਪਤ ਪੱਕੇ ਅਧਿਆਪਕ ਹਾਸਲ ਕਰਾਉਣ ਦੇ ਨਾਲ-ਨਾਲ, ਇਹ ਵੀ ਖਾਸ ਧਿਆਨ ਰੱਖਿਆ ਜਾਵੇਗਾ ਕਿ ਕਿਸੇ ਸਕੂਲ ਵਿੱਚ ਵੀ ਭੌਤਿਕ ਸਹੂਲਤਾਂ ਦੀ ਘਾਟ ਨਾ ਹੋਵੇ। ਸਰਕਾਰੀ ਪਾਠਸ਼ਾਲਾਵਾਂ ਦੀ ਸਾਖ ਮੁੜ ਸਥਾਪਤ ਕੀਤੀ ਜਾਵੇਗੀ ਅਤੇ ਇਹ ਪਹਿਲੀਆਂ ਪਾਠਸ਼ਾਲਾਵਾਂ ਦਾ ਪੱਧਰ ਵਧਾ ਕੇ ਤੇ ਵੱਡਾ ਕਰ ਕੇ, ਜਿੰਨ੍ਹਾਂ ਖੇਤਰਾਂ ਵਿੱਚ ਪਾਠਸ਼ਾਲਾਵਾਂ ਨਹੀਂ ਹਨ ਓਥੇ ਹੋਰ ਗੁਣਵੱਤਾ ਭਰਪੂਰ ਪਾਠਸ਼ਾਲਾਵਾ ਉਸਾਰ ਕੇ, ਅਤੇ ਸੁਰੱਖਿਅਤ ਅਤੇ ਵਿਹਾਰੀ ਸੁਆਰੀਆਂ ਅਤੇ/ਜਾਂ ਵਿਦਿਆਰਥੀ ਨਿਵਾਸ (ਹੋਸਟਲ), ਖਾਸ ਤੌਰ 'ਤੇ ਕੁੜੀਆਂ ਲਈ, ਪ੍ਰਦਾਨ ਕਰ ਕੇ ਕੀਤਾ ਜਾਵੇਗਾ, ਤਾਂ ਕਿ ਸਾਰੇ ਬੱਚਿਆਂ ਨੂੰ ਗੁਣਵੱਤਾ ਭਰਪੂਰ ਪਾਠਸ਼ਾਲਾ ਜਾਣ ਅਤੇ ਬਣਦੇ ਪੱਧਰ ਤੱਕ ਸਿੱਖਣ ਦਾ ਮੌਕਾ ਹਾਸਲ ਹੋਵੇ। ਪਰਵਾਸੀ

ਕਾਮਿਆਂ ਦੇ ਬੱਚਿਆਂ ਦਾ, ਅਤੇ ਹੋਰ ਬੱਚਿਆਂ ਦਾ ਜੋ ਵੱਖ-ਵੱਖ ਹਾਲਤਾਂ ਕਰਕੇ ਪਾਠਸ਼ਾਲਾ ਤੋਂ ਬਾਹਰ ਚਲੇ ਜਾਦੇ ਹਨ, ਮੁੱਖ-ਧਾਰਾ ਸਿੱਖਿਆ ਵਿੱਚ ਵਾਪਸ ਲਿਆਉਣਾ ਯਕੀਨੀ ਬਨਾਉਣ ਲਈ ਨਾਗਰਿਕ ਸਮਾਜ ਦੇ ਸਹਿਯੋਗ ਨਾਲ ਬਦਲਵੇਂ ਅਤੇ ਨਵੀਂ ਰੀਤ ਦੇ ਕੇਂਦਰ ਸਥਾਪਤ ਕੀਤੇ ਜਾਣਗੇ।

3.3. ਦੂਜੀ ਪਹਿਲਕਦਮੀ ਇਹ ਹੈ ਕਿ ਵਿਦਿਆਰਥੀਆਂ ਦੀ, ਅਤੇ ਉਹਨਾਂ ਦੇ ਸਿੱਖਣ ਪੱਧਰ ਦੀ, ਧਿਆਨ ਨਾਲ ਨਿਸ਼ਾਨਦੇਹੀ ਕਰਕੇ ਪਾਠਸ਼ਾਲਾ ਵਿੱਚ ਸਰਬਵਿਆਪੀ ਹਿੱਸੇਦਾਰੀ ਪ੍ਰਾਪਤ ਕਰਨਾ, ਇਹ ਯਕੀਨੀ ਬਨਾਉਣ ਲਈ ਕਿ ੳ) ਉਹ ਪਾਠਸ਼ਾਲਾ ਵਿੱਚ ਦਾਖ਼ਲ ਹਨ ਤੇ ਪਾਠਸ਼ਾਲਾ ਆਉਂਦੇ ਪਏ ਹਨ, ਅਤੇ ਅ) ਜੇ ਉਹ ਪਿੱਛੇ ਰਹਿ ਗਏ ਹਨ ਜਾਂ ਪੜ੍ਹਾਈ ਵਿੱਚੇ ਛੱਡ ਗਏ ਹਨ ਤਾਂ ਉਹਨਾਂ ਕੋਲ ਨਾਲ ਰਲਣ ਦੇ ਅਤੇ ਮੁੜ ਪਾਠਸ਼ਾਲਾ ਵਿੱਚ ਦਾਖ਼ਲ ਹੋਣ ਦੇ ਢੁੱਕਵੇਂ ਮੌਕੇ ਹੋਣ। 18 ਸਾਲ ਦੀ ਉਮਰ ਤੱਕ ਸਾਰੇ ਬੱਚਿਆਂ ਨੂੰ ਨੀਂਹਵੀਂ ਪੱਧਰ ਤੋਂ ਜਮਾਤ-12 ਤੱਕ ਇੱਕੋ-ਜਿਹੀ ਅਤੇ ਗੁਣਵੱਤਾ ਭਰਪੂਰ ਸਿੱਖਿਆ ਹਾਸਲ ਕਰਾਉਣ ਲਈ, ਢੁੱਕਵੇਂ ਸਹਾਈ ਪ੍ਰਬੰਧ ਕੀਤੇ ਜਾਣਗੇ। ਪਾਠਸ਼ਾਲਾਵਾਂ/ਪਾਠਸ਼ਾਲਾ-ਸਮੂਹਾਂ ਅਤੇ ਅਧਿਆਪਕਾਂ ਨਾਲ ਜੁੜੇ ਸਲਾਹਕਾਰ ਜਾਂ ਚੰਗੀ ਸਿੱਖਲਾਈ ਪ੍ਰਾਪਤ ਸਮਾਜੀ ਕਾਰਕੁਨ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨਾਲ ਨਿਰੰਤਰ ਕੰਮ ਕਰਨਗੇ ਅਤੇ ਸਾਰੇ ਪਾਠਸ਼ਾਲਾ-ਉਮਰ ਦੇ ਬੱਚਿਆਂ ਦਾ ਸਕੂਲ ਜਾਣਾ ਤੇ ਸਿੱਖਣਾ ਯਕੀਨੀ ਬਨਾਉਣ ਲਈ ਜਨ-ਸਮੂਹਾਂ ਤੱਕ ਅੱਪੜਣਗੇ ਅਤੇ ਉਹਨਾਂ ਨਾਲ ਜੁੜਨਗੇ। ਇਹ ਮਹੱਤਵਪੂਰਨ ਕੰਮ ਕਰਨ ਲਈ, ਰਾਜ ਅਤੇ ਜ਼ਿਲਾ ਪੱਧਰ ‘ਤੇ ਦਿਵਿਆਂਗ ਵਿਅਕਤੀਆਂ ਦੇ ਸ਼ਕਤੀਕਰਣ ਨਾਲ ਸਬੰਧਤ ਨਾਗਰਿਕ ਸਮਾਜ ਸੰਗਠਨ/ਸਮਾਜੀ ਨਿਆਂ ਅਤੇ ਸ਼ਕਤੀਕਰਣ ਵਿਭਾਗ ਦੇ ਸਿਖਲਾਈ ਪ੍ਰਾਪਤ ਅਤੇ ਯੋਗਤਾ ਪ੍ਰਾਪਤ ਸਮਾਜੀ ਕਾਰਕੁਨਾਂ ਅਤੇ ਸਰਕਾਰੀ ਕਰਮਚਾਰੀਆਂ ਨੂੰ ਰਾਜ/ਸੰਘੀ ਖੇਤਰ ਦੀਆਂ ਸਰਕਾਰਾਂ ਵੱਲੋਂ ਵੱਖ-ਵੱਖ ਨਵੀਂ ਤਰ੍ਹਾਂ ਦੀਆਂ ਅਪਣਾਈਆਂ ਵਿਧੀਆਂ ਰਾਹੀਂ ਪਾਠਸ਼ਾਲਾਵਾਂ ਨਾਲ ਜੋੜਿਆ ਜਾ ਸਕਦਾ ਹੈ।

3.4. ਭੌਤਿਕ ਸਹੂਲਤਾਂ ਅਤੇ ਸ਼ਮੂਲੀਅਤ ਹਾਸਲ ਹੋਣ ਤੋਂ ਬਾਅਦ, ਵਿਦਿਆਰਥੀਆਂ ਨੂੰ ਬਣਾਏ ਰੱਖਣ ਲਈ ਗੁਣਵੱਤਾ ਦਾ ਯਕੀਨੀ ਬਨਾਉਣਾ ਕੁੰਜੀ ਹੋਵੇਗਾ, ਤਾਂ ਕਿ ਉਹ (ਖਾਸ ਤੌਰ ‘ਤੇ ਕੁੜੀਆਂ ਅਤੇ ਦੂਜੇ ਸਮਾਜਿਕ-ਆਰਥਿਕ ਤੌਰ ‘ਤੇ ਵੰਚਿਤ ਸਮੂਹਾਂ ਦੇ ਵਿਦਿਆਰਥੀ) ਪਾਠਸ਼ਾਲ ਆਉਣ ਵਿੱਚ ਦਿਲਚਸਪੀ ਨਾ ਗੁਆ ਲੈਣ। ਇਸ ਲਈ ਪੜ੍ਹਾਈ ਵਿੱਚ ਛੱਡ ਕੇ ਜਾਣ ਦੀ ਉੱਚੀ ਦਰ ਵਾਲੇ ਖੇਤਰਾਂ ਵਿੱਚ ਸਥਾਨੀ ਭਾਸ਼ਾ ਦੀ ਜਾਣਕਾਰੀ ਵਾਲੇ ਅਧਿਆਪਕ ਲਾਉਣ ਲਈ ਇੱਕ ਪ੍ਰੋਤਸਾਹਨ ਪ੍ਰਣਾਲੀ ਦੀ ਲੋੜ ਹੋਵੇਗੀ, ਤੇ ਨਾਲ ਦੀ ਨਾਲ ਪਾਠਕ੍ਰਮ ਨੂੰ ਵਧੇਰੇ ਦਿਲਚਸਪ ਅਤੇ ਲਾਭਕਾਰੀ ਬਨਾਉਣ ਲਈ ਇਸ ਨੂੰ ਨਵਿਆਉਣ ਦੀ ਲੋੜ ਹੋਵੇਗੀ।

3.5. ਸਾਰੇ ਵਿਦਿਆਰਥੀਆਂ ਦੇ ਸਿੱਖਣ ਨੂੰ ਸੁਖਾਲਾ ਕਰਨ ਲਈ, ਸਮਾਜਿਕ-ਆਰਥਿਕ ਤੌਰ ‘ਤੇ ਵੰਚਿਤ ਸਮੂਹਾਂ (ਸਆਵੰਸ) ਦਾ ਖਾਸ ਧਿਆਨ ਰੱਖਦਿਆਂ, ਰਸਮੀ ਤੇ ਅਣਰਸਮੀ ਸਿੱਖਿਆ ਰੂਪਾਂ ਦੀ ਮਦਦ ਨਾਲ ਸਿੱਖਣ ਦੇ ਬਹੁ-ਮਾਰਗ ਖੋਹਲਣ ਲਈ ਪਾਠਸ਼ਾਲਾ ਸਿੱਖਿਆ ਦਾ ਕਾਰਜ-ਖੇਤਰ ਹੋਰ ਚੌੜੇਰਾ ਕੀਤਾ ਜਾਵੇਗਾ। ਭਾਰਤ ਦੇ ਜਿਹੜੇ ਲੋਕ ਸਰੀਰੀ ਤੌਰ ‘ਤੇ ਪਾਠਸ਼ਾਲਾ ਜਾਣ ਦੇ ਯੋਗ ਨਹੀਂ ਉਹਨਾਂ ਦੀਆਂ ਸਿਖਿਆਵੀ ਲੋੜਾਂ ਦੀ ਪੂਰਤੀ ਲਈ ਕੌਮੀ ਖੁਲ੍ਹੀ ਪਾਠਸ਼ਾਲਾ ਸੰਸਥਾ (ਕੌਖੁਪਾਸ) ਅਤੇ ਰਾਜ ਖੁਲ੍ਹੀਆਂ ਪਾਠਸ਼ਾਲਾਵਾਂ ਵੱਲੋਂ ਕਰਾਏ ਜਾਂਦੇ ਖੁਲ੍ਹੇ ਤੇ ਦੂਰਵਰਤੀ ਕਾਰਜਕ੍ਰਮਾਂ (ਖੁਦੂਕਾ) ਦਾ ਪਸਾਰ ਅਤੇ ਮਜ਼ਬੂਤੀ ਕੀਤੀ ਜਾਵੇਗੀ। ਕੌਖੁਪਾਸ ਅਤੇ ਰਾਜ ਖੁਲ੍ਹੀਆਂ ਪਾਠਸ਼ਾਲਾਵਾਂ ਇਸ ਸਮੇ ਚੱਲਦੇ ਕਾਰਜਕ੍ਰਮਾਂ ਦੇ ਨਾਲ-ਨਾਲ ਹੇਠਲੇ ਕਾਰਜਕ੍ਰਮ ਵੀ ਚਲਾਉਣਗੀਆਂ: ੳ, ਅ, ਤੇ ੲ ਪੱਧਰ ਦੇ ਜਿਹੜੇ ਰਸਮੀ ਪੜ੍ਹਾਈ ਦੀ 3, 5, ਤੇ 8 ਜਮਾਤ ਦੇ ਬਰਾਬਰ ਹਨ; ਦੁਜਾਵੀ (ਸੈਕੰਡਰੀ) ਪੱਧਰ ਦੇ ਸਿੱਖਿਆ ਕਾਰਜਕ੍ਰਮ ਜਿਹੜੇ 10 ਤੇ 12 ਜਮਾਤ ਦੇ ਬਰਾਬਰ ਹਨ; ਕਿੱਤਾਮੁਖੀ ਸਿੱਖਿਆ ਕੋਰਸ/ਕਾਰਜਕ੍ਰਮ; ਅਤੇ ਬਾਲਗ ਸਾਖਰਤਾ ਅਤੇ ਜੀਵਨ-ਸੰਪਨਤਾ ਕਾਰਜਕ੍ਰਮ। ਰਾਜਾਂ ਨੂੰ ਉਤਸ਼ਾਹਤ ਕੀਤਾ ਜਵੇਗਾ ਕਿ ਉਹ ਨਵੀਆਂ ‘ਰਾਜ ਖੁਲ੍ਹੀ ਪਾਠਸ਼ਾਲਾ ਸੰਸਥਾਵਾਂ’ (ਰਾਖੁਪਾਸਾਂ) ਥਾਪ ਕੇ/ਪਹਿਲੀਆਂ ਨੂੰ ਹੋਰ ਤਗੜੀਆਂ ਬਣਾ ਕੇ ਅਜਿਹੇ ਕੋਰਸ/ਕਾਰਜਕ੍ਰਮ ਖੇਤਰੀ ਭਾਸ਼ਾਵਾਂ ਵਿੱਚ ਵਿਕਸਤ ਕਰਨ।

3.6. ਸਰਕਾਰੀ ਅਤੇ ਅਣਸਰਕਾਰੀ ਮਾਨਵ-ਭਲਾਈ ਸੰਗਠਨਾਂ ਦੋਵਾਂ ਲਈ ਪਾਠਸ਼ਾਲਾਵਾਂ ਖੋਲ੍ਹਣਾ ਸੌਖਾ ਕਰਨ ਲਈ, ਸੱਭਿਆਚਾਰ, ਭੂਗੋਲ, ਅਤੇ ਜਨ-ਪ੍ਰਕਿਰਤੀ (ਡੈਮੋਗਰਾਫੀ) ਵਿਚਲੇ ਵਖਰੇਵਿਆਂ ਨੂੰ ਉਤਸ਼ਾਹਤ ਕਰਨ ਲਈ, ਅਤੇ

ਸਿੱਖਿਆ ਦੇ ਬਦਲਵੇਂ ਨਮੂਨਿਆਂ ਦੀ ਪ੍ਰਵਾਨਗੀ ਲਈ, ਪਾਠਸ਼ਾਲਾਵਾਂ ਲਈ ਸ਼ਰਤਾਂ ਘੱਟ ਕਰੜੀਆਂ ਕੀਤੀਆਂ ਜਾਣਗੀਆਂ। ਜਿਥੋਂ ਤੱਕ ਚਾਹੀਆਂ ਸਿੱਖਣ ਪ੍ਰਾਪਤੀਆਂ ਦਾ ਸੁਆਲ ਹੈ, ਆਗਤ (ਇਨਪੁੱਟ) ਘੱਟ ਅਤੇ ਨਿਗਤ (ਆਊਟਪੁੱਟ) ਸਮਰੱਥਾ ਵਧੇਰੇ ਧਿਆਨ ਦਾ ਕੇਂਦਰ ਹੋਵੇਗਾ। ਆਗਤ ਬਾਰੇ ਨੇਮ ਕੁਝ ਖੇਤਰਾਂ ਤੱਕ ਸੀਮਤ ਹੋਣਗੇ, ਜਿੰਨ੍ਹਾ ਦਾ ਵੇਰਵਾ ਪਾਠ-8 ਵਿੱਚ ਦਿੱਤਾ ਗਿਆ ਹੈ। ਪਾਠਸ਼ਾਲਾਵਾਂ ਦੇ ਹੋਰ ਨਮੂਨਿਆਂ ਦੀ ਅਗਵਾਈ ਵੀ ਕੀਤੀ ਜਾਵੇਗੀ, ਜਿਵੇਂ ਕਿ ਜਨਤਕ ਮਾਨਵ-ਭਲਾਈ ਹਿੱਸੇਦਾਰੀ।

3.7. ਸਿੱਖਣ ਨੂੰ ਉੱਚਾ ਚੁੱਕਣ ਲਈ ਸਵੈਸੇਵੀ ਯਤਨਾਂ ਵਿੱਚ ਜਨ-ਸਮੂਹ ਅਤੇ ਪੂਰਬਲੇ ਵਿਦਿਆਰਥੀਆਂ ਦੀ ਭਾਈਵਾਲੀ ਦੇ ਯਤਨ ਕੀਤੇ ਜਾਣਗੇ; ਇਸ ਉਦੇਸ਼ ਲਈ ਪਾਠਸ਼ਾਲਾਵਾਂ ਵਿੱਚ ਇਹ ਚੀਜ਼ਾਂ ਹਾਸਲ ਕਰਵਾਈਆਂ ਜਾਣਗੀਆਂ: ਇੱਕ-ਨੂੰ-ਇੱਕ ਪੜ੍ਹਾਈ; ਸਾਖਰਤਾ ਦੀ ਪੜ੍ਹਾਈ ਅਤੇ ਵਾਧੂ-ਮਦਦ ਬੈਠਕਾਂ ਦਾ ਪ੍ਰਬੰਧ; ਸਿੱਖਿਆਦਾਤਿਆਂ ਲਈ ਅਧਿਆਪਨ ਸਹਾਇਤਾ ਅਤੇ ਅਗਵਾਈ; ਵਿਦਿਆਰਥੀਆਂ ਲਈ ਕਿੱਤਾ-ਚੋਣ (ਕੈਰੀਅਰ) ਅਗਵਾਈ ਅਤੇ ਸਲਾਹਕਾਰੀ (ਮੈਂਟਰਿੰਗ), ਆਦਿ। ਇਸ ਵਾਸਤੇ, ਸਰਗਰਮ ਅਤੇ ਸਿਹਤਮੰਦ ਜੇਠੇ ਨਾਗਰਿਕਾਂ, ਪਾਠਸ਼ਾਲਾ ਨਾਲ ਜੁੜੇ ਪੂਰਬਲੇ ਵਿਅਕਤੀਆਂ, ਅਤੇ ਸਥਾਨੀ ਜਨ-ਸਮੂਹ ਦੇ ਸਦੱਸਾਂ ਦੀ ਢੁੱਕਵੀਂ ਸਹਾਇਤਾ ਲਈ ਜਾਵੇਗੀ। ਇਸ ਮਕਸਦ ਲਈ ਸਾਖਰ ਸਵੈਸੇਵੀਆਂ, ਸੇਵਾਮੁਕਤ ਵਿਗਿਆਨੀਆਂ/ਸਰਕਾਰੀ/ਅੱਧ-ਸਰਕਾਰੀ ਮੁਲਾਜ਼ਮਾਂ, ਪੂਰਬਲੇ ਵਿਦਿਆਰਥੀਆਂ, ਅਤੇ ਸਿੱਖਿਆਦਾਤਿਆਂ ਦੀਆਂ ਅੰਕੜਾ-ਵਹੀਆਂ (ਡਾਟਾਬੇਸਿਜ਼) ਤਿਆਰ ਕੀਤੀਆਂ ਜਾਣਗੀਆਂ।

# 4. ਪਾਠਸ਼ਾਲਾਵਾਂ ਵਿੱਚ ਪਾਠਕ੍ਰਮ ਅਤੇ ਸਿੱਖਿਆ-ਵਿਧੀ: ਸਿੱਖਣਾ ਸਰਬੰਗੀ, ਅਖੰਡ, ਅਨੰਦਮਈ, ਅਤੇ ਧੂਹ-ਪਾਉਣਾ ਹੋਵੇ

## ਨਵੀਂ 5+3+3+4 ਬਣਤਰ ਵਿੱਚ ਪਾਠਸ਼ਾਲਾ ਪਾਠਕ੍ਰਮ ਦਾ ਨਵੇਂ ਸਿਰਿਓਂ ਗਠਨ

4.1. 3-8, 8-11, 11-14, ਅਤੇ 14-18 ਦੇ ਉਮਰ-ਜੁੱਟਾਂ ਦੇ ਹਿਸਾਬ ਨਾਲ ਵਿਕਾਸ ਦੇ ਵੱਖ-ਵੱਖ ਪੱਧਰਾਂ 'ਤੇ ਸਿਖਿਆਰਥੀਆਂ ਦੀਆਂ ਵਿਕਾਸਮਈ ਲੋੜਾਂ ਅਤੇ ਦਿਲਚਸਪੀਆਂ ਨੂੰ ਸੰਬੋਧਿਤ ਹੋਣ ਅਤੇ ਪ੍ਰਸੰਗੀ ਬਨਾਉਣ ਲਈ ਪਾਠਕ੍ਰਮ ਅਤੇ ਸਿੱਖਿਆ-ਵਿਧੀ ਬਣਤਰ ਨੂੰ ਨਵਾਂ ਆਕਾਰ ਦਿੱਤਾ ਜਾਵੇਗਾ। ਪਾਠਸ਼ਾਲਾ ਸਿੱਖਿਆ ਲਈ ਪਾਠਕ੍ਰਮ ਅਤੇ ਸਿੱਖਿਆ-ਵਿਧੀ ਬਣਤਰ ਅਤੇ ਪਾਠਕ੍ਰਮ ਦੀ ਰੂਪ-ਰੇਖਾ ਦੀ ਅਗਵਾਈ 5+3+3+4 ਰੂਪ-ਰੇਖਾ ਕਰੇਗੀ, ਜਿਸ ਵਿੱਚ ਨੀਂਹਵੀ ਪੱਧਰ (ਦੋ ਹਿੱਸਿਆਂ ਵਿੱਚ, ਮਤਬਲ, ਆਂਗਣਵਾੜੀ/ਪੂਰਬ-ਪਾਠਸ਼ਾਲਾ ਕਾਲ ਦੇ 3 ਸਾਲ + ਜਮਾਤ 1-2 ਦੇ ਮੁੱਢਲੀ ਪਾਠਸ਼ਾਲ ਦੇ 2 ਸਾਲ; ਦੋਵਾਂ ਦਾ ਪਸਾਰ 3-8 ਸਾਲ ਦੀ ਉਮਰ ਲਈ ਹੋਵੇਗਾ), ਤਿਆਰੀ-ਕਾਲ ਦੀ ਪੱਧਰ (3-5 ਜਮਾਤਾਂ, 8-11 ਉਮਰ ਤੱਕ), ਮੱਧਲੀ ਪੱਧਰ (6-8 ਜਮਾਤਾਂ, 11-14 ਉਮਰ ਤੱਕ), ਅਤੇ ਦੁਜਾਵੀ ਪੱਧਰ (9-12 ਜਮਾਤਾਂ, ਦੋ ਪੜਾਵਾਂ ਵਿੱਚ, 9-10 ਪਹਿਲਾ ਤੇ 11-12 ਦੂਜਾ, 14-18 ਉਮਰ ਤੱਕ) ਹੋਵੇਗੀ।

4.2. ਨੀਂਹਵੀਂ ਪੱਧਰ ਲਚਕੀਲੀ, ਬਹੁਪੱਧਰੀ, ਖੇਡ/ਸਰਗਰਮੀ ਅਧਾਰੀ ਸਿੱਖਣ 'ਤੇ ਅਤੇ ਪੈਰਾ 1.2 'ਚ ਦੱਸੇ ਮੁਬਾਦੇਸਿ ਦੇ ਪਾਠਕ੍ਰਮ ਅਤੇ ਸਿੱਖਿਆ-ਵਿਧੀ 'ਤੇ ਟਿਕੀ ਹੋਵੇਗੀ। ਤਿਆਰੀ-ਕਾਲ ਪੱਧਰ ਵਿੱਚ ਤਿੰਨ ਸਾਲਾਂ ਦੀ ਸਿੱਖਿਆ ਹੋਵੇਗੀ ਜੋ ਨੀਂਹਵੀਂ ਪੱਧਰ ਦੀ ਖੇਡ, ਭਾਲ, ਅਤੇ ਸਰਗਰਮੀ-ਅਧਾਰੀ ਸਿੱਖਿਆ-ਵਿਧੀ ਤੇ ਪਾਠਕ੍ਰਮ ਸ਼ੈਲੀ ਉਪਰ ਉਸਰੇਗੀ; ਪਰ ਵੱਖ-ਵੱਖ ਵਿਸ਼ਿਆਂ ਲਈ (ਪੜ੍ਹਨਾ, ਲਿਖਣਾ, ਬੋਲਣਾ, ਸਰੀਰੀ ਸਿੱਖਿਆ, ਕਲਾ, ਭਾਸ਼ਾਵਾ, ਵਿਗਿਆਨ, ਅਤੇ ਗਣਿਤ ਸਮੇਤ) ਮਜ਼ਬੂਤ ਆਧਾਰ ਬਨਾਉਣ ਲਈ ਇਸ ਵਿੱਚ ਕੁਝ ਹਲਕੀਆਂ-ਫੁਲਕੀਆਂ ਪਾਠ-ਪੋਥੀਆਂ ਅਤੇ ਵਧੇਰੇ ਰਸਮੀ ਪਰ ਪਰਸਪਰਕ ਜਮਾਤ ਵਿੱਚ ਸਿੱਖਣਾ ਸ਼ਾਮਲ ਹੋਣਾ ਵੀ ਸ਼ੁਰੂ ਹੋ ਜਾਵੇਗਾ। ਮੱਧਲੀ ਪੱਧਰ ਵਿੱਚ ਤਿੰਨ ਸਾਲ ਦੀ ਸਿੱਖਿਆ ਹੋਵੇਗੀ ਤੇ ਇਸ ਦੀ ਉਸਾਰੀ ਤਿਆਰੀ-ਕਾਲ ਪੱਧਰ ਦੀ ਸਿੱਖਿਆ-ਵਿਧੀ ਤੇ ਪਾਠਕ੍ਰਮ ਸ਼ੈਲੀ ਦੇ ਆਧਾਰ 'ਤੇ ਹੋਵੇਗੀ। ਪਰ ਹਰ ਇੱਕ ਵਿਸ਼ੇ ਦੇ ਵਧੇਰੇ ਅਮੂਰਤ ਸੰਕਲਪਾਂ ਦੇ ਸਿੱਖਣ ਅਤੇ ਵਿਚਾਰ-ਵਟਾਂਦਰੇ ਲਈ ਵਿਸ਼ਿਆਂ ਦੇ ਅਧਿਆਪਕ ਜੋੜ ਦਿੱਤੇ ਜਾਣਗੇ, ਤਾਂ ਕਿ ਇਸ ਪੱਧਰ 'ਤੇ ਵਿਦਿਆਰਥੀ ਵਿਗਿਆਨਾਂ, ਗਣਿਤ, ਕਲਾਵਾਂ, ਸਮਾਜ ਵਿਗਿਆਨਾਂ, ਅਤੇ ਮਾਨਵ ਵਿਗਿਆਨਾਂ ਲਈ ਤਿਆਰ ਹੋ ਜਾਣ। ਭਾਵੇਂ ਵਧੇਰੇ

ਵਿਸ਼ੇਸ਼ੱਗਤਾ ਵਾਲੇ ਵਿਸ਼ੇ ਅਤੇ ਵਿਸ਼ਾ ਅਧਿਆਪਕ ਜੁੜ ਜਾਣਗੇ, ਪਰ ਮੁੜ ਵੀ ਹਰ ਇੱਕ ਵਿਸ਼ੇ ਦਾ ਅਨੁਭਵ ਰਾਹੀਂ ਸਿੱਖਣਾ ਅਤੇ ਵੱਖ-ਵੱਖ ਵਿਸ਼ਿਆਂ ਵਿਚਕਾਰ ਸਬੰਧਾਂ ਦੀ ਪੜਤਾਲ ਨੂੰ ਉਤਸ਼ਾਹਤ ਕੀਤਾ ਜਾਵੇਗਾ ਅਤੇ ਇਸ ‘ਤੇ ਜੋਰ ਦਿੱਤਾ ਜਾਵੇਗਾ। ਦੂਜਾਵੀ ਪੱਧਰ ਵਿੱਚ ਚਾਰ ਸਾਲ ਦੀ ਬਹੁਵਿਸ਼ਾਵੀ ਪੜ੍ਹਾਈ ਹੋਵੇਗੀ; ਇਸ ਦੀ ਉਸਾਰੀ ਮੱਧਲੀ ਪੱਧਰ ਦੀ ਵਿਸ਼ਾ-ਮੁਖੀ ਸਿੱਖਿਆ-ਵਿਧੀ ਅਤੇ ਪਾਠਕ੍ਰਮ ਦੇ ਆਧਾਰ ‘ਤੇ ਹੋਵੇਗੀ; ਪਰ ਇਸ ਵਿੱਚ ਵਧੇਰੇ ਡੂੰਘਾਈ, ਵਧੇਰੇ ਅਲੋਚਨਾਵੀ ਸੋਚ, ਜੀਵਨ ਉਮੰਗਾਂ ਵੱਲ ਵਧੇਰੇ ਧਿਆਨ, ਅਤੇ ਵਧੇਰੇ ਲਚਕ ਅਤੇ ਵਿਸ਼ਿਆਂ ਦੀ ਚੋਣ ਹੋਵੇਗੀ; ਖਾਸ ਤੌਰ ‘ਤੇ, ਵਿਦਿਆਰਥੀ ਜਮਾਤ-10 ਤੋਂ ਬਾਅਦ ਛੱਡ ਕੇ ਕਿੱਤਾਮੁਖੀ ਕੋਰਸ ਜਾਂ ਜਮਾਤ 11-12 ਵਿਚਲੇ ਹੋਰ ਹਾਸਲ ਕੋਰਸ ਪੜ੍ਹਨ ਲਈ ਦੁਬਾਰਾ ਦਾਖ਼ਲ ਹੋ ਸੱਕਣਗੇ, ਜੇ ਉਹਨਾਂ ਦੀ ਇੱਛਾ ਹੋਵੇ ਤਾਂ ਵਧੇਰੇ ਵਿਸ਼ੇਸ਼ੱਗਤਾ-ਮੁਖੀ ਪਾਠਸ਼ਾਲਾ ਵਿੱਚ ਵੀ।

4.3. ਉੱਤੇ ਦੱਸੇ ਪੜਾਅ ਪੂਰੀ ਤਰ੍ਹਾਂ ਪਾਠਕ੍ਰਮੀ ਅਤੇ ਸਿੱਖਿਆ-ਵਿਧੀ ਨਾਲ ਸਬੰਧਤ ਹਨ; ਇਹ ਬੱਚਿਆਂ ਦੇ ਗਿਆਨਵੀ ਵਿਕਾਸ ਦੇ ਆਧਾਰ ‘ਤੇ ਉਹਨਾਂ ਦੇ ਪੂਰਾ ਸਿੱਖਣ ਲਈ ਤਿਆਰ ਕੀਤੇ ਗਏ ਹਨ; ਇਹ ਹਰ ਪੱਧਰ ‘ਤੇ ਕੌਮੀ ਅਤੇ ਰਾਜੀ ਪਾਠਕ੍ਰਮ ਅਤੇ ਅਧਿਆਪਨ-ਸਿੱਖਣ ਰਣਨੀਤੀਆਂ ਦੇ ਵਿਕਾਸ ਦੀ ਅਗਵਾਈ ਕਰਨਗੇ, ਪਰ ਭੌਤਿਕ ਸਹੂਲਤਾਂ ਵਿੱਚ ਸਮਾਂਤਰ ਬਦਲਾਵਾਂ ਦੀ ਲੋੜ ਨਹੀਂ ਹੋਵੇਗੀ।

## ਸਿਖਿਆਰਥੀਆਂ ਦਾ ਸਰਬੰਗੀ ਵਿਕਾਸ

4.4. ਹਰ ਪੱਧਰ ‘ਤੇ ਪਾਠਕ੍ਰਮ ਅਤੇ ਸਿੱਖਿਆ-ਵਿਧੀ ਦਾ ਕੁੰਜੀਵਤ ਦਬਾਅ ਸਿੱਖਿਆ ਪ੍ਰਣਾਲੀ ਨੂੰ ਅਸਲ ਸਿੱਖਣ ਵੱਲ ਅਤੇ ਸਿੱਖਣਾਂ ਸਿੱਖਣ ਵੱਲ ਲੈ ਜਾਣਾ ਹੋਵੇਗਾ - ਅਤੇ ਇਸ ਵੇਲੇ ਚੱਲਦੇ ਰੱਟਾ-ਸਿੱਖਣ ਦੀ ਰੀਤ ਤੋਂ ਪਾਸੇ ਲੈ ਜਾਣਾ ਹੋਵੇਗਾ। ਸਿੱਖਿਆ ਦਾ ਟੀਚਾ ਬੱਸ ਗਿਆਨਵੀ ਵਿਕਾਸ ਈ ਨਹੀਂ, ਬਲਕਿ ਚਰਿੱਤਰ ਨਿਰਮਾਣ ਅਤੇ 21ਵੀਂ ਸਦੀ ਦੇ ਹੁਨਰਾਂ ਵਿੱਚ ਨਿਪੁਣ ਪੂਰਨ ਅਤੇ ਉੱਤਮ ਵਿਅਕਤੀਆਂ ਦੀ ਸਿਰਜਣਾ ਹੋਵੇਗਾ। ਆਖਰਕਾਰ, ਗਿਆਨ ਡੂੰਘਾ ਅੰਦਰ ਪਿਆ ਖ਼ਜ਼ਾਨਾ ਹੈ ਤੇ ਸਿੱਖਿਆ ਵਿਅਕਤੀ ਦੇ ਇਸ ਅੰਦਰ ਪਏ ਦੇ ਪੂਰਨਤਾ ਵੱਜੋਂ ਪਰਗਟਾਵੇ ਲਈ ਮਦਦ ਕਰਦੀ ਹੈ। ਇਹਨਾਂ ਅਟੱਲ ਟੀਚਿਆਂ ਲਈ ਪਾਠਕ੍ਰਮ ਅਤੇ ਸਿੱਖਿਆ-ਵਿਧੀ ਦੇ ਸਾਰੇ ਪੱਖਾਂ ਨੂੰ ਨਵੀਂ ਦਿਸ਼ਾ ਤੇ ਨਵਾਂ ਰੂਪ ਦਿੱਤਾ ਜਾਵੇਗਾ। ਪੂਰਬ-ਪਾਠਸ਼ਾਲਾ ਪੜਾਅ ਤੋਂ ਲਏ ਕੇ ਉਚੇਰੀ ਸਿੱਖਿਆ ਤੱਕ ਇਕਮਿਕਤਾ ਅਤੇ ਸ਼ਮੂਲੀਅਤ ਲਈ ਹੁਨਰਾਂ ਤੇ ਕਦਰਾਂ-ਕੀਮਤਾਂ ਦੇ ਖਾਸ ਜੁੱਟਾਂ ਦੀ ਪਛਾਣ ਕੀਤੀ ਜਾਵੇਗੀ। ਇਹ ਯਕੀਨਿ ਬਨਾਉਣ ਲਈ ਕਿ ਇਹ ਹੁਨਰ ਤੇ ਕਦਰਾ-ਕੀਮਤਾਂ ਅਧਿਆਪਨ ਤੇ ਸਿੱਖਣ ਦੀ ਦਿਲਚਸਪੀ ਭਰੀ ਪਰਕਿਰਿਆ ਰਾਹੀਂ ਆਤਮਸਾਤ ਕੀਤੀਆਂ ਜਾਣ, ਪਾਠਕ੍ਰਮ ਰੂਪ-ਰੇਖਾਵਾਂ ਅਤੇ ਆਦਾਨ-ਪ੍ਰਦਾਨ ਵਿਧੀਆਂ ਦਾ ਵਿਕਾਸ ਕੀਤਾ ਜਾਵੇਗਾ। ਕੌਸਿਖੋਸਿਪ ਇਹਨਾਂ ਲੋੜੀਂਦੇ ਹੁਨਰ ਜੁੱਟਾਂ ਦੀ ਨਿਸ਼ਾਨਦੇਹੀ ਕਰੇਗੀ ਅਤੇ ਮੁੱਢਲੇ ਬਾਲ-ਕਾਲ ਅਤੇ ਪਾਠਸ਼ਾਲਾ ਸਿੱਖਿਆ ਲਈ ‘ਕੌਮੀ ਪਾਠਕ੍ਰਮ ਢਾਂਚੇ’ ਵਿੱਚ ਇਹਨਾਂ ਦੇ ਆਦਾਨ-ਪ੍ਰਦਾਨ ਲਈ ਵਿਧੀਆਂ ਸ਼ਾਮਲ ਕਰੇਗੀ।

## ਜ਼ਰੂਰੀ ਸਿੱਖਣ ਤੇ ਅਲੋਚਨਾਵੀ ਸੋਚ ਦੇ ਵਾਧੇ ਲਈ ਪਾਠਕ੍ਰਮ ਦਾ ਘਟਾਉਣਾ

4.5. ਵਧੇਰੇ ਸਰਬੰਗੀ, ਪੜਤਾਲ-ਅਧਾਰੀ, ਭਾਲ ਅਧਾਰੀ, ਵਿਚਾਰ-ਵਟਾਂਦਰਾ-ਅਧਾਰੀ, ਅਤੇ ਬਿਖਲੇਖਣ-ਅਧਾਰੀ ਸਿੱਖਣ ਲਈ ਥਾਂ ਬਨਾਉਣ ਲਈ ਹਰ ਵਿਸ਼ੇ ਦੀ ਪਾਠਕ੍ਰਮ ਵਿਸ਼ਾਵਸਤ ਧੁਰ-ਤੱਤਾਂ ਤੱਕ ਸੀਮਤ ਕੀਤੀ ਜਾਵੇਗੀ। ਨਿਰਧਾਰਤ ਵਿਸ਼ਾ-ਵਸਤ ਕੁੰਜੀਵਤ ਸੰਕਲਪਾਂ, ਵਿਚਾਰਾਂ, ਵਿਹਾਰਕਤਾਵਾਂ, ਅਤੇ ਸਮੱਸਿਆ-ਹੱਲ 'ਤੇ ਕੇਂਦਰਿਤ ਹੋਵੇਗੀ। ਅਧਿਆਪਨ ਅਤੇ ਸਿੱਖਣ ਵਧੇਰੇ ਆਦਾਨ-ਪ੍ਰਦਾਨ ਦੀ ਵਿਧੀ ਨਾਲ ਹੋਵੇਗਾ; ਸੁਆਲ ਪੁੱਛਣ ਨੂੰ ਉਤਸ਼ਾਹਤ ਕੀਤਾ ਜਾਵੇਗਾ, ਅਤੇ ਡੂੰਘੇਰੇ ਅਤੇ ਵਧੇਰੇ ਅਨੁਭਵੀ ਸਿੱਖਣ ਲਈ ਜਮਾਤ-ਕਮਰਾ ਬੈਠਕਾਂ ਲਗਾਤਾਰ ਵਧੇਰੇ ਮਨੋਰੰਜਨੀ, ਸਿਰਜਣੀ, ਸਹਿਯੋਗੀ, ਅਤੇ ਪੜਤਾਲੀਆ ਗਤੀਵਿਧੀਆਂ ਨਾਲ ਭਰੀਆਂ ਹੋਣਗੀਆਂ।

## ਅਨੁਭਵੀ ਸਿੱਖਣ

4.6. ਹਰ ਪੱਧਰ 'ਤੇ, ਅਨੁਭਵੀ ਸਿੱਖਣ ਨੂੰ ਹਰ ਵਿੱਸ਼ੇ ਲਈ ਮਾਨਕ ਸਿੱਖਿਆ-ਵਿਧੀ ਵੱਜੋਂ ਅਪਣਾਇਆ ਜਾਵੇਗਾ, ਜਿਸ ਵਿੱਚ ਹੋਰਨਾਂ ਦੇ ਨਾਲ-ਨਾਲ ਹੱਥੀਂ ਸਿੱਖਣਾ, ਕਲਾ-ਭਰੀ ਅਤੇ ਖੇਡ-ਭਰੀ ਸਿੱਖਿਆ, ਕਹਾਣੀ ਸੁਨਾਉਣ-ਅਧਾਰੀ

ਸਿੱਖਿਆ ਵਿਧੀ, ਅਤੇ ਵੱਖ-ਵੱਖ ਵਿਸ਼ਿਆਂ ਵਿਚਕਾਰ ਸਬੰਧਾਂ ਦੀ ਪੜਤਾਲ ਸ਼ਾਮਲ ਹੋਣਗੇ। ਸਿੱਖਣ ਪ੍ਰਾਪਤੀਆਂ ਦਾ ਪਾੜਾ ਪੂਰਨ ਲਈ, ਜਮਾਤੀ-ਕਮਰਾ ਆਦਾਨ-ਪ੍ਰਦਾਨ ਸਮਰੱਥਾ-ਅਧਾਰੀ ਸਿੱਖਣ ਅਤੇ ਸਿੱਖਿਆ-ਵਿਧੀ ਵੱਲ ਵਧੇਗਾ। ਮੁਲਾਂਕਣ ਸੰਦਾਂ ("ਜਿਵੇਂ", "ਦਾ", ਅਤੇ "ਲਈ" ਸਮੇਤ) ਨੂੰ ਵੀ ਸਬੰਧਤ ਜਮਾਤ ਦੇ ਵਿਸ਼ੇ ਲਈ ਨਿਰਧਾਰਤ ਸਿੱਖਣ ਪ੍ਰਾਪਤੀਆਂ, ਯੋਗਤਾਵਾਂ, ਅਤੇ ਪ੍ਰਕਿਰਤੀਆਂ ਨਾਲ ਜੋੜਿਆ ਜਾਵੇਗਾ।

4.7. ਕਲਾ-ਸੁਮੇਲ ਪਾਠਕ੍ਰਮ-ਪਾਰ ਪਹੁੰਚ ਸਿੱਖਿਆ-ਵਿਧੀ ਬਾਰੇ ਪਹੁੰਚ ਹੈ ਜਿਹੜੀ ਕਲਾ ਦੇ ਵੱਖ-ਵੱਖ ਰੂਪਾਂ ਅਤੇ ਪੱਖਾਂ ਨੂੰ ਹਰ ਵਿਸ਼ੇ ਲਈ ਸੰਕਲਪਾਂ ਦੇ ਸਿੱਖਣ ਦਾ ਆਧਾਰ ਹੈ। ਅਨੁਭਵੀ ਸਿੱਖਣ 'ਤੇ ਜ਼ੋਰ ਦੇਣ ਦੇ ਹਿੱਸੇ ਵੱਜੋਂ ਕਲਾ-ਸੁਮੇਲ ਸਿੱਖਿਆ ਅਨੰਦਮਈ ਜਮਾਤ-ਕਮਰਾ ਸਿਰਜਣ ਲਈ ਹੀ ਨਹੀਂ ਬਲਕਿ ਹਰ ਪੱਧਰ 'ਤੇ ਅਧਿਆਪਨ ਅਤੇ ਸਿੱਖਣ ਅਮਲ ਵਿੱਚ ਭਾਰਤੀ ਕਲਾ ਤੇ ਸੱਭਿਆਚਾਰ ਰਾਹੀਂ ਭਾਰਤੀ ਵਿਸ਼ੇਸ਼ਤਾਵਾਂ ਦੇ ਆਤਮਸਾਤ ਲਈ ਵੀ ਵਰਤੀ ਜਾਵੇਗੀ। ਇਹ ਕਲਾ-ਸੁਮੇਲ ਪਹੁੰਚ ਸਿੱਖਿਆ ਅਤੇ ਸੱਭਿਆਚਾਰ ਵਿਚਕਾਰ ਤੰਦ ਨੂੰ ਤਗੜਿਆਂ ਕਰੇਗੀ।

4.8. ਖੇਡ-ਸੁਮੇਲ ਹੋਰ ਪਾਠਕ੍ਰਮ-ਪਾਰ ਪਹੁੰਚ ਹੈ ਜਿਹੜੀ ਸਿੱਖਿਆ ਵਿਹਾਰ ਵਿੱਚ ਸਹਿਯੋਗ, ਸਵੈ-ਪਹਿਲ, ਸਵੈ-ਅਗਵਾਈ, ਸਵੈ-ਅਨੁਸ਼ਾਸਨ, ਜੁੱਟ-ਕੰਮ, ਜ਼ੁੰਮੇਦਾਰੀ, ਅਤੇ ਨਾਗਰਿਕਤਾ ਆਦਿ ਹੁਨਰਾਂ ਦੇ ਵਿਕਾਸ ਲਈ ਦੇਸੀ ਖੇਡਾਂ ਸਮੇਤ ਸਰੀਰਕ ਸਰਗਰਮੀਆਂ ਦੀ ਵਰਤੋਂ ਕਰਦੀ ਹੈ। ਜਿਵੇਂ ਕਿ 'ਸੁਅਸਥ ਭਾਰਤ ਮੁਹਿੰਮ' ਵਿੱਚ ਚਿਤਵੇ ਗਏ ਸਿਹਤ ਪੱਧਰ ਹਾਸਲ ਕਰਨ ਦੇ ਨਾਲ-ਨਾਲ ਸੁਅਸਥਤਾ ਨੂੰ ਜੀਵਨ-ਭਰ ਦੇ ਸੁਭਾਅ ਦਾ ਹਿੱਸਾ ਬਨਾਉਣ ਲਈ ਵਿਦਿਆਰਥੀਆਂ ਦੀ ਮਦਦ ਲਈ ਖੇਡ-ਸੁਮੇਲ ਸਿੱਖਣ ਜਮਾਤੀ-ਕਮਰੇ ਦੇ ਆਦਾਨ-ਪ੍ਰਦਾਨ ਦਾ ਹਿੱਸਾ ਬਣੇਗਾ। ਸਿੱਖਿਆ ਵਿੱਚ ਖੇਡਾਂ ਦੇ ਸੁਮੇਲ ਦੀ ਲੋੜ ਨੂੰ ਸਾਰੇ ਮੰਨਦੇ ਹਨ ਕਿਉਂਕਿ ਗਿਆਨਵੀ ਯੋਗਤਾਵਾਂ ਵਧਾਉਣ ਦੇ ਨਾਲ-ਨਾਲ ਇਹ ਸਰੀਰੀ ਤੇ ਮਨੋਵਿਗਿਆਨਵੀ ਸਿਹਤ ਵਧਾ ਕੇ ਸਰਬੰਗੀ ਵਿਕਾਸ ਵੀ ਕਰਦੀ ਹੈ।

## ਕੋਰਸ ਚੋਣ ਵਿੱਚ ਲਚਕ ਰਾਹੀਂ ਵਿਦਿਆਰਥੀਆਂ ਦਾ ਸ਼ਕਤੀਕਰਣ

4.9. ਵਧੇਰੇ ਲਚਕ ਅਤੇ ਅਧਿਐਨ ਲਈ ਵਿਦਿਆਰਥੀਆਂ ਨੂੰ ਵਧੇਰੇ ਵਿਸ਼ਾ ਚੋਣਾਂ ਹਾਸਲ ਕਰਾਈਆਂ ਜਾਣਗੀਆਂ, ਖਾਸ ਤੌਰ 'ਤੇ ਦੂਜੇ ਪੱਧਰ ਦੀ ਪਾਠਸ਼ਾਲ ਪੜ੍ਹਾਈ ਵਿੱਚ - ਸਰੀਰੀ ਸਿੱਖਿਆ, ਕਲਾਵਾਂ ਤੇ ਦਸਤਕਾਰੀ, ਅਤੇ ਕਿੱਤਾਮੁਖੀ ਹੁਨਰ ਸ਼ਾਮਲ ਕਰ ਕੇ - ਤਾਂ ਕਿ ਉਹ ਆਪਣਾ ਅਧਿਐਨ ਅਤੇ ਜੀਵਨ ਯੋਜਨਾ ਮਾਰਗ ਆਪ ਤਿਆਰ ਕਰ ਸੱਕਣ। ਸਰਬੰਗੀ ਵਿਕਾਸ ਅਤੇ ਵਿਸ਼ਿਆਂ ਅਤੇ ਕੋਰਸਾਂ ਦੀ ਹਰ ਸਾਲ ਵਿਸ਼ਾਲਤਰ ਚੋਣ ਦੂਜੇ ਪੱਧਰ ਦੀ ਪਾਠਸ਼ਾਲਾ ਸਿੱਖਿਆ ਦਾ ਵਿਲੱਖਣ ਲੱਛਣ ਹੋਵੇਗਾ। 'ਪਾਠਕ੍ਰਮੀ' ਤੇ 'ਪਰਾ-ਪਾਠਕ੍ਰਮੀ', ਜਾਂ ਸਹਿ ਪਾਠਕ੍ਰਮੀ, ਵਿਚਕਾਰ, 'ਕਲਾਵਾਂ', 'ਮਾਨਵ ਵਿਗਿਆਨਾਂ, ਤੇ ਵਿਗਿਆਨਾਂ ਵਿਚਕਾਰ, ਜਾਂ 'ਕਿੱਤਾਮੁਖੀ' ਅਤੇ ਪੀਠੀ ਧਾਰਾਵਾਂ ਵਿਚਕਾਰ ਕੋਈ ਪੱਕੀ ਲਕੀਰ ਨਹੀਂ ਖਿੱਚੀ ਜਾਵੇਗੀ। ਵਿਗਿਆਨ, ਮਾਨਵ ਵਿਗਿਆਨਾਂ, ਅਤੇ ਗਣਿਤ ਦੇ ਨਾਲ-ਨਾਲ ਸਰੀਰੀ ਸਿੱਖਿਆ, ਕਲਾਵਾਂ ਤੇ ਦਸਤਕਾਰੀਆਂ, ਅਤੇ ਕਿੱਤਾਮੁਖੀ ਹੁਨਰ ਪੂਰੇ ਪਾਠਸ਼ਾਲਾ ਪਾਠਕ੍ਰਮ ਦਾ ਹਿੱਸਾ ਹੋਣਗੇ, ਇਹ ਧਿਆਨ ਰੱਖਦੇ ਹੋਏ ਕਿ ਹਰ ਉਮਰ ਲਈ ਕੀ ਖਿੱਚ-ਭਰਿਆ ਤੇ ਸੁਰੱਖਿਅਤ ਹੈ।

4.10. ਵਧੇਰੇ ਵਿਸ਼ਿਆਂ ਨਾਲ ਜਾਣ-ਪਛਾਣ ਅਤੇ ਵਧੇਰੇ ਲਚਕ ਪੈਦਾ ਕਰਨ ਲਈ, ਵੱਖਰੇ-ਵੱਖਰੇ ਇਲਾਕਿਆਂ ਵਿੱਚ ਕੀ ਸੰਭਵ ਹੈ ਇਸ ਗੱਲ ਦਾ ਧਿਆਨ ਰੱਖਦਿਆਂ, ਪਾਠਸ਼ਾਲਾ ਸਿੱਖਿਆ ਦੀਆਂ ਚਹੁੰਆਂ ਪੱਧਰਾਂ 'ਚੋਂ ਕਿਸੇ ਲਈ ਵੀ ਛਮਾਹੀ ਪ੍ਰਣਾਲੀ ਜਾਂ ਕਿਸੇ ਹੋਰ ਅਜਿਹੀ ਪ੍ਰਣਾਲੀ ਦਾ ਅਨੁਸਰਣ ਕੀਤਾ ਜਾ ਸਕਦਾ ਹੈ ਜਿਹੜੀ ਬਦਲਵੇਂ ਦਿਨਾਂ ਵਿੱਚ ਪੜ੍ਹਾਏ ਜਾਣ ਵਾਲੇ ਛੋਟੇ ਮੋਡਿਊਲਾਂ ਜਾਂ ਕੋਰਸਾਂ ਦੀ ਇਜਾਜ਼ਤ ਦੇਂਦੀ ਹੋਵੇ। ਵਧੇਰੇ ਲਚਕ ਅਤੇ ਕਲਾਵਾਂ, ਵਿਗਿਆਨਾਂ, ਮਾਨਵ ਵਿਗਿਆਨਾਂ, ਭਾਸ਼ਾਵਾਂ, ਖੇਡਾਂ, ਅਤੇ ਕਿੱਤਾਮੁਖੀ ਵਿਸ਼ਿਆਂ ਸਮੇਤ ਵਧੇਰੇ ਵਿਸ਼ਿਆਂ ਨਾਲ ਜਾਣ-ਪਛਾਣ ਅਤੇ ਅਨੰਦ ਮਾਨਣ ਦੇ ਟੀਚੇ ਹਾਸਲ ਕਰਨ ਲਈ ਰਾਜ ਨਵੀਆਂ ਵਿਧੀਆਂ 'ਤੇ ਵੀ ਝਾਤੀ ਮਾਰ ਸਕਦੇ ਹਨ।

## ਬਹੁਭਾਸ਼ਤਾ ਅਤੇ ਭਾਸ਼ਾ ਦੀ ਸ਼ਕਤੀ

4.11. ਇਹ ਚੰਗੀ ਤਰ੍ਹਾਂ ਵੇਖਿਆ ਗਿਆ ਹੈ ਕਿ ਬੱਚੇ ਛੋਟੀ ਉਮਰ ਵਿੱਚ ਅਣਨਿਗੂਣੇ ਸੰਕਲਪ ਘਰ ਦੀ ਭਾਸ਼ਾ/ਮਾਤ ਭਾਸ਼ਾ ਵਿੱਚ ਛੇਤੀ ਸਿੱਖਦੇ ਤੇ ਸਮਝਦੇ ਹਨ। ਘਰ ਦੀ ਭਾਸ਼ਾ ਆਮ ਤੌਰ 'ਤੇ ਮਾਤ ਭਾਸ਼ਾ ਜਾਂ ਸਥਾਨੀ ਸਮੂਹ ਦੁਆਰਾ

ਬੋਲੀ ਜਾਣ ਵਾਲੀ ਭਾਸ਼ਾ ਹੁੰਦੀ ਹੈ। ਪਰ ਕਦੇ-ਕਦੇ, ਬਹੁਭਾਸ਼ੀ ਪਰਿਵਾਰਾਂ ਵਿੱਚ, ਘਰ ਦੇ ਕੁਝ ਜੀਆਂ ਦੀ ਭਾਸ਼ਾ ਮਾਤ ਭਾਸ਼ਾ ਜਾਂ ਸਥਾਨੀ ਭਾਸ਼ਾ ਤੋਂ ਵੱਖਰੀ ਹੋ ਸਕਦੀ ਹੈ। ਜਿੱਥੇ ਵੀ ਸੰਭਵ ਹੋਵੇ, ਘੱਟੋ-ਘੱਟ ਜਮਾਤ-5 ਤੱਕ, ਪਰ ਚੰਗਾ ਹੋਵੇ ਜੇ ਜਮਾਤ-8 ਜਾਂ ਉਸ ਤੋਂ ਵੀ ਅੱਗੇ ਹੋਵੇ, ਸਿੱਖਿਆ ਦਾ ਮਾਧਿਅਮ ਘਰ ਦੀ ਭਾਸ਼ਾ/ਮਾਤ ਭਾਸ਼ਾ/ਸਥਾਨੀ ਭਾਸ਼ਾ/ਖੇਤਰੀ ਭਾਸ਼ਾ ਹੋਵੇਗੀ। ਇਸ ਤੋਂ ਬਾਅਦ, ਘਰ ਦੀ/ਸਥਾਨੀ ਭਾਸ਼ਾ ਦੀ ਪੜ੍ਹਾਈ ਜਿੱਥੇ ਵੀ ਸੰਭਵ ਹੋਵੇ ਭਾਸ਼ਾ ਵੱਜੋਂ ਕਰਵਾਈ ਜਾਂਦੀ ਰਵ੍ਹੇਗੀ। ਜਨਤਕ ਤੇ ਨਿੱਜੀ ਪਾਠਸ਼ਾਲਾਵਾਂ ਦੋਵੇਂ ਇਸ ਦਾ ਅਨੁਸਰਣ ਕਰਨਗੀਆਂ। ਉੱਚ-ਗੁਣਵੱਤਾ ਵਾਲੀਆਂ ਪਾਠ-ਪੋਥੀਆਂ, ਵਿਗਿਆਨ ਸਮੇਤ, ਘਰ ਦੀ/ਮਾਤ ਭਾਸ਼ਾ ਵਿੱਚ ਹਾਸਲ ਕਰਾਈਆਂ ਜਾਣਗੀਆਂ। ਸ਼ੁਰੂ ਵਿੱਚ ਈ ਸਾਰੇ ਯਤਨ ਕੀਤੇ ਜਾਣਗੇ ਕਿ ਬੱਚੇਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਅਤੇ ਅਧਿਆਪਨ ਦੇ ਮਾਧਿਅਮ ਦੀ ਭਾਸ਼ਾ ਵਿੱਚ ਮੌਜੂਦ ਪਾੜੇ ਭਰ ਲਏ ਜਾਣ। ਜਿੱਥੇ ਘਰ ਦੀ/ਮਾਤ ਭਾਸ਼ਾ ਪਾਠ-ਪੋਥੀ ਸਮੱਗਰੀ ਹਾਸਲ ਨਹੀਂ, ਓਥੇ ਵੀ ਜਿੱਥੇ ਸੰਭਵ ਹੋਵੇ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਆਦਾਨ-ਪ੍ਰਦਾਨ ਦੀ ਭਾਸ਼ਾ ਘਰ ਦੀ/ਮਾਤ ਭਾਸ਼ਾ ਰਵ੍ਹੇਗੀ। ਜਿਨ੍ਹਾਂ ਵਿਦਿਆਰਥੀਆਂ ਦੀ ਘਰ ਦੀ ਭਾਸ਼ਾ ਮਾਧਿਅਮ ਦੀ ਭਾਸ਼ਾ ਨਾਲੋਂ ਵੱਖਰੀ ਹੈ, ਉਹਨਾਂ ਲਈ ਦੁਭਾਸ਼ੀ ਵਿਧੀ ਅਪਨਾਉਣ ਲਈ, ਅਧਿਆਪਨ-ਸਿੱਖਣ ਦੀ ਦੁਭਾਸ਼ੀ ਸਮੱਗਰੀ ਸਮੇਤ, ਅਧਿਆਪਕਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ। ਸਾਰੀਆਂ ਭਾਸ਼ਾਵਾਂ ਦੀ ਪੜ੍ਹਾਈ ਉੱਚ-ਗੁਣਵੱਤਾ ਵਾਲੀ ਹੋਵੇਗੀ; ਕੋਈ ਭਾਸ਼ਾ ਚੰਗੀ ਤਰ੍ਹਾਂ ਪੜ੍ਹਾਉਣ ਅਤੇ ਸਿੱਖਣ ਲਈ ਜ਼ਰੂਰੀ ਨਹੀਂ ਕਿ ਉਹ ਸਿੱਖਿਆ ਦਾ ਮਾਧਿਅਮ ਹੋਵੇ।

4.12. ਕਿਉਂਕਿ ਖੋਜ ਸਾਫ਼ ਦੱਸਦੀ ਹੈ ਪਈ ਬੱਚੇ 2 ਤੇ 8 ਸਾਲ ਦੀ ਉਮਰ ਵਿਚਕਾਰ ਭਾਸ਼ਾਵਾਂ ਬਹੁਤ ਹੀ ਤੇਜ਼ੀ ਨਾਲ ਸਿੱਖਦੇ ਹਨ ਤੇ ਨੌਜੁਆਨ ਵਿਦਿਆਰਥੀਆਂ ਲਈ ਬਹੁਭਾਸ਼ਤਾ ਦੇ ਵੱਡੇ ਗਿਆਨਵੀ ਲਾਭ ਹਨ, ਨੀਂਹਵੀ ਪੱਧਰ ਤੋਂ ਹੀ ਬੱਚਿਆਂ ਦਾ ਵੱਖ-ਵੱਖ ਭਾਸ਼ਾਵਾਂ ਨਾਲ ਵਾਹ ਮੁੱਢ ਤੋਂ ਈ ਪੁਆਇਆ ਜਾਵੇਗਾ (ਪਰ ਮਾਤ ਭਾਸ਼ਾ 'ਤੇ ਖਾਸ ਜ਼ੋਰ ਰਹੇਗਾ)। ਸਾਰੀਆਂ ਭਾਸ਼ਾਵਾਂ ਅਨੰਦ ਭਰੀ ਤੇ ਪਰਸਪਰੀ ਸ਼ੈਲੀ ਵਿੱਚ ਪੜ੍ਹਾਈਆਂ ਜਾਣਗੀਆਂ; ਵਾਹਵਾ ਪਰਸਪਰ ਗੱਲ-ਬਾਤ, ਮੁੱਢਲੇ ਸਾਲਾਂ ਤੋਂ ਮਾਤ ਭਾਸ਼ਾ ਵਿੱਚ ਮੁੱਢਲਾ ਅੱਖਰ ਗਿਆਨ ਤੇ ਬਾਅਦ ਵਿੱਚ ਲਿਖਣ ਗਿਆਨ, ਅਤੇ ਜਮਾਤ-3 ਵਿੱਚ ਤੇ ਇਸ ਤੋਂ ਅੱਗੇ ਦੂਜੀਆਂ ਭਾਸ਼ਾਵਾਂ ਵਿੱਚ ਪੜ੍ਹਨ ਤੇ ਲਿਖਣ ਦੇ ਹੁਨਰਾਂ ਦਾ ਵਿਕਾਸ ਇਸ ਵਿੱਚ ਸ਼ਾਮਲ ਹੋਵੇਗਾ। ਸਾਰੇ ਦੇਸ ਵਿੱਚ ਸਾਰੀਆਂ ਖੇਤਰੀ ਭਾਸ਼ਾਵਾਂ ਲਈ ਵੱਡੀ ਗਿਣਤੀ ਵਿੱਚ ਭਾਸ਼ਾ ਅਧਿਆਪਕਾਂ ਦੀ ਭਰਤੀ ਲਈ ਕੇਂਦਰ ਤੇ ਰਾਜ ਸਰਕਾਰਾਂ ਦੋਵੇਂ ਵੱਡੇ ਯਤਨ ਕਰਨਗੀਆਂ। ਆਪਣੇ-ਆਪਣੇ ਰਾਜ ਵਿੱਚ ਤਿੰਨ ਭਾਸ਼ਾਈ ਸੂਤਰ ਦੀ ਪੂਰਤੀ ਲਈ, ਤੇ ਪੂਰੇ ਦੇਸ ਵਿੱਚ ਭਾਰਤੀ ਭਾਸ਼ਾਵਾਂ ਦੇ ਅਧਿਐਨ ਨੂੰ ਉਤਸ਼ਾਹ ਦੇਣ ਲਈ ਵੀ, ਵੱਖ-ਵੱਖ ਖੇਤਰਾਂ ਦੇ ਰਾਜ ਇੱਕ ਦੂਜੇ ਤੋਂ ਵੱਡੀ ਗਿਣਤੀ ਵਿੱਚ ਅਧਿਆਪਕ ਭਾੜੇ 'ਤੇ ਲੈਣ ਲਈ ਦੁਵੱਲੇ ਸਮਝੌਤੇ ਕਰ ਸਕਦੇ ਹਨ। ਵੱਖ-ਵੱਖ ਭਾਸ਼ਾਵਾਂ ਦੇ ਅਧਿਆਪਨ ਅਤੇ ਸਿੱਖਣ ਲਈ ਅਤੇ ਭਾਸ਼ਾ ਸਿੱਖਣ ਦੇ ਪ੍ਰਚਾਰ-ਪ੍ਰਸਾਰ ਲਈ ਤਕਨਾਲੋਜੀ ਦੀ ਵਧ-ਚੜ੍ਹ ਕੇ ਵਰਤੋਂ ਕੀਤੀ ਜਾਵੇਗੀ।

4.13. ਤਿੰਨ ਭਾਸ਼ਾਈ ਸੂਤਰ ਨੂੰ ਲਾਗੂ ਰੱਖਣਾ ਜਾਰੀ ਰਵ੍ਹੇਗਾ, ਪਰ ਸੰਵਿਧਾਨੀ ਵਿਵਸਥਾਵਾਂ, ਲੋਕਾਂ, ਖੇਤਰਾਂ, ਅਤੇ ਸੰਘ ਦੀਆਂ ਆਸਾਂ, ਅਤੇ ਬਹੁਭਾਸ਼ਤਾ ਤੇ ਨਾਲ ਦੀ ਨਾਲ ਕੌਮੀ ਏਕਤਾ ਦੇ ਵਾਧੇ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਪਰ, ਤਿੰਨ ਭਾਸ਼ਾਈ ਸੂਤਰ ਵਿੱਚ ਵਧੇਰੇ ਲਚਕ ਹੋਵੇਗੀ, ਅਤੇ ਕਿਸੇ ਵੀ ਰਾਜ 'ਤੇ ਕੋਈ ਭਾਸ਼ਾ ਥੋਪੀ ਨਹੀਂ ਜਾਵੇਗੀ। ਸਿੱਖੀਆਂ ਜਾਣ ਵਾਲੀਆਂ ਤਿੰਨ ਭਾਸ਼ਾਵਾਂ ਰਾਜ, ਖੇਤਰ, ਅਤੇ ਨਿਰਸੰਦੇਹ ਵਿਦਿਆਰਥੀਆਂ ਦੀਆਂ ਆਪਣੀਆਂ ਚੋਣਾਂ ਹੋਣਗੀਆਂ, ਬਸ਼ਰਤੇ ਕਿ ਤਿੰਨਾਂ ਵਿੱਚੋਂ ਘੱਟੋ-ਘੱਟ ਦੋ ਭਾਸ਼ਾਵਾਂ ਭਾਰਤੀ ਮੂਲ ਦੀਆਂ ਹੋਣ। ਖਾਸ ਤੌਰ 'ਤੇ, ਜਿਹੜੇ ਵਿਦਿਆਰਥੀ ਪੜ੍ਹੀਆਂ ਜਾਂਦੀਆਂ ਤਿੰਨ ਭਾਸ਼ਾਵਾਂ 'ਚੋਂ ਇੱਕ ਜਾਂ ਇੱਕ ਤੋਂ ਵੱਧ ਨੂੰ ਬਦਲਣਾ ਚਾਹੁੰਦੇ ਹਨ ਉਹ ਅਜਿਹਾ ਜਮਾਤ-6 ਜਾਂ 7 ਵਿੱਚ ਕਰ ਸਕਦੇ ਹਨ, ਇਸ ਸ਼ਰਤ ਤੇ ਕਿ ਉਹਨਾਂ ਦੂਜੇ ਪੱਧਰ ਦੀ ਪਾਠਸ਼ਾਲਾ ਪੜ੍ਹਾਈ ਦੇ ਅੰਤ ਤੱਕ ਤਿੰਨ ਭਾਸ਼ਾਵਾਂ ਵਿੱਚ ਮੁੱਢਲੀ (ਤੇ ਇੱਕ ਭਾਰਤੀ ਭਾਸ਼ਾ ਵਿੱਚ ਸਾਹਿਤਕ ਪੱਧਰ ਦੀ) ਮੁਹਾਰਤ ਹਾਸਲ ਕਰ ਲਈ ਹੈ।

4.14. ਵਿਗਿਆਨ ਅਤੇ ਗਣਿਤ ਲਈ ਉੱਚ-ਗੁਣਵੱਤਾ ਵਾਲੀਆਂ ਦੁਭਾਸ਼ੀ ਪਾਠ-ਪੋਥੀਆਂ ਅਤੇ ਅਧਿਆਪਨ ਤੇ ਸਿੱਖਣ ਸਮੱਗਰੀ ਤਿਆਰ ਕਰਨ ਲਈ ਹਰ ਯਤਨ ਕੀਤਾ ਜਾਵੇਗਾ, ਤਾਂ ਕਿ ਵਿਦਿਆਰਥੀ ਦੋਵਾਂ ਵਿਸ਼ਿਆਂ ਬਾਰੇ ਆਪਣੇ ਘਰ ਦੀ/ਮਾਤ ਭਾਸ਼ਾ ਅਤੇ ਅੰਗਰੇਜ਼ੀ ਦੋਵਾਂ ਵਿੱਚ ਸੋਚਣ ਅਤੇ ਦੱਸਣ ਦੇ ਯੋਗ ਬਣ ਸੱਕਣ।

4.15. ਜਿਵੇਂ ਕਿ ਪੂਰੀ ਦੁਨੀਆਂ ਵਿੱਚ ਬਹੁਤ ਸਾਰੇ ਵਿਕਸਤ ਦੇਸਾਂ ਨੇ ਐਨ ਵਿਖਾ ਦਿੱਤਾ ਹੈ, ਆਪਣੀ ਭਾਸ਼ਾ, ਸੱਭਿਆਚਾਰ, ਅਤੇ ਪਰੰਪਰਾਵਾਂ ਚੰਗੀ ਤਰ੍ਹਾਂ ਸਿੱਖੇ ਹੋਏ ਹੋਣਾ ਸਿਖਿਆਵੀ, ਸਮਾਜੀ, ਅਤੇ ਤਕਨੀਕੀ ਤਰੱਕੀ ਵਿੱਚ ਰੁਕਾਵਟ ਨਹੀਂ ਬਲਕਿ ਇੱਕ ਬਹੁਤ ਵੱਡਾ ਲਾਭ ਹੈ। ਭਾਰਤੀ ਭਾਸ਼ਾਵਾਂ ਸਭ ਤੋਂ ਅਮੀਰ, ਸਭ ਤੋਂ ਵਿਗਿਆਨਕ, ਸਭ ਤੋਂ ਸੁੰਦਰ, ਅਤੇ ਸਭ ਤੋਂ ਪ੍ਰਗਟਾਓਸ਼ੀਲ ਭਾਸ਼ਾਵਾਂ ਵਿੱਚੋਂ ਹਨ, ਜਿਨ੍ਹਾਂ ਵਿੱਚ ਪੁਰਾਣੇ ਤੇ ਅਜੋਕੇ ਸਾਹਿਤ (ਵਾਰਤਕ ਤੇ ਕਾਵਿ ਦੋਵੇਂ), ਚਲਚਿੱਤਰ, ਅਤੇ ਸੰਗੀਤ ਦੇ ਵੱਡੇ ਭੰਡਾਰ ਲਿਖੇ ਪਏ ਹਨ ਜਿਹੜੇ ਭਾਰਤ ਦੀ ਕੌਮੀ ਪਛਾਣ ਤੇ ਖੁਸ਼ਹਾਲੀ ਦੀ ਨੀਂਹ ਹਨ। ਸੱਭਿਆਚਾਰੀ ਅਮੀਰੀ ਲਈ ਤੇ ਨਾਲ ਦੀ ਨਾਲ ਕੌਮੀ ਅਖੰਡਤਾ ਲਈ, ਨੌਜੁਆਨ ਭਾਰਤੀਆਂ ਨੂੰ ਆਪਣੇ ਦੇਸ ਦੀਆਂ ਭਾਸ਼ਾਵਾਂ ਦੇ ਅਮੀਰ ਅਤੇ ਵਿਸ਼ਾਲ ਪਸਾਰਾਂ ਅਤੇ ਉਹਨਾਂ ਵਿਚਲੀ ਅਤੇ ਉਹਨਾਂ ਦੇ ਸਾਹਿਤ ਵਿਚਲੀ ਦੌਲਤ ਬਾਰੇ ਸੁਚੇਤ ਹੋਣਾ ਚਾਹੀਦਾ ਹੈ।

4.16. ਦੇਸ ਦਾ ਹਰੇਕ ਵਿਦਿਆਰਥੀ ਜਮਾਤ 6-8 ਦੌਰਾਨ ਕਿਸੇ ਵੇਲੇ 'ਇੱਕ ਭਾਰਤ ਸ੍ਰੇਸ਼ਠ ਭਾਰਤ' ਵਰਗੇ ਇੱਕ 'ਭਾਰਤ ਦੀਆਂ ਭਾਸ਼ਾਵਾਂ' ਪ੍ਰਾਜੈਕਟ/ਸਰਗਰਮੀ ਵਿੱਚ ਹਿੱਸਾ ਲਵੇਗਾ। ਇਸ ਪ੍ਰਾਜੈਕਟ/ਸਰਗਰਮੀ ਵਿੱਚ, ਵਿਦਿਆਰਥੀ ਭਾਰਤ ਦੀਆਂ ਬਹੁਤੀਆਂ ਪ੍ਰਮੁੱਖ ਭਾਸ਼ਾਵਾਂ ਵਿਚਲੀ ਕਮਾਲ ਦੀ ਏਕਤਾ ਬਾਰੇ ਸਿੱਖਣਗੇ, ਉਹਨਾਂ ਦੇ ਧੁਨੀਆਵੀ ਅਤੇ ਵਿਗਿਆਨਕ ਰੂਪ 'ਚ ਸੰਗਠਤ ਅੱਖਰਾਂ ਤੇ ਲਿੱਪੀਆਂ ਤੋਂ ਲੈ ਕੇ, ਉਹਨਾਂ ਦੀਆਂ ਸਾਂਝੀਆਂ ਵਿਆਕਰਣੀ ਬਣਤਰਾਂ, ਸੰਸਕ੍ਰਿਤ ਤੇ ਹੋਰ ਸਨਾਤਨੀ ਭਾਸ਼ਾਵਾਂ ਵਿਚਲੇ ਉਹਨਾਂ ਦੇ ਸ਼ਬਦਾਵਲੀ ਦੇ ਸਰੋਤ, ਤੇ ਉਹਨਾਂ ਦੇ ਵੱਡੇ ਪਰਸਪਰ ਪ੍ਰਭਾਵ ਤੇ ਵਖਰੇਵਿਆਂ ਬਾਰੇ ਵੀ। ਉਹ ਇਹ ਵੀ ਸਿੱਖਣਗੇ ਕਿ ਕਿਹੜੇ ਭੁਗੋਲੀ ਖੇਤਰ ਵਿੱਚ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ; ਉਹ ਆਦਿਵਾਸੀ ਭਾਸ਼ਾਵਾਂ ਦੇ ਸੁਭਾਅ ਅਤੇ ਬਣਤਰ ਬਾਰੇ ਜਾਣਨਗੇ, ਭਾਰਤ ਦੀ ਹਰੇਕ ਪ੍ਰਮੁੱਖ ਭਾਸ਼ਾ ਦੇ ਆਮ ਬੋਲੇ ਜਾਣ ਵਾਲੇ ਵਾਕੰਸ਼ ਤੇ ਵਾਕ ਬੋਲਣਾ ਸਿੱਖਣਗੇ, ਅਤੇ ਹਰੇਕ ਦੇ ਅਮੀਰ ਅਤੇ ਉੱਚਾ ਚੁੱਕਣ ਵਾਲੇ ਸਾਹਿਤ ਬਾਰੇ ਕੁਝ ਸਿੱਖਣਗੇ (ਜੇ ਲੋੜ ਹੋਵੇ ਤਾਂ ਢੁੱਕਵੇਂ ਅਨੁਵਾਦਾਂ ਰਾਹੀਂ)| ਅਜਿਹੀ ਸਰਗਰਮੀ ਰਾਹੀਂ ਉਹਨਾਂ ਨੂੰ ਭਾਰਤ ਦੇ ਏਕੇ ਅਤੇ ਸੁਹਣੇ ਸੱਭਿਆਚਾਰਕ ਵਿਰਸੇ ਅਤੇ ਭਿੰਨਤਾ ਬਾਰੇ ਪਤਾ ਲੱਗੇਗਾ ਅਤੇ ਜਦੋਂ ਉਹ ਜੀਵਨ ਭਰ ਭਾਰਤ ਦੇ ਦੂਜੇ ਹਿੱਸਿਆਂ ਦੇ ਲੋਕਾਂ ਨੂੰ ਮਿਲਣਗੇ ਤਾਂ ਉਹਨਾਂ ਨਾਲ ਤੰਦ ਜੋੜਨ ਲਈ ਅਦਭੁੱਤ ਕੰਮ ਕਰੇਗਾ। ਇਹ ਪ੍ਰਾਜੈਕਟ/ਸਰਗਰਮੀ ਮਨੋਰੰਜਨੀ ਸਰਗਰਮੀ ਹੋਵੇਗੀ ਅਤੇ ਇਸ ਦਾ ਕੋਈ ਮੁਲਾਂਕਣ ਨਹੀਂ ਕੀਤਾ ਜਾਵੇਗਾ।

4.17. ਭਾਰਤ ਦੀਆਂ ਸਨਾਤਨੀ ਭਾਸ਼ਾਵਾਂ ਅਤੇ ਸਾਹਿਤ ਦੀ ਮਹੱਤਾ, ਪ੍ਰਸੰਗਕਤਾ, ਅਤੇ ਸੁੰਦਰਤਾ ਨੂੰ ਅਣਵੇਖਿਆ ਨਹੀਂ ਕੀਤਾ ਜਾ ਸਕਦਾ। ਸੰਸਕ੍ਰਿਤ ਭਾਵੇਂ ਭਾਰਤੀ ਸੰਵਿਧਾਨ ਦੀ ਅੱਠਵੀਂ ਸੂਚੀ ਵਿੱਚ ਦਰਜ ਮਹੱਤਵਪੂਰਨ ਆਧੁਨਿਕ ਭਾਰਤੀ ਭਾਸ਼ਾ ਵੀ ਹੈ, ਇਸ ਦਾ ਸਨਾਤਨੀ ਸਾਹਿਤ ਲਾਤੀਨੀ ਤੇ ਯੂਨਾਨੀ ਸਾਹਿਤ ਨੂੰ ਮਿਲਾ ਕੇ ਵੀ ਵੇਖੀਏ ਤਾਂ ਗਿਣਨਾਵੀ ਤੌਰ 'ਤੇ ਉਹਨਾਂ ਨਾਲੋਂ ਵੱਧ ਹੈ; ਇਸ ਵਿੱਚ ਗਣਿਤ, ਦਰਸ਼ਨ, ਵਿਆਕਰਣ, ਸੰਗੀਤ, ਰਾਜਨੀਤੀ, ਔਖਧ, ਭਵਨ-ਉਸਾਰੀ, ਧਾਤ, ਨਾਟਕ, ਕਾਵਿ, ਕਹਾਣੀ-ਕਥਾ, ਅਤੇ ਹੋਰ ('ਸੰਸਕ੍ਰਿਤ ਗਿਆਨ ਪ੍ਰਬੰਧ' ਵੱਜੋਂ ਜਾਣੇ ਜਾਣ ਵਾਲੇ) ਵੱਡੇ ਭੰਡਾਰ ਹਨ; ਇਹ ਹਜ਼ਾਰਾਂ ਸਾਲਾਂ ਵਿੱਚ ਵੱਖ-ਵੱਖ ਧਰਮਾਂ ਦੇ ਤੇ ਨਾਸਤਕ ਲੋਕਾਂ ਨੇ, ਅਤੇ ਜੀਵਨ ਦੇ ਹਰ ਖੇਤਰ ਦੇ ਤੇ ਵੱਡੇ ਪਸਾਰ ਦੇ ਸਮਾਜਿਕ-ਆਰਥਿਕ ਪਿਛੋਕੜ ਵਾਲੇ ਲੋਕਾਂ ਨੇ ਲਿਖੇ ਹਨ। ਇੰਞ ਸੰਸਕ੍ਰਿਤ ਇੱਕ ਮਹੱਤਵਪੂਰਨ ਤੇ ਅਮੀਰ ਬਦਲ ਵੱਜੋਂ ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੇ ਹਰ ਪੱਧਰ 'ਤੇ ਹਾਸਲ ਹੋਵੇਗੀ, ਤਿੰਨ ਭਾਸ਼ਾਈ ਸੂਤਰ ਦੀ ਇੱਕ ਭਾਸ਼ਾ ਵੱਜੋਂ ਵੀ। ਇਸ ਦੀ ਪੜ੍ਹਾਈ ਅਜਿਹੇ ਤਰੀਕਿਆਂ ਨਾਲ ਕਰਾਈ ਜਾਵੇਗੀ ਜਿਹੜੇ ਦਿਲਚਸਪੀ ਭਰੇ ਤੇ ਅਨੁਭਵੀ ਹੋਣ ਦੇ ਨਾਲ-ਨਾਲ ਸਮਕਾਲੀ ਪ੍ਰਸੰਗਤਾ ਵੀ ਰੱਖਦੇ ਹੋਣ; ਇਸ ਵਿੱਚ 'ਸੰਸਕ੍ਰਿਤ ਗਿਆਨ ਪ੍ਰਬੰਧ' ਦੀ ਵਰਤੋਂ, ਅਤੇ ਵਿਸ਼ੇਸ਼ ਤੌਰ 'ਤੇ ਧੁਨੀ ਵਿਗਿਆਨ ਅਤੇ ਉਚਾਰਣ ਰਾਹੀਂ ਪੜ੍ਹਾਉਣਾ ਵੀ ਸ਼ਾਮਲ ਹੋਵੇਗਾ। ਸੰਸਕ੍ਰਿਤ ਰਾਹੀਂ ਸੰਸਕ੍ਰਿਤ (ਸਰਾਸ) ਪੜ੍ਹਾਉਣ ਅਤੇ ਇਸ ਦਾ ਅਧਿਐਨ ਸੱਚੀ-ਮੁੱਚੀ ਮਨੋਰੰਜਨੀ ਬਨਾਉਣ ਲਈ, ਨੀਂਹਵੇਂ ਤੇ ਮੱਧਲੇ ਪਾਠਸ਼ਾਲਾ ਪੱਧਰ ਲਈ 'ਸਰਲ ਮਾਨਕ ਸੰਸਕ੍ਰਿਤ' (ਸਮਾਸ) ਵਿੱਚ ਸੰਸਕ੍ਰਿਤ ਪਾਠ-ਪੋਥੀਆਂ ਲਿਖੀਆਂ ਜਾ ਸਕਦੀਆਂ ਹਨ।

4.18. ਭਾਰਤ ਕੋਲ ਹੋਰ ਸਨਾਤਨੀ ਭਾਸ਼ਾਵਾਂ ਵਿੱਚ ਵੀ ਅਤਿਅੰਤ ਅਮੀਰ ਸਾਹਿਤ ਹਾਸਲ ਹੈ, ਜਿਨ੍ਹਾਂ ਵਿੱਚ ਤਾਮਿਲ, ਤੇਲੁਗੂ, ਕੰਨੜ, ਮਲਿਆਲਮ, ਤੇ ਉੜੀਆ ਸ਼ਾਮਲ ਹਨ। ਇਹਨਾਂ ਸਨਾਤਨੀ ਭਾਸ਼ਾਵਾਂ ਦੇ ਨਾਲ-ਨਾਲ ਪਾਲੀ, ਫ਼ਾਰਸੀ, ਅਤੇ ਪ੍ਰਾਕਰਿਤ ਅਤੇ ਇਹਨਾਂ ਦੀਆਂ ਸਾਹਿਤਕ ਕਿਰਤਾਂ ਵੀ ਉਹਨਾਂ ਦੀ ਅਮੀਰੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ

ਰਸ ਮਾਣਨ ਅਤੇ ਸਮਰਿੱਧੀ ਲਈ ਸਾਂਭਣੀਆਂ ਜ਼ਰੂਰੀ ਹਨ। ਜਿਵੇਂ ਹੀ ਭਾਰਤ ਪੂਰੀ ਤਰ੍ਹਾਂ ਵਿਕਸਤ ਦੇਸ ਬਣੇਗਾ, ਅਗਲੀ ਪੀੜ੍ਹੀ ਭਾਰਤ ਦੇ ਵਿਸ਼ਾਲ ਅਤੇ ਸੁੰਦਰ ਸਨਾਤਨੀ ਸਾਹਿਤ ਦਾ ਹਿੱਸਾ ਵੀ ਬਣਨਾ ਚਾਹਵੇਗੀ ਤੇ ਇਸ ਨਾਲ ਅਮੀਰ ਵੀ ਹੋਣਾ ਚਾਹਵੇਗੀ। ਇਹ ਯਕੀਨੀ ਬਨਾਉਣ ਲਈ ਕਿ ਇਹ ਭਾਸ਼ਾਵਾਂ ਜੀਉਂਦੀਆਂ ਤੇ ਜੀਵੰਤ ਰਹਿਣ, ਸੰਸਕ੍ਰਿਤ ਦੇ ਨਾਲ-ਨਾਲ, ਭਾਰਤ ਦੀਆਂ ਦੂਜੀਆਂ ਸਨਾਤਨੀ ਭਾਸ਼ਾਵਾਂ ਤੇ ਸਾਹਿਤ, ਜਿਸ ਵਿੱਚ ਤਾਮਿਲ, ਤੇਲੁਗੂ, ਕੰਨੜ, ਮਲਿਆਲਮ, ਉੜੀਆ, ਪਾਲੀ, ਫ਼ਾਰਸੀ, ਤੇ ਪ੍ਰਾਕਰਿਤ ਸ਼ਾਮਲ ਹਨ, ਵਿਦਿਆਰਥੀਆਂ ਲਈ ਪਾਠਸ਼ਾਲਾਵਾਂ ਵਿੱਚ ਬਦਲ ਵੱਜੋਂ ਵੱਡੀ ਪੱਧਰ 'ਤੇ ਹਾਸਲ ਹੋਣਗੇ, ਸੰਭਾਵੀ ਤੌਰ 'ਤੇ ਅਨੁਭਵੀ ਤੇ ਨਵੀਆਂ ਵਿਧੀਆਂ ਰਾਹੀਂ ਬਿਜਲੇਈ ਮੋਡਿਊਲ ਵੱਜੋਂ। ਅਜਿਹੇ ਹੀ ਯਤਨ ਭਾਰਤ ਦੀਆਂ ਹੋਰ ਭਾਸ਼ਾਵਾਂ ਜਿਨ੍ਹਾਂ ਵਿੱਚ ਅਮੀਰ ਮੌਖਿਕ ਤੇ ਲਿਖਤੀ ਸਾਹਿਤਕ, ਸੱਭਿਆਚਾਰੀ, ਅਤੇ ਗਿਆਨ ਪਰੰਪਰਾਵਾਂ ਹਨ ਲਈ ਕੀਤੇ ਜਾਣਗੇ।

4.19. ਬੱਚਿਆਂ ਦੇ ਵਿਕਾਸ ਲਈ, ਅਤੇ ਇਹਨਾਂ ਵੱਡੀਆਂ ਭਾਸ਼ਾਵਾਂ ਤੇ ਇਹਨਾਂ ਵਿਚਲੇ ਕਲਾਮਈ ਭੰਡਾਰਾਂ ਦੀ ਸੰਭਾਲ ਲਈ, ਹਰੇਕ ਪਾਠਸ਼ਾਲਾ, ਜਨਤਕ ਜਾਂ ਨਿੱਜੀ, ਦੇ ਹਰੇਕ ਵਿਦਿਆਰਥੀ ਕੋਲ ਜਮਾਤ 6-12 ਵਿਚਕਾਰ ਭਾਰਤ ਦੀ ਕਿਸੇ ਸਨਾਤਨੀ ਭਾਸ਼ਾ ਅਤੇ ਇਸ ਦੇ ਸਬੰਧਤ ਸਾਹਿਤ ਦੀ ਅਨੁਭਵੀ ਅਤੇ ਨਵੀਂ ਪਹੁੰਚ ਰਾਹੀਂ, ਤਕਨੀਕ ਦੀ ਵਰਤੋਂ ਸਹਿਤ, ਦੋ ਸਾਲਾਂ ਦੀ ਪੜ੍ਹਾਈ ਦਾ ਬਦਲ ਹੋਵੇਗਾ; ਵਿਦਿਆਰਥੀ ਕੋਲ ਮੱਧਲੀ ਪੱਧਰ 'ਚੋਂ ਸ਼ੁਰੂ ਕਰ ਕੇ ਦੂਜਾਵੀ ਪੱਧਰ ਤੇ ਉਸ ਤੋਂ ਵੀ ਅੱਗੇ ਤੱਕ ਲੈ ਜਾਣ ਦਾ ਬਦਲ ਹੋਵੇਗਾ।

4.20. ਦੁਨੀਆਂ ਦੇ ਸੱਭਿਆਚਾਰਾਂ ਬਾਰੇ ਸਿੱਖਣ ਲਈ ਅਤੇ ਆਪਣੀ ਦਿਲਚਸਪੀ ਅਤੇ ਉਮੰਗਾਂ ਅਨੁਸਾਰ ਆਪਣੇ ਭੁਮੰਡਲੀ ਗਿਆਨ ਦੇ ਵਾਧੇ ਅਤੇ ਗਤੀਸ਼ੀਲਤਾ ਲਈ, ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਦੇ ਉੱਚ-ਗੁਣਵੱਤਾ ਵਾਲੇ ਕੋਰਸਾਂ ਦੇ ਨਾਲ-ਨਾਲ ਦੂਜਾਵੀ ਪੱਧਰ 'ਤੇ ਵਿਦੇਸ਼ੀ ਭਾਸ਼ਾਵਾਂ, ਜਿਵੇਂ ਕੋਰੀਆਈ, ਜਪਾਨੀ, ਥਾਈ, ਫਰਾਂਸੀਸੀ, ਜਰਮਨ, ਸਪੇਨੀ, ਪੁਰਤਗਾਲੀ, ਤੇ ਰੂਸੀ, ਦੇ ਕੋਰਸ ਵੀ ਹਾਸਲ ਹੋਣਗੇ।

4.21. ਸਾਰੀਆਂ ਭਾਸ਼ਾਵਾਂ ਦਾ ਅਧਿਆਪਨ ਨਵੀਆਂ ਤੇ ਅਨੁਭਵੀ ਵਿਧੀਆਂ ਨਾਲ ਮਜ਼ਬੂਤ ਕੀਤਾ ਜਾਵੇਗਾ, ਜਿਸ ਵਿੱਚ ਖੇਡਕਾਰੀ (ਗੇਮੀਫਿਕੇਸ਼ਨ) ਅਤੇ ਵਰਤੋਂਕਾਰੀਆਂ (ਐਪਸ), ਭਾਸ਼ਾ ਦੇ ਸੱਭਿਆਚਾਰੀ ਪੱਖਾਂ ਵਿੱਚ ਬੁਣਾਈ - ਜਿਵੇਂ ਚਲਚਿੱਤਰ, ਮੰਚ, ਕਹਾਣੀ-ਕਥਾ, ਕਾਵਿ, ਤੇ ਸੰਗੀਤ - ਅਤੇ ਵੱਖ-ਵੱਖ ਪ੍ਰਸੰਗਕ ਵਿਸ਼ਿਆਂ ਨਾਲ ਅਤੇ ਅਸਲ ਜੀਵਨ ਅਨੁਭਵਾਂ ਨਾਲ ਤੰਦਾ ਜੋੜਨਾ ਸ਼ਾਮਲ ਹੋਵੇਗਾ। ਇੰਵ, ਭਾਸ਼ਾਵਾਂ ਦਾ ਅਧਿਆਪਨ ਅਨੁਭਵੀ ਵਿੱਚੋਂ ਸਿੱਖਣ ਦੀ ਸਿੱਖਣ-ਵਿਧੀ 'ਤੇ ਵੀ ਟਿਕਿਆ ਹੋਵੇਗਾ।

4.22. ਸਰਵਣੀ ਵਿਕਾਰ ਵਾਲੇ ਵਿਦਿਆਰਥੀਆਂ ਲਈ, ਸਾਰੇ ਦੇਸ ਵਿੱਚ ਭਾਰਤੀ ਸੰਕੇਤੀ ਭਾਸ਼ਾਵਾਂ (ਭਾਸਭਾ) ਦਾ ਮਾਨਕੀਕਰਣ ਕੀਤਾ ਜਾਵੇਗਾ ਅਤੇ ਕੌਮੀ ਅਤੇ ਰਾਜਕੀ ਪਾਠਕ੍ਰਮ ਸਮੱਗਰੀ ਦਾ ਵਿਕਾਸ ਕੀਤਾ ਜਾਵੇਗਾ। ਜਿੱਥੇ ਸੰਭਵ ਅਤੇ ਪ੍ਰਸੰਗਕ ਹੋਵੇ, ਸਥਾਨੀ ਸੰਕੇਤੀ ਭਾਸ਼ਾਵਾਂ ਦਾ ਵੀ ਸਤਿਕਾਰ ਤੇ ਅਧਿਆਪਨ ਹੋਵੇਗਾ।

## ਜ਼ਰੂਰੀ ਵਿਸ਼ਿਆਂ, ਹੁਨਰਾਂ, ਅਤੇ ਸਮਰਥਾਵਾਂ ਦਾ ਪਾਠਕ੍ਰਮੀ ਅਖੰਡਣ

4.23. ਭਾਵੇਂ ਕਿ ਵਿਦਿਆਰਥੀ ਨੂੰ ਆਪਣਾ ਵਿਅਕਤੀਗਤ ਪਾਠਕ੍ਰਮ ਚੁਣਨ ਲਈ ਬਹੁਤ ਵੱਡੀ ਲਚਕ ਹਾਸਲ ਹੋਣੀ ਚਾਹੀਦੀ ਹੈ, ਪਰ ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆਂ ਵਿੱਚ ਚੰਗੇ, ਸਫ਼ਲ, ਕਾਢਯੋਗ, ਢਲਣਯੋਗ, ਅਤੇ ਉਤਪਾਦਨਸ਼ੀਲ ਮਨੁੱਖ ਬਣਨ ਲਈ ਕੁਝ ਵਿਸ਼ੇ, ਹੁਨਰ, ਅਤੇ ਸਮਰਥਾਵਾਂ ਹਰ ਇੱਕ ਵਿਦਿਆਰਥੀ ਨੂੰ ਸਿੱਖਣੀਆਂ ਚਾਹੀਦੀਆਂ ਹਨ। ਭਾਸ਼ਾਵਾਂ ਵਿੱਚ ਮੁਹਾਰਤ ਦੇ ਨਾਲ-ਨਾਲ, ਇਹਨਾਂ ਹੁਨਰਾਂ ਵਿੱਚ ਸ਼ਾਮਲ ਹਨ: ਵਿਗਿਆਨਵੀ ਬਿਰਤੀ ਤੇ ਪਰਮਾਣ-ਮੁਖੀ ਸੋਚ; ਸਿਰਜਣਾਯੋਗਤਾ ਤੇ ਕਾਢਯੋਗਤਾ; ਸੁਹਜ ਤੇ ਕਲਾ ਦੀ ਸੂਝ; ਮੌਖਿਕ ਤੇ ਲਿਖਤੀ ਸੰਚਾਰ; ਸਿਹਤ ਤੇ ਪੋਸ਼ਣ; ਸਰੀਰੀ ਸਿੱਖਿਆ, ਸੁਆਸਥ, ਭਲਾਈ, ਤੇ ਖੇਡਾਂ; ਸਹਿਯੋਗ ਤੇ ਜੁੱਟ-ਭਾਵਨਾ; ਸਮੱਸਿਆ ਹਲ ਕਰਨਾ ਤੇ ਤਰਕੀ ਸੋਚ; ਕਿੱਤੇ ਨਾਲ ਵਾਹ ਤੇ ਹੁਨਰ; ਅੰਕੀ/ਬਿਜਲੇਈ ਸਾਖਰਤਾ, ਸੰਕੇਤਣ (ਕੋਡਿੰਗ), ਤੇ ਕੰਪਿਊਟਰੀ ਸੋਚ; ਸਦਾਚਾਰ ਤੇ ਨੈਤਿਕਤਾ; ਮਨੁੱਖੀ ਤੇ ਸੰਵਿਧਾਨੀ ਕਦਰਾਂ-ਕੀਮਤਾਂ ਦੀ ਜਾਣਕਾਰੀ ਤੇ ਵਿਹਾਰ; ਲਿੰਗ

ਸੰਵੇਦਨਸ਼ੀਲਤਾ; ਮੌਲਿਕ ਕਰਤੱਵ; ਨਾਗਰਿਕਤਾ ਹੁਨਰ ਤੇ ਕਦਰਾਂ-ਕੀਮਤਾਂ; ਭਾਰਤ ਬਾਰੇ ਗਿਆਨ; ਜਲ ਤੇ ਸਰੋਤ ਸੰਭਾਲ, ਅਰੋਗ-ਪ੍ਰਬੰਧ ਤੇ ਸੁੱਛਤਾ; ਅਤੇ ਚਲੰਤ ਮਾਮਲੇ ਤੇ ਸਥਾਨੀ ਸਮੂਹ, ਰਾਜਾਂ, ਦੇਸ, ਅਤੇ ਦੁਨੀਆਂ ਸਾਹਮਣੇ ਨਿਰਣਾਕਾਰੀ ਮੁੱਦੇ।

4.24. ਵਿਦਿਆਰਥੀਆਂ ਵਿੱਚ ਇਹ ਵੱਖ-ਵੱਖ ਮਹੱਤਵਪੂਰਨ ਹੁਨਰਾਂ ਦਾ ਵਿਕਾਸ ਕਰਨ ਲਈ ਹਰ ਪੱਧਰ 'ਤੇ ਪਾਠਕ੍ਰਮ ਸਬੰਧੀ ਅਤੇ ਸਿੱਖਿਆ-ਵਿਧੀ ਸਬੰਧੀ ਪ੍ਰਸੰਗਕ ਪੜਾਅ 'ਤੇ ਸਾਂਝੀਆਂ ਪਹਿਲਕਦਮੀਆਂ ਕੀਤੀਆਂ ਜਾਣਗੀਆਂ; ਇਹਨਾਂ ਪਹਿਲਕਦਮੀਆਂ ਵਿੱਚ ਬਣਾਉਟੀ ਬੁੱਧੀ, ਨਮੂਨਾਮੁਖੀ ਸੋਚ, ਸਮੁੱਚ-ਮੁਖੀ ਸਿਹਤ, ਬਨਸਪਤਮੁਖੀ ਜੀਵਨ-ਜਾਚ, ਵਾਤਾਵਰਣ ਸਿੱਖਿਆ, 'ਭੂਮੰਡਲੀ ਨਾਗਰਿਕਤਾ ਸਿੱਖਿਆ' (ਭੂਨਾਸਿ) ਜਿਹੇ ਸਮਕਾਲੀ ਵਿਸ਼ੇ ਲਾਗੂ ਕਰਨਾ ਸ਼ਾਮਲ ਹੋਵੇਗਾ।

4.25. ਇਹ ਮੰਨਿਆਂ ਗਿਆ ਹੈ ਕਿ ਬਣਾਉਟੀ ਬੁੱਧੀ, ਮਸ਼ੀਨੀ ਸਿੱਖਣ ਤੇ ਤੱਥ-ਸੰਗ੍ਰਹਿ ਵਿਗਿਆਨ ਦੇ ਦਖਲ ਵਾਲੇ ਨਵੇਂ-ਨਵੇਂ ਪੈਦਾ ਹੋ ਰਹੇ ਖੇਤਰਾਂ ਤੇ ਕਿੱਤਿਆਂ ਵਿੱਚ ਭਾਰਤ ਦੇ ਭਵਿੱਖ ਅਤੇ ਭਾਰਤ ਦੇ ਆਗੂ ਵਾਲੇ ਰੋਲ ਲਈ ਗਣਿਤ ਤੇ ਗਣਿਤਵੀ ਸੋਚ ਵੱਡੀ ਮਹੱਤਾ ਵਾਲੀ ਹੋਵੇਗੀ। ਇਸ ਲਈ, ਨੀਂਹਵੀਂ ਪੱਧਰ ਤੋਂ ਅਰੰਭ ਕਰ ਕੇ ਪਾਠਸ਼ਾਲਾ ਦੇ ਸਾਰੇ ਵਰ੍ਹਿਆਂ ਵੇਲੇ ਗਣਿਤ ਅਤੇ ਕੰਪਿਊਟਰੀ ਸੋਚ 'ਤੇ ਵਧੇਰੇ ਬਲ ਦਿੱਤਾ ਜਾਵੇਗਾ; ਇਸ ਵਿੱਚ ਬੁਝਾਰਤਾਂ ਤੇ ਖੇਡਾਂ ਜਿਹੜੀਆਂ ਗਣਿਤਵੀ ਸੋਚ ਨੂੰ ਵਧੇਰੇ ਅਨੰਦ ਭਰਿਆ ਅਤੇ ਦਿਲਚਸਪੀ ਭਰਿਆ ਬਣਾਉਣ ਵਾਲੀਆਂ ਭਾਂਤ-ਭਾਂਤ ਦੀਆਂ ਨਵੀਆਂ ਵਿਧੀਆਂ ਦੀ ਨਿਰੰਤਰ ਵਰਤੋਂ ਸ਼ਾਮਲ ਹੋਵੇਗੀ। ਅਜਿਹੀਆਂ ਸਰਗਰਮੀਆਂ ਜਿਨ੍ਹਾਂ ਵਿੱਚ ਸੰਕੇਤੀਕਰਣ ਦੀ ਲੋੜ ਹੋਵੇ ਮੱਧਲੀ ਪੱਧਰ 'ਤੇ ਸ਼ਾਮਲ ਕੀਤੀਆਂ ਜਾਣਗੀਆਂ।

4.26. ਹਰੇਕ ਵਿਦਿਆਰਥੀ ਜਮਾਤ 6-8 ਵੇਲੇ ਇੱਕ ਮਸਤੀ ("ਫਨ") ਕੋਰਸ ਕਰੇਗਾ ਜਿਹੜਾ ਤਰਖਾਣਾ, ਬਿਜਲੀ ਦੇ ਕੰਮ, ਲੁਹਾਰਾ, ਬਾਗਬਾਨੀ, ਘੁਮਿਆਰਾ ਕਿੱਤਾ, ਆਦਿ ਜਿਹੀਆਂ ਮਹੱਤਵਪੂਰਨ ਕਿੱਤਾ ਦਸਤਕਾਰੀਆਂ (ਜਿਹੜੀਆਂ ਰਾਜ ਤੇ ਸਥਾਨੀ ਸਮੂਹ ਤੈਅ ਕਰਨ ਅਤੇ ਜਿਹੜੀਆਂ ਸਥਾਨੀ ਹੁਨਰ ਲੋੜਾਂ ਦਰਸਾਉਣ) ਦਾ ਸਰਵੇਖਣ ਤੇ ਹੱਥੀਂ ਕਰਨ ਦਾ ਅਨੁਭਵ ਪ੍ਰਦਾਨ ਕਰੇਗਾ। ਕੋਸਿਖੋਸਿਪ ਕੌਦੂਸਿਪਾਰੂ (ਕੌਮੀ ਦੁਜਾਵੀ ਸਿੱਖਿਆ ਪਾਠਕ੍ਰਮ ਰੂਪ-ਰੇਖਾ (ਐਨਸੀਐਫਐਸਈ) 200-21 ਬਨਾਉਣ ਵੇਲੇ ਜਮਾਤਾਂ 6-8 ਲਈ ਇੱਕ ਅਭਿਆਸ-ਅਧਾਰੀ ਢੁੱਕਵਾਂ ਪਾਠਕ੍ਰਮ ਤਿਆਰ ਕਰੇਗੀ। ਸਾਰੇ ਵਿਦਿਆਰਥੀ ਜਮਾਤਾਂ 6-8 ਦੌਰਾਨ ਕਿਸੇ ਵੇਲੇ ਇੱਕ ਦਸ-ਦਿਨਾਂ ਬਿਨ-ਬਸਤਾ ਸਮੇਂ ਵਿੱਚ ਸ਼ਾਮਲ ਹੋਣਗੇ ਜਿਸ ਵਿੱਚ ਤਰਖਾਣੇ, ਬਾਗਬਾਨੀ, ਘੁਮਿਆਰੇ, ਕਲਾ, ਆਦਿ ਦੇ ਸਥਾਨੀ ਕਿੱਤਾ ਮਾਹਿਰਾਂ ਤੋਂ ਕੰਮ ਸਿੱਖਣਗੇ। ਇਵੇਂ ਦੇ ਹੀ ਕਿੱਤਾ ਵਿਸ਼ਿਆਂ ਲਈ ਕੰਮ ਸਿਖਲਾਈ ਦੇ ਮੌਕੇ ਵਿਦਿਆਰਥੀਆਂ ਨੂੰ ਜਮਾਤ 6-12 ਦੇ ਪੂਰੇ ਸਮੇਂ ਦੌਰਾਨ (ਛੁੱਟੀਆਂ ਦੇ ਸਮੇਂ ਸਮੇਤ) ਹਾਸਲ ਕਰਾਏ ਜਾਣਗੇ। ਕਿੱਤਾ ਕੋਰਸ ਬਿਜਲੇਈ ਵਿਧੀ (ਆਨਲਾਈਨ ਮੋਡ) ਰਾਹੀਂ ਵੀ ਹਾਸਲ ਕਰਾਏ ਜਾਣਗੇ। ਕਲਾਵਾਂ, ਸੁਆਲ-ਖੇਡਾਂ (ਕੁਇਜਿਜ਼), ਖੇਡਾਂ, ਅਤੇ ਕਿੱਤਾ ਦਸਤਕਾਰੀਆਂ ਜਿਹੀਆਂ ਭਿੰਨ-ਭਿੰਨ ਹੁਨਰ ਵਧਾਊ ਗਤੀਵਿਧੀਆਂ ਲਈ ਸਾਰਾ ਸਾਲ ਬਿਨ-ਬਸਤਾ ਦਿਨਾਂ ਲਈ ਉਤਸ਼ਾਹਤ ਕੀਤਾ ਜਾਵੇਗਾ। ਇਤਿਹਾਸੀ, ਸੱਭਿਆਚਾਰੀ, ਅਤੇ ਸੈਲਾਨੀ ਮਹੱਤਾ ਵਾਲੀਆਂ ਥਾਵਾਂ/ਸਮਾਰਕਾਂ ਦੀ ਯਾਤਰਾ ਰਾਹੀਂ, ਸਥਾਨੀ ਕਲਾਕਾਰਾਂ ਅਤੇ ਦਸਤਕਾਰਾਂ ਨਾਲ ਮਿਲਣੀਆਂ ਰਾਹੀਂ, ਅਤੇ ਬੱਚਿਆਂ ਦੀ ਪਿੰਡ/ਤਹਿਸੀਲ/ਜ਼ਿਲਾ/ਰਾਜ ਵਿਚਲੀਆਂ ਉਚੇਰੀ ਸਿੱਖਿਆ ਸੰਸਥਾਵਾਂ ਦੀ ਯਾਤਰਾ ਰਾਹੀਂ, ਬੱਚਿਆਂ ਨੂੰ ਪਾਠਸ਼ਾਲਾ ਤੋਂ ਬਾਹਰ ਦੀਆਂ ਗਤੀਵਿਧੀਆਂ ਤੋਂ ਜਾਣੂੰ ਕਰਵਾਇਆ ਜਾਵੇਗਾ।

4.27. "ਭਾਰਤ ਬਾਰੇ ਗਿਆਨ" ਵਿੱਚ ਪੁਰਾਤਨ ਭਾਰਤੀ ਗਿਆਨ ਅਤੇ ਇਸ ਦੀ ਆਧੁਨਿਕ ਭਾਰਤ ਨੂੰ ਦੇਣ ਤੇ ਇਸ ਦੀਆਂ ਸਫ਼ਲਤਾਵਾ ਤੇ ਚੁਣੌਤੀਆਂ, ਅਤੇ ਸਿੱਖਿਆ, ਸਿਹਤ, ਵਾਤਾਵਰਣ, ਆਦਿ ਬਾਰੇ ਭਾਰਤ ਦੀਆਂ ਉਮੰਗਾ ਦੀ ਸਪਸ਼ਟ ਸਮਝ ਸ਼ਾਮਲ ਹੋਵੇਗੀ। ਇਹ ਤੱਤ ਜਿੱਥੇ ਵੀ ਪ੍ਰਸੰਗਕ ਹੋਣ ਪੂਰੇ ਪਾਠਸ਼ਾਲਾ ਪਾਠਕ੍ਰਮ ਦਾ ਸਹੀ ਤੇ ਵਿਗਿਆਨਵੀ ਤਰੀਕੇ ਨਾਲ ਹਿੱਸਾ ਬਣਾਏ ਜਾਣਗੇ; 'ਭਾਰਤੀ ਗਿਆਨ ਪ੍ਰਬੰਧ', ਆਦਿਵਾਸੀ ਗਿਆਨ ਅਤੇ ਮੂਲ ਤੇ ਪਰੰਪਰਾਈ ਸਿੱਖਣ ਤਰੀਕਿਆਂ ਸਮੇਤ, ਗਣਿਤ, ਖਗੋਲ ਵਿਗਿਆਨ, ਦਰਸ਼ਨ, ਯੋਗ, ਭਵਨ-ਉਸਾਰੀ, ਔਖਧ,

ਖੇਤੀਬਾੜੀ, ਜੰਤਰਕੀ, ਭਾਸ਼ਾ ਵਿਗਿਆਨ, ਸਾਹਿਤ, ਖੇਡਾਂ, ਤੇ ਦਿਮਾਗੀ-ਖੇਡਾਂ, ਅਤੇ ਨਾਲ ਦੀ ਨਾਲ ਪ੍ਰਸ਼ਾਸਨ, ਰਾਜਪ੍ਰਬੰਧ, ਸਾਂਭ-ਸੰਭਾਲ ਆਦਿ ਵਿੱਚ ਪੜ੍ਹਾਏ ਜਾਣਗੇ ਤੇ ਸ਼ਾਮਲ ਕੀਤੇ ਜਾਣਗੇ। ਆਦਿਵਾਸੀ ਜਾਤੀ-ਔਖਧ ਵਿਧੀਆਂ, ਵਣ ਪ੍ਰਬੰਧ, ਪਰੰਪਰਾਈ (ਬਨਸਪਤ-ਮੁਖੀ) ਫਸਲ ਉਗਾਈ, ਪ੍ਰਕਿਰਤੀ ਖੇਤੀ, ਆਦਿ 'ਤੇ ਖਾਸ ਕੋਰਸ ਵੀ ਹਾਸਲ ਕਰਵਾਏ ਜਾਣਗੇ। ਵਿਦਿਆਰਥੀਆਂ ਨੂੰ 'ਭਾਰਤੀ ਗਿਆਨ ਪ੍ਰਬੰਧਾਂ' 'ਤੇ ਇੱਕ ਦਿਲਚਸਪੀ ਭਰਿਆ ਕੋਰਸ ਚੋਣਵੇਂ ਵਿਸ਼ੇ ਵੱਜੋਂ ਦੂਜੇ ਪੱਧਰ ਦੀ ਪਾਠਸ਼ਾਲਾ ਵਿੱਚ ਹਾਸਲ ਕਰਾਇਆ ਜਾਵੇਗਾ। ਮਨੋਰੰਜਨ ਅਤੇ ਦੇਸੀ ਦਿਮਾਗੀ-ਖੇਡਾਂ ਰਾਹੀਂ ਵੱਖ-ਵੱਖ ਮਜ਼ਮੂਨ ਅਤੇ ਵਿਸ਼ੇ ਸਿੱਖਣ ਲਈ ਪਾਠਸ਼ਾਲਾਵਾਂ ਵਿੱਚ ਮੁਕਾਬਲੇ ਕਰਾਏ ਜਾ ਸਕਦੇ ਹਨ। ਵਿਗਿਆਨ ਅਤੇ ਹੋਰ ਖੇਤਰਾਂ ਵਿੱਚ ਪੁਰਾਤਨ ਤੇ ਆਧੁਨਿਕ ਭਾਰਤ ਦੇ ਪ੍ਰੇਰਨਾਦਾਈ ਨਾਮਵਰਾਂ 'ਤੇ ਬੋਲਚਿੱਤਰ (ਵੀਡੀਓ) ਦਸਤਾਵੇਜੀਆਂ ਪੂਰੇ ਪਾਠਸ਼ਾਲਾ ਪਾਠਕ੍ਰਮ ਦੌਰਾਨ ਢੁੱਕਵੇਂ ਦਿਨਾਂ 'ਤੇ ਵਿਖਾਈਆਂ ਜਾਣਗੀਆਂ। ਸੱਭਿਆਚਾਰਕ ਆਦਾਨ-ਪ੍ਰਦਾਨ ਦੇ ਹਿੱਸੇ ਵੱਜੋਂ ਵਿਦਿਆਰਥੀਆਂ ਨੂੰ ਵੱਖ-ਵੱਖ ਰਾਜਾਂ ਦੀ ਸੈਰ ਲਈ ਉਤਸ਼ਾਹਤ ਕੀਤਾ ਜਾਵੇਗਾ।

4.28. ਵਿਦਿਆਰਥੀਆਂ ਨੂੰ "ਜੋ ਠੀਕ ਹੈ ਉਹ ਕਰੋ" ਦੀ ਮਹੱਤਾ ਛੋਟੀ ਉਮਰੇ ਹੀ ਸਿਖਾਈ ਜਾਵੇਗੀ, ਅਤੇ ਸਦਾਚਾਰੀ ਨਿਰਣੇ ਕਰਨ ਲਈ ਤਰਕੀ ਢਾਂਚਾ ਹਾਸਲ ਕਰਾਇਆ ਜਾਵੇਗਾ। ਪਿਛਲੇਰੇ ਸਾਲਾਂ ਵਿੱਚ, ਇਸ ਦਾ ਪਸਾਰ ਧੋਖੇਬਾਜ਼ੀ, ਹਿੰਸਾ, ਗਿਆਨ-ਚੋਰੀ, ਕੂੜਾ ਖਿਲਾਰਨਾ, ਸਮਾਨਤਾ, ਤੇ ਸਹਾਨੁਭੂਤੀ, ਆਦਿ ਦੇ ਭਾਵਾਂ ਤੱਕ ਕੀਤਾ ਜਾਵੇਗਾ, ਇਸ ਆਸ਼ੇ ਨਾਲ ਕਿ ਇਹ ਬੱਚਿਆਂ ਨੂੰ ਜੀਵਨ ਨਿਰਬਾਹ ਵਿੱਚ, ਕਿਸੇ ਸਦਾਚਾਰੀ ਮੁੱਦੇ 'ਤੇ ਵੱਖ-ਵੱਖ ਪਰਪੇਖਾਂ ਤੋਂ ਪੈਂਤੜਾ/ਦਲੀਲ ਬਨਾਉਣ ਵਿੱਚ, ਅਤੇ ਸਾਰੇ ਕੰਮਾਂ ਵਿੱਚ ਸਦਾਚਾਰੀ ਵਿਹਾਰ ਦੀ ਵਰਤੋਂ ਵਿੱਚ ਨੈਤਿਕ/ਸਦਾਚਾਰੀ ਕਦਰਾਂ-ਕੀਮਤਾਂ ਦਾ ਪਾਲਣ ਕਰਨ ਦੇ ਯੋਗ ਬਣਾਏਗਾ। ਅਜਿਹੇ ਮੂਲ ਸਦਾਚਾਰੀ ਵਿਵੇਚਨ ਦੇ ਸਿੱਟੇ ਵੱਜੋਂ ਸਾਰੇ ਵਿਦਿਆਰਥੀਆਂ ਵਿੱਚ ਪਰੰਪਰਾਈ ਭਾਰਤੀ ਕਦਰਾਂ-ਕੀਮਤਾਂ ਅਤੇ ਮਾਨਵੀ ਤੇ ਸੰਵਿਧਾਨੀ ਕਦਰਾਂ-ਕੀਮਤਾਂ ਦਾ ਵਿਕਾਸ ਹੋਵੇਗਾ (ਜਿਵੇਂ ਕਿ, ਸੇਵਾ, ਅਹਿੰਸਾ, ਸੁੱਛਤਾ, ਸੱਚ, ਨਿਸ਼ਕਾਮ ਕਰਮ, ਸ਼ਾਂਤੀ, ਕੁਰਬਾਨੀ, ਸਹਿਨਸ਼ੀਲਤਾ, ਵਖਰੇਵੇਂ, ਬਹੁਲਤਾ, ਉਚਿਤ ਵਿਹਾਰ, ਲਿੰਗ ਸੰਵੇਦਨਸ਼ੀਲਤਾ, ਵੱਡਿਆਂ ਲਈ ਸਤਿਕਾਰ, ਸਾਰੇ ਲੋਕਾਂ ਤੇ ਉਹਨਾਂ ਅੰਦਰਲੀਆਂ ਯੋਗਤਾਵਾਂ ਦਾ ਸਤਿਕਾਰ (ਭਾਵੇਂ ਉਹਨਾਂ ਦਾ ਕੋਈ ਵੀ ਪਿਛੋਕੜ ਹੋਵੇ), ਵਾਤਾਵਰਣ ਦਾ ਸਤਿਕਾਰ, ਸਹਾਈ ਹੋਣਾ, ਸ਼ਿਸ਼ਟਤਾ, ਧੀਰਜ, ਖਿਮਾਭਾਵ, ਸਹਾਨੁਭੂਤੀ, ਦਇਆ, ਦੇਸ਼ਭਗਤੀ, ਜਮਹੂਰੀ ਦਰਿਸ਼ਟੀਕੋਣ, ਦਿਆਨਤਦਾਰੀ, ਜ਼ੁੰਮੇਵਾਰੀ, ਨਿਆਂ, ਸੁਤੰਤਰਤਾ, ਸਮਾਨਤਾ, ਅਤੇ ਭਾਈਚਾਰਾ)। ਬੱਚਿਆਂ ਕੋਲ ਭਾਰਤੀ ਪਰੰਪਰਾ ਦੀਆਂ ਪੰਚਤੰਤਰ, ਜਾਤਕ, ਹਿਤੋਪਦੇਸ਼, ਅਤੇ ਹੋਰ ਮਨੋਰੰਜਕ ਪੁਰਾਣਕ-ਕਥਾਵਾਂ ਅਤੇ ਪ੍ਰੇਰਨਾਦਾਈ ਕਥਾਵਾਂ ਪੜ੍ਹਨ ਤੇ ਇਹਨਾਂ ਤੋਂ ਸਿੱਖਣ ਦਾ ਮੌਕਾ ਹੋਵੇਗਾ ਅਤੇ ਇਹਨਾਂ ਦੇ ਦੁਨੀਆਂ ਦੇ ਸਾਹਿਤ 'ਤੇ ਪਏ ਪ੍ਰਭਾਵਾਂ ਬਾਰੇ ਜਾਣਨ ਦਾ ਮੌਕਾ ਹੋਵੇਗਾ। ਸਾਰੇ ਵਿਦਿਆਰਥੀਆਂ ਲਈ ਭਾਰਤੀ ਸੰਵਿਧਾਨ 'ਚੋਂ ਉਕਤੀਆਂ ਵੀ ਜ਼ਰੂਰੀ ਪੜ੍ਹਤ ਸਮਝੀ ਜਾਵੇਗੀ। ਸਿਹਤ ਬਾਰੇ ਮੁੱਢਲੀ ਸਿਖਲਾਈ ਪਾਠਕ੍ਰਮ ਵਿੱਚ ਸ਼ਾਮਲ ਕੀਤੀ ਜਾਵੇਗੀ ਜਿਸ ਵਿੱਚ ਨਿਰੋਧੀ-ਸਿਹਤ ਸੰਭਾਲ, ਮਾਨਸਿਕ ਸਿਹਤ, ਚੰਗੀ ਖੁਰਾਕ, ਨਿੱਜੀ ਤੇ ਜਨਤਕ ਸਾਫ਼-ਸਫ਼ਾਈ, ਬਿਪਤਾ ਹੁੰਗਾਰਾ ਅਤੇ ਮੁੱਢਲੀ-ਸਹਾਇਤਾ ਬਾਰੇ ਅਤੇ ਨਾਲ ਦੀ ਨਾਲ ਸ਼ਰਾਬ, ਤੰਬਾਕੂ, ਅਤੇ ਹੋਰ ਨਸ਼ਿਆਂ ਦੇ ਹਾਨੀਕਾਰਕ ਅਤੇ ਮਾਰੂ ਪ੍ਰਭਾਵਾਂ ਦੀਆਂ ਵਿਗਿਆਨਕ ਵਿਆਖਿਆਵਾਂ ਸ਼ਾਮਲ ਹੋਣਗੀਆਂ।

4.29. ਇਹ ਯਕੀਨੀ ਬਨਾਉਣ ਲਈ ਕਿ ਸਿੱਖਿਆ ਸਾਡੇ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਸਬੰਧਤ, ਪ੍ਰਸੰਗਕ, ਦਿਲਚਸਪੀ ਭਰੀ, ਅਤੇ ਅਸਰਦਾਰ ਹੈ, ਨੀਂਹਵੀਂ ਪੱਧਰ ਤੋਂ ਲੈ ਕੇ ਹੀ ਸਾਰਾ ਪਾਠਕ੍ਰਮ ਅਤੇ ਸਿੱਖਿਆ-ਵਿਧੀ ਸੱਭਿਆਚਾਰ, ਪਰੰਪਰਾਵਾਂ, ਵਿਰਸਾ, ਰਹੁ-ਰੀਤਾਂ, ਭਾਸ਼ਾ, ਦਰਸ਼ਨ, ਭੂਗੋਲ, ਪੁਰਾਣਾ ਤੇ ਸਮਕਾਲੀ ਗਿਆਨ, ਸਮਾਜੀ ਤੇ ਵਿਗਿਆਨਵੀ ਲੋੜਾਂ, ਸੁਦੇਸੀ ਅਤੇ ਪਰੰਪਰਾਈ ਸਿੱਖਣ ਢੰਗ, ਆਦਿ ਦੇ ਪੱਖੋਂ ਇੰਵ ਨਵਿਆਇਆ ਜਾਵੇਗਾ ਕਿ ਇਸ ਦੀਆਂ ਜੜ੍ਹਾਂ ਭਾਰਤੀ ਅਤੇ ਸਥਾਨਿਕ ਪ੍ਰਸੰਗ ਅਤੇ ਪਰਕਿਰਤੀ ਵਿੱਚ ਡੂੰਘੀਆਂ ਲੱਗੀਆਂ ਹੋਣ। ਕਥਾਵਾਂ, ਕਲਾਵਾਂ, ਮਨੋਰੰਜਕ ਖੇਡਾਂ, ਖੇਡਾਂ, ਮਿਸਾਲਾਂ, ਸਮੱਸਿਆਵਾਂ, ਆਦਿ ਜਿੱਥੋਂ ਤੱਕ ਸੰਭਵ ਹੋ ਸਕੇ ਉਹ ਚੁਣੀਆਂ ਜਾਣਗੀਆਂ ਜਿਹੜੀਆਂ ਭਾਰਤੀ ਅਤੇ ਸਥਾਨੀ ਭੂਗੋਲੀ ਪ੍ਰਸੰਗ ਵਿੱਚ ਖੁੱਭੀਆਂ ਹੋਣ। ਵਿਚਾਰ, ਅਮੂਰਤਤਾਵਾਂ, ਅਤੇ ਸਿਰਜਣਸ਼ਕਤੀ ਤਾਂ ਹੀ ਉੱਤਮ ਰੂਪ ਵਿੱਚ ਮੌਲਣਗੀਆਂ ਜਦੋਂ ਸਿੱਖਣ ਦੀਆਂ ਜੜ੍ਹਾਂ ਇੰਵ ਖੁੱਭੀਆਂ ਹੋਣ।

## ਪਾਠਸ਼ਾਲਾ ਸਿੱਖਿਆ ਲਈ ਕੌਮੀ ਪਾਠਕ੍ਰਮ (ਪਾਸਿਲਕੌਪਾ)

4.30. ਪਾਠਸ਼ਾਲਾ ਸਿੱਖਿਆ ਲਈ ਇੱਕ ਨਵੇਂ ਤੇ ਸਰਬੰਗੀ ਕੌਮੀ ਪਾਠਕ੍ਰਮ ਦੀ ਰੂਪ-ਰੇਖਾ, ਪਾਸਿਲਕੌਪਾਰੂ 2020-21, ਦੇ ਸੂਤਰੀਕਰਣ ਦਾ ਕੰਮ ਕੌਸਿਖੋਸਿਸ ਕਰੇਗੀ; ਇਸ ਦਾ ਆਧਾਰ ਕੌਸਿਨੀ 2020 ਦੇ ਸਿਧਾਂਤ, ਪਹਿਲੀਆਂ ਪਾਠਕ੍ਰਮੀ ਲੋੜਾਂ ਅਤੇ ਸਾਰੇ ਹਿੱਸੇਦਾਰਾਂ, ਰਾਜ ਸਰਕਾਰਾਂ, ਮੰਤਰਾਲਿਆਂ, ਕੇਂਦਰ ਸਰਕਾਰ ਨਾਲ ਸਬੰਧਤ ਵਿਭਾਗਾਂ, ਤੇ ਮਾਹਿਰਾਂ ਦੇ ਦੂਜੇ ਸੰਗਠਨਾਂ, ਨਾਲ ਹੋਇਆ ਵਿਚਾਰ-ਵਟਾਂਦਰਾ ਹੋਵੇਗਾ; ਇਹ ਰੂਪ-ਰੇਖਾ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਹਾਸਲ ਕਰਾਈ ਜਾਵੇਗੀ। ਪਾਸਿਲਕੌਪਾਰੂ ਦਸਤਾਵੇਜ਼ ਨੂੰ ਹਰ 5-10 ਸਾਲ ਪਿੱਛੋਂ ਮੂਹਰਲੇ ਪਾਠਕ੍ਰਮ ਦੀ ਲੋੜ ਵਿੱਚ ਮੁੜ ਵਾਚਿਆ ਜਾਵੇਗਾ ਤੇ ਨਵਿਆਇਆ ਜਾਵੇਗਾ।

## ਸਥਾਨੀ ਵਿਸ਼ਾਵਸਤ ਅਤੇ ਮਹਿਕ ਵਾਲੀਆਂ ਕੌਮੀ ਪਾਠ-ਪੋਥੀਆਂ

4.31. ਪਾਠਸ਼ਾਲਾ ਪਾਠਕ੍ਰਮ ਵਿੱਚ ਵਿਸ਼ਾ-ਵਸਤੂ ਦੀ ਘਟੀ ਮਿਕਦਾਰ ਅਤੇ ਵਧੀ ਲਚਕ - ਤੇ ਰੱਟਾ ਸਿੱਖਣ ਦੀ ਥਾਂ ਉਸਾਰੂ ਸਿੱਖਣ 'ਤੇ ਨਵੇਂ ਬਲ - ਦੇ ਨਾਲ ਹੀ ਪਾਠਸ਼ਾਲਾ ਪਾਠ-ਪੋਥੀਆਂ ਵਿੱਚ ਵੀ ਸਮਾਂਤਰ ਬਦਲਾਅ ਹੋਣੇ ਚਾਹੀਦੇ ਹਨ। ਸਾਰੀਆਂ ਪਾਠ-ਪੋਥੀਆਂ ਦਾ ਟੀਚਾ ਕੌਮੀ ਪੱਧਰ 'ਤੇ ਮਹੱਤਵਪੂਰਨ ਮੰਨੀਂ ਜਾਣ ਵਾਲੀ ਸਾਰੀ ਤੱਤ-ਸਮੱਗਰੀ (ਵਿਚਾਰ-ਵਟਾਂਦਰੇ, ਬਿਖਲੇਖਣ, ਮਿਸਾਲਾਂ, ਅਤੇ ਵਿਹਾਰਕ ਵਰਤੋਂ ਸਮੇਤ) ਦੀ ਸ਼ਮੂਲੀਅਤ ਹੋਣਾ ਚਾਹੀਦਾ ਹੈ, ਪਰ ਨਾਲ ਦੀ ਨਾਲ ਸਥਾਨੀ ਪ੍ਰਸੰਗ ਅਤੇ ਲੋੜਾਂ ਅਨੁਸਾਰ ਇੱਛਤ ਸੁਰਾਂ ਅਤੇ ਸਹਾਈ ਸਮੱਗਰੀ ਵੀ ਸ਼ਾਮਲ ਹੋਣੀ ਚਾਹੀਦੀ ਹੈ। ਜਿੱਥੇ ਸੰਭਵ ਹੋਵੇ, ਪਾਠਸ਼ਾਲਾ ਤੇ ਅਧਿਆਪਕ ਵੀ ਵਰਤੀਆਂ ਜਾਣ ਵਾਲੀਆਂ ਪਾਠ-ਪੋਥੀਆਂ ਦੀ ਚੋਣ ਕਰ ਸੱਕਣਗੇ - ਕਿਤਾਬਾਂ ਦੇ ਓਸ ਜੁੱਟ ਵਿੱਚੋਂ ਜਿਨ੍ਹਾਂ ਵਿੱਚ ਲੋੜੀਂਦੀ ਕੌਮੀ ਤੇ ਸਥਾਨੀ ਸਮੱਗਰੀ ਸ਼ਾਮਲ ਹੈ - ਤਾਂ ਕਿ ਉਹ ਇਸ ਢੰਗ ਨਾਲ ਪੜ੍ਹਾ ਸੱਕਣ ਜਿਹੜਾ ਉਹਨਾਂ ਦੀਆਂ ਆਪਣੀਆਂ ਸਿੱਖਿਆ-ਵਿਧੀ ਸ਼ੈਲੀਆਂ ਨਾਲ ਢੁੱਕਦਾ ਹੈ ਤੇ ਨਾਲ ਦੀ ਨਾਲ ਉਹਨਾਂ ਦੇ ਵਿਦਿਆਰਥੀਆਂ ਅਤੇ ਸਬੰਧਤ ਜਨ-ਸਮੂਹ ਲਈ ਢੁੱਕਵਾਂ ਹੈ।

4.32. ਅਜਿਹੀਆਂ ਗੁਣਵੱਤਾ ਭਰਪੂਰ ਪਾਠ-ਪੋਥੀਆਂ ਘੱਟ ਤੋਂ ਘੱਟ ਸੰਭਵ ਕੀਮਤ - ਮਤਬਲ ਉਤਪਾਦਨ/ਛਪਣ ਤੇ ਲੱਗੀ ਕੀਮਤ - 'ਤੇ ਹਾਸਲ ਕਰਾਉਣ ਦਾ ਟੀਚਾ ਹੋਵੇਗਾ, ਤਾਂ ਕਿ ਵਿਦਿਆਰਥੀਆਂ 'ਤੇ ਅਤੇ ਸਿੱਖਿਆ ਪ੍ਰਣਾਲੀ 'ਤੇ ਪਾਠ-ਪੋਥੀਆਂ ਦੀ ਕੀਮਤ ਦਾ ਬੋਝ ਘਟਾਇਆ ਜਾ ਸੱਕੇ। ਇਹ ਕੌਸਿਖੋਸਿਪ ਵੱਲੋਂ ਰਾਸਖੋਸਿਪਾਂ ਨਾਲ ਮਿਲ ਕੇ ਉੱਚ-ਪੱਧਰੀ ਪਾਠ-ਪੋਥੀ ਸਮੱਗਰੀ ਦੀ ਵਰਤੋਂ ਕਰ ਕੇ ਪੂਰਾ ਕੀਤਾ ਜਾ ਸਕਦਾ ਹੈ; ਵਧੀਕ ਪਾਠ-ਪੋਥੀ ਸਮੱਗਰੀ ਦੀ ਲਈ ਜਨਤਕ-ਮਾਨਵਭਲਾਈ ਸਹਿਯੋਗ ਅਤੇ ਜਨ-ਸਰੋਤਣ (ਕਰਾਊਡ ਸੋਰਸਿੰਗ) ਰਾਹੀਂ ਵਿੱਤ ਹਾਸਲ ਕੀਤਾ ਜਾ ਸਕਦਾ ਹੈ, ਜਿਹੜੇ ਮਾਹਿਰਾਂ ਨੂੰ ਲੱਗੀ ਕੀਮਤ 'ਤੇ ਅਜਿਹੀਆਂ ਉੱਚ-ਪੱਧਰੀ ਕਿਤਾਬਾਂ ਲਿਖਣ ਲਈ ਪ੍ਰੋਤਸਾਹਨ ਦੇਂਦੇ ਹਨ। ਰਾਜ ਲੋੜ ਅਨੁਸਾਰ ਰਾਜ ਦੀਆਂ ਸੁਰਾਂ ਅਤੇ ਸਮੱਗਰੀ ਸ਼ਾਮਲ ਕਰ ਕੇ ਆਪਣਾ ਪਾਠਕ੍ਰਮ (ਜਿਹੜਾ ਜਿੱਥੋਂ ਤੱਕ ਸੰਭਵ ਹੋਵੇ ਕੌਸਿਖੋਸਿਪ ਵੱਲੋਂ ਤਿਆਰ ਕੌਪਾਸਿਪਾਰੂਰੇ ਤੇ ਅਧਾਰੀ ਹੋ ਸਕਦਾ ਹੈ) ਤੇ ਪਾਠ-ਪੋਥੀਆਂ (ਜਿਹੜੀਆਂ ਜਿੱਥੋਂ ਤੱਕ ਸੰਭਵ ਹੋਵੇ ਕੌਸਿਖੋਸਿਪ ਦੀ ਪਾਠ-ਪੋਥੀ ਸਮੱਗਰੀ 'ਤੇਅਧਾਰੀ ਹੋ ਸਕਦੀਆਂ ਹਨ) ਆਪ ਤਿਆਰ ਕਰਨਗੇ। ਇੰਞ ਕਰਨ ਵੇਲੇ, ਧਿਆਨ ਵਿੱਚ ਰੱਖਣਾ ਪਵੇਗਾ ਕਿ ਕੌਸਿਖੋਸਿਪ ਪਾਠਕ੍ਰਮ ਨੂੰ ਕੌਮੀ ਪੱਧਰ 'ਤੇ ਸਵੀਕਾਰੇ ਪੈਮਾਨੇ ਵੱਜੋਂ ਲੈਣਾ ਹੋਵੇਗਾ। ਇਹਨਾਂ ਕਿਤਾਬਾਂ ਦਾ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਹਾਸਲ ਹੋਣਾ ਸਿਖਰ 'ਤੇ ਹੋਵੇਗਾ ਤਾਂ ਕਿ ਸਾਰੇ ਵਿਦਿਆਰਥੀ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਹਾਸਲ ਹੋ ਸੱਕੇ। ਪਾਠ-ਪੋਥੀਆਂ ਪਾਠਸ਼ਾਲਾਵਾਂ ਨੂੰ ਸਮੇਂ ਸਿਰ ਹਾਸਲ ਕਰਾਉਣ ਲਈ ਸਾਰੇ ਯਤਨ ਕੀਤੇ ਜਾਣਗੇ। ਵਾਤਾਵਰਣ ਦੀ ਸੁਰੱਖਿਆ ਅਤੇ ਢੋਆ-ਢੁਆਈ ਦਾ ਬੋਝ ਘਟਾਉਣ ਲਈ ਸਾਰੇ ਰਾਜ/ਸੰਘੀ ਖੇਤਰ ਅਤੇ ਕੌਸਿਖੋਸਿਪ ਸਾਰੀਆਂ ਪਾਠ-ਪੋਥੀਆਂ ਦੀਆਂ ਡਾਊਨਲੋਡੇਬਲ ਤੇ ਛਪਣਯੋਗ ਬਿਜਲੇਈ ਪਰਤਾਂ ਤੱਕ ਪਹੁੰਚ ਹਾਸਲ ਕਰਾਉਣਗੇ।

4.33. ਕੌਸਿਖੋਸਿਪ, ਰਾਸਿਖੋਸਿਪਾਂ, ਪਾਠਸ਼ਾਲਾਵਾਂ, ਅਤੇ ਸਿੱਖਿਆਦਾਤੇ ਪਾਠਕ੍ਰਮ ਅਤੇ ਸਿੱਖਿਆ-ਵਿਧੀ ਵਿੱਚ ਢੁੱਕਵੇਂ ਬਦਲਾਅ ਲਿਆ ਕੇ ਪਾਠਸ਼ਾਲਾ ਬਸਤਿਆਂ ਤੇ ਪਾਠ-ਪੋਥੀਆਂ ਦਾ ਭਾਰ ਵਾਹਵਾ ਘਟਾਉਣ ਲਈ ਸਾਂਝੇ ਯਤਨ ਕਰਨਗੇ।

## ਵਿਦਿਆਰਥੀਆਂ ਦੇ ਵਿਕਾਸ ਲਈ ਮੁਲਾਂਕਣ ਦੀ ਕਾਇਆ-ਪਲਟੀ

4.34. ਆਪਣੀ ਪਾਠਸ਼ਾਲਾ ਪ੍ਰਣਾਲੀ ਦੇ ਸੱਭਿਆਚਾਰ ਵਿੱਚ ਮੁਲਾਂਕਣ ਦਾ ਟੀਚਾ ਅੰਤਕ-ਆਤਮੀ, ਜਿਹੜਾ ਮੂਲ ਰੂਪ ਵਿੱਚ ਰੱਟਾ-ਯੋਗਤਾ ਦੀ ਪਰਖ ਈ ਕਰਦਾ ਹੈ, ਤੋਂ ਹਟ ਕੇ ਨੇਮਬੱਧ ਅਤੇ ਨਿਰੰਤਰ-ਆਤਮੀ, ਵਧੇਰੇ ਯੋਗਤਾ ਅਧਾਰੀ, ਆਪਣੇ ਵਿਦਿਆਰਥੀਆਂ ਦੇ ਸਿੱਖਣ ਤੇ ਵਿਕਾਸ ਨੂੰ ਵਧਾਉਣ ਵਾਲਾ, ਅਤੇ ਬਿਖਲੇਖਣ, ਅਲੋਚਨਾਵੀ ਸੋਚ, ਅਤੇ ਸੰਕਲਪੀ ਸਪਸ਼ਟਤਾ ਜਿਹੇ ਉੱਚ-ਕਰਮੀ ਹੁਨਰਾਂ ਦੀ ਪਰਖ ਕਰਣ ਵਾਲਾ ਬਣ ਜਾਵੇਗਾ। ਮੁਲਾਂਕਣ ਦਾ ਮੂਲ ਮੰਤਵ ਸਿੱਖੇ ਹੋਏ ਦਾ ਅਸਲ ਵਿੱਚ ਮੁਲਾਂਕਣ ਹੋਵੇਗਾ; ਇਹ ਅਧਿਆਪਕ ਅਤੇ ਵਿਦਿਆਰਥੀ, ਅਤੇ ਸਾਰੀ ਪਾਠਸ਼ਾਲਾ ਪ੍ਰਣਾਲੀ ਦੀ ਮਦਦ ਕਰੇਗਾ ਅਤੇ  ਸਿੱਖਿਆ ਨੂੰ ਸਰਵਉੱਚ ਬਨਾਉਣ ਅਤੇ ਸਾਰੇ ਵਿਦਿਆਰਥੀਆਂ ਦੇ ਵਿਕਾਸ ਲਈ ਅਧਿਆਪਨ-ਸਿੱਖਣ ਅਮਲ ਨੂੰ ਲਗਾਤਾਰ ਸੋਧੇਗਾ। ਇਹ ਸਿੱਖਿਆ ਦੇ ਹਰ ਪੜਾਅ 'ਤੇ ਮੁਲਾਂਕਣ ਦਾ ਬੁਨਿਆਦੀ ਸਿਧਾਂਤ ਹੋਵੇਗਾ।

4.35. ਪਾਠਸ਼ਾਲਾ-ਅਧਾਰੀ ਮੁਲਾਂਕਣ ਲਈ ਸਾਰੇ ਵਿਦਿਆਰਥੀਆਂ ਦੇ ਪ੍ਰਗਤੀ-ਪੱਤਰ, ਜਿਹੜਾ ਪਾਠਸ਼ਾਲਾਵਾਂ ਮਾਪਿਆਂ ਨਾਲ ਸਾਂਝਾ ਕਰਦੀਆਂ ਹਨ, ਨੂੰ ਰਾਜਾਂ/ਸੰਘੀ ਖੇਤਰਾਂ ਦੁਆਰਾ ਪ੍ਰਸਤਾਵੇ 'ਕੌਮੀ ਮੁਲਾਂਕਣ ਕੇਂਦਰ', ਕੌਸਿਖੋਸਿਪ, ਅਤੇ ਰਾਸਿਖੋਸਿਪਾਂ ਦੀ ਅਗਵਾਈ ਨਾਲ ਪੂਰੀ ਤਰ੍ਹਾਂ ਨਵੇਂ ਸਿਰਿਓਂ ਉਲੀਕਿਆ ਜਾਵੇਗਾ। ਪ੍ਰਗਤੀ-ਪੱਤਰ ਸਰਬੰਗੀ, 360-ਅੰਸ਼ੀ, ਬਹੁਦਿਸ਼ਾਵੀ ਵੇਰਵਾ ਹੋਵੇਗਾ ਜਿਹੜਾ ਹਰ ਸਿਖਿਆਰਥੀ ਦੀ ਪ੍ਰਗਤੀ ਦੇ ਨਾਲ-ਨਾਲ ਹਰ ਵਿਦਿਆਰਥੀ ਦੀ ਗਿਆਨਵੀ, ਭਾਵਨਾਵੀ, ਅਤੇ ਮਨੋਚਲਨਾਵੀ (ਸਾਈਕੋਮੋਟਰ) ਖੇਤਰਾਂ ਵਿੱਚ ਨਿਵੇਕਲੇਪਨ ਦੀ ਵਿਸਤਾਰ ਵਿੱਚ ਤਸਵੀਰ ਹੋਵੇਗਾ। ਇਸ ਵਿੱਚ ਅਧਿਆਪਕ-ਮੁਲਾਂਕਣ ਦੇ ਨਾਲ-ਨਾਲ ਸਵੈ-ਮੁਲਾਂਕਣ ਤੇ ਸਾਥੀ-ਮੁਲਾਂਕਣ, ਅਤੇ ਬੱਚੇ ਦੀ ਪ੍ਰਾਜੈਕਟ-ਅਧਾਰੀ ਅਤੇ ਪੜਤਾਲ-ਅਧਾਰੀ ਸਿੱਖਣ, ਸੁਆਲ-ਖੇਡਾਂ, ਪਾਤਰ-ਸਰਗਰਮੀ, ਜੁੱਟ-ਕੰਮ, ਵਿਹਾਰ, ਆਦਿ ਵਿੱਚ ਪ੍ਰਗਤੀ ਸ਼ਾਮਲ ਹੋਵੇਗੀ। ਇਹ ਸਰਬੰਗੀ ਪ੍ਰਗਤੀ-ਪੱਤਰ ਘਰ ਤੇ ਪਾਠਸ਼ਾਲਾ ਵਿਚਕਾਰ ਮਹੱਤਵਪੂਰਨ ਤੰਦ ਬਣੇਗਾ ਅਤੇ ਉਹਨਾਂ ਦੇ ਬੱਚਿਆਂ ਦੀ ਸਰਬੰਗੀ ਸਿੱਖਿਆ ਅਤੇ ਵਿਕਾਸ ਵਿੱਚ ਉਹਨਾਂ ਦੀ ਸਰਗਰਮ ਸ਼ਮੂਲੀਅਤ ਲਈ ਮਾਪੇ-ਅਧਿਆਪਕ ਮਿਲਣੀਆਂ ਇਸ ਨਾਲ ਜੁੜੀਆਂ ਹੋਣਗੀਆਂ। ਪ੍ਰਗਤੀ-ਪੱਤਰ ਅਧਿਆਪਕਾਂ ਤੇ ਮਾਪਿਆਂ ਨੂੰ ਇਸ ਬਾਰੇ ਵੀ ਕੀਮਤੀ ਜਾਣਕਾਰੀ ਹਾਸਲ ਕਰਾਏਗਾ ਕਿ ਹਰੇਕ ਵਿਧਿਆਰਥੀ ਦੀ ਜਮਾਤ ਦੇ ਅੰਦਰ ਤੇ ਬਾਹਰ ਕਿਵੇਂ ਸਹਾਇਤਾ ਕੀਤੀ ਜਾਵੇ। ਬਣਾਉਟੀ-ਬੁੱਧੀ ਅਧਾਰੀ ਸੂਖਮ-ਸਾਧਨ (ਸਾਫਟਵੇਅਰ) ਦਾ ਵਿਕਾਸ ਕੀਤਾ ਜਾ ਸਕਦਾ ਹੈ ਤੇ ਵਿਦਿਆਰਥੀ ਸਿੱਖਣ ਅੰਕੜਿਆਂ ਅਤੇ ਮਾਪਿਆਂ, ਵਿਦਿਆਰਥੀਆਂ, ਅਤੇ ਅਧਿਆਪਕਾਂ ਲਈ ਪਰਸਪਰੀ ਸੁਆਲ-ਸੂਚੀ ਦੇ ਆਧਾਰ 'ਤੇ ਇਸ ਦੀ ਵਰਤੋਂ ਆਪਣੇ ਵਿਕਾਸ ਦੀ ਪੈੜ ਨੱਪਣ ਲਈ ਕਰ ਸਕਦੇ ਹਨ; ਇਹ ਵਿਦਿਆਰਥੀਆਂ ਨੂੰ ਆਪਣੀਆਂ ਤਗੜਾਈਆਂ, ਦਿਲਚਸਪੀ ਦੇ ਖੇਤਰਾਂ, ਤੇ ਧਿਆਨ ਲਈ ਲੋੜੀਂਦੇ ਖੇਤਰਾਂ ਬਾਰੇ ਕੀਮਤੀ ਜਾਣਕਾਰੀ ਹਾਸਲ ਕਰਾਏਗਾ, ਅਤੇ ਨਤੀਜੇ ਵੱਜੋਂ ਉਹਨਾਂ ਲਈ ਸ੍ਰੇਸ਼ਠ ਜੀਵਨ-ਕਿੱਤੇ ਦੀ ਚੋਣ ਕਰਨ ਵਿੱਚ ਮਦਦ ਕਰੇਗਾ।

4.36. ਇਸ ਵੇਲੇ ਦੁਜਾਵੀ ਪੱਧਰ ਦੀਆਂ ਪਾਠਸ਼ਾਲਾ ਪਰੀਖਿਆਵਾਂ ਦਾ ਸੁਭਾਅ, ਬੋਰਡ ਪਰੀਖਿਆਵਾਂ ਤੇ ਦਾਖ਼ਲਾ ਪਰੀਖਿਆਵਾਂ ਦਾ ਵੀ, ਸਿੱਖਣ ਲਈ ਕੀਮਤੀ ਸਮੇਂ ਨੂੰ ਬਹੁਤੀ ਵਾਧੂ ਪਰੀਖਿਆ ਸਿਖਲਾਈ ਅਤੇ ਤਿਆਰੀ ਵਿੱਚ ਲੁਆ ਕੇ ਬੜਾ ਵੱਡਾ ਨੁਕਸਾਨ ਕਰਦਾ ਪਿਆ ਹੈ, ਖਾਸ ਤੌਰ 'ਤੇ ਦੂਜੇ ਪੱਧਰ ਦੀ ਪਾਠਸ਼ਾਲਾ ਪੜ੍ਹਾਈ ਵਿੱਚ। ਇਹ ਪਰੀਖਿਆਵਾਂ ਵਿਦਿਆਰਥੀਆਂ ਨੂੰ ਲਚਕ ਅਤੇ ਚੋਣ, ਜਿਹੜੀ ਕਿ ਭਵਿੱਖ ਦੀ ਸਿੱਖਿਆ ਪ੍ਰਣਾਲੀ ਲਈ ਬਹੁਤੇ ਮਹੱਤਵ ਵਾਲੀ ਹੈ, ਦੀ ਪਰਵਾਨਗੀ ਦੇਣ ਦੀ ਥਾਂ ਇੱਕੋ ਧਾਰਾ ਦੀ ਬੜੀ ਸੌੜੇ ਜਿਹੇ ਪਸਾਰ ਵਾਲੀ ਸਮੱਗਰੀ ਸਿੱਖਣ ਵੱਲ ਵੀ ਧੱਕਦੀਆਂ ਹਨ।

4.37. 10ਵੀਂ ਤੇ 12ਵੀਂ ਜਮਾਤ ਦੀਆਂ ਬੋਰਡ ਪਰੀਖਿਆਵਾਂ ਚੱਲਦੀਆਂ ਰਹਿਣਗੀਆਂ, ਪਰ ਕੋਚਿੰਗ ਜਮਾਤਾਂ ਦੀ ਲੋੜ ਮੁਕਾਉਣ ਲਈ ਬੋਰਡ ਤੇ ਦਾਖ਼ਲਾ ਪਰੀਖਿਆਵਾਂ ਦੀ ਹਾਲੀਆ ਪ੍ਰਣਾਲੀ ਨੂੰ ਸੋਧਿਆ ਜਾਵੇਗਾ। ਹਾਲੀਆ ਮੁਲਾਂਕਣ ਪ੍ਰਣਾਲੀ ਦੇ ਨੁਕਸਾਨਦੇਹ ਪ੍ਰਭਾਵਾਂ ਨੂੰ ਮੋੜਾ ਦੇਣ ਲਈ ਤੇ ਸਰਬੰਗੀ ਵਿਕਾਸ ਨੂੰ ਉਤਸ਼ਾਹ ਦੇਣ ਲਈ ਬੋਰਡ

ਪਰੀਖਿਆਵਾਂ ਨੂੰ ਨਵੇਂ ਸਿਰਿਓਂ ਘੜਿਆ ਜਾਵੇਗਾ; ਆਪਣੀਆਂ ਨਿੱਜੀ ਦਿਲਚਸਪੀਆਂ ਦੇ ਆਧਾਰ 'ਤੇ, ਵਿਦਿਆਰਥੀ ਬੜੇ ਵਿਸ਼ਿਆਂ ਵਿੱਚੋਂ ਵਿਸ਼ੇ ਚੁਣ ਸੱਕਣਗੇ ਜਿੰਨ੍ਹਾਂ ਲਈ ਉਹ ਬੋਰਡ ਪਰੀਖਿਆਵਾਂ ਦੇਣਾ ਚਾਹੁੰਦੇ ਹਨ। ਬੋਰਡ ਪਰੀਖਿਆਵਾਂ ਸੌਖੀਆਂ ਵੀ ਕੀਤੀਆਂ ਜਾਣਗੀਆਂ, ਇਸ ਭਾਵ ਵਿੱਚ ਕਿ ਮਹੀਨਿਆਂ ਦੀ ਕੋਚਿੰਗ 'ਤੇ ਰੱਟਾਬਾਜ਼ੀ ਦੀ ਪਰੀਖਿਆ ਹੋਣ ਦੀ ਬਜਾਏ ਉਹ ਮੂਲ ਰੂਪ ਵਿੱਚ ਬੀਜਕ ਸਮਰਥਾਵਾਂ/ਯੋਗਤਾਵਾਂ ਦੀ ਪਰੀਖਿਆ ਹੋਣਗੀਆਂ; ਕੋਈ ਵੀ ਵਿਦਿਆਰਥੀ ਜੋ ਪਾਠਸ਼ਾਲਾ ਜਾਂਦਾ ਰਿਹਾ ਹੈ ਤੇ ਪਾਠਸ਼ਾਲਾ ਵਿੱਚ ਮੁੱਢਲਾ ਯਤਨ ਕਰਦਾ ਰਿਹਾ ਹੈ ਉਹ ਬਿਨਾਂ ਕਿਸੇ ਵਾਧੂ ਯਤਨ ਦੇ ਸਬੰਧਤ ਬੋਰਡ ਦੀ ਪਰੀਖਿਆ ਵਿੱਚ ਸਫ਼ਲ ਹੋ ਸਕੇਗਾ ਤੇ ਚੰਗੀ ਕਾਰਗੁਜ਼ਾਰੀ ਕਰ ਸੱਕੇਗਾ। ਬੋਰਡ ਪਰੀਖਿਆਵਾਂ ਵਿਚਲੇ 'ਵੱਡੇ ਹਿੱਤਾਂ' ਦੇ ਪੱਖ ਨੂੰ ਹੋਰ ਵੀ ਮੁਕਾਉਣ ਲਈ, ਸਾਰੇ ਵਿਦਿਆਰਥੀ ਆਪਣੇ ਪਾਠਸ਼ਾਲਾ ਦੇ ਕਿਸੇ ਵੀ ਸਾਲ ਵਿੱਚ ਦੋ ਵਾਰੀਂ ਬੋਰਡ ਪਰੀਖਿਆ ਵਿੱਚ ਬਹਿ ਸੱਕਣਗੇ, ਇੱਕ ਮੁੱਖ ਪਰੀਖਿਆ ਤੇ ਦੂਜਾਵੀ ਜੇ ਲੋੜ ਹੋਵੇ ਤਾਂ ਅੰਕ-ਸੁਧਾਰ ਲਈ।

4.38. ਵਧੇਰੇ ਲਚਕ, ਵਿਦਿਆਰਥੀ ਲਈ ਚੋਣ, ਅਤੇ ਦੋ-ਵਿੱਚੋਂ-ਬਿਹਤਰ ਯਤਨ ਦੇ ਨਾਲ-ਨਾਲ, ਜਿਹੜਾ ਮੁਲਾਂਕਣ ਮੂਲ ਰੂਪ ਵਿੱਚ ਬੀਜਕ ਸਮਰਥਾਵਾਂ ਦਾ ਮੁਲਾਂਕਣ ਹੋਵੇ ਸਾਰੀਆਂ ਬੋਰਡ ਪਰੀਖਿਆਵਾਂ ਲਈ ਤੁਰੰਤ ਕੁੰਜੀਵਤ ਸੁਧਾਰ ਹੋਣਾ ਚਾਹੀਦਾ ਹੈ। ਬੋਰਡ ਸਮੇਂ ਦੇ ਨਾਲ-ਨਾਲ ਬੋਰਡ ਪਰਿਖਿਆਵਾਂ ਦੇ ਅਜਿਹੇ ਯੋਗ ਨਮੂਨਿਆਂ ਦਾ ਵਿਕਾਸ ਕਰ ਸਕਦੇ ਹਨ ਜਿਹੜੇ ਤਨਾਅ ਅਤੇ ਕੋਚਿੰਗ ਸੱਭਿਆਚਾਰ ਨੂੰ ਘਟਾਉਣ। ਇਹ ਸੰਭਾਵਨਾਵਾਂ ਇਹੋ ਜਿਹੀਆਂ ਹੋ ਸਕਦੀਆਂ ਹਨ: ਬੋਰਡ ਪਰੀਖਿਆਵਾਂ ਦੀ ਸਲਾਨਾ/ਛਮਾਹੀ/ਖੰਡ-ਮੁਖੀ ਪ੍ਰਣਾਲੀ ਦਾ ਵਿਕਾਸ ਕੀਤਾ ਜਾ ਸਕਦਾ ਹੈ - ਇਸ ਤਰ੍ਹਾਂ ਦੀ ਕਿ ਹਰੇਕ ਪਰੀਖਿਆ ਘੱਟ ਸਮੱਗਰੀ ਲਈ ਹੋਵੇ ਅਤੇ ਪਾਠਸ਼ਾਲਾ ਵਿੱਚ ਕੀਤੇ ਜਾਣ ਵਾਲੇ ਕੋਰਸ ਤੋਂ ਤੁਰੰਤ ਬਾਅਦ ਹੋਵੇ, ਤਾਂ ਕਿ ਪਰੀਖਿਆ ਦਾ ਦਬਾਅ ਬਿਹਤਰ ਵੰਡਿਆ ਜਾਵੇ, ਘੱਟ ਸ਼ਿੱਦਤ ਵਾਲਾ ਹੋਵੇ, ਅਤੇ ਪੂਰੇ ਦੂਜੇ ਪੱਧਰ ਦੌਰਾਨ ਉੱਚ-ਹਿੱਤਾਂ ਦੇ ਘੱਟ ਜੋਖਮ ਵਾਲਾ ਹੋਵੇ; ਗਣਿਤ ਤੋਂ ਸ਼ੁਰੂ ਕਰ ਕੇ, ਸਾਰੇ ਵਿਸ਼ੇ ਤੇ ਉਹਨਾਂ ਦੇ ਮੁਲਾਂਕਣ ਦੋ ਪੱਧਰ 'ਤੇ ਇੰਞ ਹਾਸਲ ਕਰਾਏ ਜਾ ਸਕਦੇ ਹਨ ਕਿ ਵਿਦਿਆਰਥੀ ਆਪਣੇ ਕੁਝ ਵਿਸ਼ੇ ਇਸ ਪੱਧਰ 'ਤੇ ਲੈ ਸਕਦੇ ਹਨ ਤੇ ਕੁਝ ਉਚੇਰੀ ਪੱਧਰ 'ਤੇ; ਤੇ ਕੁਝ ਵਿਸ਼ਿਆਂ ਦੀਆਂ ਬੋਰਡ ਪਰੀਖਿਆਵਾਂ ਨੂੰ ਨਵਾਂ ਰੂਪ ਦੇ ਕੇ ਦੋ ਹਿੱਸਿਆਂ ਵਾਲੀਆਂ ਕੀਤੀਆਂ ਜਾ ਸਕਦੀਆਂ ਹਨ - ਇੱਕ ਹਿੱਸਾ ਬਹੁ-ਚੋਣ ਵਾਲੇ ਛੋਟੇ ਸੁਆਲਾਂ ਵਾਲੀ ਪ੍ਰਕਾਰ ਦਾ ਅਤੇ ਦੂਜਾ ਵਰਣਨਾਵੀ ਪ੍ਰਕਾਰ ਦਾ।

4.39. ਉਪਰਲੇ ਸਾਰੇ ਬਾਰੇ, ਰਾਸਿਖੋਸਿਪਾਂ, ਮੁਲਾਂਕਣ ਬੋਰਡਾਂ (ਮੁਬੋ), ਸੁਝਾਏ ਨਵੇਂ 'ਕੌਮੀ ਮੁਲਾਂਕਣ ਕੇਂਦਰ', ਅਤੇ ਕੌਦੂਸਿਪਾਪ ਨਾਲ ਤਾਲਮੇਲ ਬਿਠਾਉਣ ਲਈ 2022-23 ਅਕਾਦਮਿਕ ਵਰ੍ਹੇ ਤੱਕ ਮੁਲਾਂਕਣ ਪ੍ਰਣਾਲੀ ਦੀ ਕਾਇਆ-ਪਲਟੀ ਲਈ ਤਿਆਰ ਕੀਤੇ ਅਧਿਆਪਕਾਂ ਨਾਲ ਸਲਾਹ-ਮਸ਼ਵਰਾ ਕਰ ਕੇ ਕੌਸਿਖੋਸਿਪ ਸੇਧਾਂ ਤਿਆਰ ਕਰੇਗੀ।

4.40. ਪੂਰੇ ਪਾਠਸ਼ਾਲਾ ਸਾਲਾਂ ਦੀ ਤਰੱਕੀ ਦੀ ਪੈੜ ਨੱਪਣ ਲਈ, ਤੇ ਬੱਸ 10ਵੀਂ ਤੇ 12ਵੀਂ ਜਮਾਤ ਦੇ ਅੰਤ 'ਤੇ ਹੀ ਨਹੀਂ - ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਪ੍ਰਧਾਨਾਚਾਰੀਆਂ, ਅਤੇ ਪਾਠਸ਼ਾਲਾਵਾਂ ਦੀਆਂ ਯੋਜਨਾਬੰਦੀ ਸਬੰਧੀ ਸੋਧਾਂ ਅਤੇ ਅਧਿਆਪਨ-ਸਿੱਖਣ ਅਮਲਾਂ ਲਈ ਪੂਰੀ ਦੀ ਪੂਰੀ ਪਾਠਸ਼ਾਲਾ ਪ੍ਰਣਾਲੀ ਦੇ ਲਾਭ ਲਈ - ਸਾਰੇ ਵਿਦਿਆਰਥੀ 3, 5, ਤੇ 8 ਜਮਾਤ ਵੇਲੇ ਪਾਠਸ਼ਾਲਾ ਪਰੀਖਿਆਵਾਂ ਦੇਣਗੇ ਜਿਹੜੀਆਂ ਢੁੱਕਵੇਂ ਅਧਿਕਾਰ-ਪਿੰਡ (ਔਥੋਰਿਟੀ) ਵੱਲੋਂ ਲਈਆਂ ਜਾਣਗੀਆਂ। ਇਹ ਪਰੀਖਿਆਵਾਂ ਰੱਟਾ-ਬਾਜ਼ੀ ਨਾਲੋਂ ਉੱਚ-ਪੱਧਰੀ ਹੁਨਰਾਂ ਅਤੇ ਗਿਆਨ ਦੀ ਅਸਲ ਜੀਵਨ ਵਿੱਚ ਵਿਹਾਰੀ ਵਰਤੋਂ ਦੇ ਨਾਲ-ਨਾਲ ਬੀਜਕ ਸੰਕਲਪਾਂ ਅਤੇ ਕੌਮੀ ਅਤੇ ਸਥਾਨੀ ਪਾਠਕ੍ਰਮਾਂ ਦੇ ਮੁਲਾਂਕਣ ਰਾਹੀਂ ਮੂਲ ਸਿੱਖਣ-ਸਿੱਟਿਆਂ ਵਿਚਲੀਆਂ ਪ੍ਰਾਪਤੀਆਂ ਮਾਪਣਗੀਆਂ। ਖਾਸ ਤੌਰ 'ਤੇ, ਜਮਾਤ-3 ਦੀ ਪਰੀਖਿਆ ਮੁੱਢਲੀ ਸਾਖਰਤਾ, ਅੰਕ-ਗਿਆਨ, ਅਤੇ ਦੂਜੇ ਨੀਂਹਵੀਂ ਹੁਨਰ ਮਾਪੇਗੀ। ਪਾਠਸ਼ਾਲਾ ਪਰੀਖਿਆਵਾਂ ਦੇ ਨਤੀਜੇ ਪਾਠਸ਼ਾਲਾਵਾਂ ਵੱਲੋਂ ਉਹਨਾਂ ਦੇ ਵਿਦਿਆਰਥੀ ਸਿੱਟਿਆਂ ਨੂੰ ਜਨਤਕ (ਬਿਨਾਂ ਨਾਵਾਂ ਦੇ) ਕਰਨ, ਅਤੇ ਪਾਠਸ਼ਾਲਾ ਪ੍ਰਣਾਲੀ 'ਤੇ ਲਗਾਤਾਰ ਨਜ਼ਰ ਰੱਖਣ ਦੇ ਨਾਲ-ਨਾਲ ਪਾਠਸ਼ਾਲਾ ਸਿੱਖਿਆ ਪ੍ਰਣਾਲੀ ਦੇ ਵਿਕਾਸਮੁਖੀ ਉਦੇਸ਼ਾਂ ਲਈ ਵਰਤੇ ਜਾਣਗੇ।

4.41. ਮਾਨਕ ਤੈਅ ਕਰਨ ਵਾਲੇ ਸੰਗਠਨ ਵੱਜੋਂ ਮਸਵਿਮ ਹੇਠ 'ਕੌਮੀ ਮੁਲਾਂਕਣ ਕੇਂਦਰ' ਸਵਿਕਾਮੁਪਬਿਕੇਂ (ਸਰਬੰਗੀ ਵਿਕਾਸ ਲਈ ਕਾਰਗੁਜ਼ਾਰੀ ਮੁਲਾਂਕਣ, ਪੜਚੋਲ, ਅਤੇ ਬਿਖਲੇਖਣ ਕੇਂਦਰ) ਨਾਂ ਦੇ ਕੇਂਦਰ ਦਾ ਅਜਿਹੇ ਕੇਂਦਰ ਵੱਜੋਂ ਸਥਾਪਤ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ ਜਿਹੜਾ ਪੈਮਾਨੇ, ਮਾਨਕ, ਅਤੇ ਭਾਰਤ ਦੇ ਸਾਰੇ ਮਾਨਤਾ ਪ੍ਰਾਪਤ ਬੋਰਡਾਂ ਲਈ ਵਿਦਿਆਰਥੀ ਮੁਲਾਂਕਣ ਅਤੇ ਅੰਕਣ ਸੇਧਾਂ ਥਾਪਣ, 'ਰਾਜ ਪ੍ਰਾਪਤੀ ਸਰਵੇਖਣ (ਸਪਸ) ਦੀ ਰਾਹਨੁਮਾਈ ਅਤੇ 'ਕੌਮੀ ਪ੍ਰਾਪਤੀ ਸਰਵੇਖਣ' (ਕੌਪਸ) ਦਾ ਕੰਮ ਹੱਥ ਲੈਣ, ਦੇਸ ਵਿੱਚ ਸਿੱਖਣ ਪ੍ਰਾਪਤੀਆਂ 'ਤੇ ਨਜ਼ਰ ਰੱਖਣ, ਅਤੇ ਨੀਤੀ ਦੇ ਐਲਾਨੀਆ ਟੀਚਿਆਂ ਦੀ ਅਨੁਸਾਰਤਾ ਵਿੱਚ ਆਪਣੇ ਮੁਲਾਂਕਣ ਤਰੀਕੇ 21ਵੀਂ ਸਦੀ ਦੀਆਂ ਹੁਨਰ ਲੋੜਾਂ ਦੀ ਪ੍ਰਾਪਤੀ ਵੱਲ ਮੋੜਨ ਲਈ ਪਾਠਸ਼ਾਲਾ ਬੋਰਡਾਂ ਨੂੰ ਉਤਸ਼ਾਹਤ ਕਰਨ ਤੇ ਉਹਨਾਂ ਦੀ ਮਦਦ ਕਰਨ ਦਾ ਮੂਲ ਟੀਚਾ ਪੂਰਾ ਕਰੇਗਾ। ਇਹ ਕੇਦਰ ਪਾਠਸ਼ਾਲਾ ਬੋਰਡਾਂ ਨੂੰ ਨਵੇਂ ਮੁਲਾਂਕਣ ਤਰੀਕਿਆਂ ਅਤੇ ਖੋਜਾਂ ਬਾਰੇ ਸਲਾਹ ਦੇਵੇਗਾ ਅਤੇ ਪਾਠਸ਼ਾਲਾ ਬੋਰਡਾਂ ਵਿਚਕਾਰ ਤਾਲਮੇਲ ਵਧਾਉਣ ਦਾ ਕਾਰਜ ਕਰੇਗਾ। ਇਹ ਪਾਠਸ਼ਾਲਾ ਬੋਰਡਾਂ ਵਿਚਕਾਰ ਉੱਤਮ ਚਲਨ ਸਾਂਝੇ ਕਰਨ, ਅਤੇ ਸਾਰੇ ਪਾਠਸ਼ਾਲਾ ਬੋਰਡਾਂ ਵਿਚਕਾਰ ਪੀਠੀ ਮਾਨਕਾਂ ਦੀ ਇਕਸਾਰਤਾ ਯਕੀਨੀ ਬਨਾਉਣ ਲਈ ਸੰਦ ਵੀ ਬਣੇਗਾ।

4.42. ਵਿਸ਼ਵਵਿਦਿਆਲਿਆਂ ਦੀਆਂ ਪਰੀਖਿਆਵਾਂ ਲਈ ਵੀ ਅਜਿਹੇ ਹੀ ਸਿਧਾਂਤ ਹੋਣਗੇ। 'ਕੌਮੀ ਪਰੀਖਿਆ ਕਰਿੰਦੀ (ਅਜੰਸੀ, ਕੌਪਕ) ਸਾਲ 'ਚ ਘੱਟੋ-ਘੱਟ ਦੋ ਵਾਰ ਵਿਗਿਆਨਾਂ, ਮਾਨਵ ਵਿਗਿਆਨਾਂ, ਭਾਸ਼ਾਵਾ, ਕਲਾਵਾਂ, ਅਤੇ ਕਿੱਤਾਮੁਖੀ ਵਿਸ਼ਿਆਂ ਲਈ ਵਿਸ਼ਿਸ਼ਟ ਸਾਝੀਆਂ ਪਰੀਖਿਆਵਾਂ ਦੇ ਨਾਲ-ਨਾਲ ਉੱਚ-ਪੱਧਰੀ ਸਾਂਝੀ ਯੋਗਤਾ ਪਰੀਖਿਆ ਹਾਸਲ ਕਰਾਉਣ ਲਈ ਕੰਮ ਕਰੇਗੀ। ਇਹ ਪਰੀਖਿਆਵਾਂ ਸੰਕਲਪੀ ਸਮਝ ਅਤੇ ਗਿਆਨ ਨੂੰ ਵਿਹਾਰ ਵਿੱਚ ਲਿਆਉਣ ਦੀ ਯੋਗਤਾ ਦੀ ਪਰੀਖਿਆ ਲਵੇਗੀ ਅਤੇ ਇਸ ਦਾ ਨਿਸ਼ਾਨਾ ਇਹਨਾਂ ਪਰੀਖਿਆਵਾਂ ਲਈ ਕੋਚਿੰਗ ਜਮਾਤਾਂ ਲੈਣ ਦੀ ਲੋੜ ਨੂੰ ਮੁਕਾਉਣਾ ਹੋਵੇਗਾ। ਵਿਦਿਆਰਥੀ ਪਰੀਖਿਆ ਲਈ ਵਿਸ਼ੇ ਚੁਣ ਸੱਕਣਗੇ; ਅਤੇ ਹਰੇਕ ਵਿਸ਼ਵਵਿਦਿਆਲਾ ਵਿਦਿਆਰਥੀ ਦੀ ਕਿਸੇ ਵਿਸ਼ੇ ਵਿੱਚ ਨਿੱਜੀ ਕਾਰਗੁਜ਼ਾਰੀ ਵੇਖ ਸੱਕੇਗਾ ਅਤੇ ਨਿੱਜੀ ਦਿਲਚਸਪੀਆਂ ਤੇ ਪ੍ਰਤਿਭਾ-ਖੇਤਰ ਦੇ ਆਧਾਰ 'ਤੇ ਵਿਦਿਆਰਥੀ ਦਾਖ਼ਲ ਕਰ ਸੱਕੇਗਾ। ਕੌਪਕ ਪੂਰਬ-ਸਨਾਤਕ ਤੇ ਸਨਾਤਕ ਦਾਖਲਿਆਂ ਅਤੇ ਉਚੇਰੇ ਸਿੱਖਿਆ ਸੰਸਥਾਨਾਂ ਵਿੱਚ ਵਜ਼ੀਫ਼ਿਆਂ ਦੇ ਮਾਮਲਿਆਂ ਲਈ ਸਰਬਉੱਚ, ਮਾਹਿਰ, ਅਤੇ ਸਵੈਧੀਨ ਪਰੀਖਿਆ ਸੰਗਠਨ ਵੱਜੋਂ ਕਾਰਜ ਕਰੇਗੀ। ਕੌਪਕ ਪਰੀਖਿਆ ਸੇਵਾਵਾਂ ਦੀ ਉੱਚ ਗੁਣਵੱਤਾ, ਪਹੁੰਚ ਖੇਤਰ, ਅਤੇ ਲਚਕ ਬਹੁਤੇ ਵਿਸ਼ਵਵਿਦਿਆਲਿਆਂ ਨੂੰ ਇਹਨਾਂ ਸਾਂਝੀਆਂ ਪਰੀਖਿਆਵਾਂ ਦੀ ਵਰਤੋਂ ਕਰਨ ਦੇ ਯੋਗ ਬਣਾਏਗੀ - ਇਸ ਦੀ ਬਜਾਏ ਕਿ ਸੈਂਕੜੇ ਵਿਸ਼ਵਵਿਦਿਆਲੇ ਹੋਣੇ ਜਿਨ੍ਹਾਂ ਦੀਆਂ ਆਪਣੀਆਂ-ਆਪਣੀਆਂ ਦਾਖ਼ਲਾ ਪਰੀਖਿਆਵਾਂ ਹੋਣ - ਤੇ ਨਤੀਜੇ ਵੱਜੋਂ ਵਿਦਿਆਰਥੀਆਂ, ਵਿਸ਼ਵਵਿਦਿਆਲਿਆਂ ਅਤੇ ਮਹਾਂਵਿਦਿਆਲਿਆਂ, ਅਤੇ ਸਮੁੱਚੀ ਸਿੱਖਿਆ ਪ੍ਰਣਾਲੀ ਦਾ ਬੋਝ ਘਟੇਗਾ। ਆਪਣੇ ਦਾਖਲਿਆਂ ਲਈ ਕੌਪਕ ਦੇ ਮੁਲੰਕਣਾਂ ਦੀ ਵਰਤੋਂ ਨੂੰ ਵਿਸ਼ਵਵਿਦਿਆਲਿਆਂ ਤੇ ਮਹਾਂਵਿਦਿਆਲਿਆਂ ਦੀ ਨਿੱਜੀ ਚੋਣ 'ਤੇ ਛੱਡਿਆ ਜਾਵੇਗਾ।

## ਗੁਣਵੰਤ ਵਿਦਿਆਰਥੀਆਂ ਅਤੇ ਵਿਸ਼ੇਸ਼ ਪ੍ਰਤਿਭਾਵਾਂ ਵਾਲੇ ਵਿਦਿਆਰਥੀਆਂ ਲਈ ਸਹਾਰਾ

4.43. ਹਰ ਇੱਕ ਵਿਦਿਆਰਥੀ ਅੰਦਰ ਜਨਮਜਾਤ ਪ੍ਰਤਿਭਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਲੱਭਣ, ਸਿੰਜਣ, ਪਾਲਣ-ਪੋਸਣ, ਤੇ ਵਿਕਾਸ ਕਰਨ ਦੀ ਲੋੜ ਹੁੰਦੀ ਹੈ। ਇਹ ਪ੍ਰਤਿਭਾਵਾਂ ਵੱਖ-ਵੱਖ ਰੁਚੀਆਂ, ਸੁਭਾਵਾਂ, ਤੇ ਸਮਰਥਾਵਾਂ ਦੇ ਰੂਪ ਵਿੱਚ ਸਾਹਮਣੇ ਆ ਸਕਦੀਆਂ ਹਨ। ਜਿਹੜੇ ਵਿਦਿਆਰਥੀ ਕਿਸੇ ਖਾਸ ਖੇਤਰ ਵਿੱਚ ਵੱਡੀ ਰੁਚੀ ਅਤੇ ਸਮਰਥਾ ਵਿਖਾਉਂਦੇ ਹਨ ਉਹਨਾਂ ਨੂੰ ਇਹ ਟੀਚੇ ਆਮ ਪਾਠਸ਼ਾਲਾ ਪਾਠਕ੍ਰਮ ਤੋਂ ਅੱਗੇ ਜਾ ਕੇ ਹਾਸਲ ਕਰਨ ਲਈ ਉਤਸ਼ਾਹ ਦੇਣਾ ਚਾਹੀਦਾ ਹੈ। ਅਜਿਹੀਆਂ ਵਿਦਿਆਰਥੀ ਪ੍ਰਤਿਭਾਵਾਂ ਅਤੇ ਰੁਚੀਆਂ ਦੀ ਪਛਾਣ 'ਤੇ ਪਾਲਣ-ਪੋਸਣ ਲਈ ਵਿਧੀਆਂ ਅਧਿਆਪਕ ਸਿੱਖਿਆ ਵਿੱਚ ਸ਼ਾਮਲ ਹੋਣਗੀਆਂ। ਕੌਸਿਖੋਸਿਪ ਅਤੇ ਕੌਅਸਿਪ (ਕੌਮੀ ਅਧਿਤਾਪਕ ਸਿੱਖਿਆ ਪਰਿਸ਼ਦ) ਗੁਣਵੰਤ ਬੱਚਿਆਂ ਦੀ ਸਿੱਖਿਆ ਲਈ ਸੇਧਾਂ ਤਿਆਰ ਕਰਨਗੀਆਂ। ਸਿਸ (ਸਿੱਖਿਆ ਸਨਾਤਕ) ਕਾਰਜਕ੍ਰਮਾਂ ਵਿੱਚ ਵੀ ਗੁਣਵੰਤ ਬੱਚਿਆਂ ਦੀ ਸਿੱਖਿਆ ਲਈ ਵਿਸ਼ੇਸ਼ੱਗਤਾ ਦੀ ਪਰਵਾਨਗੀ ਹੋ ਸਕਦੀ ਹੈ।

4.44. ਅਧਿਆਪਕ ਅਦੁੱਤੀ ਰੁਚੀਆਂ/ਜਾਂ ਪ੍ਰਤਿਭਾਵਾਂ ਵਾਲੇ ਵਿਦਿਆਰਥੀਆਂ ਨੂੰ ਪੂਰਕ-ਸਹਾਈ ਸਮੱਗਰੀ ਅਤੇ ਸੇਧਾਂ ਤੇ ਉਤਸ਼ਾਹ ਦੇ ਕੇ ਹੱਲਾ-ਸ਼ੇਰੀ ਦੇਣਗੇ। ਵਿਸ਼ਾ-ਅਧਾਰੀ ਤੇ ਸਰਗਰਮੀ(ਪ੍ਰਾਜੈਕਟ)-ਅਧਾਰੀ ਸੱਥਾਂ 'ਤੇ ਘੇਰਿਆਂ ਨੂੰ ਪਾਠਸ਼ਾਲਾ, ਪਾਠਸ਼ਾਲਾ ਸਮੂਹਾਂ, ਜ਼ਿਲਿਆਂ, ਅਤੇ ਉਸ ਤੋਂ ਵੀ ਅਗਲੇਰੀਆਂ ਪੱਧਰਾਂ 'ਤੇ ਉਤਸ਼ਾਹ ਦਿੱਤਾ ਜਾਵੇਗਾ। ਇਹਨਾਂ ਵਿੱਚ ਵਿਗਿਆਨ ਘੇਰੇ, ਗਣਿਤ ਘੇਰੇ, ਸੰਗੀਤ & ਨਾਚ ਘੇਰੇ, ਪੇਸ਼ਕਾਰੀ ਘੇਰੇ, ਸ਼ਤਰੰਜ ਘੇਰੇ, ਕਾਵਿ ਘੇਰੇ, ਭਾਸ਼ਾ ਘੇਰੇ, ਨਾਟ ਘੇਰੇ, ਵਾਦ-ਵਿਵਾਦ ਘੇਰੇ, ਖੇਡਾਂ-ਘੇਰੇ, ਵਾਤਾਵਰਣ-ਸੱਥਾਂ, ਸਿਹਤ & ਭਲਾਈ ਸੱਥਾਂ/ਯੋਗ ਸੱਥਾਂ ਤੇ ਇੰਵੇ ਹੋਰ ਸ਼ਾਮਲ ਹੋਣਗੇ। ਇਹਨਾਂ ਲੀਹਾਂ 'ਤੇ, ਸਾਰੇ ਦੇਸ 'ਚੋਂ ਸਰਬੋਤਮ ਵਿਦਿਆਰਥੀਆਂ ਤੇ ਅਧਿਆਪਕਾਂ (ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਸਮੂਹਾਂ ਸਮੇਤ) ਨੂੰ ਏਧਰ ਖਿੱਚਣ ਲਈ ਕਠੋਰ ਗੁਣ-ਅਧਾਰੀ ਪਰ ਇੱਕ-ਸਮਾਨ ਦਾਖ਼ਲਾ ਪਰਕਿਰਿਆ ਰਾਹੀਂ ਵੱਖ-ਵੱਖ ਵਿਸ਼ਿਆਂ ਵਿੱਚ ਦੂਜਾਵੀ ਪੱਧਰ ਦੇ ਪਾਠਸ਼ਾਲਾ ਵਿਦਿਆਰਥੀਆਂ ਲਈ ਉੱਚ-ਗੁਣਵੱਤਾ ਵਾਲੇ ਕੌਮੀ ਰਿਹਾਇਸ਼ੀ ਗਰਮ-ਰੁੱਤ ਕਾਰਜਕ੍ਰਮਾਂ ਨੂੰ ਉਤਸ਼ਾਹ ਦਿੱਤਾ ਜਾਵੇਗਾ।

4.45. ਸਾਰੇ ਦੇਸ ਵਿੱਚ ਵੱਖ-ਵੱਖ ਵਿਸ਼ਿਆਂ ਦੇ ਪਾਠਸ਼ਾਲਾ ਤੋਂ ਲੈ ਕੇ ਸਥਾਨੀ, ਰਾਜ, ਤੇ ਕੌਮੀ ਪੱਧਰਾਂ ਤੱਕ ਪ੍ਰਤੱਖ ਤਾਲਮੇਲ ਅਤੇ ਪੌੜੀਦਾਰ ਢੰਗ ਨਾਲ ਮਹਾਂਮੇਲੇ (ਓਲੰਪਿਆਡਜ਼) ਅਤੇ ਮੁਕਾਬਲੇ  ਕਰਾਏ ਜਾਣਗੇ, ਇਹ ਯਕੀਨੀ ਬਨਾਉਣ ਲਈ ਕਿ ਸਾਰੇ ਵਿਦਿਆਰਥੀ ਉਸ ਪੱਧਰ 'ਤੇ ਹਿੱਸਾ ਲੈ ਸੱਕਣ ਜਿਸ ਲਈ ਉਹ ਯੋਗਤਾ ਪੂਰੀ ਕਰਦੇ ਹਨ। ਵੱਡੇ ਪੱਧਰ ਦੀ ਹਿੱਸੇਦਾਰੀ ਯਕੀਨੀ ਬਨਾਉਣ ਲਈ ਇਹ ਦੇਹਾਤੀ ਖੇਤਰ ਵਿੱਚ ਅਤੇ ਖੇਤਰੀ ਭਾਸ਼ਾਵਾਂ ਵਿੱਚ ਹਾਸਲ ਕਰਾਉਣ ਲਈ ਯਤਨ ਕੀਤੇ ਜਾਣਗੇ। ਜਨਤਕ ਤੇ ਨਿੱਜੀ ਵਿਸ਼ਵਵਿਦਿਆਲਿਆਂ ਨੂੰ, ਭਾਪ੍ਰਸਾਂ (ਭਾਰਤੀ ਪ੍ਰਾਦਯੌਗਿਕੀ ਸੰਸਥਾਨਾਂ, ਆਈਆਈਟੀਜ਼) ਅਤੇ ਕੌਤਸਾਂ (ਕੌਮੀ ਤਕਨਾਲੋਜੀ ਸੰਸਥਾਨਾਂ) ਐਨਆਈਟੀਜ਼) ਸਣੇਂ, ਕੌਮੀ ਅਤੇ ਕੌਮਾਂਤਰੀ ਮਹਾਂਮੇਲਿਆਂ ਦੇ ਉੱਤਮਤਾ-ਅਧਾਰੀ ਨਤੀਜਿਆਂ, ਅਤੇ ਹੋਰ ਸਬੰਧਤ ਕੌਮੀ ਕਾਰਜਕ੍ਰਮਾਂ ਦੇ ਨਤੀਜਿਆਂ, ਦੀ ਆਪਣੇ ਪੂਰਬ-ਸਨਾਤਕ ਕਾਰਜਕ੍ਰਮਾਂ ਵਿੱਚ ਦਾਖਲੇ ਲਈ ਮਾਪਦੰਡਾਂ ਦੇ ਹਿੱਸੇ ਵੱਜੋ ਵਰਤੋਂ ਲਈ ਉਤਸ਼ਾਹਤ ਕੀਤਾ ਜਾਵੇਗਾ।

4.46. ਇੰਟਰਨੈੱਟ ਨਾਲ ਜੁੜੇ ਸਮਾਰਟ-ਫੋਨ ਸਾਰੇ ਘਰਾਂ ਤੇ/ਜਾਂ ਪਾਠਸ਼ਾਲਾ ਵਿੱਚ ਹਾਸਲ ਹੋ ਜਾਣ 'ਤੇ ਬਿਜਲੇਈ ਸੁਆਲ-ਖੇਡਾਂ, ਮੁਕਾਬਲੇ, ਮੁਲਾਂਕਣ, ਤੇ ਗੁਣਵੱਤਾ ਵਧਾਊ ਸਮੱਗਰੀ ਵਾਲੀਆਂ ਵਰਤੋਂਕਾਰੀਆਂ, ਅਤੇ ਸਾਂਝੀਆਂ ਰੁਚੀਆਂ ਵਾਲੇ ਬਿਜਲੇਈ ਸਮੂਹਾਂ ਦਾ ਵਿਕਾਸ ਕੀਤਾ ਜਾਵੇਗਾ; ਇਹ ਮਾਪਿਆਂ ਅਤੇ ਅਧਿਆਪਕਾਂ ਦੀ ਢੁੱਕਵੀਂ ਨਿਗਰਾਨੀ ਹੇਠ ਉੱਤੇ ਦੱਸੀਆਂ ਪਹਿਲਕਦਮੀਆਂ ਦੇ ਵਾਧੇ ਲਈ ਕੰਮ ਕਰਨਗੀਆਂ। ਅੰਕਾਵੀ (ਡਿਜੀਟਲ) ਸਿੱਖਿਆ-ਵਿਧੀ ਦੀ ਵਰਤੋਂ ਅਤੇ ਨਤੀਜੇ ਵੱਜੋਂ ਬਿਜਲੇਈ ਸਰੋਤਾਂ ਅਤੇ ਸਹਿਕਾਰਤਾਵਾਂ ਨਾਲ ਅਧਿਆਪਨ-ਸਿੱਖਣ ਅਮਲ ਦੀ ਗੁਣਵੱਤਾ ਵਿੱਚ ਵਾਧੇ ਲਈ ਪਾਠਸ਼ਾਲਾਵਾਂ ਉੱਚ-ਤਕਨੀਕੀ ਜਮਾਤ ਕਮਰਿਆਂ ਦਾ ਪੜਾਅ-ਵਾਰ ਵਿਕਾਸ ਕਰਨਗੀਆਂ।

## 5. ਅਧਿਆਪਕ

5.1. ਅਸਲ ਵਿੱਚ ਅਧਿਆਪਕ ਹੀ ਸਾਡੇ ਬੱਚਿਆਂ ਦਾ ਭਵਿੱਖ ਤੈਅ ਕਰਦੇ ਹਨ - ਅਤੇ, ਏਸੇ ਕਰਕੇ, ਸਾਡੇ ਰਾਸ਼ਟਰ ਦਾ ਭਵਿੱਖ। ਇਸ ਸਭ ਤੋਂ ਉੱਤਮ ਯੋਗਦਾਨ ਕਰਕੇ ਹੀ ਭਾਰਤ ਵਿੱਚ ਅਧਿਆਪਕ ਸਮਾਜ ਦਾ ਸਭ ਤੋਂ ਵੱਧ ਸਤਿਕਾਰਿਆ ਵਿਅਕਤੀ ਸੀ। ਸਭ ਤੋਂ ਉੱਚੇ ਗੁਣਾ ਵਾਲੇ ਤੇ ਸਭ ਤੋਂ ਵੱਧ ਗਿਆਨ ਵਾਲੇ ਹੀ ਅਧਿਆਪਕ ਬਣਦੇ ਸਨ। ਸਮਾਜ ਅਧਿਆਪਕਾਂ, ਜਾਂ ਗੁਰੂਆਂ ਨੂੰ ਉਹ ਸਭ ਦੇਂਦਾ ਸੀ ਜੋ ਉਹਨਾਂ ਨੂੰ ਆਪਣਾ ਗਿਆਨ, ਹੁਨਰ, ਤੇ ਸਦਾਚਾਰ ਵਿਦਿਆਰਥੀਆਂ ਨੂੰ ਪੂਰੀ ਤਰ੍ਹਾਂ ਦੇਣ ਲਈ ਚਾਹੀਦਾ ਸੀ। ਅਧਿਆਪਕ ਸਿੱਖਿਆ ਦੀ ਗੁਣਵੱਤਾ, ਭਰਤੀ, ਤੈਨਾਤੀ, ਸੇਵਾ ਹਾਲਤਾਂ, ਅਤੇ ਸ਼ਕਤੀਕਰਣ ਅਜਿਹੇ ਨਹੀਂ ਹਨ ਜੋ ਹੋਣੇ ਚਾਹੀਦੇ ਹਨ, ਅਤੇ ਨਤੀਜੇ ਵੱਜੋਂ ਅਧਿਆਪਕਾਂ ਦੀ ਗੁਣਵੱਤਾ ਤੇ ਲਗਨ ਲੋੜੀਂਦੇ ਮਾਨਕਾਂ ਨੂੰ ਨਹੀਂ ਛੂੰਹਦੇ। ਅਧਿਆਪਕਾਂ ਲਈ ਉੱਚ ਸਤਿਕਾਰ ਅਤੇ ਅਧਿਆਪਕ ਕਿੱਤੇ ਦਾ ਉੱਚਾ ਵਕਾਰ ਜ਼ਰੂਰ ਹੀ ਬਹਾਲ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਸਰਬੋਤਮ ਵਿਅਕਤੀਆਂ ਨੂੰ ਅਧਿਆਪਨ ਕਿੱਤੇ

ਵਿੱਚ ਆਉਣ ਲਈ ਪਰੇਰਿਆ ਜਾ ਸਕੇ। ਆਪਣੇ ਬੱਚਿਆਂ ਤੇ ਆਪਣੇ ਰਾਸ਼ਟਰ ਲਈ ਸਰਬੋਤਮ ਸੰਭਵ ਭਵਿੱਖ ਯਕੀਨੀ ਬਨਾਉਣ ਲਈ ਅਧਿਆਪਕਾਂ ਲਈ ਪ੍ਰੇਰਨਾ ਅਤੇ ਸ਼ਕਤੀਕਰਣ ਦੀ ਲੋੜ ਹੈ।

## ਭਰਤੀ ਅਤੇ ਤੈਨਾਤੀ

5.2. ਅਧਿਆਪਨ ਕਿੱਤੇ ਵਿੱਚ ਸਿਰਮੌਰ ਵਿਦਿਆਰਥੀਆਂ ਦਾ ਆਉਣਾ ਯਕੀਨੀ ਬਨਾਉਣ ਲਈ - ਖਾਸ ਤੌਰ 'ਤੇ ਪੇਂਡੂ ਖੇਤਰਾਂ ਚੋਂ - ਗੁਣਵੱਤਾ ਭਰਪੂਰ 4-ਸਾਲਾ ਅਖੰਡ ਸਿਸ (ਸਿੱਖਿਆ ਸਨਾਤਕ) ਕਾਰਜਕ੍ਰਮ ਦੀ ਪੜ੍ਹਾਈ ਲਈ ਸਾਰੇ ਦੇਸ ਵਿੱਚ ਵੱਡੀ ਗਿਣਤੀ ਵਿੱਚ ਉੱਤਮਤਾ-ਆਧਾਰੀ ਵਜ਼ੀਫਿਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਪੇਂਡੂ ਖੇਤਰਾਂ ਵਿੱਚ, ਉੱਤਮਤਾ ਅਧਾਰੀ ਖਾਸ ਵਜ਼ੀਫੇ ਸਥਾਪਤ ਕੀਤੇ ਜਾਣਗੇ ਜਿਸ ਵਿੱਚ ਸਿਸ ਕਾਰਜਕ੍ਰਮ ਸਫ਼ਲਤਾ ਨਾਲ ਪੂਰਾ ਕਰਨ ਪਿੱਛੋਂ ਆਪਣੇ ਸਥਾਨੀ ਖੇਤਰਾਂ ਵਿੱਚ ਪਹਿਲ ਦੇ ਆਧਾਰ ਤੇ ਨੌਕਰੀ ਹਾਸਲ ਕਰਾਉਣਾ ਵੀ ਸ਼ਾਮਲ ਹੋਵੇਗਾ। ਅਜਿਹੇ ਵਜ਼ੀਫੇ ਸਥਾਨੀ ਵਿਦਿਆਰਥੀਆਂ ਨੂੰ ਸਥਾਨੀ ਨੌਕਰੀਆਂ ਦੇ ਮੌਕੇ ਹਾਸਲ ਕਰਾਉਣਗੇ, ਖਾਸ ਤੌਰ 'ਤੇ ਇਸਤਰੀ ਵਿਦਿਆਰਥੀਆਂ ਲਈ, ਤਾਂ ਕਿ ਇਹ ਵਿਦਿਆਰਥੀ ਸਥਾਨੀ-ਖੇਤਰ ਦੀਆਂ ਆਦਰਸ਼ ਮਿਸਾਲਾਂ ਵੱਜੋਂ ਤੇ ਸਥਾਨੀ ਭਾਸ਼ਾ ਬੋਲਣ ਵਾਲੇ ਯੋਗਤਾ ਭਰਪੂਰ ਅਧਿਆਪਕਾਂ ਵੱਜੋਂ ਸੇਵਾਵਾਂ ਨਿਭਾਉਣ। ਪੇਂਡੂ ਇਲਾਕਿਆਂ ਵਿੱਚ ਅਧਿਆਪਨ ਨੌਕਰੀਆਂ ਕਰਨ ਲਈ ਅਧਿਆਪਕਾਂ ਨੂੰ ਪ੍ਰੋਤਸਾਹਨ ਦਿੱਤੇ ਜਾਣਗੇ, ਖਾਸ ਤੌਰ 'ਤੇ ਉਹਨਾਂ ਇਲਾਕਿਆਂ ਲਈ ਜਿਨ੍ਹਾਂ ਵਿੱਚ ਇਸੇ ਵੇਲੇ ਚੰਗੇ ਅਧਿਆਪਾਕਾਂ ਦੀ ਵੱਡੀ ਘਾਟ ਹੈ। ਪੇਂਡੂ ਪਾਠਸ਼ਾਲਾਵਾਂ ਵਿੱਚ ਅਧਿਆਪਨ ਲਈ ਕੁੰਜੀਵਤ ਪ੍ਰੋਤਸਾਹਨ ਪਾਠਸ਼ਾਲਾ ਦੇ ਅੰਦਰ ਜਾਂ ਨੇੜੇ ਸਥਾਨੀ ਰਿਹਾਇਸ਼ ਦੀ ਸੁਵਿਧਾ ਜਾਂ ਵਧਾਇਆ ਰਿਹਾਇਸ਼ ਭੱਤਾ ਹੋ ਸਕਦਾ ਹੈ।

5.3. ਬੜੀਆਂ ਜ਼ਿਆਦਾ ਅਧਿਆਪਕ ਬਦਲੀਆਂ ਦੀ ਰੀਤ ਰੋਕੀ ਜਾਵੇਗੀ, ਤਾਂ ਕਿ ਵਿਦਿਆਰਥੀਆਂ ਦੀ ਆਪਣੇ ਆਦਰਸ਼ ਵਿਅਕਤੀਆਂ ਨਾਲ ਅਤੇ ਸਿੱਖਿਆ ਵਾਤਾਵਰਣ ਵਿੱਚ ਲਗਾਤਾਰਤਾ ਬਣੀ ਰਵ੍ਹੇ। ਬਦਲੀਆਂ ਬੜੀਆਂ ਖਾਸ ਹਾਲਤਾਂ ਵਿੱਚ ਹੋਣਗੀਆਂ, ਜਿਹੜੀਆਂ ਰਾਜਾਂ/ਸੰਘੀ ਖੇਤਰਾਂ ਦੀਆਂ ਸਰਕਾਰਾਂ ਦੁਆਰਾ ਇੱਕ ਨੀਤੀਗਤ ਤਰੀਕੇ ਨਾਲ ਸਥਾਪਤ ਕੀਤੀਆਂ ਹੋਣ। ਇਸ ਤੋਂ ਵੀ ਅੱਗੇ, ਬਦਲੀਆਂ ਅਜਿਹੀ ਬਿਜਲੇਈ ਕੰਪਿਊਟਰੀ ਪ੍ਰਣਾਲੀ ਰਾਹੀਂ ਕੀਤੀਆਂ ਜਾਣਗੀਆਂ ਜਿਹੜੀ ਪਾਰਦਰਸ਼ਤਾ ਯਕੀਨੀ ਬਣਾਵੇ।

5.4. ਅਧਿਆਪਨ ਯੋਗਤਾ ਪਰੀਖਿਆਵਾਂ (ਅਯੋਪਾਂ) ਬਿਹਤਰ ਪਰੀਖਿਆ ਸਮੱਗਰੀ ਸ਼ਾਮਲ ਕਰਵਾ ਕੇ ਤਗੜੀਆਂ ਕੀਤੀਆਂ ਜਾਣਗੀਆਂ, ਵਿਸ਼ਾ-ਵਸਤੂ ਅਤੇ ਸਿੱਖਿਆ ਵਿਧੀ ਦੋਵਾਂ ਪੱਖਾਂ ਤੋਂ। ਅਯੋਪਾਂ ਦਾ ਪਸਾਰ ਪਾਠਸ਼ਾਲਾ ਸਿੱਖਿਆ ਦੇ ਸਾਰੇ ਪੱਧਰਾਂ (ਨੀਂਹਵੀਂ, ਤਿਆਰੀ-ਕਾਲ, ਮੱਧਲੀ ਤੇ ਦੂਜਾਵੀ) ਦੇ ਅਧਿਆਪਕਾਂ ਤੱਕ ਕੀਤਾ ਜਾਵੇਗਾ। ਵਿਸ਼ਾ ਅਧਿਆਪਕਾਂ ਦੀ ਭਰਤੀ ਲਈ ਸਬੰਧਤ ਵਿਸ਼ੇ ਵਿੱਚ ਢੁੱਕਵੇਂ ਅਯੋਪ (ਅਧਿਆਪਕ ਯੋਗਤਾ ਪਰੀਖਿਆ, ਟੈੱਟ) ਜਾਂ ਕੌਪਕ (ਕੌਮੀ ਪਰੀਖਿਆ ਕਰਿੰਦੀ, ਐਨਟੀ ਏ) ਅੰਕ ਵੀ ਵਿਚਾਰੇ ਜਾਣਗੇ। ਅਧਿਆਪਨ ਲਈ ਸ਼ੌਂਕ ਤੇ ਪਰੇਰਨਾ ਦਾ ਪੱਧਰ ਮਾਪਣ ਲਈ ਜਮਾਤ-ਕਮਰਾ ਵਿਖਾਵਾ ਜਾਂ ਮੁਲਾਕਾਤ ਪਾਠਸ਼ਾਲਾਵਾਂ ਅਤੇ ਪਾਠਸ਼ਾਲਾ ਸਮੂਹਾਂ ਦੇ ਅਧਿਆਪਕਾਂ ਦੀ ਭਰਤੀ ਲਈ ਪੱਕਾ ਹਿੱਸਾ ਬਣ ਜਾਣਗੇ। ਇਹਨਾਂ ਮੁਲਾਕਾਤਾਂ ਦੀ ਵਰਤੋਂ ਸਥਾਨੀ ਭਾਸ਼ਾ ਵਿੱਚ ਪੜ੍ਹਾਉਣ ਵਿੱਚ ਸੌਖ ਅਤੇ ਪਰਵੀਨਤਾ ਦੇ ਮੁਲਾਂਕਣ ਲਈ ਵੀ ਕੀਤੀ ਜਾਵੇਗੀ, ਤਾਂ ਕਿ ਹਰ ਇੱਕ ਪਾਠਸ਼ਾਲਾ/ਪਾਠਸ਼ਾਲਾ ਸਮੂਹ ਕੋਲ ਘੱਟੋ-ਘੱਟ ਕੁਝ ਅਧਿਆਪਕ ਅਜਿਹੇ ਹੋਣ ਜਿਹੜੇ ਵਿਦਿਆਰਥੀਆਂ ਨਾਲ ਸਥਾਨੀ ਭਾਸ਼ਾ ਵਿੱਚ ਤੇ ਵਿਦਿਆਰਥੀਆਂ ਦੀਆਂ ਦੂਜੀਆਂ ਪਰਚੱਲਤ ਘਰੇਲੂ ਭਾਸ਼ਾਵਾਂ ਵਿੱਚ ਗੱਲ-ਬਾਤ ਕਰ ਸੱਕਣ। ਨਿੱਜੀ ਪਾਠਸ਼ਾਲਾਵਾਂ ਦੇ ਅਧਿਆਪਕਾਂ ਲਈ ਵੀ ਜ਼ਰੂਰੀ ਹੋਵੇਗਾ ਕਿ ਉਹਨਾਂ ਅਯੋਪ, ਵਿਖਾਵਾ/ਮੁਲਾਕਾਤ ਰਾਹੀਂ ਯੋਗਤਾ ਹਾਸਲ ਕੀਤੀ ਹੋਵੇ ਤੇ ਸਥਾਨੀ ਭਾਸ਼ਾ(ਵਾਂ) ਦੀ ਜਾਣਕਾਰੀ ਰੱਖਦੇ ਹੋਣ।

5.5. ਸਾਰੇ ਵਿਸ਼ਿਆਂ ਲਈ ਅਧਿਆਪਕਾਂ ਦੀ ਲੋੜੀਂਦੀ ਗਿਣਤੀ ਯਕੀਨੀ ਬਨਾਉਣ ਲਈ - ਖਾਸ ਤੌਰ 'ਤੇ ਕਲਾ, ਸਰੀਰਕ ਸਿੱਖਿਆ, ਕਿੱਤਾਮੁਖੀ ਸਿੱਖਿਆ, ਅਤੇ ਭਾਸ਼ਾਵਾਂ ਜਿਹੇ ਵਿਸ਼ਿਆਂ ਲਈ - ਅਧਿਆਪਕਾਂ ਦੀ ਭਰਤੀ ਪਾਠਸ਼ਾਲਾਵਾਂ ਅਤੇ ਪਾਠਸ਼ਾਲਾ ਸਮੂਹਾਂ ਲਈ ਕੀਤੀ ਜਾ ਸਕਦੀ ਹੈ ਅਤੇ ਪਾਠਸ਼ਾਲਾਵਾਂ ਵਿਚਕਾਰ ਰਾਜਾਂ/ਸੰਘੀ ਖੇਤਰਾਂ

ਦੀਆਂ ਸਰਕਾਰਾਂ ਦੀ ਪਾਠਸ਼ਾਲਾਵਾਂ ਦੀ ਸਮੂਹ-ਬੰਦੀ ਅਨੁਸਾਰ ਅਧਿਆਪਕਾਂ ਦੀ ਸਾਂਝੀ ਵਰਤੋਂ ਕਰਨ ਬਾਰੇ ਸੋਚਿਆ ਜਾ ਸਕਦਾ ਹੈ।

5.6. ਵਿਦਿਆਰਥੀਆਂ ਦੇ ਲਾਭ ਲਈ ਅਤੇ ਸਥਾਨੀ ਗਿਆਨ ਤੇ ਕਿੱਤਿਆਂ ਨੂੰ ਉਤਸ਼ਾਹ ਦੇਣ ਲਈ, ਪਾਠਸ਼ਾਲਾਵਾਂ/ਪਾਠਸ਼ਾਲਾ ਸਮੂਹਾਂ ਨੂੰ ਵੱਖ-ਵੱਖ ਵਿਸ਼ਿਆਂ, ਜਿਵੇਂ ਕਿ ਪਰੰਪਰਾਈ ਸਥਾਨੀ ਕਲਾਵਾਂ, ਕਿੱਤਾਈ ਦਸਤਕਾਰੀ, ਕਾਰੋਬਾਰ, ਖੇਤੀ, ਜਾਂ ਕੋਈ ਵੀ ਹੋਰ ਵਿਸ਼ਾ ਜਿਸ ਲਈ ਸਥਾਨੀ ਮੁਹਾਰਤ ਦੀ ਹੋਂਦ ਹੈ, ਲਈ ਸਥਾਨੀ ਉੱਘੇ ਵਿਅਕਤੀ ਜਾਂ ਮਾਹਿਰ 'ਮਾਹਿਰ ਪੜ੍ਹਾਈਕਾਰਾਂ ਵੱਜੋਂ ਭਾੜੇ 'ਤੇ ਰੱਖਣ ਲਈ ਉਤਸ਼ਾਹ ਦਿੱਤਾ ਜਾਵੇਗਾ।

5.7. ਅਗਲੇ ਦੋ ਦਹਾਕਿਆਂ ਵਿੱਚ ਕਿਆਸੀਆਂ ਵਿਸ਼ਾ-ਵਾਰ ਅਧਿਆਪਕਾਂ ਦੀਆਂ ਖਾਲੀ ਥਾਂਵਾਂ ਦਾ ਅੰਦਾਜ਼ਾ ਲਾਉਣ ਲਈ ਹਰ ਰਾਜ ਇੱਕ ਭਵਿੱਖਵਾਣੀ ਕਰਨ ਵਾਲੀ ਤਕਨੀਕ-ਅਧਾਰੀ ਸੰਪੂਰਨ ਯੋਜਨਾ ਘੜਨ ਲਈ ਕਾਰਵਾਈ ਕਰੇਗਾ। ਸਾਰੀਆਂ ਅਸਾਮੀਆਂ ਯੋਗਤਾ ਪ੍ਰਾਪਤ ਅਧਿਆਪਕਾਂ, ਸਥਾਨੀ ਅਧਿਆਪਕਾਂ ਸਣੇ, ਨਾਲ ਭਰਨ ਲਈ ਭਰਤੀਆਂ ਤੇ ਤੈਨਾਤੀਆਂ ਬਾਰੇ ਉੱਤੇ ਦੱਸੀਆਂ ਪਹਿਲਕਦਮੀਆਂ ਸਮੇਂ ਦੇ ਨਾਲ-ਨਾਲ ਵਧਦੀ ਲੋੜ ਅਨੁਸਾਰ ਤੇ ਜੀਵਨ-ਕਿੱਤੇ ਦੇ ਪ੍ਰਬੰਧ 'ਤੇ ਤਰੱਕੀ ਲਈ ਢੁੱਕਵੇਂ ਪ੍ਰੋਤਸਾਹਨਾਂ ਨਾਲ ਵਧਾਈਆਂ ਜਾਣਗੀਆਂ; ਇਸ ਬਾਰੇ ਹੋਰ ਅੱਗੇ ਦੱਸਿਆ ਗਿਆ ਹੈ। ਅਧਿਆਪਕ ਸਿੱਖਿਆ ਕਾਰਜਕ੍ਰਮ ਅਤੇ ਇਹਨਾਂ ਨੂੰ ਹਾਸਲ ਕਰਾਉਣ ਦੀ ਪਰਕਿਰਿਆ ਇੰਞ ਕਿਆਸੀਆਂ ਖਾਲੀ ਥਾਵਾਂ ਨੂੰ ਧਿਆਨ ਗੋਚਰੇ ਰੱਖੇਗੀ।

## ਸੇਵਾਵਾਂ ਲਈ ਵਾਤਾਵਰਣ ਤੇ ਸੱਭਿਆਚਾਰ

5.8. ਸੇਵਾਵਾਂ ਦੇ ਵਾਤਾਵਰਣ ਤੇ ਪਾਠਸ਼ਾਲਾਵਾਂ ਦੇ ਸੱਭਿਆਚਾਰ ਦੀ ਕਾਇਆ-ਪਲਟੀ ਦਾ ਮੂਲ ਟੀਚਾ ਅਧਿਆਪਾਕਾਂ ਦੀ ਯੋਗਤਾ ਨੂੰ ਪੂਰਨਤਾ ਤੱਕ ਪਹੁੰਚਾਉਣਾ ਅਤੇ ਇਹ ਯਕੀਨੀ ਬਨਾਉਣਾ ਕਿ ਉਹ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ, ਪ੍ਰਧਾਨਾਚਾਰੀਆਂ, ਅਤੇ ਦੂਜੇ ਸਹਾਈ ਅਮਲੇ ਦੀ ਜੀਵੰਤ, ਸਹਾਨੁਭੂਤੀ ਭਰੀ, ਅਤੇ ਭਾਈਵਾਲੀ ਵਾਲੀ ਬਰਾਦਰੀ ਦਾ ਹਿੱਸਾ ਹਨ, ਜਿਸ ਦੇ ਸਾਰੇ ਵਿਅਕਤੀਆਂ ਦਾ ਟੀਚਾ ਸਾਂਝਾ ਹੈ; ਇਹ ਸਭ ਇਹ ਯਕੀਨੀ ਬਨਾਉਣ ਲਈ ਹੈ ਕਿ ਸਾਰੇ ਬੱਚੇ ਸੱਚੀ-ਮੁੱਚੀ ਸਿੱਖਿਆ ਹਾਸਲ ਕਰਦੇ ਪਏ ਹਨ।

5.9. ਇਸ ਦਿਸ਼ਾ ਵਿੱਚ ਪਹਿਲੀ ਲੋੜ ਪਾਠਸ਼ਾਲਾ ਵਿੱਚ ਚੰਗਾ ਤੇ ਸੁਖਦਾਈ ਮਾਹੌਲ ਬਨਾਉਣਾ ਹੋਵੇਗਾ। ਇਹ ਯਕੀਨੀ ਬਨਾਉਣ ਲਈ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ, ਸਾਰੇ ਲਿੰਗਾਂ ਤੇ ਅਪੰਗ ਬੱਚਿਆਂ ਸਣੇਂ, ਸੁਰੱਖਿਆ ਭਰਿਆ, ਭਾਈਵਾਲਤਾ ਵਾਲਾ, ਅਤੇ ਅਸਰਦਾਰ ਸਿੱਖਣ ਵਾਤਾਵਰਣ ਹਾਸਲ ਹੈ ਅਤੇ ਉਹ ਆਪਣੀਆਂ ਪਾਠਸ਼ਾਲਾਵਾਂ ਵਿੱਚ ਪੜ੍ਹਾਉਣ ਤੇ ਪੜ੍ਹਨ ਲਈ ਸੌਖ 'ਚ ਹਨ ਤੇ ਪ੍ਰੇਰਿਤ ਹਨ, ਸਾਰੀਆਂ ਪਾਠਸ਼ਾਲਾਵਾਂ ਨੂੰ ਢੁੱਕਵੀਆਂ ਸੁਰੱਖਿਅਤ ਭੌਤਿਕ ਸਹੂਲਤਾਂ, ਜਿਸ ਵਿੱਚ ਕਿਰਿਆਸ਼ੀਲ ਪਖਾਨੇ, ਸਾਫ਼ ਪੀਣ ਵਾਲਾ ਪਾਣੀ, ਅਤੇ ਖੇਡਾਂ ਤੇ ਰਚਨੇਈ ਸਰੋਤ ਸ਼ਾਮਲ ਹਨ, ਹਾਸਲ ਕਰਵਾਈਆਂ ਜਾਣਗੀਆਂ। ਇਹ ਯਕੀਨੀ ਬਨਾਉਣ ਲਈ ਕਿ ਸਾਰੇ ਅਧਿਆਪਕ ਇਹਨਾਂ ਲੋੜਾਂ ਬਾਰੇ ਸੁਚੇਤ ਹਨ, ਸੇਵਾ-ਕਾਲ ਵੇਲੇ ਦੀ ਸਿਖਲਾਈ ਵਿੱਚ ਸੁਰੱਖਿਆ, ਸਿਹਤ ਤੇ ਪਾਠਸ਼ਾਲਾਵਾਂ ਵਿੱਚ ਕੰਮਕਾਜ਼ੀ ਵਾਤਾਵਰਣ ਬਾਰੇ ਸਿਖਲਾਈ ਸ਼ਾਮਲ ਕੀਤੀ ਜਾਵੇਗੀ।

5.10. ਅਸਰਦਾਰ ਪਾਠਸ਼ਾਲਾ ਪ੍ਰਸ਼ਾਸਨ, ਸਰੋਤ-ਸਾਂਝ, ਅਤੇ ਸਾਂਝੇ ਭਵਨਾਂ ਲਈ, ਰਾਜਾਂ/ਸੰਘੀ ਖੇਤਰਾਂ ਦੀਆਂ ਸਰਕਾਰਾਂ, ਪਾਠਸ਼ਾਲਾ ਸਮੂਹ, ਪਾਠਸ਼ਾਲਾਵਾਂ ਨੂੰ ਤਰਕਸੰਗਤ ਬਨਾਉਣ ਜਿਹੇ, ਕਿਸੇ ਤਰ੍ਹਾਂ ਵੀ ਪਹੁੰਚ ਘਟਾਏ ਬਿਨਾਂ, ਨਵੇਂ ਢਾਂਚੇ ਅਪਣਾ ਸਕਦੀਆਂ ਹਨ। ਪਾਠਸ਼ਾਲਾ ਸਮੂਹਾਂ ਦੀ ਸਿਰਜਣਾ ਜੀਵੰਤ ਅਧਿਆਪਕ ਅਮਲਿਆਂ ਦੀ ਰਚਨਾ ਲਈ ਵੱਡਾ ਯੋਗਦਾਨ ਪਾ ਸਕਦੀ ਹੈ। ਪਾਠਸ਼ਾਲਾ ਸਮੂਹਾਂ ਲਈ ਅਧਿਆਪਕ ਭਰਤੀ ਕਰਨਾ ਪਾਠਸ਼ਾਲਾ ਸਮੂਹਾਂ ਦੀਆਂ ਪਾਠਸ਼ਾਲਾਵਾਂ ਵਿਚਕਾਰ ਆਪਣੇ-ਆਪ ਸਬੰਧ ਸਿਰਜ ਸਕਦਾ ਹੈ; ਇਹ ਵਧੇਰੇ ਜੀਵੰਤ ਅਧਿਆਪਕ ਗਿਆਨ ਆਧਾਰ ਸਿਰਜ ਕੇ ਅਧਿਆਪਕਾਂ ਦੀ ਵਿਸ਼ੇ-ਵਾਰ ਉੱਤਮ ਵੰਡ ਵੀ ਯਕੀਨੀ ਬਣਾਏਗਾ। ਬਹੁਤੀਆਂ ਛੋਟੀਆਂ ਪਾਠਸ਼ਾਲਾਵਾਂ ਦੇ ਅਧਿਆਪਕ ਇੰਞ ਕੱਲੇ-ਕਾਰੇ ਜਿਹੇ ਨਹੀਂ ਰਹਿਣਗੇ ਅਤੇ ਵਡੇਰੇ ਪਾਠਸ਼ਾਲਾ ਸਮੂਹਾਂ ਦੇ ਸਮੁਦਾਇਆਂ ਦਾ ਹਿੱਸਾ ਬਣ

ਸੱਕਣਗੇ ਤੇ ਉਹਨਾਂ ਨਾਲ ਮਿਲ ਕੇ ਕੰਮ ਕਰ ਸੱਕਣਗੇ; ਇੰਵ, ਇੱਕ-ਦੂਜੇ ਨਾਲ ਸਰਬੋਤਮ ਰੀਤਾਂ ਸਾਂਝੀਆਂ ਹੋਣਗੀਆਂ ਅਤੇ ਰਲ-ਮਿਲ ਕੇ ਕੰਮ ਹੋਵੇਗਾ, ਜਿਹੜਾ ਯਕੀਨੀ ਬਣਾਏਗਾ ਕਿ ਬੱਚੇ ਸਿੱਖਦੇ ਪਏ ਹਨ। ਅਧਿਆਪਕਾਂ ਦੀ ਹੋਰ ਵੀ ਸਹਾਇਤਾ ਲਈ ਅਤੇ ਅਸਰਦਾਰ ਸਿੱਖਣ ਦਾ ਵਾਤਾਵਰਣ ਸਿਰਜਣ ਲਈ, ਪਾਠਸ਼ਾਲਾ ਸਮੂਹ ਸਲਾਹਕਾਰ, ਸਿੱਖੇ ਹੋਏ ਸਮਾਜੀ ਕਾਰਕੁਨ, ਤੇ ਤਕਨੀਕੀ ਤੇ ਸਾਂਭ-ਸੰਭਾਲ ਅਮਲਾ ਵੀ ਆਪਸ ਵਿੱਚ ਸਾਂਝਾ ਕਰ ਸਕਦੇ ਹਨ।

5.11. ਅਧਿਆਪਕਾਂ ਨੂੰ ਪਾਠਸ਼ਾਲਾ ਪ੍ਰਬੰਧ ਸਮਿਤੀਆਂ/ਪਾਠਸ਼ਾਲਾ ਸਮੂਹ ਪ੍ਰਬੰਧ ਸਮਿਤੀਆਂ ਦੇ ਸਦੱਸ ਬਣਾ ਕੇ ਪਾਠਸ਼ਾਲਾਵਾਂ/ਪਾਠਸ਼ਾਲਾ ਸਮੂਹਾਂ ਦੇ ਪ੍ਰਸ਼ਾਸਨ ਵਿੱਚ ਮਾਪਿਆਂ ਅਤੇ ਦੂਜੇ ਕੁੰਜੀਵਤ ਸਥਾਨੀ ਹਿੱਸੇਦਾਰਾਂ ਦੇ ਨਾਲ-ਨਾਲ ਅਧਿਆਪਕਾਂ ਦੀ ਸ਼ਮੂਲੀਅਤ ਵਧਾਈ ਜਾਵੇਗੀ।

5.12. ਅਧਿਆਪਕਾਂ ਵੱਲੋਂ ਅਧਿਆਪਨ-ਪਾਰਲੇ ਕੰਮਾਂ 'ਤੇ ਅੱਜ-ਕੱਲ੍ਹ ਲਾਏ ਜਾਂਦੇ ਵੱਡੇ ਸਮੇਂ ਨੂੰ ਬਚਾਉਣ ਲਈ, ਅਧਿਆਪਕਾਂ ਨੂੰ ਕਿਸੇ ਅਜਿਹੇ ਕੰਮ 'ਚ ਨਹੀਂ ਪਾਇਆ ਜਾਵੇਗਾ ਜਿਸ ਦਾ ਅਧਿਆਪਨ ਨਾਲ ਸਿੱਧਾ ਸਬੰਧ ਨਹੀਂ; ਖਾਸ ਤੌਰ 'ਤੇ, ਅਧਿਆਪਕਾਂ ਨੂੰ ਥਕਾਉਣੇ ਪ੍ਰਸ਼ਾਸਨੀ ਕੰਮ ਨਹੀਂ ਦਿੱਤੇ ਜਾਣਗੇ ਅਤੇ ਭੱਤੇ-ਵੇਲਾ ਭੋਜਨ ਨਾਲ ਸਬੰਧਤ ਤਰਕਸੰਗਤ ਘੱਟ ਤੋਂ ਘੱਟ ਸਮੇਂ ਤੋਂ ਵੱਧ ਸਮੇਂ ਲਈ ਨਹੀਂ ਲਾਇਆ ਜਾਵੇਗਾ, ਤਾਂ ਕਿ ਉਹ ਆਪਣੀਆਂ ਅਧਿਆਪਨ ਦੀਆਂ ਜ਼ੁੰਮੇਵਾਰੀਆਂ 'ਤੇ ਪੂਰੀ ਤਰ੍ਹਾਂ ਇਕਾਗਰ ਹੋ ਸੱਕਣ।

5.13. ਅਸਰਦਾਰ ਸਿੱਖਿਆ ਅਤੇ ਸਾਰੇ ਹਿੱਸੇਦਾਰਾਂ ਦੇ ਲਾਭ ਲਈ, ਪ੍ਰਧਾਨਾਚਾਰੀਆਂ ਤੇ ਅਧਿਆਪਕਾਂ ਤੋਂ ਆਸਾਂ ਵਿੱਚ ਆਪਣੀਆਂ ਪਾਠਸ਼ਾਲਾਵਾਂ ਵਿੱਚ ਸਹਾਨੁਭੂਤੀ ਭਰੇ ਅਤੇ ਭਾਈਵਾਲਤਾ ਵਾਲੇ ਸੱਭਿਆਚਾਰ ਦਾ ਵਿਕਾਸ ਸਪਸ਼ਟ ਰੂਪ ਵਿੱਚ ਸ਼ਾਮਲ ਹੋਵੇਗਾ।

5.14. ਸਿੱਖਿਆ-ਵਿਧੀ ਦੇ ਵੱਖ-ਵੱਖ ਪੱਖਾਂ ਦੀ ਚੋਣ ਵਿੱਚ ਅਧਿਆਪਕਾਂ ਨੂੰ ਵਧੇਰੇ ਸਵੈਧੀਨਤਾ ਦਿੱਤੀ ਜਾਵੇਗੀ, ਤਾਂ ਕਿ ਉਹ ਉਵੇਂ ਪੜ੍ਹਾ ਸੱਕਣ ਜਿਵੇਂ ਉਹ ਆਪਣੇ ਜਮਾਤ-ਕਮਰੇ ਵਿੱਚ ਵਿਦਿਆਰਥੀਆਂ ਲਈ ਸਭ ਤੋਂ ਅਸਰਦਾਰ ਸਮਝਦੇ ਹਨ। ਅਧਿਆਪਕ ਸਮਾਜ-ਭਾਵਨਾਵੀ ਸਿੱਖਣ ਵੱਲ ਵੀ ਧਿਆਨ ਦੇਣਗੇ - ਜੋ ਕਿ ਕਿਸੇ ਵਿਦਿਆਰਥੀ ਦੇ ਸਰਬੰਗੀ ਵਿਕਾਸ ਦਾ ਇੱਕ ਨਿਰਣੇਕਾਰੀ ਪੱਖ ਹੈ। ਉਹਨਾਂ ਦੇ ਜਮਾਤ-ਕਮਰਿਆਂ ਵਿੱਚ ਸਿੱਖਣ ਪ੍ਰਾਪਤੀਆਂ 'ਚ ਵਾਧਾ ਕਰਨ ਵਾਲੀਆਂ ਨਿਵੇਕਲੀਆਂ ਵਿਧੀਆਂ ਲਈ ਅਧਿਆਪਕਾਂ ਨੂੰ ਮਾਨਤਾ ਦਿੱਤੀ ਜਾਵੇਗੀ।

## ਅਟੁੱਟ ਪੇਸ਼ਾਵੀ ਵਿਕਾਸ (ਅਪੇਵਿ)

5.15. ਸਵੈ-ਵਿਕਾਸ ਅਤੇ ਆਪਣੇ ਪੇਸ਼ੇ ਵਿੱਚ ਅੰਤਲੀਆਂ ਕਾਢਾਂ ਅਤੇ ਪ੍ਰਗਤੀਆਂ ਸਿੱਖਣ ਲਈ ਅਧਿਆਪਕਾਂ ਨੂੰ ਨਿਰੰਤਰ ਮੌਕੇ ਦਿੱਤੇ ਜਾਣਗੇ। ਇਹ ਬਹੁਤ ਸਾਰੇ ਤਰੀਕਿਆਂ ਨਾਲ ਹਾਸਲ ਕਰਾਏ ਜਾਣਗੇ, ਜਿਵੇਂ ਕਿ ਸਥਾਨੀ, ਖੇਤਰੀ, ਰਾਜੀ, ਕੌਮੀ, ਅਤੇ ਕੌਮਾਂਤਰੀ ਕਾਰਜਸ਼ਾਲਾਵਾਂ ਦੇ ਰੂਪ ਵਿੱਚ ਅਤੇ ਨਾਲ ਦੀ ਨਾਲ ਬਿਜਲੇਈ ਅਧਿਆਪਕ ਵਿਕਾਸ ਵਿਧੀਆਂ ਦੇ ਰੂਪ ਵਿੱਚ ਵੀ। ਮੰਚਾਂ (ਖਾਸ ਤੌਰ 'ਤੇ ਬਿਜਲੇਈ ਮੰਚਾਂ) ਦਾ ਵਿਕਾਸ ਕੀਤਾ ਜਾਵੇਗਾ ਤਾਂ ਕਿ ਅਧਿਆਪਕ ਆਪਸ ਵਿੱਚ ਵਿਚਾਰਾਂ ਤੇ ਸਰਬੋਤਮ ਰੀਤਾਂ ਦਾ ਲੈਣ-ਦੇਣ ਕਰ ਸੱਕਣ। ਹਰੇਕ ਅਧਿਆਪਕ ਤੋਂ ਆਸ ਕੀਤੀ ਜਾਵੇਗੀ ਕਿ ਉਹ ਆਪਣੇ ਪੇਸ਼ਾਵੀ ਵਿਕਾਸ ਲਈ, ਆਪਣੇ ਸ਼ੌਕ ਤੋਂ ਪ੍ਰੇਰਤ ਹੋ, ਹਰ ਸਾਲ ਘੱਟੋ-ਘੱਟ ਅਪੇਵਿ ਦੇ ਮੌਕਿਆਂ ਵਿੱਚ 50 ਘੰਟੇ ਹਿੱਸਾ ਲਵੇਗਾ। ਨੀਂਹਵੀਂ ਸਾਖਰਤਾ ਅਤੇ ਅੰਕ-ਗਿਆਨ, ਸਿੱਖਣ ਪ੍ਰਾਪਤੀਆਂ ਦਾ ਨਿਰਮਾਣਵੀ ਤੇ ਫਲਵਾਂ ਮੁਲਾਂਕਣ, ਸਮਰੱਥਾ-ਅਧਾਰੀ ਸਿੱਖਣਾ, ਤੇ ਸਬੰਧਤ ਸਿੱਖਿਆ ਵਿਧੀਆਂ, ਜਿਵੇਂ ਕਿ ਅਨੁਭਵੀ ਸਿੱਖਣ, ਕਲਾਵਾਂ-ਰਲਾਵੀ, ਖੇਡਾਂ-ਰਲਾਵੀ, ਅਤੇ ਕਥਾਕਾਰੀ ਅਧਾਰੀ ਦਰਿਸ਼ਟੀਆਂ, ਆਦਿ ਲਈ ਬਿਲਕੁਲ ਹਾਲੀਆ ਸਿੱਖਿਆ-ਵਿਧੀਆਂ ਅਪੇਵਿ ਦੇ ਮੌਕਿਆਂ ਵਿੱਚ ਪ੍ਰਣਾਲੀਬੱਧ ਢੰਗ ਨਾਲ ਸ਼ਾਮਲ ਕੀਤੀਆਂ ਜਾਣਗੀਆਂ।

5.16. ਆਪਣੇ ਅਗਵਾਈ ਅਤੇ ਪ੍ਰਬੰਧ ਹੁਨਰਾਂ ਵਿੱਚ ਨਿਰੰਤਰ ਸੁਧਾਰ ਲਈ ਪਾਠਸ਼ਾਲਾ ਪ੍ਰਧਾਨਾਚਾਰੀਆ ਅਤੇ ਪਾਠਸ਼ਾਲਾ-ਸਮੂਹ ਆਗੂ ਅਜਿਹੀਆਂ ਖੰਡੀ (ਮੋਡੂਲਰ) ਅਗਵਾਈ/ਪ੍ਰਬੰਧ ਕਾਰਜਸ਼ਾਲਾਵਾਂ ਵਿੱਚ ਹਿੱਸਾ ਲੈਣਗੇ, ਤਾਂ ਕਿ ਉਹ ਵੀ ਸਰਬੋਤਮ ਰੀਤਾਂ ਆਪਸ ਵਿੱਚ ਸਾਂਝੀਆਂ ਕਰ ਸੱਕਣ। ਅਜਿਹੇ ਆਗੂਆਂ ਤੋਂ ਆਸ ਹੋਵੇਗੀ ਕਿ ਉਹ ਵੀ ਹਰ

ਸਾਲ ਅਪੇਵਿ ਖੰਡਾਂ ਦੇ 50 ਜਾਂ ਵੱਧ ਘੰਟਿਆਂ ਵਿੱਚ ਹਿੱਸਾ ਲੈਣ, ਜਿਨ੍ਹਾਂ ਵਿੱਚ ਵਿਸ਼ਾ-ਵਸਤ ਅਤੇ ਸਮਰੱਥਾ-ਅਧਾਰੀ ਸਿੱਖਿਆ 'ਤੇ ਟਿਕੀ ਸਿੱਖਿਆ-ਵਿਧੀ ਬਾਰੇ ਯੋਜਨਾਵਾਂ ਘੜਨ ਤੇ ਲਾਗੂ ਕਰਨ 'ਤੇ ਕੇਂਦਰਿਤ ਸਿੱਖਿਆ-ਵਿਧੀ ਦੇ ਨਾਲ-ਨਾਲ ਅਗਵਾਈ ਅਤੇ ਪ੍ਰਬੰਧ ਵੀ ਸ਼ਾਮਲ ਹੋਣ।

## ਕਿੱਤਾ-ਜੀਵਨ ਪ੍ਰਬੰਧ ਤੇ ਪ੍ਰਗਤੀ-ਲਕੀਰ (ਕਿਜੀਪ੍ਰਪ੍ਰਲ)

5.17. ਅਧਿਆਪਕਾਂ ਨੂੰ ਆਪਣਾ ਪੂਰਾ ਤਾਣ ਲਾਉਣ ਲਈ ਪ੍ਰੋਤਸਾਹਨ ਦੇਣ ਲਈ, ਸਿਰਮੌਰ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਮਾਨਤਾ ਤੇ ਤਰੱਕੀ ਮਿਲਣੀ ਚਾਹੀਦੀ ਹੈ ਅਤੇ ਵੇਤਨ 'ਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਸ ਲਈ, ਸੇਵਾ-ਕਾਲ, ਤਰੱਕੀ, ਅਤੇ ਵੇਤਨ-ਬਣਤਰ ਦੇ ਇੱਕ ਤਗੜੇ ਉੱਤਮਤਾ-ਅਧਾਰੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ; ਇਸ ਵਿੱਚ ਹਰੇਕ ਅਧਿਆਪਕ ਪੜਾਅ ਅੰਦਰ ਅਜਿਹੇ ਬਹੁਪੱਧਰੀ ਮੌਕੇ ਹੋਣਗੇ ਜਿਹੜੇ ਸਿਰਮੌਰ ਅਧਿਆਪਕਾਂ ਨੂੰ ਪ੍ਰੋਤਸਾਹਨ ਤੇ ਮਾਨਤਾ ਦੇਂਦੇ ਹੋਣ। ਇਸ ਲਈ ਰਾਜ/ਸੰਘੀ ਖੇਤਰ ਸਰਕਾਰਾਂ ਕਾਰਗੁਜ਼ਾਰੀ ਦੇ ਠੀਕ ਮੁਲਾਂਕਣ ਲਈ ਬਹੁ-ਮਾਪਦੰਡੀ ਪ੍ਰਣਾਲੀ ਦਾ ਵਿਕਾਸ ਕਰਨਗੀਆਂ, ਜਿਹੜੀ ਮਾਹਰ ਪੜਚੋਲ, ਹਾਜ਼ਰੀ, ਵਚਨਬੱਧਤਾ, ਅਪੇਵਿ ਦੇ ਘੰਟੇ, ਅਤੇ ਪਾਠਸ਼ਾਲਾ ਤੇ ਸਮੁਦਾਇ ਨੂੰ ਦਿੱਤੀਆਂ ਹੋਰ ਰੂਪਾਂ ਦੀਆਂ ਸੇਵਾਵਾਂ ਦੇ ਆਧਾਰ ਤੇ ਜਾਂ ਪੈਰਾ 5.20 ਵਿੱਚ ਦਿੱਤੇ ਅਕੌਪੇਮਾ (ਅਧਿਆਪਕਾਂ ਲਈ ਕੌਮੀ ਪੇਸ਼ਾ ਮਾਨਕ) ਦੇ ਆਧਾਰ 'ਤੇ ਟਿਕੀ ਹੋਵੇਗੀ। ਇਸ ਨੀਤੀ ਵਿੱਚ, ਕਿੱਤਾ-ਜੀਵਨ (ਕੈਰੀਅਰ) ਦੇ ਪ੍ਰਸੰਗ ਵਿੱਚ 'ਸੇਵਾਕਾਲ' ਦਾ ਮਤਲਬ ਯੋਗਦਾਨ ਤੇ ਕਾਰਗੁਜ਼ਾਰੀ ਦੇ ਬਣਦੇ ਮੁਲਾਂਕਣ ਤੋਂ ਬਾਅਦ ਪੱਕੀ ਨੌਕਰੀ ਲਈ ਪੁਸ਼ਟੀ ਹੈ, ਜਦਕਿ 'ਸੇਵਾ-ਕਾਲ ਪੱਥ' ਦਾ ਮਤਲਬ ਸੇਵਾਕਾਲ ਤੋਂ ਪਹਿਲਾ ਪਰਖ(ਪਰੋਬੇਸ਼ਨ)-ਸਮਾਂ ਹੈ।

5.18. ਅਗੇਰੇ, ਇਹ ਯਕੀਨੀ ਬਣਾਇਆ ਜਾਵੇਗਾ ਕਿ ਅਧਿਆਪਕਾਂ ਲਈ ਕਿੱਤਾ-ਜੀਵਨ ਵਾਧਾ (ਸੇਵਾਕਾਲ, ਤਰੱਕੀਆਂ, ਵੇਤਨ ਵਾਧੇ, ਆਦਿ) ਇੱਕ ਪਾਠਸ਼ਾਲਾ ਪੱਧਰ ਦੇ ਅੰਦਰ ਹੀ ਹਾਸਲ ਹੋਵੇ (ਮਤਲਬ, ਨੀਂਹਵੀਂ, ਤਿਆਰੀ-ਕਾਲ, ਮੱਧਲੀ, ਜਾਂ ਦੁਜਾਵੀ), ਅਤੇ ਪਹਿਲੀਆਂ ਪੱਧਰਾਂ ਤੋਂ ਅਗਲੀਆਂ ਪੱਧਰਾਂ ਜਾਂ ਉਲਟ ਵਿੱਚ ਅਧਿਆਪਕ ਹੋਣ ਜਾਣ ਲਈ ਕੋਈ ਕਿੱਤਾ-ਜੀਵਨ ਪ੍ਰਗਤੀ-ਲਕੀਰ ਨਾਲ ਸਬੰਧਤ ਪ੍ਰੋਤਸਾਹਨ ਨਾ ਹੋਵੇ (ਭਾਵੇਂ ਕਿ ਇੱਕ ਪੱਧਰ ਤੋਂ ਦੂਜੀ ਪੱਧਰ 'ਚ ਜਾਣ ਲਈ ਅਜਿਹੇ ਕਿੱਤਾ-ਜੀਵਨ ਕਦਮਾਂ ਦੀ ਪ੍ਰਵਾਨਗੀ ਹੋਵੇਗੀ, ਬਸ਼ਰਤੇ ਕਿ ਅਧਿਆਪਕ ਅੰਦਰ ਅਜਿਹਾ ਕਰਨ ਦੀ ਚਾਹ ਹੈ ਤੇ ਯੋਗਤਾਵਾਂ ਹਨ)। ਇਸ ਤੱਥ ਨੂੰ ਹੋਰ ਪੱਕਾ ਕਰਨ ਲਈ ਇਹ ਹੈ ਕਿ ਪਾਠਸ਼ਾਲਾ ਸਿੱਖਿਆ ਦੀ ਹਰ ਪੱਧਰ ਲਈ ਸਰਬਉੱਚ-ਗੁਣਵੱਤਾ ਵਾਲੇ ਅਧਿਆਪਕਾਂ ਦੀ ਲੋੜ ਹੋਵੇਗੀ, ਅਤੇ ਕੋਈ ਵੀ ਪੱਧਰ ਦੂਜੀ ਪੱਧਰ ਨਾਲੋਂ ਵਧੇਰੇ ਮਹੱਤਵ ਵਾਲੀ ਨਹੀਂ ਸਮਝੀ ਜਾਵੇਗੀ।

5.19. ਉੱਤਮਤਾ ਆਧਾਰੀ ਚੜ੍ਹਾਅ-ਮੁਖੀ (ਵਰਟੀਕਲ) ਗਤੀਸ਼ੀਲਤਾ ਵੀ ਸਰਬਉੱਚ ਹੋਵੇਗੀ; ਪਾਠਸ਼ਾਲਾਵਾਂ, ਪਾਠਸ਼ਾਲਾ-ਸਮੂਹਾਂ, ਬਲਾਕ ਸਰੋਤ ਕੇਂਦਰਾਂ (ਬਸਕੇਂ), ਜੜੁੱਤ ਸਰੋਤ ਕੇਂਦਰਾਂ (ਜਸਕੇਂ) ਬਲਾਕ ਅਧਿਆਪਕ ਸਿੱਖਿਆ ਸੰਸਥਾ, ਬਲਾਕ ਤਕਨੀਕੀ ਸਿੱਖਿਆ ਸੰਸਥਾ (ਬਤਸਿਸ), ਜ਼ਿਲਾ ਤਕਨੀਕੀ ਸਿੱਖਿਆ ਸੰਸਥਾ, ਅਤੇ ਨਾਲ ਦੀ ਨਾਲ ਸਬੰਧਤ ਸਰਕਾਰੀ ਵਿਭਾਗਾਂ ਦੀਆਂ ਆਗੂ ਪੀਠੀ ਪਦਵੀਆਂ ਦਾ ਜੁੰਮਾਂ ਲੈਣ ਲਈ, ਪਰਮਾਣੇ ਅਗਵਾਈ ਅਤੇ ਪ੍ਰਬੰਧ ਹੁਨਰਾਂ ਵਾਲੇ ਸਿਰਮੌਰ ਅਧਿਆਪਕਾਂ ਨੂੰ ਵੀ ਸਮੇਂ-ਸਮੇਂ ਸਿਖਲਾਈ ਦਿੱਤੀ ਜਾਵੇਗੀ।

## ਅਧਿਆਪਕਾਂ ਲਈ ਪੇਸ਼ਾਵੀ ਮਾਨਕ

5.20. 'ਕੌਮੀ ਅਧਿਆਪਕ ਸਿੱਖਿਆ ਪਰਿਸ਼ਦ 'ਸਧਾਰਣ ਸਿੱਖਿਆ ਪਰਿਸ਼ਦ' ਹੇਠ ਇਸ ਦੇ ਨਵੇਂ ਮੁੜ-ਘੜੇ ਰੂਪ ਵਿੱਚ, ਕੌਸਿਖੋਪ, ਰਾਸਿਖੋਪਾਂ, ਸਾਰੇ ਪੱਧਰਾਂ ਤੇ ਖੇਤਰਾਂ 'ਚੋਂ ਅਧਿਆਪਕਾਂ, ਅਧਿਆਪਕਾਂ ਦੀ ਤਿਆਰੀ ਅਤੇ ਵਿਕਾਸ ਨਾਲ ਸਬੰਧਤ ਸੰਗਠਨ, ਕਿੱਤਾਮੁਖੀ ਸਿੱਖਿਆ ਦੀਆਂ ਮਾਹਿਰ ਸੰਸਥਾਵਾਂ, ਅਤੇ ਉਚੇਰੀ ਸਿੱਖਿਆ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰ ਕੇ ਇੱਕ ਸਾਂਝੇ ਸੇਧ ਦੇਣ ਵਾਲੇ 'ਅਧਿਆਪਕਾਂ ਲਈ ਕੌਮੀ ਪੇਸ਼ਾਵੀ ਮਾਨਕ' (ਅਕੌਪੇਮਾ) ਜੁੱਟ ਦਾ 2022 ਤੱਕ ਵਿਕਾਸ ਕਰੇਗੀ। ਇਹਨਾਂ ਮਾਨਕਾਂ ਵਿੱਚ ਵਿਸ਼ੇਸ਼ੱਗਤਾ ਦੇ ਵੱਖ-ਵੱਖ ਪੱਧਰ/ਪੜਾਵਾਂ ਤੇ ਅਧਿਆਪਕਾਂ ਦੇ ਕਰਤੱਵ ਅਤੇ ਉਹਨਾਂ ਦੀਆਂ ਉਸ ਪੜਾਅ ਲਈ ਸਮਰਥਾਵਾਂ ਬਾਰੇ ਆਸਾਂ ਸ਼ਾਮਲ ਹੋਣਗੀਆਂ। ਅਕੌਪੇਮਾ ਵਿੱਚ ਹਰ

ਪੜਾਅ ਲਈ ਸਮੇਂ-ਸਮੇਂ ਸਿਰ ਕੀਤੇ ਜਾਣ ਵਾਲੇ ਮੁਲਾਂਕਣ ਲ਼ਈ ਮਾਨਕ ਵੀ ਸ਼ਾਮਲ ਹੋਣਗੇ। ਅਕੌਪੇਮਾ ਸੇਵਾ-ਪੂਰਬਲੇ ਅਧਿਆਪਕ ਸਿੱਖਿਆ ਕਾਰਜਕ੍ਰਮ ਵੀ ਤਿਆਰ ਕਰੇਗੀ। ਇਹ ਫਿਰ ਰਾਜਾਂ ਦੁਆਰਾ ਅਪਣਾਏ ਜਾ ਸੱਕਣਗੇ ਅਤੇ ਅਧਿਆਪਕ ਕਿੱਤਾ-ਜੀਵਨ ਪ੍ਰਬੰਧ ਦੇ ਸਾਰੇ ਪੱਖ, ਸੇਵਾ-ਕਾਲ, ਪੇਸ਼ਾਵੀ ਵਿਕਾਸ ਯਤਨ, ਵੇਤਨ ਵਾਧੇ, ਤਰੱਕੀਆਂ ਅਤੇ ਹੋਰ ਮਾਨਤਾਵਾਂ ਤੈਅ ਕਰਨਗੇ। ਤਰੱਕੀਆਂ ਅਤੇ ਵੇਤਨ ਵਾਧੇ ਸੇਵਾ-ਕਾਲ ਦੀ ਲੰਮਾਈ ਜਾਂ ਜੇਠਤਾ (ਸੀਨੀਔਰਿਟੀ) 'ਤੇ ਆਧਾਰੀ ਨਾ ਹੋ ਕੇ ਅਜਿਹੇ ਮੁਲਾਂਕਣ ਦੇ ਆਧਾਰ 'ਤੇ ਹੋਵੇਗੀ। ਪੇਸ਼ਾਵੀ ਮਾਨਕਾਂ ਦੀ 2030 ਵਿੱਚ ਪੜਤਾਲ ਤੇ ਸੁਧਾਈ ਹੋਵੇਗੀ, ਅਤੇ ਉਸ ਤੋਂ ਬਾਅਦ ਪ੍ਰਣਾਲੀ ਦੇ ਸੁਚਾਰੂਪਨ ਦੇ ਕਰੜੇ ਤੱਥਮੂਲਕ ਬਿਖਲੇਖਣ ਦੇ ਆਧਾਰ 'ਤੇ ਹਰ ਦਸ ਸਾਲ ਬਾਅਦ ਹੋਇਆ ਕਰੇਗੀ

## ਵਿਸ਼ੇਸ਼ ਸਿੱਖਿਆਦਾਤਾ

5.21. ਪਾਠਸ਼ਾਲਾ ਸਿੱਖਿਆ ਦੇ ਕੁਝ ਖੇਤਰਾਂ ਲਈ ਵਧਾਵੇਂ ਵਿਸ਼ੇਸ਼ ਸਿੱਖਿਆਦਾਤਿਆਂ ਦੀ ਤੁਰੰਤ ਲੋੜ ਹੈ। ਇਹਨਾਂ ਵਿਸ਼ੇਸ਼ੱਗ ਲੋੜਾਂ ਦੀਆਂ ਕੁਝ ਮਿਸਾਲਾਂ ਵਿੱਚ ਪਾਠਸ਼ਾਲਾ ਦੇ ਮੱਧਲੇ ਤੇ ਦੁਜਾਵੀ ਪੱਧਰ ਦੇ ਅਪੰਗ/ਦਿਵਿਆਂਗ ਬੱਚਿਆਂ ਲਈ ਵਿਸ਼ਾ ਅਧਿਆਪਨ ਸ਼ਾਮਲ ਹੈ, ਜਿਸ ਵਿੱਚ ਵਿਸ਼ਿਸ਼ਟ ਸਿੱਖਣ ਅਪੰਗਤਾਵਾਂ ਲਈ ਅਧਿਆਪਨ ਵੀ ਸ਼ਾਮਲ ਹੈ। ਇਹਨਾਂ ਅਧਿਆਪਕਾਂ ਨੂੰ ਵਿਸ਼ਾ-ਅਧਿਆਪਨ ਦਾ ਗਿਆਨ ਅਤੇ ਸਿੱਖਿਆ ਦੇ ਵਿਸ਼ਾ-ਸਬੰਧਤ ਟੀਚਿਆਂ ਦੀ ਸਮਝ ਹੀ ਨਹੀਂ ਬਲਕਿ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਦੀ ਸਮਝ ਲਈ ਪ੍ਰਸੰਗੀ ਹੁਨਰਾਂ ਦੀ ਲੋੜ ਵੀ ਹੋਵੇਗੀ। ਇਸ ਲਈ, ਸੇਵਾ-ਪੂਰਬਲੀ ਅਧਿਆਪਕ ਤਿਆਰੀ ਦੇ ਦੌਰਾਨ ਜਾਂ ਬਾਅਦ ਵਿੱਚ, ਵਿਸ਼ਾ ਅਧਿਆਪਕਾਂ ਜਾਂ ਆਮ-ਧਾਰਾ ਅਧਿਆਪਕਾਂ ਲਈ ਅਜਿਹੇ ਖੇਤਰ ਦੁਬਾਜਰੀ ਵਿਸ਼ੇਸ਼ਗਤਾ ਵੱਜੋਂ ਵਿਕਸਤ ਕੀਤੇ ਜਾ ਸਕਦੇ ਹਨ। ਇਹ ਪੂਰਨਕਾਲੀ ਜਾਂ ਅਲਪਕਾਲੀ/ਮਿਲਵੇਂ ਕੋਰਸਾਂ ਦੇ ਰੂਪ ਵਿੱਚ ਸੇਵਾ-ਪੂਰਬਲੀ ਅਤੇ ਸੇਵਾ-ਅੰਦਰਲੀ ਪੱਧਤੀ ਦੇ ਰੂਪ ਵਿੱਚ ਪ੍ਰਮਾਣ-ਪੱਤਰ ਕੋਰਸਾਂ ਵੱਜੋਂ ਹਾਸਲ ਕਰਾਏ ਜਾਣਗੇ - ਮੁੜ ਦੱਸਣਾ ਬਣਦਾ ਹੈ ਕਿ ਇਹ ਜ਼ਰੂਰੀ ਤੌਰ 'ਤੇ ਬਹੁਵਿਸ਼ਾਵੀ ਮਹਾਂਵਿਦਿਆਲਿਆਂ ਅਤੇ ਵਿਸ਼ਵਵਿਦਿਆਲਿਆਂ ਵਿੱਚ ਕਰਾਏ ਜਾਣਗੇ। ਯੋਗਤਾ-ਪ੍ਰਾਪਤ ਵਿਸ਼ੇਸ਼ ਸਿੱਖਿਆਦਾਤੇ ਜਿਹੜੇ ਵਿਸ਼ੇ ਦਾ ਅਧਿਆਪਨ ਵੀ ਨਿਭਾਅ ਸਕਦੇ ਹੋਣ ਦੀ ਉਪਲਬਧੀ ਯਕੀਨੀ ਬਨਾਉਣ ਲਈ ਅਸਿਕੌਪ ਅਤੇ ਖੇਪਾਸ (ਖੇਤਰੀ ਪਾਠਕ੍ਰਮ ਸੰਸਥਾ) ਦੇ ਪਾਠਕ੍ਰਮਾਂ ਵਿਚਕਾਰ ਤਾਲਮੇਲ ਸਥਾਪਤ ਕੀਤਾ ਜਾਵੇਗਾ।

## ਅਧਿਆਪਕ ਸਿੱਖਿਆ ਪ੍ਰਤੀ ਸਮਝ

5.22. ਇਹ ਪਛਾਣਦੇ ਹੋਏ ਕਿ ਅਧਿਆਪਕਾਂ ਨੂੰ ਉੱਚ-ਗੁਣਵੱਤਾ ਵਾਲੀ ਵਿਸ਼ਾ ਵਸਤੂ ਦੇ ਨਾਲ-ਨਾਲ ਸਿੱਖਿਆ-ਵਿਧੀ ਵਿੱਚ ਸਿਖਲਾਈ ਦੀ ਲੋੜ ਹੋਵੇਗੀ, ਅਧਿਆਪਕ ਸਿੱਖਿਆ 2030 ਤੱਕ ਹੌਲੀ-ਹੌਲੀ ਬਹੁਵਿਸ਼ਾਵੀ ਮਹਾਂਵਿਦਿਆਲਿਆਂ ਅਤੇ ਵਿਸ਼ਵਵਿਦਿਆਲਿਆਂ ਵਿੱਚ ਕਰ ਦਿੱਤੀ ਜਾਵੇਗੀ। ਜਿਵੇਂ-ਜਿਵੇਂ ਮਹਾਂਵਿਦਿਆਲੇ ਤੇ ਵਿਸ਼ਵਵਿਦਿਆਲੇ ਬਹੁਵਿਸ਼ਾਵੀ ਬਣਨ ਵੱਲ ਵਧਣਗੇ, ਇਹਨਾਂ ਵਿੱਚ ਸਿਸ, ਉਸਿਸ (ਉਤਰ ਸਿੱਖਿਆ ਸਨਾਤਕ, ਐੱਮ.ਐੱਡ), ਅਤੇ ਦਅ (ਦਰਸ਼ਨ ਅਚਾਰੀਆ, ਪੀਐਚ.ਡੀ) ਉਪਾਧੀਆਂ ਹਾਸਲ ਕਰਾਉਣ ਵਾਲੇ ਵਿਭਾਗ ਖੋਲ੍ਹਣ ਦਾ ਵੀ ਟੀਚਾ ਹੋਵੇਗਾ।

5.23. ਈਸਵੀ ਸੰਨ 2030 ਤੱਕ, ਅਧਿਆਪਨ ਲਈ ਘੱਟੋ-ਘੱਟ ਉਪਾਧੀ ਯੋਗਤਾ 4-ਸਾਲਾ ਅਖੰਡ ਸਿਸ ਉਪਾਧੀ ਹੋਵੇਗੀ ਜਿਸ ਵਿੱਚ ਗਿਆਨਵੀ ਵਿਸ਼ਾ-ਵਸਤ ਦੇ ਵੱਡੇ ਦਾਇਰੇ ਅਤੇ ਸਿੱਖਿਆ-ਵਿਧੀ ਬਾਰੇ ਪੜ੍ਹਾਇਆ ਜਾਵੇਗਾ ਅਤੇ ਜਿਸ ਵਿੱਚ ਸਥਾਨੀ ਪਾਠਸ਼ਾਲਾਵਾਂ ਵਿੱਚ ਵਿਦਿਆਰਥੀ-ਪੜ੍ਹਾਈ ਦੇ ਰੂਪ ਵਿੱਚ ਤਗੜੀ ਵਿਹਾਰੀ ਸਿਖਲਾਈ ਸ਼ਾਮਲ ਹੋਵੇਗੀ। ਜਿਹੜੀਆਂ ਬਹੁਵਿਸ਼ਾਵੀ ਸੰਸਥਾਵਾਂ 4-ਸਾਲਾ ਅਖੰਡ ਸਿਸ ਕਰਾਉਣਗੀਆਂ ਉਹ ਦੋ-ਸਾਲਾ ਸਿਸ ਕਾਰਜਕ੍ਰਮ ਵੀ ਹਾਸਲ ਕਾਰਉਣਗੀਆਂ, ਤੇ ਇਹ ਉਹਨਾਂ ਲਈ ਹੋਵੇਗਾ ਜਿਨ੍ਹਾਂ ਦੂਜੇ ਵਿਸ਼ੇਸੱਗਤਾ-ਮੁਖੀ ਵਿਸ਼ਿਆਂ ਵਿੱਚ ਸਨਾਤਕ ਉਪਾਧੀ ਹਾਸਲ ਕੀਤੀ ਹੋਈ ਹੋਵੇਗੀ। ਇਹ ਸਿਸ ਕਾਰਜਕ੍ਰਮ 1-ਸਾਲਾ ਸਿਸ ਕਾਰਜਕ੍ਰਮ ਵੱਜੋਂ ਵੀ ਢੁੱਕਵੇਂ ਰੂਪ ਵਿੱਚ ਢਾਲੇ ਜਾ ਸਕਦੇ ਹਨ, ਅਤੇ ਇਹ ਉਹਨਾਂ ਲਈ ਹੀ ਹੋਣਗੇ ਜਿਨ੍ਹਾਂ ਨੇ 4-ਸਾਲਾ ਬਹੁਵਿਸ਼ਾਵੀ ਸਨਾਤਕ ਉਪਾਧੀ ਦੇ ਬਰਾਬਰ ਪੂਰਾ ਕਰ ਲਿਆ ਹੋਵੇ ਜਾਂ ਜਿਨ੍ਹਾਂ ਨੇ ਕਿਸੇ ਵਿਸ਼ੇਸ਼ੱਗਤਾ ਵਿੱਚ ਉਤਰ-ਸਨਾਤਕ ਉਪਾਧੀ ਹਾਸਲ ਕਰ ਲਈ ਹੋਵੇ

ਤੇ ਉਸ ਵਿਸ਼ੇਸ਼ੱਗਤਾ ਵਿੱਚ ਵਿਸ਼ਾ ਅਧਿਆਪਕ ਬਣਨਾ ਚਾਹੁੰਦੇ ਹਨ। ਇਹ ਸਾਰੀਆਂ ਸਿਸ ਉਪਾਧੀਆਂ 4-ਸਾਲਾ ਅਖੰਡ ਸਿਸ ਕਾਰਜਕ੍ਰਮ ਹਾਸਲ ਕਰਾਉਣ ਵਾਲੀਆਂ ਅੰਕਾਈਆਂ (ਅਕਰੈਡਿਟਿਡ) ਬਹੁਵਿਸ਼ਾਵੀ ਉਚੇਰੀ ਸਿੱਖਿਆ ਸੰਸਥਾਵਾਂ ਕਰਾਉਣਗੀਆਂ। 4-ਸਾਲਾ ਜਮਾਤੀ ਹਾਜਰੀ ਵਾਲਾ ਅਖੰਡ ਸਿਸ ਕਾਰਜਕ੍ਰਮ ਕਰਾਉਣ ਵਾਲੀਆਂ ਅਤੇ ਖੁਲ੍ਹਾ ਦੂਰਵਰਤੀ ਸਿੱਖਣ (ਖੁਦੂਸਿ, ਓਡੀਐਲ) ਲਈ ਅੰਕਾਈਆਂ ਬਹੁਵਿਸ਼ਾਵੀ ਉਚੇਰੀ ਸਿੱਖਿਆ ਸੰਸਥਾਵਾਂ ਦੁਰੇਡੇ ਜਾਂ ਔਖੀ ਪਹੁੰਚ ਵਾਲੇ ਸਥਾਨਾਂ ਦੇ ਵਿਦਿਆਰਥੀਆਂ ਨੂੰ ਤੇ ਸੇਵਾ-ਅੰਦਰਲੇ ਅਧਿਆਪਕਾਂ ਜਿਹੜੇ ਆਪਣੀ ਯੋਗਤਾ ਵਧਾਉਣਾ ਚਾਹੁੰਦੇ ਹਨ ਉਹਨਾਂ ਨੂੰ ਉੱਚ-ਗੁਣਵੱਤਾ ਵਾਲੇ ਸਿਸ ਕਾਰਜਕ੍ਰਮ ਰਲਵੇਂ (ਬਲੈਂਡਿਡ) ਜਾਂ ਖੁਦੂਸਿ ਰੂਪ ਵਿੱਚ ਵੀ ਹਾਸਲ ਕਰਾ ਸਕਦੀਆਂ ਹਨ; ਇਸ ਵਿੱਚ ਸਲਾਹਕਾਰੀ ਲਈ ਅਤੇ ਕਾਰਜਕ੍ਰਮ ਦੀ ਵਿਹਾਰੀ-ਸਿਖਲਾਈ ਅਤੇ ਵਿਦਿਆਰਥੀ-ਅਧਿਆਪਕ ਘਟਕਾਂ ਲਈ ਢੁੱਕਵੇਂ ਤਗੜੇ ਪ੍ਰਬੰਧ ਹੋਣਗੇ।

5.24. ਸਾਰੇ ਸਿਸ ਕਾਰਜਕ੍ਰਮਾਂ ਵਿੱਚ ਸਿੱਖਿਆ-ਵਿਧੀ ਦੀਆਂ ਸਮਾਂ-ਸਿੱਧ ਅਤੇ ਬਿਲਕੁਲ ਹਾਲੀਆ ਤਕਨੀਕਾਂ ਸ਼ਾਮਲ ਹੋਣਗੀਆਂ, ਜਿਸ ਵਿੱਚ ਨੀਂਹਵੀਂ ਸਾਖਰਤਾ ਤੇ ਅੰਕ-ਗਿਆਨ, ਬਹੁ-ਪੱਧਰੀ ਅਧਿਆਪਨ ਤੇ ਮੁਲਾਂਕਣ, ਅਪੰਗ ਬੱਚਿਆਂ ਨੂੰ ਪੜ੍ਹਾਉਣਾ, ਨਿਵੇਕਲੀਆਂ ਰੁਚੀਆਂ ਅਤੇ ਪ੍ਰਤਿਭਾਵਾਂ ਵਾਲੇ ਬੱਚਿਆਂ ਨੂੰ ਪੜ੍ਹਾਉਣਾ, ਸਿੱਖਿਆ ਤਕਨੀਕੀ ਦੀ ਵਰਤੋਂ, ਅਤੇ ਸਿਖਿਆਰਥੀ-ਮੁਖੀ ਅਤੇ ਸਹਿਯੋਗੀ ਪੜ੍ਹਾਈ ਦੀ ਸਿੱਖਿਆ-ਵਿਧੀ ਸ਼ਾਮਲ ਹੋਵੇਗੀ। ਸਾਰੇ ਸਿਸ ਕਾਰਜਕ੍ਰਮਾਂ ਵਿੱਚ ਸਥਾਨੀ ਪਾਠਸ਼ਾਲਾਵਾਂ ਵਿੱਚ ਜਮਾਤ-ਕਮਰੇ ਅੰਦਰਲੇ ਅਧਿਆਪਨ ਦੇ ਰੂਪ ਵਿੱਚ ਤਗੜੀ ਵਿਹਾਰੀ ਸਿਖਲਾਈ ਸ਼ਾਮਲ ਹੋਵੇਗੀ। ਸਾਰੇ ਸਿਸ ਕਾਰਜਕ੍ਰਮ ਕਿਸੇ ਵੀ ਵਿਸ਼ੇ ਦੀ ਪੜ੍ਹਾਈ ਵੇਲੇ ਜਾਂ ਕੋਈ ਵੀ ਹੋਰ ਸਰਗਰਮੀ ਕਰਨ ਵੇਲੇ ਦੂਜੀਆਂ ਸੰਵਿਧਾਨੀ ਵਿਵਸਥਾਵਾਂ ਦੇ ਨਾਲ-ਨਾਲ ਭਾਰਤੀ ਸੰਵਿਧਾਨ ਵਿਚਲੇ ਮੂਲ ਕਰਤਵਾਂ (ਧਾਰਾ 51) ਦੇ ਅਮਲ 'ਤੇ ਜ਼ੋਰ ਦੇਣਗੇ। ਇਸ ਵਿੱਚ ਵਾਤਾਵਰਣ ਜਾਗਰੂਕਤਾ ਤੇ ਇਸ ਦੀ ਸੰਭਾਲ ਪ੍ਰਤੀ ਸੰਵੇਦਨਸ਼ੀਲਤਾ ਅਤੇ ਹੰਢਣਸਾਰ ਵਿਕਾਸ ਵੀ ਸ਼ਾਮਲ ਹੋਣਗੇ, ਤਾਂ ਕਿ ਵਾਤਾਵਰਣ ਸਿੱਖਿਆ ਪਾਠਸ਼ਾਲਾ ਪਾਠਕ੍ਰਮ ਦਾ ਪੱਕਾ ਹਿੱਸਾ ਬਣ ਜਾਵੇ।

5.25. ਸਥਾਨੀ ਕਿੱਤਿਆਂ, ਗਿਆਨ, ਅਤੇ ਹੁਨਰਾਂ, ਜਿਵੇਂ ਕਿ ਸਥਾਨੀ ਕਲਾ, ਸੰਗੀਤ, ਖੇਤੀਬਾੜੀ, ਵਣਜ-ਵਪਾਰ, ਖੇਡਾਂ, ਲੁਹਾਰਾ ਕੰਮ, ਅਤੇ ਹੋਰ ਕਿੱਤਾਮੁਖੀ ਦਸਤਕਾਰੀਆਂ ਦੀ ਤਰੱਕੀ ਦੇ ਉਦੇਸ਼ ਹਿੱਤ, ਬਅਸਿਸ (ਬਲਾਕ ਅਧਿਆਪਕ ਸਿੱਖਿਆ ਸੰਸਥਾ), ਜ਼ਿਸਿਸਿਸ (ਜ਼ਿਲਾ ਸਿੱਖਿਆ ਤੇ ਸਿਖਲਾਈ ਸੰਸਥਾ), ਜਾਂ ਪਾਠਸ਼ਾਲਾ-ਸਮੂਹਾਂ ਵਿੱਚ ਹੀ ਵਿਸ਼ੇਸ਼ ਥੋੜ-ਚਿਰੇ ਸਥਾਨੀ ਅਧਿਆਪਕ ਸਿੱਖਿਆ ਕਾਰਜਕ੍ਰਮ ਉਹਨਾਂ ਉੱਘੇ ਸਥਾਨੀ ਵਿਅਕਤੀਆਂ ਲਈ ਵੀ ਹਾਸਲ ਹੋਣਗੇ ਜਿਹੜੇ ਪਾਠਸ਼ਾਲਾਵਾਂ ਜਾਂ ਪਾਠਸ਼ਾਲਾ-ਸਮੂਹਾਂ ਵਿੱਚ  ਇਹ ਕਿੱਤੇ ਪੜ੍ਹਾਉਣ ਲਈ ਭਰਤੀ ਕੀਤੇ ਜਾ ਸਕਦੇ ਹਨ।

5.26. ਥੋੜ-ਚਿਰੇ ਉਤਰ-ਸਿਸ ਪ੍ਰਮਾਣਪੱਤਰੀ ਕੋਰਸ ਵੀ ਬਹੁਵਿਸ਼ਾਵੀ ਮਹਾਂਵਿਦਿਆਲਿਆਂ ਅਤੇ ਵਿਸ਼ਵਵਿਦਿਆਲਿਆਂ ਵਿੱਚ ਵੱਡੀ ਪੱਧਰ 'ਤੇ ਹਾਸਲ ਕਰਾਏ ਜਾਣਗੇ; ਇਹ ਉਹਨਾਂ ਅਧਿਆਪਕਾਂ ਲਈ ਹੋਣਗੇ ਜਿਹੜੇ ਵਧੇਰੇ ਵਿਸ਼ੇਸ਼ੱਗਤਾ ਵਾਲੇ ਖੇਤਰਾਂ ਦੇ ਅਧਿਆਪਨ, ਜਿਵੇਂ ਕਿ ਅਪੰਗ ਵਿਦਿਆਰਥੀਆਂ ਨੂੰ ਪੜ੍ਹਾਉਣਾ, ਜਾਂ ਪਾਠਸ਼ਾਲਾ ਪ੍ਰਣਾਲੀ ਵਿਚਲੀਆਂ ਅਗਵਾਈ ਤੇ ਪ੍ਰਬੰਧ ਵਾਲੀਆਂ ਥਾਵਾਂ 'ਤੇ ਜਾਣਾ ਚਾਹੁੰਦੇ ਹਨ, ਜਾਂ ਨੀਂਹਵੀਂ, ਤਿਆਰੀ-ਕਾਲੀ, ਮੱਧਲੀ, ਅਤੇ ਦੁਜਾਵੀ ਪੱਧਰ ਵਿੱਚੋਂ ਇੱਕ ਤੋਂ ਦੂਜੀ ਪੱਧਰ ਵਿੱਚ ਜਾਣਾ ਚਾਹੁੰਦੇ ਹਨ।

5.27.  ਇਹ ਮੰਨਿਆਂ ਜਾਂਦਾ ਹੈ ਕਿ ਵਿਸ਼ੇਸ਼ ਵਿਸ਼ੇ ਪੜ੍ਹਾਉਣ ਲਈ ਕੌਮਾਂਤਰੀ ਪੱਧਰ 'ਤੇ ਸਿੱਖਿਆ-ਵਿਧੀ ਨਾਲ ਸਬੰਧਤ ਕਈ ਪਹੁੰਚਾਂ ਹੋ ਸਕਦੀਆਂ ਹਨ; ਕੌਸਿਖੋਸਿਪ ਵੱਖ-ਵੱਖ ਵਿਸ਼ੇ ਪੜ੍ਹਾਉਣ ਲਈ ਸਿੱਖਿਆ-ਵਿਧੀ ਬਾਰੇ ਭਾਂਤ-ਭਾਂਤ ਦੀਆਂ ਕੌਮਾਂਤਰੀ ਪਹੁੰਚਾਂ ਦਾ ਅਧਿਐਨ, ਖੋਜ, ਦਸਤਵੇਜੀਕਰਣ, ਤੇ ਭੰਡਾਰੀਕਰਣ ਕਰੇਗੀ ਅਤੇ ਸਿਫ਼ਾਰਿਸ਼ਾਂ ਕਰੇਗੀ ਕਿ ਇਹਨਾਂ ਤੋਂ ਕੀ ਸਿੱਖਿਆ ਜਾ ਸਕਦਾ ਹੈ ਤੇ ਇਹਨਾਂ ਵਿੱਚੋਂ ਕੀ ਭਾਰਤ ਵਿੱਚ ਅਪਣਾਈਆਂ ਹੋਈਆਂ ਸਿੱਖਿਆ-ਵਿਧੀਆਂ ਵਿੱਚ ਆਤਮਸਾਤ ਕੀਤਾ ਜਾ ਸਕਦਾ ਹੈ।

5.28. ਈਸਵੀ ਸੰਨ 2021 ਤੱਕ, ਕੌਅਸਿਪ ਕੌਸਿਖੋਸਿਪ ਨਾਲ ਸਲਾਹ-ਮਸ਼ਵਰੇ ਨਾਲ ਕੌਮੀ ਸਿੱਖਿਆ ਨੀਤੀ 2020 ਦੇ ਸਿਧਾਂਤਾ ਦੇ ਆਧਾਰ 'ਤੇ, ਇੱਕ ਨਵੀਂ ਤੇ ਸੰਪੂਰਨ 'ਅਧਿਆਪਕ ਸਿੱਖਿਆ ਲਈ ਕੌਮੀ ਪਾਠਕ੍ਰਮ ਰੂਪ-ਰੇਖਾ'

'ਕੌਅਸਿਪਾਰੂ (ਕੌਮੀ ਅਧਿਆਪਕ ਸਿੱਖਿਆ ਪਾਠਕ੍ਰਮ ਰੂਪ-ਰੇਖਾ) 2021, ਸੂਤਰਬੰਦ ਕਰੇਗੀ। ਇਹ ਰੂਪ-ਰੇਖਾ ਸਾਰੇ ਭਾਈਵਾਲਾਂ ਜਿਸ ਵਿੱਚ ਰਾਜ ਸਰਕਾਰਾਂ, ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲੇ/ਵਿਭਾਗ ਅਤੇ ਵੱਖ-ਵੱਖ ਮਾਹਰ ਸੰਗਠਨ ਸ਼ਾਮਲ ਹਨ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਵਿਕਸਤ ਕੀਤੀ ਜਾਵੇਗੀ ਅਤੇ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਹਾਸਲ ਕਰਾਈ ਜਾਵੇਗੀ। ਕੌਅਸਿਪਾਰੂ 2021 ਕਿੱਤਾਮੁਖੀ ਸਿੱਖਿਆ ਲਈ ਅਧਿਆਪਕ ਸਿੱਖਿਆ ਪਾਠਕ੍ਰਮ ਦੀਆਂ ਲੋੜਾਂ ਦਾ ਜਾਇਜ਼ਾ ਵੀ ਲਵੇਗੀ। ਇਸ ਤੋਂ ਬਾਅਦ, ਕੌਅਸਿਪਾਰੂ ਹਰ 5-10 ਸਾਲ ਬਾਅਦ ਇਸ ਤਰ੍ਹਾਂ ਸੋਧੀ ਜਾਇਆ ਕਰੇਗੀ ਕਿ ਇਹ ਸੋਧੇ ਕੌਪਾਰੂਆਂ ਵਿਚਲੇ ਬਦਲਾਅ ਅਤੇ ਅਧਿਆਪਕ ਸਿੱਖਿਆ ਵਿੱਚ ਉੱਭਰਦੀਆਂ ਨਵੀਆਂ ਲੋੜਾਂ ਨੂੰ ਦਰਸਾਏ।

5.29. ਅੰਤ 'ਤੇ, ਅਧਿਆਪਕ ਸਿੱਖਿਆ ਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ, ਦੇਸ ਵਿੱਚ ਚੱਲਦੀਆਂ ਨੀਵੀਂ-ਪੱਧਰ ਦੀਆਂ ਕੱਲੀਆਂ-ਕਾਰੀਆਂ ਅਧਿਆਪਕ ਸਿੱਖਿਆ ਸੰਸਥਾਵਾਂ ਵਿਰੁੱਧ ਕਠੋਰ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਲੋੜ ਪੈਣ 'ਤੇ ਬੰਦ ਕਰਨਾ ਵੀ ਸ਼ਾਮਲ ਹੋਵੇਗਾ।

## 6. ਸਭ ਲਈ ਇੱਕ-ਸਮਾਨ ਤੇ ਭਾਈਵਾਲਤਾ ਵਾਲੀ ਸਿੱਖਿਆ: ਸਭ ਲਈ ਸਿੱਖਣਾ

6.1. ਸਮਾਜੀ ਨਿਆਂ ਤੇ ਸਮਾਨਤਾ ਹਾਸਲ ਕਰਨ ਲਈ ਸਿੱਖਿਆ ਇਕੱਲਾ ਸਭ ਤੋਂ ਵੱਡਾ ਸਾਧਨ ਹੈ। ਭਾਈਵਾਲਤਾ ਵਾਲੀ ਅਤੇ ਸਮਾਨ ਸਿੱਖਿਆ ਭਾਵੇਂ ਆਪਣੇ-ਆਪ ਵਿੱਚ ਅਟੱਲ ਉਦੇਸ਼ ਹੈ, ਇਹ ਭਾਈਵਾਲਤਾ ਵਾਲੇ ਤੇ ਸਮਾਨਤਾ ਵਾਲੇ ਸਮਾਜ ਦੀ ਪ੍ਰਾਪਤੀ ਲਈ ਵੀ ਧੁਰੀ ਹੈ, ਅਜਿਹਾ ਸਮਾਜ ਜਿਸ ਵਿੱਚ ਹਰ ਨਾਗਰਿਕ ਸੁਪਨੇ ਲੈ ਸਕਦਾ ਹੋਵੇ, ਮੌਲ ਸਕਦਾ ਹੋਵੇ, ਤੇ ਦੇਸ ਲਈ ਯੋਗਦਾਨ ਪਾ ਸਕਦਾ ਹੋਵੇ। ਸਿੱਖਿਆ ਪ੍ਰਣਾਲੀ ਦਾ ਟੀਚਾ ਬੱਚਿਆਂ ਦੀ ਇਸ ਤਰ੍ਹਾਂ ਭਲਾਈ ਹੋਵੇ ਕਿ ਕੋਈ ਬੱਚਾ ਜਨਮ ਜਾਂ ਪਿਛੋਕੜ ਦੀਆਂ ਹਾਲਤਾਂ ਕਰਕੇ ਸਿੱਖਣ ਤੇ ਅੱਗੇ ਵਧਣ ਦਾ ਕੋਈ ਮੌਕਾ ਨਾ ਗੁਆ ਲਵੇ। ਇਹ ਨੀਤੀ ਮੁੜ ਪੱਕਿਆਂ ਕਰਦੀ ਹੈ ਕਿ ਪਾਠਸ਼ਾਲਾ ਸਿੱਖਿਆ ਤੱਕ ਪਹੁੰਚ, ਹਿੱਸੇਦਾਰੀ, ਅਤੇ ਸਿੱਖਣ ਪ੍ਰਾਪਤੀਆਂ ਵਿਚਲੇ ਸਮਾਜੀ ਦਰਜਾਬੰਦੀ ਪਾੜਿਆਂ ਨੂੰ ਪੂਰਨਾ ਸਿੱਖਿਆ ਖੇਤਰ ਦੇ ਸਾਰੇ ਵਿਕਾਸ ਕਾਰਜਕ੍ਰਮਾਂ ਦੇ ਪਹਿਲੇ ਉਦੇਸ਼ਾਂ ਵਿੱਚ ਰਹੇਗਾ। ਇਸ ਪਾਠ ਨੂੰ ਪਾਠ 14 ਨਾਲ ਮਿਲਾ ਕੇ ਪੜ੍ਹਿਆ ਜਾ ਸਕਦਾ ਹੈ ਜਿਸ ਵਿੱਚ ਉਚੇਰੀ ਸਿੱਖਿਆ ਵਿੱਚ ਸਮਾਨਤਾ ਅਤੇ ਭਾਈਵਾਲਤਾ ਨੂੰ ਵਿਚਾਰਿਆ ਗਿਆ ਹੈ।

6.2. ਭਾਵੇਂ ਕਿ ਭਾਰਤੀ ਸਿੱਖਿਆ ਪ੍ਰਣਾਲੀ ਤੇ ਲਗਾਤਾਰ ਵਾਰੀ-ਵਾਰੀ ਦੀਆਂ ਸਰਕਾਰ ਦੀਆਂ ਨੀਤੀਆਂ ਨੇ ਪਾਠਸ਼ਾਲਾ ਸਿੱਖਿਆ ਦੇ ਹਰ ਪੱਧਰ ‘ਤੇ ਲਿੰਗ ਅਤੇ ਸਮਾਜ-ਸ਼੍ਰੇਣੀ ਪਾੜੇ ਪੂਰਨ ਵਿੱਚ ਅਡੋਲ ਤਰੱਕੀ ਕੀਤੀ ਹੈ, ਪਰ ਹਾਲੇ ਵੀ ਵੱਡੀਆਂ ਅਸਮਾਨਤਾਵਾਂ ਖਲੋਤੀਆਂ ਹਨ - ਖਾਸ ਤੌਰ 'ਤੇ ਦੂਜੇ ਪੱਧਰ 'ਤੇ - ਖਾਸ ਤੌਰ 'ਤੇ ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਸਮੂਹਾਂ ਲਈ ਜਿਨ੍ਹਾਂ ਦੀ ਸਿੱਖਿਆ ਵਿੱਚ ਹਿੱਸੇਦਾਰੀ ਇਤਿਹਾਸੀ ਤੌਰ 'ਤੇ ਨੀਵੀਂ ਰਹੀ ਹੈ। 'ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਸਮੂਹਾਂ' (ਸ-ਅਵੰਸਾਂ) ਦਾ ਸ਼੍ਰੇਣੀਕਰਣ ਮੋਟੇ ਤੌਰ 'ਤੇ ਇਹਨਾਂ ਅਧਾਰਾਂ 'ਤੇ ਕੀਤਾ ਜਾ ਸਕਦਾ ਹੈ: ਲਿੰਗ ਪਛਾਣਾਂ (ਖਾਸ ਤੌਰ 'ਤੇ ਇਸਤਰੀ ਤੇ ਪਾਰ-ਲਿੰਗ (ਟਰਾਂਸਜੈਂਡਰ) ਵਿਅਕਤੀ), ਸਮਾਜ-ਸੱਭਿਆਚਾਰੀ ਪਛਾਣਾਂ (ਜਿਵੇਂ ਅਨੁਸੂਚੀਆਂ ਜਾਤੀਆਂ, ਅਨੁਸੂਚੇ ਕਬੀਲੇ, ਦੂਪੱਜ (ਓਬੀਸੀਜ਼), ਅਤੇ ਘੱਟ-ਗਿਣਤੀਆਂ), ਭੂਗੋਲੀ ਪਛਾਣਾਂ (ਜਿਵੇਂ ਪਿੰਡਾਂ, ਛੋਟੇ ਕਸਬਿਆਂ, ਅਤੇ ਪ੍ਰੇਰਨੀ (ਐਸਪੀਰੈਸ਼ਨਲ) ਜ਼ਿਲ੍ਹੇ), ਅਪੰਗਤਾਵਾਂ (ਸਿੱਖਣ ਅਪੰਗਤਾਵਾਂ ਸਮੇਤ), ਅਤੇ ਸਮਾਜਿਕ-ਆਰਥਿਕ ਹਾਲਤਾਂ (ਜਿਵੇਂ ਪਰਵਾਸੀ ਸਮੂਹ, ਘੱਟ-ਆਮਦਨ ਪਰਿਵਾਰ, ਮਾਰਾਂ ਹੇਠ ਬੱਚੇ, ਅਵੈਧ-ਵਪਾਰ ਦੇ ਪੀੜਤ ਜਾਂ ਪੀੜਤਾਂ ਦੇ ਬੱਚੇ, ਅਨਾਥ ਜਿਨ੍ਹਾਂ ਵਿੱਚ ਸ਼ਹਿਰੀ ਖੇਤਰਾਂ ਦੇ ਭਿਖਾਰੀ ਵੀ ਹਨ, ਅਤੇ ਸ਼ਹਿਰੀ ਗ਼ਰੀਬ)। ਭਾਵੇਂ ਕਿ ਪਾਠਸ਼ਾਲਾ ਵਿੱਚ ਦਾਖ਼ਲੇ ਜਮਾਤ-1 ਤੋਂ ਜਮਾਤ-12 ਤੱਕ ਸਭ ਲਈ ਲਗਾਤਾਰ ਘਟਦੇ ਹਨ, ਪਰ ਦਾਖ਼ਲਿਆਂ ਦਾ ਇਹ ਘਟਣਾ ਸਅਵੰਸਾਂ ਲਈ ਕਿਧਰੇ ਵੱਧ ਦਿੱਸਦਾ ਹੈ, ਤੇ ਇਹਨਾਂ ਸਅਵੰਸਾਂ ਵਿੱਚੋਂ ਵੀ ਹਰ ਇੱਕ ਵਿੱਚ ਇਸਤਰੀ ਵਿਦਿਆਰਥੀਆਂ ਲਈ ਦਾਖ਼ਲਿਆਂ ਦਾ ਘਟਣਾ ਹੋਰ ਵੀ ਵੱਧ ਹੈ ਅਤੇ ਉਚੇਰੀ ਸਿੱਖਿਆ ਵਿੱਚ ਇਸ ਦੀ ਦਰ ਹੋਰ ਵੀ ਇਕਦਮ ਚੜ੍ਹ ਜਾਂਦੀ ਹੈ। ਜਿਹੜੇ ਸਅਵੰਸ ਸਮਾਜ-ਸੱਭਿਆਚਾਰੀ ਪਛਾਣਾਂ ਦਾ ਹਿੱਸਾ ਹਨ ਉਹਨਾਂ ਦੀ ਸਥਿਤੀ ਦੀ ਸੰਖੇਪ ਪੜਤਾਲ ਅਗਲੇ ਉਪ-ਭਾਗਾਂ ਵਿੱਚ ਦਿੱਤੀ ਗਈ ਹੈ।

6.2.1. ਇਕਰੂਪ ਜ਼ਿਲਾ ਸਿੱਖਿਆ ਸੂਚਨਾ ਪ੍ਰਣਾਲੀ (ਇਜ਼ਿਸਿਸੂਪ) 2016-17 ਦੇ ਅੰਕੜਿਆਂ ਅਨੁਸਾਰ, ਮੁੱਢਲੀ ਪੱਧਰ 'ਤੇ ਅਨੁਸੂਚੀ ਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ 19.6% ਹੈ, ਪਰ ਇਹ ਉਚੇਰੀ ਦੁਜਾਵੀ ਪੱਧਰ 'ਤੇ 17.3% ਰਹਿ ਜਾਂਦੀ ਹੈ। ਇਹ ਦਾਖਲਿਆਂ ਦਾ ਘਟਣਾ ਅਨੁਸੂਚਿਤ ਕਬੀਲਿਆਂ (10.6% ਤੋਂ 6.8%), ਅਤੇ ਵਿਕਲਪੀ-ਯੋਗਤਾ ਵਾਲੇ ਬੱਚਿਆਂ (1.1% ਤੋਂ 0.25%) ਲਈ ਹੋਰ ਵੀ ਤਿੱਖਾ ਹੈ, ਤੇ ਇਹਨਾਂ ਸਮੂਹਾਂ ਦੇ ਇਸਤਰੀ ਵਿਦਿਆਰਥੀਆਂ ਲਈ ਹੋਰ ਵੀ ਵੱਡਾ ਹੈ। ਦਾਖ਼ਲਿਆਂ ਦਾ ਘਟਣਾ ਉਚੇਰੀ ਸਿੱਖਿਆ ਵਿੱਚ ਹੋਰ ਵੀ ਤਿੱਖਾ ਹੈ।

6.2.2. ਕਈ ਤਰ੍ਹਾਂ ਦੇ ਕਾਰਕਾਂ, ਜਿਵੇਂ ਚੰਗੀਆਂ ਪਾਠਸ਼ਾਲਾਵਾਂ ਤੱਕ ਪਹੁੰਚ ਦੀ ਘਾਟ, ਗ਼ਰੀਬੀ, ਸਮਾਜੀ ਲੋਕਾਚਾਰ ਤੇ ਰਹੁ-ਰੀਤਾਂ, ਅਤੇ ਭਾਸ਼ਾ, ਨੇ ਅਨੁਸੂਚੀਆਂ ਜਾਤੀਆਂ ਦੇ ਦਾਖ਼ਲਿਆਂ ਤੇ ਨਿਰੰਤਰਤਾ ਦਰਾਂ 'ਤੇ ਹਾਨੀਕਾਰੀ ਪ੍ਰਭਾਵ ਪਾਇਆ ਹੈ। ਅਨੁਸੂਚੀਆਂ ਜਾਤੀਆਂ ਦੇ ਬੱਚਿਆਂ ਦੀ ਪਹੁੰਚ, ਹਿੱਸੇਦਾਰੀ, ਅਤੇ ਸਿੱਖਣ ਪ੍ਰਾਪਤੀਆਂ ਦੇ ਪਾੜੇ ਨੂੰ ਪੂਰਨਾ ਮੁੱਖ ਉਦੇਸ਼ਾਂ ਵਿੱਚੋਂ ਰਹੇਗਾ। ਇਸ ਦੇ ਨਾਲ, ਦੂਜੀਆਂ ਪੱਛੜੀਆਂ ਸ਼੍ਰੇਣੀਆਂ (ਦੂਪੱਸ਼ਾਂ) ਜਿਨ੍ਹਾਂ ਦੀ ਇਤਿਹਾਸੀ ਤੌਰ 'ਤੇ ਸਮਾਜੀ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਪੱਛੜੇ ਹੋਣ ਵੱਜੋਂ ਪਛਾਣ ਕੀਤੀ ਗਈ ਹੈ ਉਹਨਾਂ ਵੱਲ ਵੀ ਉਚੇਚੇ ਧਿਆਨ ਦੀ ਲੋੜ ਹੈ।

6.2.3. ਵੱਖ-ਵੱਖ ਇਤਿਹਾਸੀ ਅਤੇ ਭੂਗੋਲੀ ਕਾਰਣਾਂ ਕਰਕੇ ਆਦਿਵਾਸੀ ਸਮੂਹ ਅਤੇ ਅਨੁਸੂਚੇ ਕਬੀਲੀਆਂ ਦੇ ਬੱਚਿਆਂ ਨੂੰ ਵੀ ਵੱਖ-ਵੱਖ ਪੱਧਰਾਂ 'ਤੇ ਘਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਦਿਵਾਸੀ ਸਮੂਹਾਂ ਦੇ ਬੱਚਿਆਂ ਨੂੰ ਆਪਣੀ ਪਾਠਸ਼ਾਲਾ ਸਿੱਖਿਆ ਸੱਭਿਆਚਾਰੀ ਅਤੇ ਪੀਠੀ ਤੌਰ 'ਤੇ ਅਕਸਰ ਬੇਲੋੜੀ ਅਤੇ ਉਹਨਾਂ ਦੇ ਜੀਵਨ ਲਈ ਓਪਰੀ ਲੱਗਦੀ ਹੈ। ਆਦਿਵਾਸੀ ਸਮੂਹਾਂ ਦੇ ਬੱਚਿਆਂ ਨੂੰ ਉੱਚਾ ਚੁੱਕਣ ਲਈ ਭਾਵੇਂ ਕਿ ਕਈ ਕਾਰਜਕ੍ਰਮੀ ਦਖ਼ਲ ਹੁੰਦੇ ਹਨ, ਤੇ ਚੱਲਦੇ ਰਹਿਣਗੇ, ਪਰ ਇਹ ਯਕੀਨੀ ਬਨਾਉਣ ਲਈ ਕਿ ਆਦਿਵਾਸੀ ਸਮੂਹਾਂ ਦੇ ਬੱਚੇ ਇਹਨਾਂ ਦਖ਼ਲਾਂ ਦੇ ਲਾਭ ਹਾਸਲ ਕਰਨ, ਵਿਸ਼ੇਸ਼ ਢੰਗ-ਤਰੀਕੇ ਅਪਨਾਉਣ ਦੀ ਲੋੜ ਹੈ।

6.2.4. ਪਾਠਸ਼ਾਲਾ ਅਤੇ ਉਚੇਰੀ ਸਿੱਖਿਆ ਵਿੱਚ ਘੱਟ-ਗਿਣਤੀਆਂ ਦੀ ਗਿਣਤੀ ਵੀ ਸਪੇਖੀ ਤੌਰ 'ਤੇ ਨੀਵੀਂ ਹੈ। ਇਹ ਨੀਤੀ ਸਾਰੀਆਂ ਘੱਟ-ਗਿਣਤੀਆਂ ਦੇ ਬੱਚਿਆਂ ਦੀ ਸਿੱਖਿਆ ਦੀ ਤਰੱਕੀ ਲਈ ਦਖ਼ਲਾਂ ਦੀ ਮਹੱਤਾ ਨੂੰ ਸਵੀਕਾਰ ਕਰਦੀ ਹੈ, ਖਾਸ ਤੌਰ 'ਤੇ ਉਹਨਾਂ ਘੱਟ-ਗਿਣਤੀਆਂ ਦੀ ਜਿਨ੍ਹਾਂ ਦੀ ਸਿੱਖਿਆ ਦੇ ਪੱਖੋਂ ਗਿਣਤੀ ਨੀਂਵੀਂ ਹੈ।

6.2.5. ਇਹ ਨੀਤੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (ਵਿਲੋਵਾਬ) ਜਾਂ ਦਿਵਿਆਂਗਾਂ ਨੂੰ ਵੀ ਕਿਸੇ ਵੀ ਹੋਰ ਬੱਚੇ ਵਾਂਗ ਗੁਣਵੱਤਾ ਵਾਲੀ ਸਿੱਖਿਆ ਹਾਸਲ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਯੋਗ-ਬਨਾਉਣ ਵਾਲੇ ਢੰਗ-ਤਰੀਕਿਆਂ ਦੀ ਸਿਰਜਣਾ ਦੀ ਮਹੱਤਾ ਸਵੀਕਾਰ ਕਰਦੀ ਹੈ।

6.2.6. ਪਾਠਸ਼ਾਲਾ ਸਿੱਖਿਆ ਵਿਚਲੇ ਸਮਾਜ-ਸ਼੍ਰੇਣੀ ਪਾੜੇ ਘਟਾਉਣ 'ਤੇ ਇਕਾਗਰ ਧਿਆਨ ਲਈ ਅਗਲੇਰੇ ਉਪਭਾਗਾਂ ਵਿੱਚ ਉਲੀਕੀਆਂ ਵੱਖ ਰਣਨੀਤੀਆਂ ਘੜੀਆਂ ਜਾਣਗੀਆਂ।

6.3. ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ (ਮੁਬਾਦੇਸਿ), ਨੀਂਹਵੀਂ ਸਾਖਰਤਾ ਤੇ ਅੰਕ-ਗਿਆਨ, ਪਹੁੰਚ, ਦਾਖ਼ਲਾ ਅਤੇ ਹਾਜ਼ਰੀ, ਬਾਰੇ ਨਿਰਣੇਕਾਰੀ ਸਮੱਸਿਆਵਾਂ ਅਤੇ ਸਿਫਾਰਿਸ਼ਾਂ ਜਿੰਨ੍ਹਾਂ 'ਤੇ ਪਾਠ 1-3 ਵਿੱਚ ਵਿਚਾਰ ਕੀਤਾ ਗਿਆ ਹੈ, ਨੀਂਵੀ ਗਿਣਤੀ ਅਤੇ ਵੰਚਿਤ ਸਮੂਹਾਂ ਲਈ ਖਾਸ ਤੌਰ 'ਤੇ ਪ੍ਰਸੰਗੀ ਹਨ। ਇਸ ਲਈ, ਪਾਠ 1-3 ਵਾਲੇ ਕਦਮ ਸਅਵਸਾਂ (SEDGs) ਲਈ ਜੁੱਟਵੇਂ ਢੰਗ ਨਾਲ ਚੁੱਕੇ ਜਾਣਗੇ।

6.4. ਇਸ ਦੇ ਨਾਲ, ਟੀਚਾ-ਮੁਖੀ ਵਜ਼ੀਫੇ, ਬੱਚਿਆਂ ਨੂੰ ਪਾਠਸ਼ਾਲਾ ਘੱਲਣ ਲਈ ਮਾਪਿਆਂ ਨੂੰ ਪ੍ਰੋਤਸਾਹਨ ਵੱਜੋਂ ਨਕਦੀ ਭੁਗਤਾਨ, ਆਉਣ-ਜਾਣ ਲਈ ਸਾਈਕਲ ਦੇਣੇ, ਆਦਿ ਵੱਖ-ਵੱਖ ਸਫ਼ਲ ਨੀਤੀਆਂ ਤੇ ਯੋਜਨਾਵਾਂ ਰਹੀਆਂ ਹਨ ਜਿੰਨ੍ਹਾਂ ਨੇ ਕੁਝ ਖੇਤਰਾਂ ਵਿੱਚ ਪਾਠਸ਼ਾਲਾ ਪ੍ਰਣਾਲੀ ਵਿੱਚ ਸਅਵੰਸਾਂ ਦੀ ਗਿਣਨਯੋਗ ਹਿੱਸੇਦਾਰੀ ਵਧਾਈ ਹੈ। ਇਹਨਾਂ ਸਫ਼ਲ ਨੀਤੀਆਂ ਤੇ ਯੋਜਨਾਵਾਂ ਨੂੰ ਸਾਰੇ ਦੇਸ ਵਿੱਚ ਅਰਥ-ਭਰਪੂਰ ਢੰਗ ਨਾਲ ਅਵੱਸ਼ ਤਗੜਿਆਂ ਕੀਤਾ ਜਾਣਾ ਚਾਹੀਦਾ ਹੈ।

6.5. ਜਿਹੜੀ ਖੋਜ ਪੱਕਾ ਕਰਦੀ ਹੈ ਪਈ ਖਾਸ ਸਅਵੰਸਾਂ ਲਈ ਕਿਹੜੇ ਕਦਮ ਨਤੀਜੇ ਦੇਣ ਵਾਲੇ ਹਨ ਉਸ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੋਵੇਗਾ। ਮਿਸਾਲ ਲਈ, ਸੁਰੱਖਿਆ ਲਾਭਾਂ ਤੇ ਮਾਪਿਆਂ ਨੂੰ ਮਿਲੇ ਅਰਾਮ ਕਰਕੇ ਪਾਠਸ਼ਾਲਾ ਤੱਕ ਪਹੁੰਚ ਹਾਸਲ ਕਰਾਉਣ ਲਈ ਸਾਈਕਲ ਦੇਣੇ ਅਤੇ ਸਾਈਕਲ ਤੇ ਪੈਦਲ ਸਮੂਹ ਬਨਾਉਣੇ ਇਸਤਰੀ ਵਿਦਿਆਰਥੀਆਂ ਦੀ ਹਿੱਸੇਦਾਰੀ ਵਧਾਉਣ ਲਈ ਥੋੜੀ ਦੂਰੀ ਲਈ ਵੀ ਖਾਸ ਤੌਰ 'ਤੇ ਸ਼ਕਤੀਸ਼ਾਲੀ ਵਿਧੀ ਦਿੱਸੀ ਹੈ। ਪਹੁੰਚ ਯਕੀਨੀ ਬਨਾਉਣ ਲਈ, ਇੱਕ-ਨੂੰ-ਇੱਕ ਅਧਿਆਪਕ ਤੇ ਨਿੱਜੀ-ਪੜ੍ਹਾਵੇ (ਟਿਊਟਰਜ਼), ਸਾਥੀ-ਪੜ੍ਹਾਈ, ਖੁਲ੍ਹੀ ਪਾਠਸ਼ਾਲਾ ਪ੍ਰਣਾਲੀ, ਢੁੱਕਵੀਆਂ ਭੌਤਿਕ ਸਹੂਲਤਾਂ, ਅਤੇ ਢੁੱਕਵੇ ਤਕਨੀਕੀ ਦਖ਼ਲ ਅਪੰਗਤਾਵਾਂ ਵਾਲੇ ਕੁਝ ਬੱਚਿਆਂ ਲਈ ਖਾਸ ਤੌਰ 'ਤੇ ਅਸਰਦਾਰ ਹੋ ਸਕਦੇ ਹਨ। ਗੁਣਵੱਤਾ ਭਰਪੂਰ ਮੁਬਾਦੇਸਿ ਹਾਸਲ ਕਰਾਉਣ ਵਾਲੀਆਂ ਪਾਠਸ਼ਾਲਾਵਾਂ ਆਰਥਿਕ ਤੌਰ 'ਤੇ ਵੰਚਿਤ ਪਰਿਵਾਰਾਂ ਦੇ ਬੱਚਿਆਂ ਲਈ ਸਭ ਤੋਂ ਵੱਧ ਲਾਭਕਾਰੀ ਨਤੀਜੇ ਹਾਸਲ ਕਰਦੀਆਂ ਹਨ। ਨਾਲ ਦੀ ਨਾਲ, ਸਲਾਹਕਾਰ ਤੇ/ਜਾਂ ਚੰਗੀ ਸਿਖਲਾਈ ਪ੍ਰਾਪਤ ਸਮਾਜੀ ਕਾਮੇ ਜਿਹੜੇ ਹਾਜ਼ਰੀ ਤੇ ਸਿੱਖਿਆ ਪ੍ਰਾਪਤੀਆਂ ਸੁਧਾਰਨ ਲਈ ਵਿਦਿਆਰਥੀਆਂ, ਮਾਪਿਆਂ, ਪਾਠਸ਼ਾਲਾਵਾਂ, ਅਤੇ ਅਧਿਆਪਕਾਂ ਨਾਲ ਕੰਮ ਕਰਦੇ ਤੇ ਜੁੜਦੇ ਹਨ ਸ਼ਹਿਰੀ ਗ਼ਰੀਬ ਖੇਤਰਾਂ ਵਿਚਲੇ ਬੱਚਿਆਂ ਲਈ ਖਾਸ ਤੌਰ 'ਤੇ ਅਸਰਦਾਰ ਸਾਬਤ ਹੋਏ ਹਨ।

6.6. ਅੰਕੜੇ ਦੱਸਦੇ ਹਨ ਕਿ ਕੁਝ ਭੂਗੋਲੀ ਖੇਤਰਾਂ ਵਿੱਚ ਸਅਵੰਸਾਂ ਦੀ ਗਿਣਤੀ ਦਾ ਅਨੁਪਾਤ ਬੜਾ ਵੱਡਾ ਹੈ। ਨਾਲੇ, ਹੋਰ ਵੀ ਭੂਗੋਲੀ ਥਾਵਾਂ ਹਨ ਜਿੰਨਾਂ ਨੂੰ 'ਪ੍ਰੇਰਨੀ ਜ਼ਿਲਿਆਂ' ਦਾ ਨਾਂ ਦਿੱਤਾ ਗਿਆ ਹੈ ਜਿਨ੍ਹਾਂ ਦੇ ਸਿਖਿਆਵੀ ਵਿਕਾਸ ਦੇ ਵਾਧੇ ਲਈ ਵਿਸ਼ੇਸ਼ ਦਖ਼ਲਾਂ ਦੀ ਲੋੜ ਹੈ। ਇਸ ਕਰਕੇ, ਇਹਨਾਂ ਦਾ ਸਿਖਿਆਵੀ ਚਿੱਤਰ ਬਦਲਣ ਲਈ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਦੇਸ ਦੇ ਸਿਖਿਆ ਪੱਖੋਂ ਵੰਚਿਤ ਸਅਵੰਸਾ ਦੀ ਵੱਡੀ ਜਨ-ਗਿਣਤੀ ਵਾਲੇ ਖੇਤਰਾਂ ਨੂੰ 'ਵਿਸ਼ੇਸ਼ ਸਿੱਖਿਆ ਖੰਡ' (ਵਿਸਿਖ) ਘੋਸ਼ਤ ਕੀਤਾ ਜਾਵੇ, ਜਿੱਥੇ ਸਾਰੀਆਂ ਯੋਜਨਾਵਾਂ ਤੇ ਨੀਤੀਆਂ ਵਧਾਵੇਂ ਸਾਂਝੇ ਯਤਨਾਂ ਰਾਹੀਂ ਸਭ ਤੋਂ ਵੱਧ ਪੱਧਰ ਤੱਕ ਲਾਗੂ ਕੀਤੀਆਂ ਜਾਣ।

6.7. ਇਹ ਪੱਕਾ ਅੰਕਤ ਕੀਤਾ ਜਾਣਾ ਚਾਹੀਦਾ ਹੈ ਕਿ ਇਸਤਰੀਆਂ ਸਾਰੇ ਘੱਟ ਹਿੱਸੇਦਾਰੀ ਵਾਲੇ ਸਮੂਹਾਂ ਦਾ ਹਿੱਸਾ ਹਨ, ਤੇ ਸਾਰੇ ਸਅਵੰਸਾਂ 'ਚ ਅੱਧੀਆਂ ਦੇ ਨੇੜੇ ਹਨ। ਮੰਦੇ ਭਾਗੀਂ, ਜਿਹੜਾ ਵਿਤਕਰਾ ਅਤੇ ਅਣਸਮਾਨਤਾ ਸਅਵੰਸਾਂ ਨੂੰ ਭੁਗਤਣੀ ਪੈਂਦੀ ਪਈ ਹੈ, ਇਹਨਾਂ ਸਅਵੰਸਾਂ ਵਿੱਚ ਇਸਤਰੀਆਂ ਲਈ ਹੋਰ ਵੀ ਵਧ ਜਾਂਦੀ ਹੈ। ਉਸ ਵਿਸ਼ੇਸ਼ ਤੇ ਨਿਰਣਾਕਾਰੀ ਹਿੱਸੇ ਨੂੰ ਜਿਹੜਾ ਇਸਤਰੀਆਂ ਸਮਾਜ ਵਿੱਚ ਅਤੇ ਸਮਾਜੀ ਲੋਕਾਚਾਰ ਨੂੰ ਅਕਾਰ ਦੇਣ ਲਈ ਪਾਂਦੀਆਂ ਹਨ, ਇਹ ਨੀਤੀ ਹੋਰ ਵੀ ਵਧ ਕੇ ਸਵੀਕਾਰ ਕਰਦੀ ਹੈ; ਇਸ ਲਈ ਕੁੜੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਦੇਣਾ ਇਹਨਾਂ ਸਅਵੰਸਾ ਦੇ ਸਿੱਖਿਆ ਪੱਧਰ ਨੂੰ ਉੱਚਾ ਚੁੱਕਣ ਦਾ ਸਰਬੋਤਮ ਰਾਹ ਹੈ। ਇਸ ਲਈ ਇਹ ਨੀਤੀ ਸਿਫ਼ਾਰਿਸ਼ ਕਰਦੀ ਹੈ ਕਿ ਸਅਵੰਸਾਂ ਦੇ ਵਿਦਿਆਰਥੀਆਂ ਲਈ ਘੜੀਆਂ ਨੀਤੀਆਂ ਤੇ ਯੋਜਨਾਵਾਂ ਵਿੱਚ ਇਹਨਾਂ ਸਅਵੰਸਾਂ 'ਚੋਂ ਆਉਣ ਵਾਲੀਆਂ ਕੁੜੀਆਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ।

6.8 ਇਸ ਦੇ ਨਾਲ, ਕੁੜੀਆਂ ਤੇ ਪਰਾਲਿੰਗੀ ਵਿਦਿਅਰਥੀਆਂ ਦੋਵਾਂ ਲਈ ਸਮਾਨਤਾ ਵਾਲੀ ਤੇ ਗੁਣਵੱਤਾ ਵਾਲੀ ਸਿੱਖਿਆ ਹਾਸਲ ਕਰਾਉਣ ਲਈ ਰਾਸ਼ਟਰ ਦੀ ਸਮਰੱਥਾ ਉਸਾਰਨ ਲਈ ਭਾਰਤ ਸਰਕਾਰ 'ਲਿੰਗ-ਭਾਈਵਾਲਤਾ ਕੋਸ਼' (ਜੈਂਡਰ ਇਨਕਲੁਜ਼ਨ ਫੰਡ) ਥਾਪੇਗੀ। ਸਿੱਖਿਆ ਤੱਕ ਪਹੁੰਚ ਹਾਸਲ ਕਰਨ ਵਿੱਚ ਇਸਤਰੀ ਤੇ ਪਰਾਲਿੰਗੀ ਬੱਚਿਆਂ ਦੀ ਸਹਾਇਤਾ (ਜਿਵੇਂ ਰੋਗ-ਨਿਰੋਧਤਾ ਅਤੇ ਪਖਾਨਿਆਂ, ਸਾਈਕਲ, ਸ਼ਰਤੀਆ ਨਕਦੀ ਭੁਗਤਾਨ, ਆਦਿ ਦੀ ਸੁਵਿਧਾ) ਲਈ ਕੇਂਦਰ ਸਰਕਾਰ ਵੱਲੋਂ ਤੈਅ ਨਿਰਣੇਕਾਰੀ ਪਹਿਲਤਾਵਾਂ ਨੂੰ ਲਾਗੂ ਕਰਨ ਲਈ ਰਾਜਾਂ ਨੂੰ ਇਸ ਕੋਸ਼ ਚੋਂ ਵਿੱਤ ਹਾਸਲ ਹੋਵੇਗਾ; ਇਹ ਵਿੱਤ ਰਾਜਾਂ ਨੂੰ ਅਸਰਦਾਰ ਸਮੂਹ-ਆਧਾਰੀ ਦਖ਼ਲਾਂ, ਜਿਹੜੇ ਇਸਤਰੀ ਤੇ ਪਰਾਲਿੰਗੀ ਬੱਚਿਆਂ ਦੀ ਸਿੱਖਿਆ ਤੱਕ ਪਹੁੰਚ ਤੇ ਹਿੱਸੇਦਾਰੀ ਲਈ ਸਥਾਨੀ ਪ੍ਰਸੰਗ-ਵਿਸ਼ੇਸ਼ ਰੋਕਾਂ ਨੂੰ ਸੰਬੋਧਤ ਹੋਣ, ਨੂੰ ਸਹਾਰਾ ਦੇਣ ਅਤੇ ਅੰਕਣ ਦੇ ਯੋਗ ਬਣਾਏਗਾ। ਏਸੇ ਤਰ੍ਹਾਂ ਦੀਆਂ 'ਭਾਈਵਾਲਤਾ ਕੋਸ਼' ਯੋਜਨਾਵਾਂ ਦਾ ਦੂਜੇ ਸਅਵੰਸਾਂ ਲਈ ਪਹੁੰਚ ਦੇ ਮਿਲਦੇ-ਜੁਲਦੇ ਮੁੱਦਿਆਂ ਨੂੰ ਸੰਬੋਧਤ ਹੋਣ ਲਈ ਵਿਕਾਸ ਕੀਤਾ ਜਾਵੇਗਾ। ਸਾਰ ਵਿੱਚ, ਇਸ ਨੀਤੀ ਦਾ ਟੀਚਾ ਕਿਸੇ ਵੀ ਲਿੰਗ ਜਾ ਹੋਰ ਸਮਾਜਿਕ-ਆਰਥਿਕ ਰੂਪ ਵਿੱਚ ਵੰਚਿਤ ਬੱਚਿਆਂ ਲਈ ਸਿੱਖਿਆ ਤੱਕ ਪਹੁੰਚ ਵਿੱਚ ਰਹਿੰਦੇ ਪਾੜੇ ਨੂੰ ਮਿਟਾਉਣਾ ਹੈ।

6.9. ਜਿਹੜੀਆਂ ਪਾਠਸ਼ਾਲਾਵਾਂ ਇਹੋ ਜਿਹੇ ਥਾਵਾਂ 'ਤੇ ਹਨ ਜਿੱਥੇ ਵਿਦਿਆਰਥੀਆਂ ਨੂੰ ਬੜੀ ਦੂਰੋਂ ਆਉਣਾ ਪੈਂਦਾ ਹੈ, ਅਤੇ ਖਾਸ ਤੌਰ 'ਤੇ ਸਮਾਜਿਕ-ਆਰਥਿਕ ਪੱਖੋਂ ਵੰਚਿਤ ਪਿਛੋਕੜਾਂ ਵਾਲੇ ਵਿਦਿਆਰਥੀਆਂ ਲਈ, ਸਾਰੇ ਬੱਚਿਆਂ ਦੀ ਸੁਰੱਖਿਆ, ਖਾਸ ਤੌਰ 'ਤੇ ਕੁੜੀਆਂ ਦੀ ਸੁਰੱਖਿਆ, ਦੇ ਢੁੱਕਵੇਂ ਪ੍ਰਬੰਧਾਂ ਵਾਲੀਆਂ ਮੁਫ਼ਤ ਰਿਹਾਇਸ਼ੀ ਸੁਵਿਧਾਵਾਂ ਉਸਾਰੀਆਂ ਜਾਣਗੀਆਂ - ਜਿਹੜੀਆਂ ਜਵਾਹਰ ਨਵੋਦਿਆ ਵਿਦਿਆਲਿਆ ਦੇ ਪੱਧਰ ਦੇ ਬਰਾਬਰ ਹੋਣਗੀਆਂ। ਸਮਾਜਿਕ-ਆਰਥਿਕ ਪੱਖੋਂ ਵੰਚਿਤ ਪਿਛੋਕੜ ਵਾਲੀਆਂ ਕੁੜੀਆਂ ਦੀ ਚੰਗੇ ਸਕੂਲਾਂ ਵਿੱਚ ਹਿੱਸੇਦਾਰੀ ਲਈ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆਂ ਨੂੰ ਤਗੜਿਆਂ ਕੀਤਾ ਜਾਵੇਗਾ ਅਤੇ ਇਹਨਾਂ ਦਾ ਪਸਾਰ ਕੀਤਾ ਜਾਵੇਗਾ। ਉੱਚ-ਗੁਣਵੱਤਾ ਵਾਲੀ ਸਿੱਖਿਆ ਦੇ ਮੌਕੇ ਵਧਾਉਣ ਲਈ ਸਾਰੇ ਦੇਸ ਵਿੱਚ ਹੋਰ ਜਵਾਹਰ ਨਵੋਦਿਆ ਵਿਦਿਆਲੇ ਅਤੇ ਕੇਂਦਰੀ ਵਿਦਿਆਲੇ ਖੋਹਲੇ ਜਾਣਗੇ, ਖਾਸ ਤੌਰ 'ਤੇ ਪ੍ਰੇਰਨੀ ਜ਼ਿਲਿਆਂ ਅਤੇ 'ਵਿਸ਼ੇਸ਼ ਸਿੱਖਿਆ ਖੰਡਾਂ (ਜੋਨਜ਼)' ਵਿੱਚ। ਸਾਰੇ ਦੇਸ ਵਿੱਚ, ਖਾਸ ਤੌਰ 'ਤੇ ਵੰਚਿਤ ਖੇਤਰਾਂ ਵਿੱਚ, ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਦੇ ਘੱਟੋ-ਘੱਟ ਇੱਕ ਸਾਲ ਲਈ ਕੇਂਦਰੀਆ ਵਿਦਿਆਲਿਆਂ ਅਤੇ ਹੋਰ ਮੁੱਢਲੀਆਂ ਪਾਠਸ਼ਾਲਾਵਾਂ ਵਿੱਚ ਪੂਰਬ-ਪਾਠਸ਼ਾਲਾ ਭਾਗ ਖੋਹਲੇ ਜਾਣਗੇ।

6.10. ਮੁਬਾਦੇਸਿ ਅਤੇ ਪਾਠਸ਼ਾਲਾ ਪ੍ਰਣਾਲੀ ਵਿਚਲੇ ਅਪੰਗ ਬੱਚਿਆਂ ਦੀ ਭਾਈਵਾਲੀ ਅਤੇ ਸਮਾਨ ਹਿੱਸੇਦਾਰੀ ਯਕੀਨੀ ਬਨਾਉਣ ਨੂੰ ਸਿਖਰਲੀ ਪਹਿਲ ਦਿੱਤੀ ਜਾਵੇਗੀ। ਅਪੰਗ ਬੱਚਿਆਂ ਨੂੰ ਨੀਂਹਵੀਂ ਪੱਧਰ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਨੇਮਬੰਦ ਪਾਠਸ਼ਾਲਾ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਇਆ ਜਾਵੇਗਾ। 'ਅਪੰਗ ਵਿਅਕਤੀਆਂ ਦੇ ਅਧਿਕਾਰ ਕਨੂੰਨ (ਅਵਿਅਕ) 2016' ਭਾਈਵਾਲਤਾ ਵਾਲੀ ਸਿੱਖਿਆ ਨੂੰ ਇੰਞ ਪਰਭਾਸ਼ਤ ਕਰਦਾ ਹੈ: 'ਸਿੱਖਿਆ ਦੀ ਅਜਿਹੀ ਪ੍ਰਣਾਲੀ ਜਿੱਥੇ ਅਪੰਗਤਾ ਅਤੇ ਅਣਅਪੰਗਤਾ ਵਾਲੇ ਵਿਦਿਆਰਥੀ ਇਕੱਠੇ ਪੜ੍ਹਦੇ ਹਨ ਤੇ ਪੜ੍ਹਾਉਣ ਤੇ ਪੜ੍ਹਨ ਦੀ ਪ੍ਰਣਾਲੀ ਵੱਖ-ਵੱਖ ਤਰ੍ਹਾਂ ਦੇ ਅਪੰਗਤਾ ਵਾਲੇ ਵਿਦਿਆਰਥੀਆਂ ਦੀਆਂ ਸਿੱਖਣ ਲੋੜਾਂ ਲਈ ਢੁੱਕਵੀਂ ਤਰ੍ਹਾਂ ਢਾਲੀ ਗਈ ਹੈ। ਇਹ ਨੀਤੀ ਅਵਿਅਕ 2016 ਦੀਆਂ ਵਿਵਸਥਾਵਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਤੇ ਇਸ ਦੀਆਂ ਪਾਠਸ਼ਾਲਾ ਸਿੱਖਿਆ ਲਈ ਸਿਫ਼ਾਰਿਸ਼ਾਂ ਤੇ ਸਹੀ ਪਾਉਂਦੀ ਹੈ। 'ਕੌਮੀ ਪਾਠਕ੍ਰਮ ਰੂਪ-ਰੇਖਾ ਤਿਆਰ ਕਰਨ ਵੇਲੇ, ਕੌਸਿਖੋਸਿਪ ਯਕੀਨੀ ਬਣਾਏਗੀ ਕਿ ਡੀਈਪੀਡਬਲਯੂ (DEPwD) ਲਈ ਕੋਮੀ ਸੰਸਥਾ ਵਰਗੇ ਸੰਗਠਨਾਂ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਹੈ।

6.11. ਇਸ ਉਦੇਸ਼ ਲਈ, ਅਪੰਗਤਾ ਵਾਲੇ ਬੱਚਿਆਂ ਦੀ ਇਕਮਿਕਤਾ ਲਈ, ਵੱਖ-ਵੱਖ ਤਰ੍ਹਾਂ ਦੀ ਅਪੰਗਤਾ ਲਈ ਸਿਖਲਾਈ ਪ੍ਰਾਪਤ ਵਿਸ਼ੇਸ਼ ਸਿੱਖਿਆਦਾਤਿਆਂ ਦੀ ਭਰਤੀ ਲਈ, ਤੇ ਜਿੱਥੇ ਲੋੜ ਹੋਵੇ ਸਰੋਤ ਕੇਂਦਰ ਸਥਾਪਤ ਕਰਨ ਲਈ, ਖਾਸ ਤੌਰ 'ਤੇ ਗੰਭੀਰ ਜਾਂ ਇੱਕ ਤੋਂ ਵੱਧ ਤਰ੍ਹਾਂ ਦੀ ਅਪੰਗਤਾ ਵਾਲੇ ਬੱਚਿਆਂ ਲਈ, ਪਾਠਸ਼ਾਲਾ/ਪਾਠਸ਼ਾਲਾ ਸਮੂਹਾਂ ਨੂੰ ਸਰੋਤ ਦਿੱਤੇ ਜਾਣਗੇ। ਅਪੰਗਤਾਵਾਂ ਵਾਲੇ ਬੱਚਿਆਂ ਲਈ ਅਵਿਅਕ ਅਨੁਸਾਰ ਬਿਨਾਂ ਰੋਕ ਪਹੁੰਚ ਦੇ ਯੋਗ ਬਣਾਇਆ ਜਾਵੇਗਾ। ਅਪੰਗਤਾਵਾਂ ਵਾਲੇ ਬੱਚਿਆਂ ਦੇ ਵੱਖ-ਵੱਖ ਵਰਗਾਂ ਦੀਆਂ ਲੋੜਾ ਵੱਖ-ਵੱਖ ਹਨ। ਸਾਰੇ ਅਪੰਗਤਾ ਵਾਲੇ ਬੱਚਿਆਂ ਨੂੰ ਰਿਹਾਇਸ਼ ਤੇ ਉਹਨਾਂ ਦੀਆਂ ਲੋੜਾਂ ਦੀਆਂ ਅਨੁਸਾਰੀ ਸਹਾਇਤਾ ਵਿਧੀਆਂ ਅਤੇ ਜਮਾਤ ਕਮਰੇ ਵਿੱਚ ਉਹਨਾਂ ਦੀ ਪੂਰੀ ਹਿੱਸੇਦਾਰੀ ਤੇ ਭਾਈਵਾਲਤਾ ਯਕੀਨੀ ਬਨਾਉਣ ਲਈ ਪਾਠਸ਼ਾਲਾ ਸਮੂਹ ਕੰਮ ਕਰਨਗੇ ਤੇ ਉਹਨਾਂ ਦੀ ਸਹਾਇਤਾ ਕੀਤੀ ਜਾਵੇਗੀ। ਖਾਸ ਤੌਰ 'ਤੇ, ਅਪੰਗਤਾਵਾਂ ਵਾਲੇ ਬੱਚਿਆਂ ਦੀ ਜਮਾਤ ਕਮਰੇ ਵਿੱਚ ਵਧੇਰੇ ਸੌਖੀ ਇਕਮਿਕਤਾ ਤੇ ਅਧਿਆਪਕਾਂ ਤੇ ਸਹਿਪਾਠੀਆਂ ਨਾਲ ਆਦਾਨ-ਪ੍ਰਦਾਨ ਵਿੱਚ ਮਦਦ ਲਈ ਸਹਾਈ ਉਪਕਰਣ ਅਤੇ ਢੁੱਕਵੇਂ ਤਕਨੀਕ-ਅਧਾਰੀ ਸਾਧਨ, ਤੇ ਨਾਲ ਦੀ ਨਾਲ ਯੋਗ ਅਤੇ ਭਾਸ਼ਾ ਪੱਖੋਂ ਢੁੱਕਵੀਂ ਪੜ੍ਹਾਉਣ-ਪੜ੍ਹਨ ਸਮੱਗਰੀ (ਮਿਸਾਲ ਲਈ, ਮੋਟੇ ਅੱਖਰਾਂ ਤੇ ਬਰੇਲ ਵਰਗੇ ਵਰਤੋਂਯੋਗ ਰੂਪਾਂ ਵਾਲੀਆਂ ਪਾਠ-ਪੁਸਤਕਾਂ) ਹਾਸਲ ਕਰਵਾਈ ਜਾਵੇਗੀ। ਇਹ ਕਲਾਵਾਂ, ਖੇਡਾਂ, ਅਤੇ ਕਿੱਤਾਮੁਖੀ ਸਿੱਖਿਆ ਸਮੇਤ ਸਾਰੀਆਂ ਪਾਠਸ਼ਾਲਾ ਸਰਗਰਮੀਆਂ ਤੇ ਲਾਗੂ ਹੋਵੇਗਾ। ਅਪੰਗਤਾਵਾਂ ਵਾਲੇ ਬੱਚਿਆਂ ਦੇ ਬਚਾਓ ਅਤੇ ਸੁਰੱਖਿਆ ਵੱਲ ਯੋਗ ਧਿਆਨ ਦਿੱਤਾ ਜਾਵੇਗਾ।

6.12. ਅਵਿਅਕ 2016 ਅਨੁਸਾਰ, ਮਾਪਦੰਡ ਵਾਲੀਆਂ ਅਪੰਗਤਾਵਾਂ ਵਾਲੇ ਬੱਚਿਆਂ ਕੋਲ ਆਮ ਜਾਂ ਵਿਸ਼ੇਸ਼ ਪਾਠਸ਼ਾਲਾ ਪੜ੍ਹਾਈ ਚੁਣਨ ਦਾ ਹੱਕ ਹੋਵੇਗਾ। ਸਰੋਤ ਕੇਂਦਰ ਵਿਸ਼ੇਸ਼ ਸਿੱਖਿਆਦਾਤਿਆਂ ਨਾਲ ਮਿਲ ਕੇ ਗੰਭੀਰ ਜਾਂ

ਬਹੁ-ਅਪੰਗਤਾਵਾਂ ਵਾਲੇ ਸਿਖਿਆਰਥੀਆਂ ਦੇ ਮੁੜ-ਵਸੇਬੇ ਤੇ ਸਿਖਿਆਵੀ ਲੋੜਾਂ ਵਿੱਚ ਸਹਾਇਤਾ ਕਰਨਗੇ ਅਤੇ ਅਜਿਹੇ ਵਿਦਿਆਰਥੀਆਂ ਲਈ ਉੱਚ=ਗੁਣਵੱਤਾ ਵਾਲੀ ਸਿਖਿਆ ਤੇ ਹੁਨਰ ਪ੍ਰਾਪਤੀ ਲਈ ਜਿਵੇਂ ਵੀ ਲੋੜ ਹੋਵੇ ਮਾਪਿਆਂ/ਸਰਪ੍ਰਸਤਾਂ ਦੀ ਸਹਾਇਤਾ ਕਰਨਗੇ। ਗੰਭੀਰ ਤੇ ਅਤਿਅੰਤ ਵੱਡੀਆਂ ਅਪੰਗਤਾਵਾਂ ਵਾਲੇ ਬੱਚੇ ਜਿਹੜੇ ਪਾਠਸ਼ਾਲਾ ਨਹੀਂ ਆ ਸਕਦੇ, ਉਹਨਾਂ ਲਈ ਘਰੇ ਸਿੱਖਿਆ ਦੀ ਚੋਣ ਬਣੀ ਰਵ੍ਹੇਗੀ। ਘਰੇ ਸਿੱਖਿਆ ਹੇਠਲੇ ਬੱਚਿਆਂ ਨੂੰ ਆਮ ਪ੍ਰਣਾਲੀ ਵਿਚਲੇ ਕਿਸੇ ਵੀ ਬੱਚੇ ਦੇ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ। ਸਮਾਨ ਸਿੱਖਿਆ ਤੇ ਮੌਕੇ ਦੀ ਸਮਾਨਤਾ ਦੇ ਸਿਧਾਂਤਾ ਦੀ ਵਰਤੋਂ ਕਰ ਕੇ ਘਰੇ ਸਿੱਖਿਆ ਦੀ ਸੁਚਾਰੂਪਨ ਅਤੇ ਪ੍ਰਭਾਵਸ਼ੀਲਤਾ ਲਈ ਮੁਲਾਂਕਣ-ਪੜਤਾਲ ਹੋਵੇਗੀ। ਅਵਿਅਕ 2016 ਦੀ ਅਨੁਸਾਰਤਾ ਵਿੱਚ ਇਸ ਮੁਲਾਂਕਣ-ਪੜਤਾਲ ਦੇ ਆਧਾਰ 'ਤੇ, ਘਰੇ ਸਿੱਖਿਆ ਲਈ ਸੇਧਾਂ ਤੇ ਮਾਨਕਾਂ ਦਾ ਵਿਕਾਸ ਕੀਤਾ ਜਾਵੇਗਾ। ਭਾਵੇਂ ਕਿ ਇਹ ਸਾਫ਼ ਹੈ ਕਿ ਅਪੰਗਤਾਵਾਂ ਵਾਲੇ ਬੱਚਿਆਂ ਦੀ ਸਿੱਖਿਆ ਰਾਜ ਦੀ ਜ਼ੁੰਮੇਵਾਰੀ ਹੈ, ਆਪਣੇ ਬੱਚਿਆਂ ਦੀਆਂ ਸਿੱਖਣ ਲੋੜਾਂ ਵਿੱਚ ਸਰਗਰਮ ਸਹਾਇਤਾ ਲਈ ਮਾਪਿਆਂ/ਦੇਖ-ਭਾਲ ਕਰਤਾਵਾਂ ਨੂੰ ਯੋਗ ਬਨਾਉਣ ਲਈ ਸਿੱਖਣ ਸਮੱਗਰੀ ਦੇ ਵੱਡੀ ਪੱਧਰ 'ਤੇ ਪ੍ਰਸਾਰ ਦੇ ਨਾਲ-ਨਾਲ ਮਾਪਿਆਂ/ਦੇਖ-ਭਾਲ ਕਰਤਾਵਾਂ ਦੀ ਸਿਖਲਾਈ ਲਈ ਤਕਨੀਕ-ਅਧਾਰੀ ਉਪਾਵਾਂ ਦੀ ਵਰਤੋਂ ਵੀ ਕੀਤੀ ਜਾਵੇਗੀ।

6.13. ਬਹੁਤੇ ਜਮਾਤ ਕਮਰਿਆਂ ਵਿੱਚ ਵਿਸ਼ੇਸ਼ ਸਿੱਖਣ ਅਪੰਗਤਾਵਾਂ ਵਾਲੇ ਬੱਚੇ ਹੁੰਦੇ ਹਨ ਜਿੰਨ੍ਹਾਂ ਨੂੰ ਲਗਾਤਾਰ ਸਹਾਰੇ ਦੀ ਲੋੜ ਹੁੰਦੀ ਹੈ। ਖੋਜ ਸਾਫ਼ ਦੱਸਦੀ ਹੈ ਕਿ ਇਹ ਸਹਾਰਾ ਜਿੰਨੀਂ ਛੇਤੀ ਲਾਇਆ ਜਾਵੇ ਪ੍ਰਗਤੀ ਦੇ ਓਨੇ ਈ ਵੱਧ ਮੌਕੇ ਹੁੰਦੇ ਹਨ। ਅਜਿਹੀਆਂ ਸਿੱਖਣ ਅਪੰਗਤਾਵਾਂ ਦੀ ਛੇਤੀ ਪਛਾਣ ਤੇ ਇਹਨਾਂ ਨੂੰ ਘਟਾਉਣ ਲਈ, ਵਿਸ਼ੇਸ਼ ਤੌਰ 'ਤੇ ਯੋਜਨਾ ਬਨਾਉਣ ਵਿੱਚ, ਅਧਿਆਪਕਾਂ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਢੁੱਕਵੀਂ ਤਕਨੀਕੀ ਦੀ ਵਰਤੋਂ ਜਿਹੜੀ ਬੱਚਿਆਂ ਨੂੰ ਆਪਣੀ ਗਤੀ ਨਾਲ ਕੰਮ ਕਰਨ ਦੀ ਆਗਿਆ ਦੇਵੇ ਤੇ ਯੋਗ ਬਣਾਵੇ, ਹਰ ਬੱਚੇ ਦੀ ਤਗੜਾਈ ਨੂੰ ਤੁਲ ਦੇਣ ਲਈ ਲਚਕੀਲਾ ਪਾਠਕ੍ਰਮ, ਅਤੇ ਢੁੱਕਵੇਂ ਮੁਲਾਂਕਣ ਤੇ ਪਰਮਾਣੀਕਰਣ ਲਈ ਇੱਕ ਵਾਤਾਵਰਣ-ਪ੍ਰਣਾਲੀ ਦੀ ਸਿਰਜਣਾ ਇਹਨਾਂ ਵਿਸ਼ੇਸ਼ ਉਪਾਵਾਂ ਵਿੱਚ ਸ਼ਾਮਲ ਹੋਣਗੇ। ਸਿੱਖਣ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਲਈ ਇੱਕ-ਸਮਾਨ ਪਹੁੰਚ ਤੇ ਮੌਕੇ ਯਕੀਨੀ ਬਨਾਉਣ ਲਈ, ਮੁਲਾਂਕਣ ਅਤੇ ਪਰਮਾਣੀਕਰਣ ਸੰਗਠਨ, ਸੁਝਾਏ ਨਵੇਂ 'ਕੌਮੀ ਮੁਲਾਂਕਣ ਕੇਂਦਰ', 'ਪਰਖ', ਸਣੇਂ, ਨੀਂਹਵੀਂ ਪੱਧਰ ਤੋਂ ਉਚੇਰੀ ਸਿੱਖਿਆ ਪੱਧਰ ਤੱਕ (ਦਾਖ਼ਲਾ ਪਰੀਖਿਆਵਾਂ ਸਮੇਤ) ਅਜਿਹਾ ਮੁਲਾਂਕਣ ਕਰਨ ਲਈ ਸੇਧਾਂ ਦੀ ਰੂਪ-ਰੇਖਾ ਤਿਆਰ ਕਰਨਗੇ ਅਤੇ ਢੁੱਕਵੇਂ ਸੰਦਾਂ ਦੀ ਸਿਫ਼ਾਰਿਸ਼ ਕਰਨਗੇ।

6.14. ਉਹਨਾਂ ਦੀ ਨੀਵੀਂ ਨੁਮਾਇੰਦਗੀ ਨੂੰ ਪੁੱਠਾ ਗੇੜਾ ਦੇਣ ਲਈ ਲਿੰਗ ਚੇਤੰਨਤਾ ਅਤੇ ਸਾਰੇ ਨੀਵੀਂ ਨੁਮਾਇੰਦਗੀ ਵਾਲੇ ਸਮੂਹਾਂ ਪ੍ਰਤੀ ਚੇਤੰਨਤਾ ਦੇ ਨਾਲ-ਨਾਲ ਵਿਸ਼ੇਸ਼ ਅਪੰਗਤਾਵਾਂ (ਸਿੱਖਣ ਅਪੰਗਤਾਵਾਂ ਸਣੇਂ) ਵਾਲੇ ਬੱਚਿਆਂ ਨੂੰ ਪੜ੍ਹਾਉਣਾ ਕਿਵੇਂ ਹੈ ਇਸ ਬਾਰੇ ਜਾਗਰੂਕਤਾ ਤੇ ਗਿਆਨ ਸਾਰੇ ਅਧਿਆਪਕ ਸਿੱਖਿਆ ਕਾਰਜਕ੍ਰਮਾਂ ਦਾ ਅਟੁੱਟ ਹਿੱਸਾ ਹੋਣਗੇ।

6.15. ਉਹਨਾਂ ਦੀਆਂ ਪਰੰਪਰਾਵਾਂ ਦੀ ਸੰਭਾਲ ਲਈ ਬਦਲਵੀਆਂ ਪਾਠਸ਼ਾਲਾਵਾਂ ਜਾਂ ਬਦਲਵੀਆਂ ਸਿੱਖਿਆ-ਵਿਧੀ ਸ਼ੈਲੀਆਂ ਨੂੰ ਉਤਸ਼ਾਹ ਦਿੱਤਾ ਜਾਵੇਗਾ। ਨਾਲ ਦੀ ਨਾਲ, ਇਹਨਾਂ ਪਾਠਸ਼ਾਲਾਵਾਂ ਦੇ ਬੱਚਿਆਂ ਦੀ ਉਚੇਰੀ ਸਿੱਖਿਆ ਵਿੱਚ ਨੀਵੀਂ ਨੁਮਾਇੰਦਗੀ ਨੂੰ ਘੱਟ ਕਰਨ ਤੇ ਆਖਰਕਾਰ ਮਿਟਾਉਣ ਲਈ ਇਹਨਾਂ ਨੂੰ ਆਪਣੇ ਪਾਠਕ੍ਰਮ ਵਿੱਚ ਕੌਮੀ ਪਾਠਸ਼ਾਲਾ ਸਿੱਖਿਆ ਪਾਠਕ੍ਰਮ ਰੂਪ-ਰੇਖਾ (ਕੌਪਾਸਿਪਾਰੂਰੇ, NCFSE) ਵੱਲੋਂ ਨਿਯਤ ਕੀਤੇ ਵਿਸ਼ੇ ਤੇ ਸਿੱਖਣ ਖੇਤਰ ਸ਼ਾਮਲ ਕਰਨ ਲਈ ਸਹਾਇਤਾ ਦਿੱਤੀ ਜਾਵੇਗੀ। ਖਾਸ ਤੌਰ 'ਤੇ, ਵਿਗਿਆਨ, ਗਣਿਤ, ਸਮਾਜ ਵਿਗਿਆਨ, ਹਿੰਦੀ, ਅੰਗਰੇਜ਼ੀ, ਰਾਜ ਭਾਸ਼ਾਵਾਂ, ਜਾਂ ਹੋਰ ਲੋੜੀਂਦੇ ਵਿਸ਼ੇ ਪਾਠਕ੍ਰਮ ਵਿੱਚ ਸ਼ਾਮਲ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਨਾਲ ਇਹਨਾਂ ਪਾਠਸ਼ਾਲਾਵਾਂ ਵਿੱਚ ਪੜ੍ਹਨ ਵਾਲੇ ਬੱਚੇ ਜਮਾਤ 1-12 ਲਈ ਉਲੀਕੀਆਂ ਸਿੱਖਣ ਪ੍ਰਾਪਤੀਆਂ ਹਾਸਲ ਕਰਨ ਦੇ ਯੋਗ ਹੋਣਗੇ। ਇਸ ਤੋਂ ਵੀ ਅੱਗੇ, ਇਹਨਾਂ ਪਾਠਸ਼ਾਲਾਵਾਂ ਦੇ ਵਿਦਿਆਰਥੀਆਂ ਨੂੰ ਰਾਜ ਜਾਂ ਕਿਸੇ ਹੋਰ ਬੋਰਡ ਦੀਆਂ ਪਰੀਖਿਆਵਾਂ ਅਤੇ ਕੌਪਕ ਦੇ ਮੁਲਾਂਕਣ ਵਿੱਚ ਬੈਠਣ ਅਤੇ ਇਸ ਨਾਲ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲ ਹੋਣ ਲਈ ਉਤਸ਼ਾਹ ਦਿੱਤਾ ਜਾਵੇਗਾ। ਵਿਗਿਆਨ, ਗਣਿਤ, ਭਾਸ਼ਾ, ਅਤੇ ਸਮਾਜ ਵਿਗਿਆਨਾਂ ਦੀ ਪੜ੍ਹਾਈ ਲਈ ਅਧਿਆਪਕਾਂ ਦੀਆਂ ਸਮਰਥਾਵਾਂ ਦਾ ਵਿਕਾਸ ਕੀਤਾ ਜਾਵੇਗਾ ਜਿਸ ਵਿੱਚ ਨਵੀਆਂ ਸਿੱਖਿਆ-ਵਿਧੀ

ਰੀਤਾਂ ਦੀ ਜਾਣਕਾਰੀ ਵੀ ਸ਼ਾਮਲ ਹੋਵੇਗੀ। ਪੋਥੀਸ਼ਾਲਾਵਾਂ ਅਤੇ ਕਾਰਜਸ਼ਾਲਾਵਾਂ ਨੂੰ ਤਗੜਿਆਂ ਕੀਤਾ ਜਾਵੇਗਾ ਅਤੇ ਪੋਥੀਆਂ, ਰਸਾਲੇ, ਆਦਿ ਅਤੇ ਹੋਰ ਪੜ੍ਹਾਉਣ-ਪੜ੍ਹਨ ਸਮੱਗਰੀ ਹਾਸਲ ਕਰਾਈ ਜਾਵੇਗੀ।

6.16. ਸਅਵੰਸਾਂ ਦੇ ਅੰਦਰ, ਤੇ ਉਤਲੇ ਸਾਰੇ ਨੀਤੀ ਬਿੰਦੂਆਂ ਪੱਖੋਂ, ਅਨੁਸੂਚੀਆਂ ਜਾਤੀਆਂ ਤੇ ਅਨੁਸੂਚੇ ਕਬੀਲਿਆਂ ਦੀਆਂ ਸਿੱਖਿਆ ਵਿਕਾਸ ਵਿੱਚ ਨਾਬਰਾਬਰੀਆਂ ਨੂੰ ਘਟਾਉਣ ਵੱਲ ਖਾਸ ਧਿਆਨ ਦਿੱਤਾ ਜਾਵੇਗਾ। ਪਾਠਸ਼ਾਲਾ ਸਿੱਖਿਆਂ ਵਿੱਚ ਹਿੱਸੇਦਾਰੀ ਵਧਾਉਣ ਲਈ ਯਤਨਾਂ ਵੱਜੋਂ ਸਾਰੇ ਸਅਵੰਸਾਂ ਦੇ ਪ੍ਰਤਿਭਾਵਾਨ ਤੇ ਉੱਤਮਤਾ ਵਾਲੇ ਵਿਦਿਆਰਥੀਆਂ ਨੂੰ ਵੱਡੀ ਪੱਧਰ 'ਤੇ ਨਿਸ਼ਚਿਤ ਖੇਤਰਾਂ ਵਿੱਚ ਵਿਸ਼ੇਸ਼ ਰਿਹਾਇਸ਼, ਪਾੜਾ-ਪੂਰੀ ਕੋਰਸ, ਅਤੇ ਮੁਫ਼ਤ ਛੋਟਾਂ ਤੇ ਵਜ਼ੀਫ਼ਿਆਂ ਰਾਹੀਂ ਵਿੱਤੀ ਸਹਾਇਤਾ ਹਾਸਲ ਕਰਾਏ ਜਾਣਗੇ, ਖਾਸ ਤੌਰ 'ਤੇ ਉਹਨਾਂ ਦੇ ਉਚੇਰੀ ਸਿੱਖਿਆ ਵਿੱਚ ਦਾਖਲੇ ਨੂੰ ਸੌਖਾ ਬਨਾਉਣ ਲਈ ਸਿੱਖਿਆ ਦੀ ਦੂਜੀ ਪੱਧਰ 'ਤੇ।

6.17. ਰੱਖਿਆ ਮੰਤਰਾਲੇ ਦੀ ਸਰਪ੍ਰਸਤੀ ਹੇਠ, ਰਾਜ ਸਰਕਾਰਾਂ ਆਪਣੀਆਂ ਦੁਜਾਵੀ ਪੱਧਰ ਤੇ ਉਚੇਰੇ ਦੁਜਾਵੀ ਪੱਧਰ ਦੀਆਂ ਪਾਠਸ਼ਾਲਾਵਾਂ ਵਿੱਚ, ਕਬੀਲਾ ਪ੍ਰਧਾਨ ਖੇਤਰਾਂ ਵਿਚਲਿਆਂ ਸਣੇਂ, ਕੌਮੀ ਸੈਨਿਕ ਪਲਟਨ (ਐਨਸੀਸੀ) ਬਾਹੀਆਂ (ਵਿੰਗਜ਼) ਖੋਲ੍ਹਣ ਨੂੰ ਉਤਸ਼ਾਹ ਦੇ ਸਕਦੀਆਂ ਹਨ। ਇਹ ਵਿਦਿਆਰਥੀਆਂ ਦੀ ਸੁਭਾਵੀ ਪ੍ਰਤਿਭਾ ਤੇ ਵਿਲੱਖਣ ਸੰਭਾਵਨਾਵਾਂ ਨੂੰ ਸੁਆਰਨ ਦੇ ਯੋਗ ਬਣਾਏਗਾ, ਜਿਹੜਾ ਨਤੀਜੇ ਵੱਜੋਂ ਉਹਨਾਂ ਦੀ ਰੱਖਿਆ ਬਲਾਂ ਵਿੱਚ ਸਫ਼ਲ ਜੀਵਨ-ਕਿੱਤੇ ਦੀ ਉਮੰਗ ਵਿੱਚ ਸਹਾਇਤਾ ਕਰੇਗਾ।

6.18. ਇਹ ਯਕੀਨੀ ਬਨਾਉਣ ਲਈ ਕਿ ਸਾਰੇ ਵਿਦਿਆਰਥੀ ਇਸ ਪੱਖੋਂ ਸੁਚੇਤ ਹੋਣ ਤੇ ਯੋਗਤਾ-ਸ਼ਰਤਾਂ ਅਨੁਸਾਰ ਸਰਲ ਢੰਗ ਨਾਲ ਇਸ ਲਈ 'ਇੱਕ-ਖਿੜਕੀਆ-ਪ੍ਰਣਾਲੀ' ਰਾਹੀਂ ਅਰਜ਼ੀ ਦੇ ਸੱਕਣ, ਸਅਵੰਸਾਂ ਦੇ ਵਿਦਿਆਰਥੀਆਂ ਨੂੰ ਹਾਸਲ ਹੋਣ ਵਾਲੇ ਸਾਰੇ ਵਜ਼ੀਫ਼ੇ ਅਤੇ ਹੋਰ ਮੌਕੇ ਤੇ ਯੋਜਨਾਵਾਂ ਲਈ ਕੋਈ ਇਕੱਲੀ ਕਰਿੰਦੀ ਤਾਲਮੇਲ ਕਰੇਗੀ, ਐਲਾਨ ਕਰੇਗੀ ਤੇ ਜਾਣਕਾਰੀ ਮੰਕੜਜਾਲ ਪੰਨੇਂ 'ਤੇ ਪਾਈ ਜਾਵੇਗੀ।

6.19. ਉਤਲੀਆਂ ਸਾਰੀਆਂ ਨੀਤੀਆਂ ਤੇ ਕਦਮ ਸਾਰੇ ਸਅਵੰਸਾਂ ਲਈ ਪੂਰੀ ਭਾਈਵਾਲਤਾ ਅਤੇ ਇੱਕ-ਸਮਾਨਤਾ ਹਾਸਲ ਕਰਨ ਲਈ ਪੂਰੀ-ਭਾਂਤ ਨਿਰਣੇਕਾਰੀ ਹਨ, ਪਰ ਇਹ ਕਾਫ਼ੀ ਨਹੀਂ। ਜਿਸ ਹੋਰ ਦੀ ਲੋੜ ਹੈ ਉਹ ਪਾਠਸ਼ਾਲਾ ਸੱਭਿਆਚਾਰ ਹੈ। ਪਾਠਸ਼ਾਲਾ ਪ੍ਰਣਾਲੀ ਦੇ ਸਾਰੇ ਹਿੱਸੇਦਾਰਾ, ਅਧਿਆਪਕਾਂ, ਪ੍ਰਧਾਨਾਚਾਰੀਆਂ, ਪ੍ਰਸ਼ਾਸਕਾਂ, ਸਲਾਹਕਾਰਾਂ, ਅਤੇ ਵਿਦਿਆਰਥੀਆਂ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਬਾਰੇ, ਭਾਈਵਾਲਤਾ ਤੇ ਇੱਕ-ਸਮਾਨਤਾ ਦੇ ਸੰਕਲਪਾਂ ਬਾਰੇ, ਅਤੇ ਸਤਿਕਾਰ, ਸਵੈਮਾਣ, ਅਤੇ ਹਰੇਕ ਜਣੇ ਦੀ ਨਿੱਜਤਾ ਬਾਰੇ ਸੁਚੇਤ ਕੀਤਾ ਜਾਵੇਗਾ। ਅਜਿਹਾ ਸਿਖਿਆਵੀ ਸੱਭਿਆਚਾਰ ਵਿਦਿਆਰਥੀਆਂ ਦੇ ਸ਼ਕਤੀ-ਪ੍ਰਾਪਤ ਵਿਅਕਤੀ ਬਣਨ ਵਿੱਚ ਮਦਦ ਕਰਨ ਲਈ ਸਰਬੋਤਮ ਰਸਤਾ ਹਾਸਲ ਕਰਾਏਗਾ, ਜਿਹੜਾ ਅੱਗੋਂ ਸਮਾਜ ਨੂੰ ਅਜਿਹਾ ਬਣਾਏਗਾ ਜਿਹੜਾ ਆਪਣੇ ਸਭ ਤੋਂ ਵੱਧ ਮਾਰ-ਹੇਠਲੇ ਨਾਗਰਿਕਾਂ ਵੱਲ ਜ਼ੁੰਮੇਵਾਰ ਹੋਵੇ। ਭਾਈਵਾਲਤਾ ਅਤੇ ਇੱਕ-ਸਮਾਨਤਾ ਅਧਿਆਪਕ ਸਿੱਖਿਆ (ਅਤੇ ਸਾਰੇ ਆਗੂਆਂ, ਪ੍ਰਸ਼ਾਸਕਾਂ, ਅਤੇ ਪਾਠਸ਼ਾਲਾ ਵਿਚਲੇ ਹੋਰ ਪਦ-ਧਾਰੀਆਂ ਦੀ ਸਿਖਲਾਈ) ਦਾ ਕੁੰਜੀਵਤ ਪੱਖ ਬਣੇਗਾ; ਉੱਤਮ ਆਦਰਸ਼-ਜਨ ਸਾਰੇ ਵਿਦਿਆਰਥੀਆਂ ਦੇ ਸਾਹਮਣੇ ਰੱਖਣ ਲਈ ਸਅਵੰਸਾਂ 'ਚੋਂ ਉੱਚ-ਗੁਣਵੱਤਾ ਵਾਲੇ ਹੋਰ ਅਧਿਆਪਕ ਤੇ ਆਗੂ ਭਰਤੀ ਕਰਨ ਲਈ ਯਤਨ ਕੀਤੇ ਜਾਣਗੇ।

6.20. ਅਧਿਆਪਕਾਂ, ਸਿਖਲਾਈ ਪ੍ਰਾਪਤ ਸਮਾਜੀ ਕਾਮਿਆਂ ਅਤੇ ਸਲਾਹਕਾਰਾਂ ਦੇ ਨਾਲ-ਨਾਲ ਭਾਈਵਾਲਤਾ ਵਾਲਾ ਪਾਠਕ੍ਰਮ ਸ਼ਾਮਲ ਕਰਨ ਲਈ ਬਣਦੇ ਬਦਲਾਵਾਂ ਰਾਹੀਂ ਲਿਆਂਦੇ ਸੱਭਿਆਚਾਰ ਬਾਰੇ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਜਾਵੇਗਾ। ਸਾਰੇ ਜਣਿਆਂ ਲਈ ਸਤਿਕਾਰ, ਸਹਾਨੁਭੂਤੀ, ਸਹਿਣਸ਼ੀਲਤਾ, ਮਨੁੱਖੀ ਹੱਕ, ਲਿੰਗ ਸਮਾਨਤਾ, ਅਹਿੰਸਾ, ਵਿਸ਼ਵੀ ਨਾਗਰਿਕਤਾ, ਭਾਈਵਾਲਤਾ, ਅਤੇ ਇੱਕ-ਸਮਾਨਤਾ ਜਿਹੀਆਂ ਮਨੁੱਖੀ ਕਦਰਾਂ-ਕੀਮਤਾਂ ਪਾਠਕ੍ਰਮ ਵਿੱਚ ਮੁੱਢ ਤੋਂ ਹੀ ਸ਼ਾਮਲ ਹੋਣਗੀਆਂ। ਵੰਨਸੁਵੰਨਤਾ ਬਾਰੇ ਚੇਤੰਨਤਾ ਅਤੇ ਸਤਿਕਾਰ ਦੇ ਵਾਧੇ ਲਈ, ਇਸ ਵਿੱਚ ਵੱਖ-ਵੱਖ ਸੱਭਿਆਚਾਰਾਂ, ਧਰਮਾਂ, ਭਾਸ਼ਾਵਾਂ, ਲਿੰਗ ਪਛਾਣਾਂ, ਆਦਿ ਬਾਰੇ ਹੋਰ ਵਿਸਤਾਰ ਸਹਿਤ ਗਿਆਨ ਸ਼ਾਮਲ ਹੋਵੇਗਾ। ਹਰ

ਪੱਖ-ਪਾਤ ਤੇ ਅੰਧ-ਪ੍ਰਭਾਵ ਪਾਠਕ੍ਰਮ ਵਿੱਚੋਂ ਬਾਹਰ ਕੱਢਿਆ ਜਾਵੇਗਾ, ਅਤੇ ਅਜਿਹੀ ਹੋਰ ਸਮੱਗਰੀ ਸ਼ਾਮਲ ਕੀਤੀ ਜਾਵੇਗੀ ਜਿਹੜੀ ਪ੍ਰਸੰਗੀ ਹੋਵੇ ਤੇ ਸਾਰੇ ਸਮੂਹਾਂ ਨਾਲ ਸਬੰਧ ਰੱਖਦੀ ਹੋਵੇ।

## 7. ਪਾਠਸ਼ਾਲਾ ਸਮੂਹਾਂ/ਜੜੁੱਤਾਂ ਰਾਹੀਂ ਸੁਚਾਰੂ ਸਰੋਤ ਵਰਤੋਂ ਅਤੇ ਪ੍ਰਸ਼ਾਸਨ

7.1. 'ਸਰਬ ਸਿੱਖਿਆ ਅਭਿਆਨ' ਹੇਠ - ਹੁਣ 'ਸਮਗਰ ਸਿੱਖਿਆ ਯੋਜਨਾ' ਅਤੇ ਸਾਰੇ ਰਾਜਾਂ ਵਿੱਚ ਹੋਰ ਮਹੱਤਵਪੂਰਨ ਸ਼ਾਮਲ ਯਤਨਾਂ ਹੇਠ - ਸਾਰੇ ਦੇਸ ਦੇ ਹਰ ਨਿਵਾਸ-ਥਾਂ ਵਿੱਚ ਮੁੱਢਲੀਆਂ ਪਾਠਸ਼ਾਲਾਵਾਂ ਸਥਾਪਤ ਕਰਨ ਹਨ ਮੁੱਢਲੀਆਂ ਪਾਠਸ਼ਾਲਾਵਾਂ ਤੱਕ ਲਗਭਗ-ਸਰਬਵਿਆਪੀ ਪਹੁੰਚ ਬਨਾਉਣ ਵਿੱਚ ਸਹਾਇਤਾ ਕੀਤੀ ਹੈ, ਪਰ ਇਸ ਨਾਲ ਚੋਖੀਆਂ ਬੜੀਆਂ ਛੋਟੀਆਂ ਪਾਠਸ਼ਾਲਾਵਾਂ ਵੀ ਬਣੀਆਂ ਹਨ। ਇਕਰੂਪ ਜ਼ਿਲਾ ਸਿੱਖਿਆ ਸੂਚਨਾ ਪ੍ਰਣਾਲੀ (ਇਜ਼ਿਸਿਸੂਪ੍ਰ, U-DISE) 2016-17 ਦੇ ਅੰਕੜਿਆਂ ਅਨੁਸਾਰ, ਭਾਰਤ ਦੀਆਂ ਲਗਭਗ 28% ਜਨਤਕ ਮੁੱਢਲੀਆਂ ਪਾਠਸ਼ਾਲਾਵਾਂ ਤੇ 14.8% ਉਪਰ-ਮੁੱਢਲੀਆਂ ਪਾਠਸ਼ਾਲਾਵਾਂ ਵਿੱਚ 30 ਤੋਂ ਘੱਟ ਵਿਦਿਆਰਥੀ ਹਨ। ਮੁੱਢਲੀ ਪਾਠਸ਼ਾਲਾ ਪ੍ਰਣਾਲੀ (ਮੁੱਢਲੀ ਤੇ ਉਪਰ-ਮੁੱਢਲੀ, ਮਤਲਬ ਜਮਾਤ 1-8) ਵਿੱਚ ਵਿਦਿਆਰਥੀਆਂ ਦੀ ਜਮਾਤ-ਵਾਰ ਗਿਣਤੀ ਕੋਈ 14 ਹੈ, ਤੇ ਇੱਕ ਗਿਣਨਯੋਗ ਅਨੁਪਾਤ ਵਿੱਚ 6 ਤੋਂ ਵੀ ਘੱਟ; ਸਾਲ 2026-17 ਸਮੇਂ, ਇੱਕ ਅਧਿਆਪਕ ਵਾਲੀਆਂ ਪਾਠਸ਼ਾਲਾਵਾਂ ਦੀ ਗਿਣਤੀ 1,08,017 ਸੀ, ਜਿਨ੍ਹਾਂ 'ਚੋਂ ਬਹੁਗਿਣਤੀ ਪਾਠਸ਼ਾਲਾਵਾਂ (85743) ਜਮਾਤ 1-5 ਵਾਲੀਆਂ ਮੁੱਢਲੀਆਂ ਪਾਠਸ਼ਾਲਾਵਾਂ ਸਨ।

7.2. ਅਧਿਆਪਕਾਂ ਦੀ ਤੈਨਾਤੀ ਪੱਖੋਂ ਤੇ ਨਿਰਣੇਕਾਰੀ ਭੌਤਿਕ ਸਰੋਤਾਂ ਦੀ ਵਿਵਸਥਾ ਪੱਖੋਂ, ਇਹਨਾਂ ਛੋਟੇ ਪਾਠਸ਼ਾਲਾ ਅਕਾਰਾਂ ਨੇ ਚੰਗੀ ਪਾਠਸ਼ਾਲਾ ਚਲਾਉਣਾ ਆਰਥਿਕ ਪੱਖੋਂ ਆਦਰਸ਼ੀ ਤੋਂ ਹੇਠਾਂ 'ਤੇ ਚਲਾਉਣ ਕਰਕੇ ਗੁੰਝਲਦਾਰ ਬਣਾਇਆ ਹੈ। ਅਧਿਆਪਕ ਅਕਸਰ ਇੱਕੋ ਵੇਲੇ ਕਈ ਜਮਾਤਾਂ ਨੂੰ ਪੜ੍ਹਾਉਂਦੇ ਹਨ, ਤੇ ਕਈ ਵਿਸ਼ੇ ਪੜ੍ਹਾਉਂਦੇ ਹਨ, ਉਹ ਵਿਸ਼ੇ ਵੀ ਜਿਨ੍ਹਾਂ ਵਿੱਚ ਉਹਨਾਂ ਦਾ ਕੋਈ ਪਿਛੋਕੜ ਨਹੀਂ ਹੁੰਦਾ; ਸੰਗੀਤ, ਕਲਾਵਾਂ, ਅਤੇ ਖੇਡਾਂ ਜਿਹੇ ਕਈ ਕੁੰਜੀਵਤ ਖੇਤਰ ਅਕਸਰ ਬੱਸ ਪੜ੍ਹਾਏ ਈ ਨਹੀਂ ਜਾਂਦੇ; ਅਤੇ ਪ੍ਰਯੋਗਸ਼ਾਲਾ ਤੇ ਖੇਡ-ਸਮਾਨ ਅਤੇ ਪੋਥੀਸ਼ਾਲਾ ਵਿੱਚ ਪੋਥੀਆਂ ਜਿਹੇ ਭੌਤਿਕ ਸਰੋਤ ਬੜੀਆਂ ਪਾਠਸ਼ਾਲਾਵਾਂ ਵਿੱਚ ਹੁੰਦੇ ਈ ਨਹੀਂ ਹਨ।

7.3. ਛੋਟੀਆਂ ਪਾਠਸ਼ਾਲਾਵਾਂ ਦੇ ਨਿੱਖੜੇ ਹੋਣ ਨਾਲ ਸਿੱਖਿਆ ਤੇ ਅਧਿਆਪਨ-ਸਿੱਖਣ ਅਮਲ 'ਤੇ ਮਾੜਾ ਅਸਰ ਪੈਂਦਾ ਹੈ। ਅਧਿਆਪਕ ਸਮੂਹਾਂ ਤੇ ਜੁੱਟਾਂ ਵਿੱਚ ਸਰਬੋਤਮ ਕਾਰਜ ਕਰਦੇ ਹਨ, ਇੰਵੇ ਈ ਵਿਦਿਆਰਥੀ ਵੀ। ਛੋਟੀਆਂ ਪਾਠਸ਼ਾਲਾਵਾਂ ਪ੍ਰਸ਼ਾਸਨ ਤੇ ਪ੍ਰਬੰਧ ਲਈ ਵੀ ਬਕਾਇਦਾ ਚੁਣੌਤੀ ਪੇਸ਼ ਕਰਦੀਆਂ ਹਨ। ਭੂਗੋਲੀ ਖਿਲਾਰ, ਚੁਣੌਤੀ ਭਰੀਆਂ ਪਹੁੰਚ ਹਾਲਤਾਂ, ਅਤੇ ਪਾਠਸ਼ਾਲਾਵਾਂ ਦੀ ਬੜੀ ਵੱਢੀ ਗਿਣਤੀ ਸਾਰੀਆਂ ਪਾਠਸ਼ਾਲਾਵਾਂ ਤੱਕ ਅੱਪੜਨਾ ਔਖਾ ਬਣਾਉਂਦੇ ਹਨ। ਪ੍ਰਸ਼ਾਸਨੀ ਸੰਰਚਨਾਵਾਂ ਪਾਠਸ਼ਾਲਾਵਾਂ ਦੀ ਗਿਣਤੀ ਵਿੱਚ ਵਾਧਿਆਂ ਅਤੇ 'ਸਮਗਰ ਸਿੱਖਿਆ ਯੋਜਨਾ' ਦੀਆਂ ਇਕਰੂਪੀਆਂ (ਯੂਨੀਫ਼ਾਈਡ) ਸੰਰਚਨਾਵਾਂ ਦੀਆਂ ਅਨੁਸਾਰੀ ਨਹੀਂ।

7.4. ਭਾਵੇਂ ਪਾਠਸ਼ਾਲਾਵਾਂ ਦੀ ਚੱਕਬੰਦੀ ਇੱਕ ਬਦਲ ਹੈ ਜਿਸ ਬਾਰੇ ਅਕਸਰ ਚਰਚਾ ਹੁੰਦੀ ਹੈ, ਇਸ ਨੂੰ ਬੜੇ ਨਿਆਂ ਭਰੇ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ, ਤੇ ਬੱਸ ਉਦੋਂ ਈ ਜਦੋਂ ਇਹ ਪੱਕਾ ਹੋ ਜਾਵੇ ਪਈ ਇਸ ਨਾਲ ਪਹੁੰਚ 'ਤੇ ਕੋਈ ਅਸਰ ਨਹੀਂ ਪਵੇਗਾ। ਅਜਿਹੇ ਕਦਮਾਂ ਦਾ ਨਤੀਜਾ ਬੱਸ ਸੀਮਤ ਚੱਕਬੰਦੀ ਹੋਣ ਦੀ ਹੀ ਸੰਭਾਵਨਾ ਹੁੰਦੀ ਹੈ, ਤੇ ਸਮੁੱਚੀਆਂ ਸੰਰਚਨਾਵੀ ਔਕੜਾਂ ਤੇ ਛੋਟੀਆਂ ਪਾਠਸ਼ਾਲਾਵਾਂ ਦੀ ਬੜੀ ਵੱਡੀ ਗਿਣਤੀ ਵੱਲੋਂ ਪੇਸ਼ ਚੁਣੌਤੀਆਂ ਦਾ ਹੱਲ ਨਹੀਂ ਹੋਵੇਗਾ।

7.5. ਰਾਜਾਂ/ਸੰਘੀ ਖੇਤਰਾਂ ਦੀਆਂ ਸਰਕਾਰਾਂ 2025 ਤੱਕ ਪਾਠਸ਼ਾਲਾਵਾਂ ਦੇ ਜੁੱਟ ਬਨਾਉਣ ਜਾਂ ਤਰਕਸੰਗਤ ਬਨਾਉਣ ਲਈ ਨਵੇਂ ਢੰਗ-ਤਰੀਕੇ ਅਪਣਾ ਕੇ ਇਹਨਾਂ ਚੁਣੌਤੀਆਂ ਦੇ ਸਨਮੁੱਖ ਹੋਣਗੀਆਂ। ਇਸ ਦਖ਼ਲ ਦਾ ਉਦੇਸ਼ ਇਹ ਯਕੀਨੀ ਬਨਾਉਣਾ ਹੋਵੇਗਾ ਕਿ ਹਰ ਪਾਠਸ਼ਾਲਾ ਕੋਲ ੳ) ਕਲਾ, ਸੰਗੀਤ ਵਿਗਿਆਨ, ਖੇਡਾਂ, ਭਾਸ਼ਾਵਾ, ਕਿੱਤਾਮੁਖੀ ਵਿਸ਼ੇ, ਆਦਿ ਸਾਰਿਆਂ ਦੇ ਅਧਿਆਪਨ ਲਈ ਲੋੜੀਂਦੀ ਗਿਣਤੀ ਵਿੱਚ ਸਲਾਹਕਾਰ/ਸਿਖਲਾਈ ਪ੍ਰਾਪਤ ਸਮਾਜੀ ਕਾਮੇ ਤੇ

ਅਧਿਆਪਕ (ਹੋਰਨਾਂ ਨਾਲ ਸਾਂਝੇ ਜਾਂ ਵੱਖਰੇ) ਹੋਣ; ਅ) ਪੋਥੀਸ਼ਾਲਾ, ਵਿਗਿਆਨਸ਼ਾਲਾ (ਵਿਗਿਆਨ ਪ੍ਰਯੋਗਸ਼ਾਲਾ), ਕੰਪਿਊਟਰਸ਼ਾਲਾ, ਹੁਨਰਸ਼ਾਲਾ, ਖੇਡ ਉਪਕਰਣ ਤੇ ਸਹੂਲਤਾਂ, ਆਦਿ ਹੋਣ: ੲ) ਸਾਂਝੇ ਪੇਸ਼ਾਵੀ ਵਿਕਾਸ ਕਾਰਜਕ੍ਰਮਾਂ, ਅਧਿਆਪਨ-ਸਿੱਖਣ ਵਿਸ਼ਾ-ਵਸਤ ਦੀ ਸਾਂਝ, ਸਾਂਝੇ ਵਿਸ਼ਾ-ਵਸਤ ਵਿਕਾਸ, ਕਲਾ ਤੇ ਵਿਗਿਆਨ ਵਿਖਾਵਿਆਂ, ਖੇਡ ਮੁਕਾਬਲਿਆਂ, ਸੁਆਲ-ਖੇਡਾਂ ਤੇ ਵਾਦ-ਵਿਵਾਦ, ਤੇ ਮੇਲਿਆਂ ਜਿਹੀਆਂ ਸਾਂਝੀਆਂ ਸਰਗਰਮੀਆਂ ਰਾਹੀਂ ਅਧਿਆਪਕਾਂ, ਵਿਦਿਆਰਥੀਆਂ, ਤੇ ਪਾਠਸ਼ਾਲਾਵਾਂ ਵਿਚਲੇ ਨਖੇੜ 'ਤੇ ਕਾਬੂ ਪਾਣ ਲਈ ਸਮੂਹ-ਭਾਵ ਉਸਾਰਿਆ ਗਿਆ ਹੋਵੇ; ਸ) ਅਪੰਗਤਾਵਾਂ ਵਾਲੇ ਬੱਚਿਆਂ ਦੀ ਸਿੱਖਿਆ ਲਈ ਸਕੂਲਾਂ ਵਿਚਕਾਰ ਸਹਿਯੋਗ ਤੇ ਇੱਕ ਦੂਜੇ ਲਈ ਸਹਾਰਾ ਹੋਵੇ; ਤੇ ਹ) ਹਰ ਪਾਠਸ਼ਾਲਾ ਜੁੱਟ ਅੰਦਰ ਹੇਠਲੇ ਨਿਰਣੇ ਪ੍ਰਧਾਨਾਚਾਰੀਆਂ, ਅਧਿਆਪਕਾਂ, ਤੇ ਦੂਜੇ ਹਿੱਸੇਦਾਰਾਂ 'ਤੇ ਛੱਡਣ ਰਾਹੀਂ ਤੇ ਅਜਿਹੇ ਪਾਠਸ਼ਾਲਾ ਜੁੱਟਾਂ ਨੂੰ, ਜਿਸ ਵਿੱਚ ਨੀਂਹਵੀਂ ਪੱਧਰ ਤੋਂ ਦੂਜਾਵੀ ਪੱਧਰ ਤੱਕ ਪਾਠਸ਼ਾਲਾਵਾਂ ਸ਼ਾਮਲ ਹਨ, ਅਖੰਡ ਅੱਧ-ਸਵੈਧੀਨਤਾਧਾਰੀ ਇਕਾਈਆਂ ਮੰਨ ਕੇ ਪਾਠਸ਼ਾਲਾ ਪ੍ਰਣਾਲੀ ਦਾ ਸੁਧਾਰਿਆ ਪ੍ਰਸ਼ਾਸਨ ਹੋਵੇ।

7.6. ਉੱਪਰਲੇ ਨੂੰ ਪੂਰਾ ਕਰਨ ਲਈ ਇੱਕ ਸੰਭਵ ਢੰਗ ਪਾਠਸ਼ਾਲਾ ਸਮੂਹ ਆਖੀ ਜਾਣ ਵਾਲੀ ਜੁੱਟ-ਸੰਰਚਨਾ ਦੀ ਥਾਪਣਾ ਹੋਵੇਗੀ, ਜਿਸ ਵਿੱਚ ਇੱਕ ਦੂਜਾਵੀ ਪੱਧਰ ਦੀ ਪਾਠਸ਼ਾਲਾ ਹੋਵੇਗੀ ਤੇ ਇਸ ਦੇ ਨਾਲ ਇਸ ਦੇ ਆਂਢ-ਗੁਆਂਢ ਵਿੱਚ 5 ਤੋਂ 10 ਕਿਲੋਮੀਟਰ ਤੱਕ ਦੀ ਦੂਰੀ ਤੱਕ ਹੇਠਲਅੀਆਂ ਜਮਾਤਾਂ ਦੀ ਸਿੱਖਿਆ ਦੇਣ ਵਾਲੀਆਂ ਪਾਠਸ਼ਾਲਾਵਾਂ ਤੇ ਆਂਗਣਵਾੜੀਆਂ ਸ਼ਾਮਲ ਹੋਣਗੀਆਂ। ਇਹ ਸੁਝਾਅ ਸਭ ਤੋਂ ਪਹਿਲਾਂ ਸਿੱਖਿਆ ਆਯੋਗ (1964-66) ਵੱਲੋਂ ਦਿੱਤਾ ਗਿਆ ਸੀ ਪਰ ਲਾਗੂ ਨਹੀਂ ਕੀਤਾ ਗਿਆ। ਇਹ ਨੀਤੀ ਜਿੱਥੇ ਵੀ ਸੰਭਵ ਹੋਵੇ ਪਾਠਸ਼ਾਲਾ ਸਮੂਹ/ਜੜੁੱਤ ਦੇ ਵਿਚਾਰ ਤੇ ਸਹੀ ਪਾਉਂਦੀ ਹੈ। ਪਾਠਸ਼ਾਲਾ ਸਮੂਹ/ਜੜੁੱਤ ਦਾ ਟੀਚਾ ਜੜੁੱਤ ਵਿੱਚ ਸਰੋਤ ਵਰਤੋਂ ਦਾ ਵਧੇਰੇ ਸੁਚਾਰੂ ਹੋਣਾ ਅਤੇ ਵੱਧ ਪ੍ਰਭਾਵੀ ਕਾਰਜ ਪ੍ਰਣਾਲੀ, ਤਾਲਮੇਲ, ਅਗਵਾਈ, ਪ੍ਰਸ਼ਾਸਨ, ਅਤੇ ਪਾਠਸ਼ਾਲਾ ਦਾ ਪ੍ਰਬੰਧ ਹੋਵੇਗਾ।

7.7. ਪਾਠਸ਼ਾਲਾ ਸਮੂਹਾਂ/ਜੜੁੱਤਾਂ ਦੀ ਸਥਾਪਨਾ ਅਤੇ ਸਮੂਹਾਂ ਵਿਚਕਾਰ ਸਰੋਤ ਸਾਂਝੇ ਕਰਨ ਦੇ ਨਤੀਜੇ ਵੱਜੋਂ ਕਈ ਹੋਰ ਲਾਭ ਵੀ ਹੋਣਗੇ; ਇਹ ਲਾਭ ਹਨ, ਅਪੰਗਤਾਵਾ ਵਾਲੇ ਬੱਚਿਆਂ ਲਈ ਬਿਹਤਰ ਸਹਾਰਾ, ਪਾਠਸ਼ਾਲਾ ਸਮੂਹਾਂ ਵਿਚਕਾਰ ਵਧੇਰੇ ਵਿਸ਼ਾ-ਅਧਾਰੀ ਸੱਥਾਂ ਅਤੇ ਪੀਠੀ/ਖੇਡਾਂ/ਕਲਾਵਾਂ/ਦਸਤਕਾਰੀਆਂ ਦੀਆਂ ਸਰਗਰਮੀਆਂ, ਇਹਨਾਂ ਵਿਸ਼ਿਆਂ ਦੇ ਅਧਿਆਪਕਾਂ ਤੇ ਅਭਾਸੀ ਜਮਾਤਾਂ ਲਾਉਣ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ (ਸੁਸੰਤ, ICT) ਸਾਧਨਾਂ ਦੀ ਸਾਂਝੀ ਵਰਤੋਂ ਰਾਹੀਂ ਕਲਾ, ਸੰਗੀਤ, ਭਾਸ਼ਾ, ਕਿੱਤਾਮੁਖੀ ਵਿਸ਼ੇ, ਸਰੀਰੀ ਸਿੱਖਿਆ, ਤੇ ਦੂਜੇ ਵਿਸ਼ਿਆਂ ਦੀ ਬਿਹਤਰ ਰਲਾਈ, ਵਧੇਰੇ ਪੀਡੇ ਅਤੇ ਸੁਧਰੇ ਪ੍ਰਸ਼ਾਸਨ, ਪੈੜ-ਨੱਪਣ, ਨਿਗਰਾਨੀ, ਕਾਢਾਂ, ਅਤੇ ਸਥਾਨੀ ਹਿੱਸੇਦਾਰਾਂ ਵੱਲੋਂ ਪਹਿਲਕਦਮੀਆਂ ਲਈ ਸਮਾਜੀ ਕਾਮਿਆਂ ਤੇ ਸਲਾਹਕਾਰਾਂ ਅਤੇ ਪਾਠਸ਼ਾਲਾ ਸਮੂਹ ਪ੍ਰਬੰਧ ਸਮਿਤੀਆਂ (ਪਾਠਸ਼ਾਲਾ ਪ੍ਰਬੰਧ ਸਮਿਤੀ ਦੀ ਬਜਾਏ) ਦੇ ਸਾਂਝੇ ਕਰਨ ਰਾਹੀਂ ਬਿਹਤਰ ਵਿਦਿਆਰਥੀ ਸਹਾਰਾ, ਦਾਖ਼ਲਾ, ਹਾਜ਼ਰੀ, ਅਤੇ ਕਾਰਗੁਜ਼ਾਰੀ। ਪਾਠਸ਼ਾਲਾਵਾਂ, ਪਾਠਸ਼ਾਲਾ ਆਗੂਆਂ, ਅਧਿਆਪਕਾਂ, ਵਿਦਿਆਰਥੀਆਂ, ਸਹਾਈ ਅਮਲੇ, ਮਾਪਿਆਂ, ਅਤੇ ਸਥਾਨੀ ਨਾਗਰਿਕਾਂ ਦੇ ਅਜਿਹੇ ਵਡੇਰੇ ਸਮੂਹ ਉਸਾਰਨ ਨਾਲ ਪਾਠਸ਼ਾਲਾ ਪ੍ਰਣਾਲੀ ਨੂੰ ਊਰਜਾ ਤੇ ਬਲ ਮਿਲੇਗਾ, ਉਹ ਵੀ ਸਰੋਤਾਂ ਦੀ ਸੁਚਾਰੂ ਵਰਤੋਂ ਦੀ ਵਿਧੀ ਨਾਲ।

7.8. ਪਾਠਸ਼ਾਲਾ ਸਮੂਹਾਂ/ਜੜੁੱਤਾਂ ਨਾਲ ਪਾਠਸ਼ਾਲਾਵਾਂ ਦਾ ਪ੍ਰਸ਼ਾਸਨ ਸੁਧਰੇਗਾ ਵੀ ਅਤੇ ਵੱਧ ਸੁਚਾਰੂ ਵੀ ਬਣੇਗਾ। ਪਹਿਲਾਂ, ਪਾਸਿਨਿ (ਪਾਠਸ਼ਾਲਾ ਸਿੱਖਿਆ ਨਿਦੇਸ਼ਾਲਾ, ਡੀਐਸਈ) ਆਪਣੀ ਸ਼ਕਤੀ ਪਾਠਸ਼ਾਲਾ ਸਮੂਹ/ਜੜੁੱਤ ਨੂੰ ਸੌਂਪੇਗੀ, ਜਿਹੜਾ ਅੱਧ-ਸਵੈਧੀਨ ਇਕਾਈ ਵਾਂਗ ਕੰਮ ਕਰੇਗਾ। ਜ਼ਿਲਾ ਸਿੱਖਿਆ ਅਧਿਕਾਰੀ (ਜ਼ਿਸਿਅ) ਅਤੇ ਬਲਾਕ ਸਿੱਖਿਆ ਅਧਿਕਾਰੀ (ਬਸਿਅ) ਮੁੱਢਲੇ ਤੌਰ 'ਤੇ ਹਰ ਪਾਠਸ਼ਾਲਾ ਸਮੂਹ/ਜੜੁੱਤ ਨਾਲ ਇਕਹਿਰੀ ਇਕਾਈ ਵੱਜੋਂ ਆਦਾਨ-ਪ੍ਰਦਾਨ ਕਰੇਗਾ ਤੇ ਇਸ ਦੇ ਕੰਮ ਵਿੱਚ ਸਹਾਈ ਹੋਵੇਗਾ। ਸਮੂਹ ਪਾਸਿਨਿ ਵੱਲੋਂ ਸੌਂਪੇ ਕੁਝ ਕੰਮ ਆਪ ਕਰੇਗਾ ਅਤੇ ਇਸ ਵਿਚਲੀਆਂ ਇਕੱਲੀਆਂ-ਇਕੱਲੀਆਂ ਪਾਠਸ਼ਾਲਾਵਾਂ ਨਾਲ ਆਦਾਨ-ਪ੍ਰਦਾਨ ਕਰੇਗਾ। ਕੌਮੀ ਪਾਠਕ੍ਰਮ ਰੂਪ-ਰੇਖਾ (ਕੌਪਾਰੂਰੇ) ਅਤੇ ਰਾਜ ਪਾਠਕ੍ਰਮ ਰੂਪ-ਰੇਖਾ (ਰਾਪਾਰੂਰੇ) ਦੀ ਪਾਲਣਾ ਕਰਦਿਆਂ ਹੋਇਆਂ ਅਖੰਡ ਸਿੱਖਿਆ ਦੇਣ ਅਤੇ ਸਿੱਖਿਆ-ਵਿਧੀਆਂ ਦੇ ਤਜ਼ਰਬੇ ਕਰਨ ਲਈ ਪਾਸਿਨਿ ਵੱਲੋਂ ਪਾਠਸ਼ਾਲਾ ਸਮੂਹ/ਜੜੁੱਤ ਨੂੰ ਗਿਣਨਯੋਗ ਸਵੈਧੀਨਤਾ ਦਿੱਤੀ ਜਾਵੇਗੀ। ਅਜਿਹੇ ਸੰਗਠਨ ਨਾਲ ਪਾਠਸ਼ਾਲਾਵਾਂ ਤਾਕਤ ਹਾਸਲ ਕਰਨਗੀਆਂ, ਵਧੇਰੇ ਸੁਤੰਤਰਤਾ

ਮਾਣਨ ਦੇ ਯੋਗ ਹੋਣਗੀਆਂ, ਅਤੇ ਸਮੂਹ ਨੂੰ ਵਧੇਰੇ ਕਾਢਮੁਖੀ ਅਤੇ ਹੁੰਗਾਰਾ ਭਰਨ ਵਾਲਾ ਬਨਾਉਣ ਵਿੱਚ ਯੋਗਦਾਨ ਪਾਉਣਗੀਆਂ। ਇਸ ਦੇ ਨਾਲ-ਨਾਲ, ਪਾਸਿਨਿ ਪ੍ਰਣਾਲੀ ਦੇ ਸੁਚਾਰੂਪਨ ਦਾ ਸਮੁੱਚਾ ਸੁਧਾਰ ਕਰਦੇ ਹੋਏ ਹਾਸਲ ਕੀਤੇ ਜਾਣ ਵਾਲੇ ਔਸਤ ਪੱਧਰ ਟੀਚਿਆਂ 'ਤੇ ਇਕਾਗਰ ਹੋਣ ਦੇ ਯੋਗ ਹੋਵੇਗਾ।

7.9. ਇਹਨਾਂ ਸਮੂਹਾਂ/ਜੜ੍ਹੁੱਤਾ ਰਾਹੀਂ ਯੋਜਨਾਵਾਂ ਨੂੰ, ਥੋੜ-ਚਿਰੀਆਂ ਤੇ ਲੰਮੇਰ-ਚਿਰੀਆਂ ਦੋਵਾਂ ਨੂੰ, ਸਾਹਮਣੇ ਰੱਖ ਕੇ ਕੰਮ ਕਰਨ ਦੇ ਸੱਭਿਆਚਾਰ ਦਾ ਵਿਕਾਸ ਹੋਵੇਗਾ। ਪਾਠਸ਼ਾਲਾਵਾ ਆਪਣੇ ਪਾਪ੍ਰਸਾਂ (ਪਾਠਸ਼ਾਲਾ ਪ੍ਰਬੰਧ ਸਮਿਤੀਆਂ) ਦੀ ਸ਼ਮੂਲੀਅਤ ਨਾਲ ਆਪਣੀਆਂ ਯੋਜਨਾਵਾਂ ਦਾ ਵਿਕਾਸ (ਪਾਯੋਵਿ, ਪਾਠਸ਼ਾਲਾ ਯੋਜਨਾ ਵਿਕਾਸ) ਕਰਨਗੀਆਂ। ਇਹ ਯੋਜਨਾਵਾਂ ਮੁੜ ਪਾਠਸ਼ਾਲਾ ਸਮੂਹ/ਜੜੁੱਤ ਵਿਕਾਸ ਯੋਜਨਾਵਾਂ (ਪਾਸਵਿਯੋਆਂ) ਦਾ ਆਧਾਰ ਬਣਨਗੀਆਂ। ਪਾਸਵਿਯੋਆਂ ਵਿੱਚ ਪਾਠਸ਼ਾਲਾ ਸਮੂਹ ਨਾਲ ਸਬੰਧਤ ਸਾਰੀਆਂ ਦੂਜੀਆਂ ਸੰਸਥਾਵਾ ਦੀਆਂ ਯੋਜਨਾਵਾਂ ਵੀ ਸ਼ਾਮਲ ਹੋਣਗੀਆਂ, ਜਿਵੇਂ ਕਿ ਕਿੱਤਾਮੁਖੀ ਸਿੱਖਿਆ ਸੰਸਥਾਵਾਂ, ਅਤੇ ਇਹਨਾਂ ਦੀ ਸਿਰਜਣਾ ਪਾਠਸ਼ਾਲਾ ਸਮੂਹ ਦੇ ਪ੍ਰਧਾਨਾਚਾਰੀਆਂ ਅਤੇ ਅਧਿਆਪਕਾਂ ਵੱਲੋਂ ਪਾਸਪ੍ਰਸ (ਪਾਠਸ਼ਾਲਾ ਸਮੂਹ ਪ੍ਰਬੰਧ ਸਮਿਤੀ) ਦੀ ਸ਼ਮੂਲੀਅਤ ਨਾਲ ਕੀਤੀ ਜਾਵੇਗੀ ਅਤੇ ਇਹ ਜਨਤਕ ਤੌਰ 'ਤੇ ਹਾਸਲ ਕਰਾਈਆਂ ਜਾਣਗੀਆਂ। ਯੋਜਨਾਵਾਂ ਵਿੱਚ ਮਨੁੱਖੀ ਸਰੋਤ, ਸਿੱਖਣ ਸਰੋਤ, ਭੌਤਿਕ ਸਰੋਤ ਅਤੇ ਭੌਤਿਕ ਢਾਂਚਾ, ਸੁਧਾਰ ਲਈ ਪਹਿਲਕਦਮੀਆਂ, ਵਿੱਤੀ ਸਰੋਤ, ਪਾਠਸ਼ਾਲਾ ਸੱਭਿਆਚਾਰੀ ਪਹਿਲਕਦਮੀਆਂ, ਅਧਿਆਪਕ ਵਿਕਾਸ ਯੋਜਨਾ, ਅਤੇ ਸਿਖਿਆਵੀ ਪ੍ਰਾਪਤੀਆਂ ਸ਼ਾਮਲ ਹੋਣਗੀਆਂ। ਇਸ ਵਿੱਚ ਉਹਨਾਂ ਯਤਨਾਂ ਦਾ ਵੇਰਵਾ ਹੋਵੇਗਾ ਜਿਹੜੇ ਜੀਵੰਤ ਸਿੱਖਣ ਸਮੂਹਾਂ ਦੇ ਵਿਕਾਸ ਲਈ ਸਾਰੇ ਪਾਠਸ਼ਾਲਾ ਸਮੂਹਾਂ ਵਿੱਚ ਕੀਤੇ ਜਾਣੇ ਹਨ। ਪਵਿਯੋ ਅਤੇ ਪਾਸਵਿਯੋ ਪਾਸਿਨਿ ਸਣੇਂ ਪਾਠਸ਼ਾਲਾ ਦੇ ਸਾਰੇ ਹਿੱਸੇਦਾਰਾਂ ਦੇ ਤਾਲਮੇਲ ਲਈ ਮੁੱਢਲਾ ਢੰਗ ਹੋਵੇਗਾ। ਪਾਪ੍ਰਸ ਅਤੇ ਪਾਸਪ੍ਰਸ ਪਾਠਸ਼ਾਲਾ ਦੇ ਕਾਰ-ਵਿਹਾਰ ਅਤੇ ਦਿਸ਼ਾ ਵਾਚਣ ਲਈ ਪਵਿਯੋ ਤੇ ਪਾਸਵਿਯੋ ਦੀ ਵਰਤੋਂ ਕਰਨਗੀਆਂ ਅਤੇ ਇਹਨਾਂ ਯੋਜਨਾਵਾਂ ਨੂੰ ਅਮਲ ਵਿੱਚ ਲਿਆਉਣ ਲਈ ਸਹਾਇਤਾ ਕਰਨਗੀਆਂ। ਪਾਸਿਨਿ, ਸਬੰਧਤ ਅਧਿਕਾਰੀਆਂ ਰਾਹੀਂ, ਜਿਵੇਂ ਬਸਿਅ, ਹਰ ਪਾਠਸ਼ਾਲਾ ਸਮੂਹ ਦੀ ਪਸਵਿਯੋ ਤੇ ਸਹੀ ਪਾਵੇਗਾ ਤੇ ਤਸਦੀਕ ਕਰੇਗਾ। ਇਹ ਮੁੜ ਪਸਵਿਯੋਆਂ, ਥੋੜ-ਚਿਰੀਆਂ (1 ਸਾਲ) ਤੇ ਲੰਮੇਰ-ਚਿਰੀਆਂ (3-5 ਸਾਲ) ਦੋਵਾਂ, ਦੀ ਪ੍ਰਾਪਤੀ ਲਈ ਲੋੜੀਂਦੇ ਸਰੋਤ (ਵਿੱਤੀ, ਮਨੁੱਖੀ, ਤੇ ਭੌਤਿਕ, ਆਦਿ) ਪ੍ਰਦਾਨ ਕਰੇਗਾ। ਇਹ ਪਾਠਸ਼ਾਲਾ ਸਮੂਹਾਂ ਨੂੰ ਸਿੱਖਿਆ ਸਿੱਟੇ ਹਾਸਲ ਕਰਨ ਲਈ ਹਰ ਇੱਕ ਹੋਰ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗਾ। ਪਸਿਨਿ ਅਤੇ ਰਾਸਿਖੋਸਿਪ ਵਿਸ਼ੇਸ਼ ਮਾਪਦੰਡ (ਵਿੱਤੀ, ਅਮਲੇ ਸਬੰਧੀ, ਤੇ ਅਮਲ ਸਬੰਧੀ) ਅਤੇ ਪਵਿਯੋ ਅਤੇ ਪਾਸਵਿਯੋ ਦੇ ਵਿਕਾਸ ਲਈ ਰੂਪ-ਰੇਖਾਵਾਂ ਸਾਰੀਆਂ ਪਾਠਸ਼ਾਲਾਵਾਂ ਨਾਲ ਸਾਂਝੀਆਂ ਕਰ ਸਕਦੀਆਂ ਹਨ

7.10. ਪਾਠਸ਼ਾਲਾਵਾਂ ਵਿਚਕਾਰ, ਜਨਤਕ ਤੇ ਨਿੱਜੀ ਦੋਵਾਂ ਵਿਚਕਾਰ, ਸਹਿਕਾਰਤਾ ਅਤੇ ਹਾਂ-ਪੱਖੀ ਸਹਿਯੋਗ ਵਧਾਉਣ ਲਈ, ਸਾਰੇ ਦੇਸ ਵਿੱਚ ਇੱਕ ਜਨਤਕ ਪਾਠਸ਼ਾਲਾ ਤੇ ਇੱਕ ਨਿੱਜੀ ਪਾਠਸ਼ਾਲਾ ਦੇ ਜੋਟੇ ਬਣਾਏ ਜਾਣਗੇ, ਤਾਂ ਕਿ ਇੰਞ ਜੁੜੀਆਂ ਪਾਠਸ਼ਾਲਾਵਾਂ ਇੱਕ-ਦੂਜੇ ਨਾਲ ਮਿਲ/ਆਦਾਨ-ਪ੍ਰਦਾਨ ਕਰ ਸੱਕਣ, ਇੱਕ-ਦੂਜੇ ਤੋਂ ਸਿੱਖ ਸੱਕਣ, ਤੇ ਜੇ ਹੋ ਸੱਕੇ ਤਾਂ ਸਰੋਤ ਵੀ ਸਾਂਝੇ ਕਰ ਸੱਕਣ। ਨਿੱਜੀ ਪਾਠਸ਼ਾਲਾਵਾਂ ਦੀਆਂ ਸਰਬੋਤਮ ਰੀਤਾਂ ਦਾ ਦਸਤਾਵੇਜੀਕਰਣ ਕੀਤਾ ਜਾਵੇਗਾ, ਇਹ ਸਾਂਝੀਆਂ ਕੀਤੀਆਂ ਜਾਣਗੀਆਂ, ਤੇ ਜਨਤਕ ਪਾਠਸ਼ਾਲਾਵਾਂ ਵਿੱਚ ਸੰਸਥਾਈਕਰਣ ਕੀਤਾ ਜਾਵੇਗਾ, ਤੇ ਜਿੱਥੇ ਹੋ ਸੱਕੇ ਉਲਟ ਵੀ ਕੀਤਾ ਜਾਵੇਗਾ।

7.11. ਹਰ ਰਾਜ ਨੂੰ ਹਾਲੀਆ "ਬਾਲ ਭਵਨਾਂ" ਨੂੰ ਤਗੜੇ ਕਰਨ ਜਾਂ ਹੋਰ ਸਥਾਪਤ ਕਰਨ ਲਈ ਉਤਸ਼ਾਹ ਦਿੱਤਾ ਜਾਵੇਗਾ, ਜਿੱਥੇ ਸਾਰੀਆਂ ਉਮਰਾਂ ਦੇ ਬੱਚੇ ਕਲਾ, ਕਿੱਤਾ-ਜੀਵਨ, ਤੇ ਖੇਡਾਂ ਨਾਲ ਜੁੜੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ ਵਿਸ਼ੇਸ਼ ਰਿਹਾਇਸ਼ੀ ਪਾਠਸ਼ਾਲਾ ਵਾਂਙ ਸਤਵਾੜੇ 'ਚ ਇੱਕ ਦਿਨ ਜਾਂ ਵੱਧ ਦਿਨ ਜਾ ਸੱਕਣ (ਜਿਵੇਂ ਸਤਵਾੜੇ ਦੇ ਅੰਤਲੇ ਦਿਨ)। ਅਜਿਹੇ 'ਬਾਲ ਭਵਨ' ਜੇ ਹੋ ਸੱਕੇ ਤਾਂ ਪਾਠਸ਼ਾਲਾ ਸਮੂਹਾਂ/ਜੜੁੱਤਾਂ ਦਾ ਹਿੱਸਾ ਬਣਾਏ ਜਾ ਸਕਦੇ ਹਨ।

7.12. ਪਾਠਸ਼ਾਲਾ ਸਾਰੇ ਜਨ-ਸਮੂਹ ਲਈ ਚਾਅ ਤੇ ਮਾਣ ਵਾਲ ਥਾਂ ਹੋਵੇਗੀ। ਪਾਠਸ਼ਾਲਾ ਦਾ ਸੰਸਥਾ ਵੱਜੋਂ ਮਾਣ ਬਹਾਲ ਕੀਤਾ ਜਾਣਾ ਚਾਹੀਦਾ ਹੈ ਤੇ ਵੱਡੇ ਮੌਕੇ, ਜਿਵੇਂ ਪਾਠਸ਼ਾਲਾ ਦਾ ਥਾਪਣਾ ਦਿਹਾੜਾ, ਜਨ-ਸਮੂਹ ਨਾਲ ਰਲ ਕੇ ਮਨਾਏ

ਜਾਣਗੇ; ਉੱਘੇ ਪੁਰਾਣੇ ਵਿਦਿਆਰਥੀਆਂ ਦੇ ਨਾਂਵਾਂ ਦਾ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ ਤੇ ਉਹਨਾਂ ਨੂੰ ਸਨਮਾਨਿਆਂ ਜਾ ਸਕਦਾ ਹੈ। ਇਸ ਦੇ ਨਾਲ, ਪਾਠਸ਼ਾਲਾ ਦੇ ਢਾਂਚੇ ਦੀ ਅਣਵਰਤੀ ਸਮਰੱਥਾ ਅਧਿਆਪਨ/ਪਾਠਸ਼ਾਲਾ ਦੇ ਛੁੱਟੀ ਦੇ ਸਮੇਂ ਜਨ-ਸਮੂਹ ਦੀਆਂ ਸਮਾਜੀ, ਬੋਧੀ, ਅਤੇ ਸਵੈਸੇਵੀ ਸਰਗਰਮੀਆਂ ਲਈ, ਸਮਾਜੀ ਜੋੜ-ਮੇਲ ਵਧਾਉਣ ਲਈ, ਅਤੇ 'ਸਮਾਜੀ ਚੇਤਨਾ ਕੇਂਦਰ ਵੱਜੋਂ' ਵਰਤੀ ਜਾ ਸਕਦੀ ਹੈ।

## 8. ਪਾਠਸ਼ਾਲਾ ਸਿੱਖਿਆ ਲਈ ਮਾਨਕ-ਥਾਪਣ ਤੇ ਅੰਕਣ (ਅਕਰੈਡੀਟੇਸ਼ਨ)

8.1. ਸਿੱਖਿਆ ਨੇਮਬੰਦ ਕਰਨ ਵਾਲੀ ਪ੍ਰਣਾਲੀ ਦਾ ਟੀਚਾ ਸਿੱਖਿਆ ਪ੍ਰਾਪਤੀਆਂ ਵਿੱਚ ਲਗਾਤਾਰ ਸੁਧਾਰ ਹੋਣਾ ਚਾਹੀਦਾ ਹੈ; ਇਹ ਮਨਮਾਨੇ ਢੰਗ ਨਾਲ ਪਾਠਸ਼ਾਲਾਵਾਂ 'ਤੇ ਹੱਦਾਂ ਨਾ ਲਾਵੇ, ਕਾਢਾਂ ਨਾ ਰੋਕੇ, ਜਾਂ ਅਧਿਆਪਕਾਂ, ਪ੍ਰਧਾਨਾਚਾਰੀਆਂ, ਤੇ ਵਿਦਿਆਰਥੀਆਂ ਦਾ ਮਨੋਬਲ ਨਾ ਡੇਗੇ। ਕੁੱਲ ਮਿਲਾ ਕੇ, ਨੇਮਬੰਦ ਕਰਨ ਦਾ ਟੀਚਾ ਪੂਰੀ ਪਾਰਦਰਸ਼ਤਾ ਲਾਗੂ ਕਰਕੇ ਅਤੇ ਸਾਰੇ ਵਿੱਤ, ਕਾਰਜ-ਪ੍ਰਣਾਲੀਆਂ, ਅਤੇ ਸਿਖਿਆਵੀ ਪ੍ਰਾਪਤੀਆਂ ਨੂੰ ਪੂਰੀ ਤਰ੍ਹਾਂ ਜਨਤਕ ਕਰ ਕੇ ਪ੍ਰਣਾਲੀ ਦੀ ਪਵਿੱਤਰਤਾ ਯਕੀਨੀ ਬਣਾਉਂਦੇ ਹੋਏ ਪਾਠਸ਼ਾਲਾਵਾਂ ਤੇ ਅਧਿਆਪਕਾਂ ਦਾ ਭਰੋਸੇ ਨਾਲ ਸ਼ਕਤੀਕਰਣ ਕਰਕੇ ਉਹਨਾਂ ਨੂੰ ਉੱਤਮਤਾ ਲਈ ਯਤਨ ਕਰਨ ਤੇ ਆਪਣੀ ਸਭ ਤੋਂ ਵਧੀਆ ਕਾਰਗੁਜ਼ਾਰੀ ਦੇਣ ਦੇ ਯੋਗ ਬਨਾਉਣਾ ਹੋਣਾ ਚਾਹੀਦਾ ਹੈ।

8.2. ਇਸ ਵੇਲੇ, ਪਾਠਸ਼ਾਲਾ ਸਿੱਖਿਆ ਪ੍ਰਣਾਲੀ ਦੇ ਪ੍ਰਸ਼ਾਸਨ ਅਤੇ ਨੇਮਬੰਦ ਕਰਨ ਦੇ ਸਾਰੇ ਮੁੱਖ ਕਾਰਜ - ਜਨਤਕ ਸਿੱਖਿਆ ਦੀ ਵਿਵਸਥਾ, ਸਿੱਖਿਆ ਸੰਸਥਾਵਾਂ ਦਾ ਨੇਮਬੰਦ ਕਰਨਾ, ਤੇ ਨੀਤੀ ਘੜਨਾ - ਇੱਕੋ ਸੰਗਠਨ ਪਾਠਸ਼ਾਲਾ ਸਿੱਖਿਆ ਵਿਭਾਗ ਤੇ ਇਸ ਦੀਆਂ ਸ਼ਾਖਾਵਾਂ ਦੇ ਹੱਥ ਹਨ। ਇਹ ਹਿੱਤਾਂ ਦੇ ਟਕਰਾ ਅਤੇ ਤਾਕਤ ਦੇ ਅਤਿਅੰਤ ਇੱਕ-ਹੱਥ ਕੇਂਦਰੀਕਰਣ ਵੱਲ ਲੈ ਜਾਂਦਾ ਹੈ; ਇਹ ਪਾਠਸ਼ਾਲਾ ਪ੍ਰਣਾਲੀ ਦੇ ਪ੍ਰਭਾਵਹੀਣ ਪ੍ਰਬੰਧ ਵੱਲ ਵੀ ਲੈ ਜਾਂਦਾ ਹੈ, ਕਿਉਂਕਿ ਗੁਣਵੱਤਾ ਭਰਪੂਰ ਸਿੱਖਿਆ ਵਿਵਸਥਾ ਲਈ ਯਤਨ ਹੋਰ ਕਾਰਜਾਂ ਜਿਹੜੇ ਪਾਠਸ਼ਾਲਾ ਸਿੱਖਿਆ ਵਿਭਾਗ ਕਰਦੇ ਹਨ, ਖਾਸ ਤੌਰ 'ਤੇ ਨੇਮਬੰਦ ਚਲਾਉਣਾ, 'ਤੇ ਧਿਆਨ ਕੇਂਦਰਤ ਕਰਨ ਨਾਲ ਢਿੱਲੇ ਪੈ ਜਾਂਦੇ ਹਨ।

8.3. ਇਸ ਵੇਲੇ ਨੇਮਬੰਦ ਕਰਨ ਵਾਲਾ ਪ੍ਰਸ਼ਾਸਨ ਪ੍ਰਬੰਧ ਲਾਭ ਕਮਾਉਣ ਵਾਲੀਆਂ ਨਿੱਜੀ ਪਾਠਸ਼ਾਲਾਵਾਂ ਵੱਲੋਂ ਵਪਾਰੀਕਰਣ ਤੇ ਮਾਪਿਆਂ ਦੀ ਆਰਥਿਕ ਲੁੱਟ ਨੂੰ ਰੋਕਣ ਵਿੱਚ ਨਕਾਮ ਰਿਹਾ ਹੈ, ਤੇ ਇਸ ਦੇ ਨਾਲ ਹੀ ਇਸ ਨੇ ਬੜੇ ਵੱਧ ਵਾਰੀਂ ਅਚੇਤ ਹੀ ਜਨਤਕ ਭਾਵਨਾ ਵਾਲੀਆਂ ਨਿੱਜੀ/ਲੋਕ ਭਲਾਈ ਪਾਠਸ਼ਾਲਾਵਾਂ ਦਾ ਉਤਸ਼ਾਹ ਮਾਰਿਆ ਹੈ। ਜਨਤਕ ਤੇ ਨਿੱਜੀ ਪਾਠਸ਼ਾਲਾਵਾਂ ਨੂੰ ਨੇਮਬੰਦ ਕਰਨ ਵਿਚਕਾਰ ਬਹੁਤੀ ਅਸਮਾਨਤਾ ਰਹੀ ਹੈ, ਭਾਵੇਂ ਕਿ ਦੋਵਾਂ ਤਰ੍ਹਾਂ ਦੀਆਂ ਪਾਠਸ਼ਾਲਾਵਾਂ ਦਾ ਉਦੇਸ਼ ਇੱਕੋ ਹੋਣਾ ਚਾਹੀਦਾ ਹੈ, ਜਿਹੜਾ ਕਿ ਗੁਣਵੱਤਾ ਭਰਪੂਰ ਸਿੱਖਿਆ ਦੇਣਾ ਹੈ।

8.4. ਜਨਤਕ ਸਿੱਖਿਆ ਪ੍ਰਣਾਲੀ ਜੀਵੰਤ ਲੋਕਤੰਤਰੀ ਸਮਾਜ ਦੀ ਨੀਂਹ ਹੈ, ਤੇ ਰਾਸ਼ਟਰ ਲਈ ਸਿੱਖਿਆ ਪ੍ਰਾਪਤੀਆਂ ਦੇ ਸਰਬਉੱਚ ਪੱਧਰ ਹਾਸਲ ਕਰਨ ਲਈ ਇਹਦੇ ਹਾਲੀਆ ਚਲਾਉਣ ਦੇ ਢੰਗ ਦੀ ਕਾਇਆ-ਪਲਟ ਕਰਨ ਤੇ ਇਸ ਵਿੱਚ ਜਾਨ ਪਾਉਣ ਦੀ ਲੋੜ ਹੈ। ਨਾਲ ਦੀ ਨਾਲ, ਅਰਥ ਭਰਪੂਰ ਤੇ ਲਾਭਕਾਰੀ ਹਿੱਸਾ ਪਾਉਣ ਲਈ ਨਿੱਜੀ/ਲੋਕ ਭਲਾਈ ਪਾਠਸ਼ਾਲਾ ਖੰਡ ਨੂੰ ਉਤਸ਼ਾਹ ਦੇਣ ਤੇ ਯੋਗ ਬਨਾਉਣ ਦੀ ਲੋੜ ਹੈ।

8.5. ਇਸ ਨੀਤੀ ਦੇ ਰਾਜਕੀ ਪਾਠਸ਼ਾਲਾ ਸਿੱਖਿਆ ਪ੍ਰਣਾਲੀ ਬਾਰੇ ਕੁੰਜੀਵਤ ਸਿਧਾਂਤ ਤੇ ਸਿਫ਼ਾਰਿਸ਼ਾਂ, ਇਸ ਪ੍ਰਣਾਲੀ ਅੰਦਰਲੀਆਂ ਸਵੈਧੀਨ ਜ਼ੁੰਮੇਵਾਰੀਆਂ, ਅਤੇ ਇਸ ਨੂੰ ਨੇਮਬੰਦ ਕਰਨ ਲਈ ਪਹੁੰਚਾਂ ਹੇਠ ਅਨੁਸਾਰ ਹਨ:

ੳ. ਪਾਠਸ਼ਾਲਾ ਸਿੱਖਿਆ ਵਿਭਾਗ, ਜਿਹੜਾ ਕਿ ਪਾਠਸ਼ਾਲਾ ਸਿੱਖਿਆ ਲਈ ਸਰਬਉੱਚ ਸੰਗਠਨ ਹੈ, ਜਨਤਕ ਸਿੱਖਿਆ ਪ੍ਰਣਾਲੀ ਦੇ ਲਗਾਤਾਰ ਸੁਧਾਰ ਲਈ ਸਮੁੱਚੀ ਨਿਗਰਾਨੀ ਅਤੇ ਨੀਤੀ ਘੜਨ ਲਈ ਜ਼ੁੰਮੇਵਾਰ ਹੋਵੇਗਾ; ਜਨਤਕ ਪਾਠਸ਼ਾਲਾਵਾਂ ਦੇ ਸੁਧਾਰ 'ਤੇ ਲੋੜੀਂਦਾ ਧਿਆਨ ਕੇਂਦਰਤ ਕਰਨ ਅਤੇ ਹਿੱਤਾਂ ਦੇ ਟਕਰਾਅ ਨੂੰ ਮਿਟਾਉਣ ਲਈ, ਇਹ ਪਾਠਸ਼ਾਲਾਵਾਂ ਦੀ ਵਿਵਸਥਾ ਅਤੇ ਚਲਾਉਣ ਵਿੱਚ ਜਾਂ ਪਾਠਸ਼ਾਲਾਵਾਂ ਨੂੰ ਨੇਮਬੱਧ ਕਰਨ ਵਿੱਚ ਸ਼ਾਮਲ ਨਹੀਂ ਹੋਵੇਗਾ;

ਅ. 'ਪਾਠਸ਼ਾਲਾ ਸਿੱਖਿਆ ਨਿਦੇਸ਼ਾਲਾ' (ਜ਼ਿਸਿਅ ਅਤੇ ਬਸਿਅ, ਆਦਿ ਸਣੇਂ) ਸਾਰੇ ਰਾਜ ਦੀ ਜਨਤਕ ਸਿਖਿਆ ਪ੍ਰਣਾਲੀ ਲਈ ਕਾਰਜ-ਪ੍ਰਣਾਲੀ ਅਤੇ ਸੇਵਾ ਵਿਵਸਥਾ ਨੂੰ ਸੰਭਾਲੇਗਾ; ਇਹ ਸਿੱਖਿਆ ਕਾਰਜ-ਪ੍ਰਣਾਲੀ ਅਤੇ ਵਿਵਸਥਾ ਲਈ ਨੀਤੀਆਂ ਲਾਗੂ ਕਰਨ ਲਈ ਸਵੈਧੀਨ ਰੂਪ ਵਿੱਚ ਕੰਮ ਕਰੇਗਾ।

ੲ. ਜ਼ਰੂਰੀ ਗੁਣਵੱਤਾ ਮਾਨਕਾਂ ਦੀ ਪਾਲਣਾ ਯਕੀਨੀ ਬਨਾਉਣ ਲਈ, ਪਾਠਸ਼ਾਲਾ-ਪੂਰਬਲੀ ਸਿੱਖਿਆ ਸਣੇਂ- ਨਿੱਜੀ, ਜਨਤਕ, ਤੇ ਲੋਕ ਭਲਾਈ-ਮੁਖੀ - ਸਿੱਖਿਆ ਦੀਆਂ ਸਭ ਪੱਧਰਾਂ ਲਈ ਇੱਕ ਪ੍ਰਭਾਵੀ ਗੁਣਵੱਤਾ ਸਵੈ-ਨੇਮਬੰਦੀ ਜਾਂ ਅੰਕਣ ਪ੍ਰਣਾਲੀ ਦੀ ਸਥਾਪਨਾ ਕੀਤੀ ਜਾਵੇਗੀ। ਇਹ ਯਕੀਨੀ ਬਨਾਉਣ ਲਈ ਕਿ ਸਾਰੀਆਂ ਪਾਠਸ਼ਾਲਾਵਾਂ ਵਿਸ਼ੇਸ ਘੱਟੋ-ਘੱਟ ਪੇਸ਼ਾਵੀ ਅਤੇ ਗੁਣਵੱਤਾ ਮਾਨਕਾਂ ਦੀ ਪਾਲਣਾ ਕਰਦੀਆਂ ਹੋਣ, ਰਾਜਾਂ/ਸੰਘੀ ਖੇਤਰਾਂ ਦੀਆਂ ਸਰਕਾਰਾਂ 'ਰਾਜ ਪਾਠਸ਼ਾਲਾ ਮਾਨਕ ਸ਼ਕਤੀ' (ਰਾਪਾਮਾਸ਼) ਨਾਂ ਦਾ ਇੱਕ ਸਵੈਧੀਨ, ਰਾਜ-ਪੱਧਰੀ ਸੰਗਠਨ ਸਥਾਪਤ ਕਰਨਗੀਆਂ। ਰਾਪਾਮਾਸ਼ ਮੁੱਢਲੇ ਪੈਮਾਨਿਆਂ ਦੀ ਨੀਂਹ 'ਤੇ ਮਾਨਕਾਂ ਦੀ ਘੱਟੋ-ਘੱਟ ਸੂਚੀ ਸਥਾਪਤ ਕਰੇਗੀ (ਜਿਵੇਂ ਕਿ ਬਚਾਅ, ਸੁਰੱਖਿਆ, ਮੁੱਢਲਾ ਢਾਂਚਾ, ਵਿਸ਼ਿਆਂ ਤੇ ਜਮਾਤਾਂ ਪਾਰ ਅਧਿਆਪਕਾ ਦੀ ਗਿਣਤੀ, ਵਿੱਤੀ ਨੇਕਨੀਤੀ, ਅਤੇ ਪ੍ਰਸ਼ਾਸਨ ਦੇ ਸੁਚੱਜੇ ਅਮਲ)। ਰਸਿਖੋਸਿਪ ਵੱਖ-ਵੱਖ ਹਿੱਸੇਦਾਰਾਂ ਨਾਲ, ਖਾਸ ਤੌਰ 'ਤੇ ਅਧਿਆਪਕਾਂ ਤੇ ਪਾਠਸ਼ਾਲਾਵਾਂ ਨਾਲ, ਸਲਾਹ-ਮਸ਼ਵਰਾ ਕਰ ਕੇ ਇਹਨਾਂ ਮਾਪਦੰਡਾਂ ਲਈ ਰੂਪ-ਰੇਖਾ ਤਿਆਰ ਕਰੇਗੀ।

ਸਾਰੀ ਨੇਮਬੰਦੀ ਸਬੰਧੀ ਮੂਲ ਜਾਣਕਾਰੀ, ਜਿਵੇਂ ਰਾਪਾਮਾਸ਼ ਨੇ ਉਲੀਕੀ ਹੋਵੇ, ਦੀ ਪਾਰਦਰਸ਼ੀ ਜਨਤਕ ਸਵੈ-ਘੋਸ਼ਣਾ ਦੀ ਵਰਤੋਂ ਜਨਤਕ ਨਜ਼ਰਸਾਨੀ ਅਤੇ ਜਵਾਬਦੇਹੀ ਲਈ ਵੱਡੀ ਪੱਧਰ 'ਤੇ ਕੀਤੀ ਜਾਵੇਗੀ। ਕਿਹੜੇ-ਕਿਹੜੇ ਪਸਾਰਾਂ ਬਾਰੇ ਜਾਣਕਾਰੀ ਦੀ ਸਵੈ-ਘੋਸ਼ਣਾ ਕਰਨੀ ਹੈ ਦੇ ਤੇ ਸਵੈ-ਘੋਸ਼ਣਾ ਦੇ ਸੱਚੇ ਬਾਰੇ ਨਿਰਣਾ ਰਾਪਾਮਾਸ਼ ਵੱਲੋਂ ਪਾਠਸ਼ਾਲਾਵਾਂ ਲਈ ਮਾਨਕ ਥਾਪਣ ਲਈ ਸਰਬੋਤਮ ਭੂਮੰਡਲੀ ਰੀਤਾਂ ਅਨੁਸਾਰ ਕੀਤਾ ਜਾਵੇਗਾ। ਇਹ ਜਾਣਕਾਰੀ ਸਾਰੀਆਂ ਪਾਠਸ਼ਾਲਾਵਾਂ ਵੱਲੋਂ ਹਾਸਲ ਕਰਵਾਉਣੀ ਪਵੇਗੀ ਤੇ ਇਸ ਨੂੰ ਨਵਾਂ ਤੇ ਸਹੀ ਰੱਖਣਾ ਪਵੇਗਾ; ਇਸ ਨੂੰ ਰਾਪਾਮਾਅ (ਰਾਜ ਪਾਠਸ਼ਾਲਾ ਮਾਨਕ ਅਧਿਕਾਰ, ਐਸਐਸਐਸਏ) ਵੱਲੋਂ ਸੰਭਾਲੇ ਜਾਂਦੇ ਉੱਤੇ ਦੱਸੇ ਮੱਕੜਜਾਲ-ਹਾਤੇ 'ਤੇ ਤੇ ਪਾਠਸ਼ਾਲਾ ਦੇ ਮੱਕੜਜਾਲ-ਹਾਤੇ 'ਤੇ ਰੱਖਣਾ ਪਵੇਗਾ। ਜਨਤਕ ਕੀਤੀ ਗਈ ਇਸ ਜਾਣਕਾਰੀ ਬਾਰੇ, ਹਿੱਸੇਦਾਰਾਂ ਜਾਂ ਦੂਜਿਆਂ ਵੱਲੋਂ ਕੀਤੀ ਕਿਸੇ ਵੀ ਸ਼ਿਕਾਇਤ ਜਾਂ ਗਿਲ੍ਹੇ ਦਾ ਨਿਪਟਾਰਾ ਰਾਪਾਮਾਸ਼ ਕਰੇਗੀ। ਮਿਥੇ ਕਾਲ-ਅੰਤਰ 'ਤੇ ਮੁੱਲਵਾਨ ਸੁਝਾਅ ਲੈਣੇ ਯਕੀਨੀ ਬਨਾਉਣ ਲਈ ਬਿਨਾਂ ਕਿਸੇ ਤਰਤੀਬ ਦੇ ਚੁਣੇ ਵਿਦਿਆਰਥੀਆਂ ਤੋਂ ਬਿਜਲੇਈ ਢੰਗ ਨਾਲ ਰਾਇ ਮੰਗੀ ਜਾਇਆ ਕਰੇਗੀ। ਰਾਪਾਮਾਸ਼ ਦੇ ਕੰਮ ਵਿੱਚ ਸੁਚਾਰੂਪਨ ਤੇ ਪਾਰਦਰਸ਼ਤਾ ਯਕੀਨੀ ਬਨਾਉਣ ਲਈ ਢੁੱਕਵੀਂ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਪਾਠਸ਼ਾਲਾਂ 'ਤੇ ਇਸ ਵੇਲੇ ਪਿਆ ਨੇਮਬੰਦੀ ਆਦੇਸ਼ਾਂ ਦਾ ਵੱਡਾ ਭਾਰ ਬੜਾ ਘਟ ਜਾਵੇਗਾ।

ਸ. ਰਾਜ ਵਿਚਲੇ ਪੀਠੀ ਮਾਮਲਿਆਂ, ਪੀਠੀ ਮਾਨਕਾਂ ਤੇ ਪਾਠਕ੍ਰਮ ਸਮੇਤ, ਦੀ ਅਗਵਾਈ ਰਸਿਖੋਸਿਪ (ਕੌਸਿਖੋਸਿਪ ਨਾਲ ਡੂੰਘੇ ਸਲਾਹ-ਮਸ਼ਵਰੇ ਤੇ ਸਹਿਯੋਗ ਨਾਲ) ਕਰੇਗੀ, ਜਿਸ ਵਿੱਚ ਸੰਸਥਾ ਵੱਜੋਂ ਨਵੇਂ ਸਿਰਿਓਂ ਜਾਨ ਪਾਈ ਜਾਵੇਗੀ। ਰਾਸਿਖੋਸਿਪ ਸਾਰੇ ਹਿੱਸੇਦਾਰਾਂ ਨਾਲ ਵੱਡੀ ਪੱਧਰ 'ਤੇ ਸਲਾਹ-ਮਸ਼ਵਰਾ ਕਰ ਕੇ 'ਪਾਠਸ਼ਾਲਾ ਗੁਣਵੱਤਾ ਮੁਲਾਂਕਣ ਤੇ ਅੰਕਣ ਰੂਪ-ਰੇਖਾ' (ਪਾਗੁਮੁਅੰਰੂ) ਦਾ ਵਿਕਾਸ ਕਰੇਗੀ। ਰਾਸਿਖੋਸਿਪ ਜਸਕਿਆਂ (CRCs), ਬਸਕੇਆਂ (BRCs), ਤੇ ਜ਼ਿਸਿਸਿਸਾਂ (DIETs) ਵਿੱਚ ਨਵੇਂ ਸਿਰਿਓਂ ਜਾਨ ਪਾਉਣ ਲਈ ਇੱਕ "ਬਦਲਾਅ ਪ੍ਰਬੰਧ ਅਮਲ" ਦੀ ਅਗਵਾਈ ਵੀ ਕਰੇਗੀ ਜਿਹੜਾ ਤਿੰਨਾਂ ਸਾਲਾਂ ਵਿੱਚ ਇਹਨਾਂ ਸੰਸਥਾਵਾਂ ਦੀ ਸਮਰੱਥਾ ਤੇ ਕੰਮ ਸੱਭਿਆਚਾਰ ਨੂੰ ਬਦਲੇਗਾ ਤੇ ਇਹਨਾਂ ਦਾ ਉੱਤਮਤਾ ਦੀਆਂ ਜੀਵੰਤ ਸੰਸਥਾਵਾਂ ਵੱਜੋਂ ਵਿਕਾਸ ਕਰੇਗਾ। ਨਾਲ ਦੀ ਨਾਲ, ਪਾਠਸ਼ਾਲਾ ਛੱਡਣ ਦੀ ਪੱਧਰ 'ਤੇ ਵਿਦਿਆਰਥੀਆਂ ਦੀਆਂ ਯੋਗਤਾਵਾ ਦੇ ਪ੍ਰਮਾਣੀਕਰਣ ਦਾ ਕੰਮ ਹਰ ਰਾਜ ਦਾ 'ਮੁਲਾਂਕਣ/ਪਰੀਖਣ ਬੋਰਡ' ਕਰੇਗਾ।

8.6. ਸੱਭਿਆਚਾਰ, ਬਣਤਰਾਂ ਤੇ ਪਾਠਸ਼ਾਲਾਵਾਂ, ਸੰਸਥਾਵਾਂ, ਅਧਿਆਪਕਾਂ, ਅਧਿਕਾਰੀਆਂ, ਜਨ-ਸਮੂਹਾਂ, ਤੇ ਹੋਰ ਹਿੱਸੇਦਾਰਾਂ ਦਾ ਸ਼ਕਤੀਕਰਣ ਕਰਨ ਵਾਲੇ ਤੇ ਲੋੜੀਂਦੇ ਸਰੋਤ ਦੇਣ ਵਾਲੀਆਂ ਪ੍ਰਣਾਲੀਆਂ ਵੀ ਵੱਚਨਬੱਧੀ ਤੇ ਜਵਾਬਦੇਹੀ ਦੀ ਉਸਾਰੀ ਕਰਨਗੀਆਂ। ਸਿੱਖਿਆ ਪ੍ਰਣਾਲੀ ਦਾ ਹਰੇਕ ਹਿੱਤਧਾਰੀ ਤੇ ਹਿੱਸੇਦਾਰ ਆਪਣਾ ਕਾਰਜ ਪਵਿੱਤਰਤਾ ਦੇ ਸਰਬਉੱਚ ਪੱਧਰ, ਪੂਰੀ ਵਚਨਬੱਧੀ, ਅਤੇ ਮਿਸਾਲੀਆ ਕੰਮ ਸਦਾਚਾਰ ਨਾਲ ਕਰਨ ਲਈ ਜਵਾਬਦੇਹ ਹੋਵੇਗਾ। ਪ੍ਰਣਾਲੀ ਦੇ ਹਰ ਕਾਰਜ ਦੀਆਂ ਸਾਫ਼-ਸਾਫ਼ ਬਿਆਨ ਕੀਤੀਆਂ ਕਾਰਜ ਆਸਾਂ ਹੋਣਗੀਆਂ ਅਤੇ ਇਹਨਾਂ ਆਸਾਂ ਦੀ ਲੋਅ ਵਿੱਚ ਉਸ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਹੋਵੇਗਾ। ਪ੍ਰਣਾਲੀ-ਜਵਾਬਦੇਹੀ ਨੂੰ ਯਕੀਨੀ ਰੱਖਦੇ ਹੋਏ, ਮੁਲਾਂਕਣ ਯਥਾਰਥੀ ਤੇ ਵਿਕਾਸਮੁਖੀ ਹੋਵੇਗਾ। ਕਾਰਗੁਜ਼ਾਰੀ ਨੂੰ ਚਹੁੰਪਾਸੜ ਵੇਖਣ ਲਈ ਇਸ ਵਿੱਚ ਰਾਇਆਂ ਅਤੇ ਮੁਲਾਂਕਣ ਦੇ ਬਹੁਮੁਖੀ ਸਰੋਤ ਹੋਣਗੇ (ਨਾ ਕਿ ਬੱਸ ਵਿਦਿਆਰਥੀਆਂ ਵੱਲੋਂ ਪ੍ਰਾਪਤ 'ਅੰਕਾਂ' ਨਾਲ ਸਿੱਧੜ ਜਿਹੇ ਜੁੜੇ ਹੋਏ)। ਮੁਲਾਂਕਣ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਵਿਦਿਆਰਥੀਆਂ ਦੀਆਂ ਸਿਖਿਆਵੀ ਪ੍ਰਾਪਤੀਆਂ ਜਿਹੇ ਸਿੱਟਿਆਂ ਵਿੱਚ ਦਖ਼ਲ ਦੇਣ ਵਾਲੇ ਬਹੁਮੁਖੀ ਕਾਰਕ ਤੇ ਬਾਹਰੀ ਪ੍ਰਭਾਵ ਹੁੰਦੇ ਹਨ। ਇਸ ਵਿੱਚ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇਗਾ ਕਿ ਸਿੱਖਿਆ ਲਈ ਇਕੱਠਿਆਂ ਕੰਮ ਕਰਨ ਦੀ ਲੋੜ ਹੁੰਦੀ ਹੈ, ਖਾਸ ਤੌਰ 'ਤੇ ਪਾਠਸ਼ਾਲਾ ਦੇ ਪੱਧਰ 'ਤੇ। ਸਾਰੇ ਵਿਅਕਤੀਆਂ ਦੀ ਪਦ-ਉੱਨਤੀ, ਮਾਨਤਾ, ਅਤੇ ਜਵਾਬਦੇਹੀ ਕਾਰਗੁਜ਼ਾਰੀ 'ਤੇ ਟਿਕੇ ਅਜਿਹੇ ਮੁਲਾਂਕਣ ਰਾਹੀਂ ਹੋਵੇਗੀ।

8.7. ਇਹ ਯਕੀਨੀ ਬਨਾਉਣ ਲਈ ਕਿ ਜਨਤਕ ਭਾਵਨਾ ਵਾਲੀਆਂ ਨਿੱਜੀ ਪਾਠਸ਼ਾਲਾਵਾਂ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ ਤੇ ਕਿਸੇ ਤਰ੍ਹਾਂ ਵੀ ਗਲ ਨਹੀਂ ਘੁੱਟਿਆ ਜਾਂਦਾ, ਜਨਤਕ ਤੇ ਨਿੱਜੀ ਪਾਠਸ਼ਾਲਾਵਾਂ (ਕੇਂਦਰੀ ਸਰਕਾਰ ਦੇ ਪ੍ਰਬੰਧ/ਸਹਾਇਤਾ/ਨਿਯੰਤਰਣ ਵਾਲੀਆਂ ਪਾਠਸ਼ਾਲਾਵਾਂ ਨੂੰ ਛੱਡ ਕੇ) ਦਾ ਮੁਲਾਂਕਣ ਤੇ ਅੰਕਣ ਬਿਜਲੇਈ ਤੇ ਅਣਬਿਜਲੇਈ/ਮਨੁੱਖੀ ਢੰਗ ਨਾਲ ਕੀਤੀਆਂ ਜਨਤਕ ਘੋਸ਼ਣਾਵਾਂ ਤੇ ਪਾਰਦਰਸ਼ਤਾ 'ਤੇ ਜ਼ੋਰ ਦੇਂਦੇ ਹੋਏ ਇਹਨਾਂ ਹੀ ਕਸੌਟੀਆਂ, ਮਾਪਦੰਡਾਂ, ਅਤੇ ਅਮਲਾਂ 'ਤੇ ਟਿਕਿਆ ਹੋਵੇਗਾ। ਮਾਪਿਆਂ ਤੇ ਜਨ-ਸਮੂਹਾਂ ਨੂੰ ਆਪਹੁਦਰੇ ਫੀਸ ਵਾਧਿਆਂ ਤੋਂ ਬਚਾਉਂਦੇ ਹੋਏ, ਗੁਣਵੱਤਾ ਭਰਪੂਰ ਸਿੱਖਿਆ ਲਈ ਨਿੱਜੀ ਲੋਕਭਲਾਈ ਯਤਨਾਂ ਨੂੰ ਉਤਸ਼ਾਹ ਦਿੱਤਾ ਜਾਵੇਗਾ - ਜੋ ਸਿੱਖਿਆ ਦਾ ਸੁਭਾਅ ਜਨ-ਵਸਤ ਹੋਣ ਦੇ ਵਿਚਾਰ ਨੂੰ ਪੱਕਿਆਂ ਕਰੇਗਾ। ਪਾਠਸ਼ਾਲਾ ਮੱਕੜਜਾਲ-ਹਾਤੇ ਅਤੇ ਰਾਪਾਮਾਸ਼ ਦੇ ਮੱਕੜਜਾਲ-ਹਾਤੇ 'ਤੇ ਦਿੱਤੀ ਜਾਣ ਵਾਲੀ ਜਾਣਕਾਰੀ ਵਿੱਚ - ਜਨਤਕ ਤੇ ਨਿੱਜੀ ਦੋਵਾਂ ਤਰ੍ਹਾਂ ਦੀਆਂ ਪਾਠਸ਼ਾਲਾਵਾਂ ਲਈ - ਜਮਾਤ-ਕਮਰਿਆਂ ਦੀ ਗਿਣਤੀ, ਵਿਦਿਆਰਥੀਆਂ, ਅਧਿਆਪਕਾਂ, ਪੜ੍ਹਾਏ ਜਾਂਦੇ ਵਿਸ਼ੇ, ਫੀਸ ਜੇ ਕੋਈ ਹੋਵੇ, ਅਤੇ ਕੌਪ੍ਰਾਸ (ਕੌਮੀ ਪ੍ਰਾਪਤੀ ਸਰਵੇਕਣ, ਐਨਏਐਸ) ਤੇ ਰਾਪ੍ਰਾਸ (ਐਸਏਐਸ) ਜਿਹੇ ਮਾਨਕ ਮੁਲੰਕਣਾਂ ਦੇ ਆਧਾਰ 'ਤੇ ਸਮੁੱਚੀਆਂ ਵਿਦਿਆਰਥੀ ਪ੍ਰਾਪਤੀਆਂ ਬਾਰੇ ਜਾਣਕਾਰੀ ਹਾਸਲ ਹੋਵੇਗੀ। ਕੇਂਦਰ ਸਰਕਾਰ ਦੇ ਨਿਯੰਤਰਣ/ਪ੍ਰਬੰਧ/ਸਹਾਇਤਾ ਵਾਲੀਆਂ ਪਾਠਸ਼ਾਲਾਵਾਂ ਲਈ ਦੁਸਿਕੇਂਬੋ (ਦੁਜਾਵੀ ਸਿੱਖਿਆ ਕੇਂਦਰੀ ਬੋਰਡ, ਸੀਬੀਐਸਈ) ਮਸਵਿਮ ਨਾਲ ਸਲਾਹ-ਮਸ਼ਵਰਾ ਕਰ ਕੇ  ਰੂਪ-ਰੇਖਾ ਤਿਆਰ ਕਰੇਗਾ। ਸਾਰੀਆਂ ਸਿੱਖਿਆਂ ਸੰਸਥਾਵਾਂ ਲਈ 'ਮੁਨਾਫ਼ੇ-ਲਈ-ਨਹੀਂ' ਇਕਾਈ ਵੱਜੋਂ ਲੇਖਾ-ਪੜਤਾਲ ਤੇ ਘੋਸ਼ਣਾ ਲਈ ਇੱਕੋ ਜਿਹੇ ਮਾਨਕ ਹੋਣਗੇ। ਜੇ ਕੋਈ ਬਚਤ ਹੋਵੇ ਤਾਂ ਉਹ ਮੁੜ ਸਿੱਖਿਆ ਖੇਤਰ ਵਿੱਚ ਹੀ ਲਾਈ ਜਾਵੇਗੀ।

8.8. ਪਿਛਲੇ ਦਹਾਕੇ ਵਿੱਚ ਹਾਸਲ ਸਿੱਖਣ ਅਤੇ ਤਜਰਬੇ ਦੇ ਆਧਾਰ 'ਤੇ ਸੁਧਾਰਾਂ ਨੂੰ ਸੰਭਵ ਬਨਾਉਣ ਲਈ ਮਾਨਕ-ਥਾਪੀ/ਨੇਮਬੰਦੀ ਰੂਪ-ਰੇਖਾ ਅਤੇ ਪਾਠਸ਼ਾਲਾ ਨੇਮਬੰਦੀ, ਅੰਕਣ, ਅਤੇ ਪ੍ਰਸ਼ਾਸਨ ਲਈ ਸਹਾਈ ਪ੍ਰਣਾਲੀਆਂ ਦੀ ਮੁੜ ਪੜਤਾਲ ਕੀਤੀ ਜਾਵੇਗੀ। ਇਸ ਪੜਤਾਲ ਦਾ ਟੀਚਾ ਇਹ ਯਕੀਨੀ ਬਨਾਉਣਾ ਹੋਵੇਗਾ ਕਿ ਸਾਰੇ ਵਿਦਿਆਰਥੀਆਂ ਦੀ, ਖਾਸ ਤੌਰ 'ਤੇ ਉਚੇਚੇ ਹੱਕਾਂ ਤੋਂ ਹੀਣੇ ਤੇ ਵੰਚਿਤ ਸਮੂਹਾਂ ਦੇ ਵਿਦਿਆਰਥੀਆਂ ਦੀ, ਮੁੱਢਲੀ ਬਾਲ-ਉਮਰ ਦੇਖ-ਭਾਲ ਤੇ ਸਿੱਖਿਆ ਤੋਂ ਲੈ ਕੇ ਉਚੇਰੀ ਦੁਜਾਵੀ ਸਿੱਖਿਆ ਤੀਕ (ਭਾਵ ਜਮਾਤ-12 ਤੱਕ) ਉੱਚ-ਗੁਣਵੱਤਾ ਵਾਲੀ ਅਤੇ ਇੱਕ-ਸਮਾਨ ਸਿੱਖਿਆ ਤੱਕ ਸਰਬਵਿਆਪੀ, ਮੁਫ਼ਤ ਤੇ ਜ਼ਰੂਰੀ ਪਹੁੰਚ ਹੋਵੇ। ਆਗਤਾਂ ਤੇ ਉਹਨਾਂ ਦੇ ਭੌਤਿਕ ਤੇ ਢਾਂਚਾਗਤ ਘਟਕਾਂ ਦੇ ਜੰਤਰਕੀ ਸੁਭਾਅ 'ਤੇ ਵਾਧੂ ਜ਼ੋਰ ਦੀ ਰੀਤ ਬਦਲੀ ਜਾਵੇਗੀ ਅਤੇ ਲੋੜਾਂ, ਜਿਵੇਂ ਧਰਤੀ ਖੇਤਰ ਤੇ ਕਮਰਿਆਂ ਦਾ ਆਕਾਰ, ਸ਼ਹਿਰੀ ਖੇਤਰਾਂ ਵਿੱਚ ਖੇਡ ਦੇ ਮੈਦਾਨ ਦੀ ਵਿਹਾਰਕਤਾ, ਨੂੰ ਧਰਾਤਲੀ ਯਥਾਰਥ ਦਾ ਅਨੁਸਾਰੀ ਬਣਾਇਆ ਜਾਵੇਗਾ। ਬਚਾਅ, ਸੁਰੱਖਿਆ, ਅਤੇ ਸੁਹਾਵਣੇ ਅਤੇ ਉਪਜਾਊ ਸਿੱਖਣ ਥਾਂ ਯਕੀਨੀ ਰੱਖਦੇ ਹੋਏ, ਹਰ

ਪਾਠਸ਼ਾਲਾ ਲਈ ਸਥਾਨੀ ਲੋੜਾਂ ਅਤੇ ਸੀਮਾਵਾਂ ਅਨੁਸਾਰ ਆਪਣੇ ਨਿਰਣੇ ਲੈਣ ਦੀ ਢੁੱਕਵੀਂ ਲਚਕ ਰੱਖਦੇ ਹੋਏ, ਇਹਨਾਂ ਨਿਰਦੇਸ਼ਾਂ ਵਿੱਚ ਘਾਟਾ-ਵਾਧਾ ਕੀਤਾ ਜਾਵੇਗਾ ਤੇ ਇਹਨਾਂ ਵਿੱਚ ਢਿੱਲ ਦਿੱਤੀ ਜਾਵੇਗੀ। ਸਿੱਖਿਆ ਪ੍ਰਾਪਤੀਆਂ ਅਤੇ ਸਾਰੇ ਵਿੱਤੀ, ਪੀਠੀ, ਅਤੇ ਕਾਰਜ-ਪ੍ਰਣਾਲੀ ਮਾਮਲਿਆਂ ਦੀਆਂ ਪਾਰਦਰਸ਼ੀ ਘੋਸ਼ਣਾਵਾਂ ਨੂੰ ਬਣਦੀ ਮਹੱਤਾ ਦਿੱਤੀ ਜਾਵੇਗੀ ਅਤੇ ਇਸ ਨੂੰ ਪਾਠਸ਼ਾਲਾਵਾਂ ਦੇ ਮੁਲਾਂਕਣ ਵਿੱਚ ਢੁੱਕਵੀਂ ਤਰ੍ਹਾਂ ਸ਼ਾਮਲ ਕੀਤਾ ਜਾਵੇਗਾ। ਇਸ ਨਾਲ ਭਾਰਤ ਦੀ ਸਾਰੇ ਬੱਚਿਆਂ ਲਈ ਮੁਫ਼ਤ, ਇੱਕ-ਸਮਾਨ, ਅਤੇ ਗੁਣਵੱਤਾ ਵਾਲੀ ਮੁੱਢਲੀ ਅਤੇ ਦੁਜਾਵੀ ਸਿੱਖਿਆ ਦੀ 'ਹੰਢਣਸਾਰ ਵਿਕਾਸ ਟੀਚੇ 4' (ਹੰਵਿਟੀ4) ਦੀ ਪ੍ਰਾਪਤੀ ਵੱਲ ਪ੍ਰਗਤੀ ਵਿੱਚ ਹੋਰ ਸੁਧਾਰ ਹੋਵੇਗਾ।

8.9. ਜਨਤਕ-ਪਾਠਸ਼ਾਲਾ ਸਿੱਖਿਆ ਪ੍ਰਣਾਲੀ ਦਾ ਟੀਚਾ ਸਰਬਉੱਚ ਗੁਣਵੱਤਾ ਵਾਲੀ ਸਿੱਖਿਆ ਦੇਣਾ ਹੋਵੇਗਾ ਤਾਂ ਕਿ ਇਹ ਜੀਵਨ ਦੇ ਸਾਰੇ ਖੇਤਰਾਂ ਦੇ ਮਾਪਿਆਂ ਲਈ ਆਪਣੇ ਬੱਚਿਆਂ ਦੀ ਸਿੱਖਿਆ ਲਈ ਸਭ ਤੋਂ ਵੱਧ ਖਿੱਚ ਪਾਉਣ ਵਾਲਾ ਬਦਲ ਹੋਵੇ।

8.10. ਸਮੁੱਚੀ ਪ੍ਰਣਾਲੀ ਦੀ ਸਮੇਂ-ਸਮੇਂ ਸਿਰ 'ਸਿਹਤ ਜਾਂਚ' ਲਈ, ਸੁਝਾਇਆ ਨਵਾਂ ਕੌਮੀ ਮੁਲਾਂਕਣ ਕੇਂਦਰ (ਕੌਮੁਕੇਂ), 'ਪਰਖ', ਕੌਸਿਖੋਸਿਪ ਵਰਗੇ ਹੋਰ ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਜਿਹੜੇ ਮੁਲਾਂਕਣ ਅਮਲਾਂ ਤੇ ਅੰਕੜਿਆਂ ਦੇ ਬਿਖਲੇਖਣ ਵਿੱਚ ਸਹਾਇਤਾ ਕਰ ਸਕਦੇ ਹੋਣ, ਵਿਦਿਆਰਥੀਆਂ ਦੇ ਸਿੱਖਣ ਪੱਧਰ ਦਾ ਇੱਕ ਨਮੂਨਾ-ਆਧਾਰੀ 'ਕੌਮੀ ਪ੍ਰਾਪਤੀ ਸਰਵੇਖਣ' (ਕੌਪ੍ਰਾਸ) ਕਰੇਗਾ। ਇਹ ਮੁਲਾਂਕਣ ਸਰਕਾਰੀ ਤੇ ਨਿੱਜੀ ਦੋਵਾਂ ਤਰ੍ਹਾਂ ਦੀਆਂ ਪਾਠਸ਼ਾਲਾਵਾਂ ਦੇ ਵਿਦਿਆਰਥੀਆਂ ਦਾ ਹੋਵੇਗਾ। ਰਾਜਾਂ ਨੂੰ ਵੀ ਆਪਣੇ ਜਣ-ਗਿਣਤੀ ਅਧਾਰੀ 'ਰਾਜ ਮੁਲਾਂਕਣ ਸਰਵੇਖਣ' (ਰਾਮੁਸ) ਕਰਨ ਲਈ ਉਤਸ਼ਾਹ ਦਿੱਤਾ ਜਾਵੇਗਾ, ਜਿਸ ਦੇ ਨਤੀਜਿਆਂ ਦੀ ਵਰਤੋਂ ਬੱਸ ਵਿਕਾਸੀ ਉਦੇਸ਼ਾਂ, ਅਪਣੀਆਂ ਸਮੁੱਚੀਆਂ ਅਤੇ ਬਿਨਾਂ ਨਾਂ ਦੱਸੇ ਵਿਦਿਆਰਥੀ ਪ੍ਰਾਪਤੀਆਂ, ਅਤੇ ਪਾਠਸ਼ਾਲਾ ਸਿੱਖਿਆ ਪ੍ਰਣਾਲੀ ਦੇ ਲਗਾਤਾਰ ਸੁਧਾਰ ਲਈ ਕੀਤੀ ਜਾਵੇਗੀ। ਸੁਝਾਏ ਨਵੇਂ 'ਕੌਮੀ ਮੁਲਾਂਕਣ ਕੇਂਦਰ', 'ਪਰਖ' ਦੇ ਥਾਪੇ ਜਾਣ ਤੱਕ ਕੌਸਿਖੋਸਿਪ ਕੌਮੁਸ ਕਰਨਾ ਜਾਰੀ ਰੱਖ ਸਕਦੀ ਹੈ

8.11. ਅੰਤ 'ਤੇ, ਇਸ ਸਾਰੇ ਅਮਲ ਵਿੱਚ ਬੱਚਿਆਂ ਤੇ ਗਭਰੇਟਾਂ ਨੂੰ ਭੁੱਲਿਆ ਨਹੀਂ ਜਾਣਾ ਚਾਹੀਦਾ।; ਆਖਰਕਾਰ, ਪਾਠਸ਼ਾਲਾ ਪ੍ਰਣਾਲੀ ਉਹਨਾਂ ਲਈ ਬਣਾਈ ਗਈ ਹੈ। ਉਹਨਾਂ ਦੀ ਸੁਰੱਖਿਆ ਤੇ ਹੱਕਾਂ ਵੱਲ - ਉਚੇਚੇ ਤੌਰ 'ਤੇ ਕੁੜੀਆਂ ਦੀ ਸੁਰੱਖਿਆ ਵੱਲ - ਤੇ ਗਭਰੇਟਾਂ ਨੂੰ ਦਰਪੇਸ਼ ਔਕੜਾਂ ਜਿਵੇਂ ਪਦਾਰਥਾਂ ਤੇ ਨਸ਼ਿਆਂ ਦੇ ਵਿਕਾਰ, ਅਤੇ ਹਿੰਸਾ ਸਮੇਤ ਵੱਖ-ਵੱਖ ਤਰ੍ਹਾਂ ਦੇ ਵਿਤਕਰਿਆਂ ਤੇ ਧੱਕਿਆਂ ਵੱਲ ਡੂੰਘਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ; ਅਤੇ ਹੱਕਾਂ ਜਾਂ ਸੁਰੱਖਿਆ ਦੀ ਕਿਸੇ ਉਲੰਘਣਾ ਲਈ ਸ਼ਿਕਾਇਤ ਕਰਨ ਦੇ ਸਪਸ਼ਟ, ਸੁਰੱਖਿਅਤ ਅਤੇ ਸੁਚਾਰੂ ਢੰਗ-ਤਰੀਕੇ ਤੇ ਬਣਦੀ ਪਰਕਿਰਿਆ ਵੀ ਇਸ ਦੇ ਨਾਲ ਹੀ ਹੋਣੀ ਚਾਹੀਦੀ ਹੈ। ਅਜਿਹੇ ਢੰਗ-ਤਰੀਕਿਆਂ ਦੇ ਵਿਕਾਸ ਨੂੰ ਪਹਿਲ ਦਿੱਤੀ ਜਾਵੇਗੀ ਜਿਹੜੇ ਪ੍ਰਭਾਵੀ, ਸਮੇਂ ਸਿਰ, ਅਤੇ ਸਾਰੇ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਹੋਣ।

# ਭਾਗ-II ਉਚੇਰੀ ਸਿੱਖਿਆ

## 9. ਉੱਤਮ ਵਿਸ਼ਵਵਿਦਿਆਲੇ ਤੇ ਮਹਾਂਵਿਦਿਆਲੇ: ਭਾਰਤ ਦੀ ਉਚੇਰੀ ਸਿੱਖਿਆ ਲਈ ਇੱਕ ਨਵੀਂ ਅਤੇ ਅੱਗੇ ਵੱਲ ਝਾਤ ਵਾਲੀ ਦ੍ਰਿਸ਼ਟੀ

9.1. ਮਨੁੱਖੀ ਤੇ ਸਮਾਜੀ ਭਲਾਈ ਦੇ ਵਾਧੇ ਵਿੱਚ ਅਤੇ ਅਜਿਹੇ ਭਾਰਤ ਦੇ ਵਿਕਾਸ ਵਿੱਚ ਜਿਸ ਦੀ ਸੰਵਿਧਾਨ ਵਿੱਚ ਕਲਪਨਾ ਕੀਤੀ ਗਈ ਹੈ - ਲੋਕਤੰਤਰੀ, ਨਿਆਂ ਭਰਪੂਰ, ਸਮਾਜੀ ਚੇਤਨਾ ਭਰਿਆ, ਸੱਭਿਆ, ਅਤੇ ਮਾਨਵ-ਹਿਤੈਸ਼ੀ ਰਾਸ਼ਟਰ ਜਿਹੜਾ ਸੁਤੰਤਰਤਾ, ਸਮਾਨਤਾ, ਭਾਈਚਾਰੇ, ਅਤੇ ਸਭ ਲਈ ਨਿਆਂ ਦਾ ਵਾਹਕ ਹੋਵੇ - ਉਚੇਰੀ ਸਿੱਖਿਆ ਬੜਾ ਹੀ ਹਿੱਸਾ ਪਾਉਂਦੀ ਹੈ। ਉਚੇਰੀ ਸਿੱਖਿਆ ਹੰਢਣਸਾਰ ਜੀਵਕਾਵਾਂ ਅਤੇ ਰਾਸ਼ਟਰ ਦੇ ਆਰਥਿਕ ਵਿਕਾਸ ਵਿੱਚ ਵੱਡਾ ਹਿੱਸਾ ਪਾਉਂਦੀ ਹੈ। ਭਾਰਤ ਜਿਵੇਂ-ਜਿਵੇਂ ਗਿਆਨ ਅਰਥਚਾਰੇ ਅਤੇ ਗਿਆਨ ਸਮਾਜ ਬਣਨ ਵੱਲ ਵਧੇਗਾ, ਹੋਰ ਵਧੇਰੇ ਨੌਜੁਆਨ ਭਾਰਤੀਆਂ ਦੀ ਉਚੇਰੀ ਸਿੱਖਿਆ ਦੀ ਤਾਂਘ ਦੀ ਸੰਭਾਵਨਾਂ ਹੈ।

9.1.1. 21ਵੀਂ ਸਦੀ ਦੀਆਂ ਲੋੜਾਂ ਨੂੰ ਸਾਹਮਣੇ ਰੱਖਦਿਆਂ, ਉੱਤਮ ਸਿੱਖਿਆ ਦਾ ਟੀਚਾ ਚੰਗੇ, ਵਿਚਾਰਵਾਨ, ਸਰਬਪੱਖੀ, ਅਤੇ ਸਿਰਜਕ ਵਿਅਕਤੀਆਂ ਦਾ ਵਿਕਾਸ ਹੋਣਾ ਚਾਹੀਦਾ ਹੈ। ਇਹ ਕਿਸੇ ਵਿਅਕਤੀ ਨੂੰ ਵਿਸ਼ੇਸ਼ਗਤਾ ਵਾਲੇ ਇੱਕ ਜਾਂ ਇੱਕ ਤੋਂ ਵੱਧ ਖੇਤਰਾਂ ਦੇ ਡੂੰਘੇ ਅਧਿਐਨ ਦੇ ਯੋਗ ਬਣਾਵੇ ਤੇ ਨਾਲ ਦੀ ਨਾਲ ਚਰਿੱਤਰ, ਸਦਾਚਾਰੀ ਤੇ ਸੰਵਿਧਾਨੀ ਕਦਰਾਂ-ਕੀਮਤਾਂ, ਬੋਧੀ ਜਿਗਿਆਸਾ, ਵਿਗਿਆਨਵੀ ਬਿਰਤੀ, ਸਿਰਜਣਾ, ਸੇਵਾ ਭਾਵਨਾ, ਅਤੇ ਵਿਗਿਆਨਾਂ, ਸਮਾਜ ਵਿਗਿਆਨਾਂ, ਕਲਾਵਾਂ, ਮਾਨਵ ਵਿਗਿਆਨਾਂ, ਭਾਸ਼ਾਵਾਂ ਤੇ ਨਾਲ ਦੀ ਨਾਲ ਪੇਸ਼ਾਵੀ, ਤਕਨੀਕੀ, ਅਤੇ ਕਿੱਤਾਮੁਖੀ ਵਿਸ਼ਿਆਂ ਸਮੇਤ 21ਵੀਂ ਸਦੀ ਲਈ ਵੱਖ-ਵੱਖ ਵਿਸ਼ਿਆਂ ਵਿੱਚ ਲੋੜੀਂਦੀਆਂ ਸਮਰਥਾਵਾਂ ਦਾ ਵਿਕਾਸ ਕਰੇ। ਉੱਤਮ ਉਚੇਰੀ ਸਿੱਖਿਆ ਨਿੱਜੀ ਸਫ਼ਲਤਾਵਾਂ ਅਤੇ ਗਿਆਨ-ਪ੍ਰਕਾਸ਼, ਉਸਾਰੂ ਜਨਤਕ ਭਾਈਵਾਲੀ, ਅਤੇ ਸਮਾਜ ਨੂੰ ਉਪਜਾਊ ਯੋਗਦਾਨ ਪਾਉਣ ਦੇ ਯੋਗ ਬਨਾਉਣ ਵਾਲੀ ਹੋਣੀ ਚਾਹੀਦੀ ਹੈ। ਤੇ ਇਹ ਵਿਦਿਆਰਥੀਆਂ ਨੂੰ ਵਧੇਰੇ ਅਰਥ ਭਰਪੂਰ ਤੇ ਸੰਤੋਖਜਨਕ ਜੀਵਨ ਲਈ ਅਤੇ ਕਾਰਜਾਂ ਲਈ ਤਿਆਰ ਕਰਨ ਵਾਲੀ ਤੇ ਆਰਥਿਕ ਪੱਖੋਂ ਆਤਮ-ਨਿਰਭਰ ਬਨਾਉਣ ਵਾਲੀ ਹੋਣੀ ਚਾਹੀਦੀ ਹੈ।

9.1.2.ਸਰਬੰਗੀ ਵਿਅਕਤੀਆਂ ਦੇ ਵਿਕਾਸ ਲਈ, ਇਹ ਲੋੜੀਂਦਾ ਹੈ ਕਿ ਪਾਠਸ਼ਾਲਾ-ਪੂਰਬਲੇ ਪੜਾਅ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਹਰ ਪੜਾਅ 'ਤੇ ਹੁਨਰਾਂ ਅਤੇ ਕਦਰਾਂ-ਕੀਮਤਾਂ ਦੇ ਇੱਕ ਨਿਸ਼ਚਿਤ ਜੁੱਟ ਨੂੰ ਹਿੱਸਾ ਬਣਾਇਆ ਜਾਵੇ।

9.1.3. ਸਮਾਜ ਦੀ ਪੱਧਰ 'ਤੇ, ਉਚੇਰੀ ਸਿੱਖਿਆ ਨੂੰ ਇੱਕ ਪਰਬੁੱਧ, ਸਮਾਜੀ ਪੱਖੋਂ ਸੁਚੇਤ, ਸੂਝਵਾਨ, ਅਤੇ ਹੁਨਰਮੰਦ ਰਾਸ਼ਟਰ ਦਾ ਵਿਕਾਸ ਸੰਭਵ ਕਰਨਾ ਚਾਹੀਦਾ ਹੈ ਜਿਹੜਾ ਆਪਣੀਆਂ ਸਮੱਸਿਆਵਾਂ ਲਈ ਠੋਸ ਹੱਲ ਲੱਭ ਸੱਕੇ ਤੇ ਲਾਗੂ ਕਰ ਸੱਕੇ। ਉਚੇਰੀ ਸਿੱਖਿਆ ਨੂੰ ਗਿਆਨ ਸਿਰਜਣ ਅਤੇ ਕਾਢਾਂ ਦਾ ਆਧਾਰ ਬਣਨਾ ਚਾਹੀਦਾ ਹੈ ਤੇ ਇੰਞ ਕਰ ਕੇ ਵਧਦੇ ਰਾਸ਼ਟਰੀ ਅਰਥਚਾਰੇ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਸੋ, ਉੱਤਮ ਉਚੇਰੀ ਸਿੱਖਿਆ ਦਾ ਉਦੇਸ਼ ਵਿਅਕਤੀਗਤ ਰੁਜ਼ਗਾਰ ਲਈ ਵਧੇਰੇ ਮੌਕੇ ਪੈਦਾ ਕਰਨ ਨਾਲੋਂ ਵੱਧ ਹੈ। ਇਹ ਵਧੇਰੇ ਜੀਵੰਤ, ਸਮਾਜ ਵਿੱਚ ਖੁੱਭੇ, ਸਹਿਕਾਰਤਾ ਭਰਪੂਰ ਜਨ-ਸਮੂਹਾਂ ਅਤੇ ਵਧੇਰੇ ਸੁਖੀ, ਘੁਲੇ-ਮਿਲੇ, ਸੱਭਿਆ, ਉਪਜਾਊ, ਕਾਢਕਾਰੀ, ਅਗਾਂਹਵਧੂ, ਅਤੇ ਖੁਸ਼ਹਾਲ ਰਾਸ਼ਟਰ ਲਈ ਕੁੰਜੀ ਹੈ।

9.2. ਭਾਰਤ ਦੀ ਉਚੇਰੀ ਸਿੱਖਿਆ ਪ੍ਰਣਾਲੀ ਸਾਹਮਣੇ ਇਸ ਸਮੇਂ ਵੱਡੀਆਂ ਔਕੜਾਂ 'ਚੋਂ ਕੁਝ ਇਹ ਹਨ:

- ੳ. ਬੜਾ ਹੀ ਖਿੱਲਰਿਆ-ਪੁੱਲਰਿਆ ਉਚੇਰੀ ਸਿੱਖਿਆ ਦਾ ਪ੍ਰਬੰਧ-ਵਾਤਾਵਰਣ;
- ਅ. ਬੋਧ ਹੁਨਰਾਂ ਅਤੇ ਸਿੱਖਣ ਪ੍ਰਾਪਤੀਆਂ ਦੇ ਵਿਕਾਸ 'ਤੇ ਘੱਟ ਜ਼ੋਰ;
- ੲ. ਵਿਸ਼ਿਆ ਦੀ ਕਠੋਰ ਵੰਡ, ਵਿਸ਼ੇਸ਼ੱਗਤਾ ਅਤੇ ਵਿਦਿਆਰਥੀਆਂ ਨੂੰ ਅਧਿਐਨ ਦੇ ਤੰਗ ਖੇਤਰਾਂ ਦੀਆਂ ਧਾਰਾਵਾਂ ਵਿੱਚ ਛੇਤੀ ਵੰਡਣਾ;
- ਸ. ਛੁਟੇਰੀ ਪਹੁੰਚ, ਖਾਸ ਤੌਰ 'ਤੇ ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਖੇਤਰਾਂ ਵਿੱਚ, ਸਥਾਨੀ ਭਾਸ਼ਾਵਾ ਵਿੱਚ ਪੜ੍ਹਾਉਣ ਵਾਲੀਆਂ ਬੱਸ ਇੱਕਾ-ਦੁੱਕਾ ਉਚੇਰੀ ਸਿੱਖਿਆ ਸੰਸਥਾਵਾਂ ਹੋਣ ਕਰਕੇ;
- ਹ. ਛੁਟੇਰੀ ਅਧਿਆਪਕ ਅਤੇ ਸੰਸਥਾਵੀ ਸਵੈਧੀਨਤਾ;
- ਕ. ਉੱਤਮਤਾ-ਅਧਾਰੀ ਕਿੱਤਾ-ਜੀਵਨ ਪ੍ਰਬੰਧ ਅਤੇ ਅਧਿਆਪਨ ਅਮਲੇ ਤੇ ਸੰਸਥਾਈ ਆਗੂਆਂ ਦੇ ਅੱਗੇ ਵਧਣ ਲਈ ਲੋੜੋਂ ਘੱਟ ਵਿਧੀਆਂ;
- ਖ. ਬਹੁਤੇ ਵਿਸ਼ਵਵਿਦਿਆਲਿਆਂ ਤੇ ਮਹਾਂਵਿਦਿਆਲਿਆਂ ਵਿੱਚ ਖੋਜ 'ਤੇ ਘੱਟ ਜ਼ੋਰ, ਅਤੇ ਵੱਖ-ਵੱਖ ਵਿਸ਼ਿਆਂ ਵਿੱਚ ਮੁਕਾਬਲੇ ਵਾਲੀ ਮਾਹਿਰ-ਪੜਚੋਲੀ ਖੋਜ ਲਈ ਵਿੱਤੀ ਸਹਾਇਤਾ ਦੀ ਘਾਟ;
- ਗ. ਉਚੇਰੀ ਸਿੱਖਿਆ ਸੰਸਥਾਵਾਂ ਦਾ ਆਦਰਸ਼ੀਓਂ-ਨੀਂਵਾਂ ਪ੍ਰਸ਼ਾਸਨ ਤੇ ਅਗਵਾਈ;
- ਘ. ਪ੍ਰਭਾਵਹੀਣ ਨੇਮਬੰਦੀ ਪ੍ਰਣਾਲੀ; ਅਤੇ
- ਙ. ਵੱਡੇ ਅਨੁਬੰਧੀ ਵਿਸ਼ਵਵਿਦਿਆਲੇ ਜਿਸਦਾ ਨਤੀਜਾ ਸਨਾਤਕ-ਪੂਰਬ ਸਿੱਖਿਆ ਦੀ ਨੀਂਵੀਂ ਪੱਧਰ ਵਿੱਚ ਨਿਕਲਦਾ ਹੈ।

9.3. ਇਹ ਨੀਤੀ ਇਹਨਾਂ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਉਚੇਰੀ ਸਿੱਖਿਆ ਦੀ ਪੂਰੀ ਕਾਇਆ-ਪਲਟੀ ਅਤੇ ਇਸ ਵਿੱਚ ਮੁੜ ਬਲ ਪਾਉਣਾ ਕਿਆਸਦੀ ਹੈ ਤੇ ਇੰਞ ਉੱਚ-ਗੁਣਵੱਤਾ ਵਾਲੀ ਇੱਕ-ਸਮਾਨਤਾ ਅਤੇ ਭਾਈਵਾਲਤਾ ਵਾਲੀ ਉਚੇਰੀ ਸਿੱਖਿਆ ਦੇਣਾ ਕਿਆਸਦੀ ਹੈ। ਇਸ ਵੇਲੇ ਦੀ ਪ੍ਰਣਾਲੀ ਵਿੱਚ ਹੇਠਲੇ ਕੁੰਜੀਵਤ ਬਦਲਾਅ ਇਸ ਨੀਤੀ ਦੀ ਕਿਆਸ ਦਾ ਹਿੱਸਾ ਹਨ:

ੳ. ਅਜਿਹੀ ਉਚੇਰੀ ਸਿੱਖਿਆ ਪ੍ਰਣਾਲੀ ਵੱਲ ਟੁਰਨਾ ਜਿਸ ਵਿੱਚ ਵੱਡੇ ਬਹੁਵਿਸ਼ਾਵੀ ਵਿਸ਼ਵਵਿਦਿਆਲੇ ਤੇ ਮਹਾਂਵਿਦਿਆਲੇ ਹੋਣ, ਘੱਟੋ-ਘੱਟ ਇੱਕ ਹਰ ਜ਼ਿਲ੍ਹੇ ਦੇ ਅੰਦਰ ਜਾਂ ਨੇੜੇ ਹੋਵੇ, ਅਤੇ ਸਾਰੇ ਦੇਸ ਵਿੱਚ ਅਜਿਹੀਆਂ ਵਧੇਰੇ ਉਚੇਰੀ ਸਿੱਖਿਆ ਸੰਸਥਾਵਾਂ ਹੋਣ ਜਿੱਥੇ ਪੜ੍ਹਾਈ ਦਾ ਮਾਧਿਅਮ ਸਥਾਨੀ/ਭਾਰਤੀ ਭਾਸ਼ਾਵਾਂ ਹੋਣ ਜਾਂ ਕਾਰਜਕ੍ਰਮ ਸਥਾਨੀ/ਭਾਰਤੀ ਭਾਸ਼ਾਵਾਂ ਵਿੱਚ ਹੋਣ;

ਅ. ਵਧੇਰੇ ਬਹੁਵਿਸ਼ਾਵੀ ਸਨਾਤਕ-ਪੂਰਬਲੀ ਸਿੱਖਆ ਵੱਲ ਵਧਣਾ;

ੲ. ਅਧਿਆਪਕ ਅਤੇ ਸੰਸਥਾਈ ਸਵੈਧੀਨਤਾ ਵੱਲ ਵਧਣਾ;

ਸ. ਉਚੇਰੇ ਵਿਦਿਆਰਥੀ ਅਨੁਭਵ ਲਈ ਪਾਠਕ੍ਰਮ, ਸਿੱਖਿਆ-ਵਿਧੀ, ਮੁਲਾਂਕਣ, ਅਤੇ ਵਿਦਿਆਰਥੀ ਸਹਾਰੇ ਦੀ ਸੋਧ-ਸੁਧਾਈ;

ਹ. ਉੱਤਮਤਾ 'ਤੇ ਟਿਕੀਆਂ ਭਰਤੀਆਂ ਅਤੇ ਅਧਿਆਪਨ, ਖੋਜ, ਅਤੇ ਸੇਵਾ 'ਤੇ ਟਿਕੀ ਕਿੱਤਾ-ਜੀਵਨ ਪਦ-ਉੱਨਤੀ ਰਾਹੀਂ ਅਧਿਆਪਨ ਅਮਲੇ ਤੇ ਸੰਸਥਾਵੀ ਅਗਵਾਈ ਵਾਲੀਆਂ ਪਦਵੀਆਂ ਦੀ ਪਵਿੱਤਰਤਾ ਮੁੜ ਸੁਰਜੀਤ ਕਰਨਾ;

ਕ. ਸਿਰਮੌਰ ਮਾਹਰ-ਪੜਚੋਲੀ ਖੋਜ ਨੂੰ ਵਿੱਤ ਪ੍ਰਦਾਨ ਕਰਨ ਲਈ 'ਕੌਮੀ ਖੋਜ ਸੰਸਥਾਨ' ਦੀ ਥਾਪਣਾ ਅਤੇ ਵਿਸ਼ਵਵਿਦਿਆਲਿਆਂ ਤੇ ਮਹਾਂਵਿਦਿਆਲਿਆਂ ਵਿੱਚ ਖੋਜ ਅਰੰਭ ਕਰਨਾ;

ਖ. ਉੱਚ-ਯੋਗਤਾ ਵਾਲੇ ਸਵੈਧੀਨ ਬੋਰਡਾਂ ਰਾਹੀਂ ਜਿਨ੍ਹਾਂ ਨੂੰ ਪੀਠੀ ਤੇ ਪ੍ਰਸ਼ਾਸਨੀ ਸਵੈਧੀਨਤਾ ਹਾਸਲ ਹੋਵੇ ਉਚੇਰੀ ਸਿੱਖਿਆ ਸੰਸਥਾਵਾਂ (ਉਸਿਸਾਂ) ਦਾ ਪ੍ਰਸ਼ਾਸਨ;

ਗ. ਇਕੱਲੇ ਨੇਮਬੰਦਕਾਰ ਰਾਹੀਂ ਉਚੇਰੀ ਸਿੱਖਿਆ ਦੀ "ਹੌਲੀ ਪਰ ਕਰੜੀ" ਨੇਮਬੰਦੀ;

ਘ. ਵੱਖ-ਵੱਖ ਢੰਗਾਂ ਰਾਹੀਂ ਵਧੇਰੇ ਪਹੁੰਚ, ਇੱਕ-ਸਮਾਨਤਾ, ਅਤੇ ਭਾਈਵਾਲਤਾ, ਜਿਸ ਵਿੱਚ ਸਿਰਮੌਰ ਜਨਤਕ ਸਿੱਖਿਆ ਲਈ ਵਧੇਰੇ ਮੌਕੇ ਹੋਣ; ਵੰਚਿਤ ਅਤੇ ਉਚੇਚੇ ਹੱਕਾਂ ਤੋਂ ਹੀਣ ਵਿਦਿਆਰਥੀਆਂ ਲਈ ਨਿੱਜੀ/ਲੋਕ-ਭਲਾਈ ਵਿਸ਼ਵਵਿਦਿਆਲਿਆਂ ਵੱਲੋਂ ਵਜ਼ੀਫ਼ੇ; ਬਿਜਲੇਈ ਸਿੱਖਿਆ, ਅਤੇ 'ਖੁਲ੍ਹਾ ਦੂਰਵਰਤੀ ਸਿੱਖਣ' (ਖੁਦੂਸਿ); ਅਤੇ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਲਈ ਸਿੱਖਣ ਸਮੱਗਰੀ ਤੱਕ ਪਹੁੰਚ ਹੋਵੇ ਅਤੇ ਹਾਸਲ ਹੋਵੇ।

## 10. ਸੰਸਥਾਵੀ ਮੁੜ-ਘਾੜਤ ਅਤੇ ਤਰਕਸੰਗਤੀ

10.1. ਇਸ ਨੀਤੀ ਦਾ ਉਚੇਰੀ ਸਿੱਖਿਆ ਬਾਰੇ ਪਹਿਲਾ ਜ਼ੋਰ ਉਚੇਰੀ ਸਿੱਖਿਆ ਸੰਸਥਾਵਾਂ ਨੂੰ 3000 ਜਾਂ ਇਸ ਤੋਂ ਵੱਧ ਵਿਦਿਆਰਥੀਆਂ ਦੇ ਟੀਚੇ ਵਾਲੇ ਵੱਡੇ ਬਹੁਵਿਸ਼ਾਵੀ ਵਿਸ਼ਵਿਦਿਆਲਿਆਂ, ਮਹਾਂਵਿਦਿਆਲਿਆ, ਅਤੇ ਉਸਿਸ ਜੜੁੱਤਾਂ/ਗਿਆਨ ਕੇਂਦਰਾਂ ਵਿੱਚ ਪਲਟ ਕੇ ਉਚੇਰੀ ਸਿੱਖਿਆ ਦੇ ਖਿਲਰਾਅ ਨੂੰ ਮਿਟਾਉਣਾ ਹੈ। ਇਹ ਵਿਦਵਾਨਾਂ ਤੇ ਮਾਹਰਾਂ ਦੇ ਜੀਵੰਤ ਸਮੂਹ ਉਸਾਰਨ, ਹਾਨੀਕਾਰੀ ਸਿੱਖਿਆ-ਢਾਰਿਆਂ ਨੂੰ ਢਾਹੁਣ, ਕਲਾਵਾਂ, ਸਿਰਜਣਾਤਮਕ ਅਤੇ ਬਿਖਲੇਖਣੀ ਵਿਸ਼ੇ ਤੇ ਖੇਡਾਂ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਪਰਪੱਕ ਹੋਣ ਦੇ ਯੋਗ ਬਨਾਉਣ, ਵਿਸ਼ਾ-ਪਾਰਵੀ ਖੋਜ ਸ਼ਾਮਲ ਕਰ ਕੇ ਵੱਖ-ਵੱਖ ਵਿਸ਼ਿਆਂ ਵਿਚਕਾਰ ਸਰਗਰਮ ਖੋਜ ਸਮੂਹਾਂ ਦਾ ਵਿਕਾਸ ਕਰਨ, ਅਤੇ ਸਾਰੀ ਉਚੇਰੀ ਸਿੱਖਿਆ ਵਿੱਚ ਸਰੋਤਾਂ ਦੀ, ਭੌਤਿਕ ਤੇ ਮਨੁੱਖੀ ਦੋਵਾਂ ਦੀ, ਸੁਚਾਰੂ ਵਰਤੋਂ ਵਿੱਚ ਵਾਧਾ ਕਰਨ ਵਿੱਚ ਸਹਾਈ ਹੋਵੇਗਾ।

10.2. ਉਚੇਰੀ ਸਿੱਖਿਆ ਦੀ ਬਣਤਰ ਦੇ ਸਬੰਧ ਵਿੱਚ ਇਸ ਨੀਤੀ ਦੀ ਸਰਬਉੱਚ ਸਿਫ਼ਾਰਿਸ਼ ਹੈ ਵੱਡੇ ਬਹੁਵਿਸ਼ਾਵੀ ਵਿਸ਼ਵਵਿਦਿਆਲਿਆਂ ਅਤੇ ਉਸਿਸ-ਜੜੁੱਤਾਂ ਵੱਲ ਵਧਣਾ। ਪੁਰਾਤਨ ਭਾਰਤੀ ਵਿਸ਼ਵਵਿਦਿਆਲਿਆਂ ਤਕਸ਼ਸ਼ਿਲਾ, ਨਾਲੰਦਾ, ਵੱਲਭੀ, ਅਤੇ ਵਿਕਰਮਸ਼ਿਲਾ ਨੇ ਜਿੰਨ੍ਹਾਂ ਵਿੱਚ ਭਾਰਤ ਦੇ ਤੇ ਦੁਨੀਆਂ ਦੇ ਹਜ਼ਾਰਾ ਵਿਦਿਅਰਥੀ ਜੀਵੰਤ ਬਹੁਵਿਸ਼ਾਵੀ ਵਾਤਾਵਰਣ ਵਿੱਚ ਪੜ੍ਹਦੇ ਸਨ ਚੰਗੀ ਤਰ੍ਹਾਂ ਵਿਖਾ ਦਿੱਤਾ ਸੀ ਕਿ ਵੱਡੇ ਬਹੁਵਿਸ਼ਾਵੀ ਖੋਜ ਅਤੇ ਅਧਿਆਪਨ ਵਿਸ਼ਵਵਿਦਿਆਲੇ ਕਿਸ ਤਰ੍ਹਾਂ ਦੀ ਸਫ਼ਲਤਾ ਹਾਸਲ ਕਰ ਸਕਦੇ ਹਨ। ਪਰਪੱਕ ਅਤੇ ਕਾਢ-ਬਿਰਤੀ ਵਾਲੇ ਵਿਅਕਤੀ ਤਿਆਰ ਕਰਨ ਲਈ ਭਾਰਤ ਨੂੰ ਇਹ ਮਹਾਨ ਪਰੰਪਰਾ ਵਾਪਸ ਲਿਆਉਣ ਦੀ ਤੁਰੰਤ ਲੋੜ ਹੈ; ਇਹੋ ਜਿਹੀ ਵਿਧੀ ਹੀ ਦੂਜੇ ਦੇਸਾਂ ਦੀ ਸਿਖਿਅਕ ਅਤੇ ਆਰਥਿਕ ਕਾਇਆ-ਪਲਟੀ ਕਰਦੀ ਪਈ ਹੈ।

10.3. ਉਚੇਰੀ ਸਿੱਖਿਆ ਦੀ ਇਸ ਦ੍ਰਿਸ਼ਟੀ ਲਈ ਇੱਕ ਨਵੀਂ ਸੰਕਲਪੀ ਸੋਝੀ/ਸਮਝ ਦੀ ਖਾਸ ਲੋੜ ਹੋਵੇਗੀ ਕਿ ਉਚੇਰੀ ਸਿੱਖਿਆ ਸੰਸਥਾ (ਉਸਿਸ) ਦਾ ਮਤਲਬ ਕੀ ਹੈ, ਭਾਵ ਵਿਸ਼ਵਵਿਦਿਆਲਾ ਜਾਂ ਮਹਾਂਵਿਦਿਆਲਾ। ਵਿਸ਼ਵਵਿਦਿਆਲੇ ਤੋਂ ਭਾਵ ਉਚੇਰਾ ਸਿੱਖਣ ਲਈ ਇੱਕ ਬਹੁਵਿਸ਼ਾਵੀ ਸੰਸਥਾ ਜਿਹੜੀ ਉੱਚ ਗੁਣਵੱਤਾ ਵਾਲੇ ਅਧਿਆਪਨ, ਖੋਜ, ਅਤੇ ਜਨ-ਸਮੂਹ ਭਾਈਵਾਲੀ ਨਾਲ ਪੂਰਬ-ਸਨਾਤਕ ਤੇ ਉਤਰ-ਸਨਾਤਕ ਕਾਰਜਕ੍ਰਮ ਚਲਾਉਂਦੀ ਹੈ। ਇੰਵ ਵਿਸ਼ਵਵਿਦਿਆਲੇ ਦੀ ਪਰਿਭਾਸ਼ਾ ਅਜਿਹੀਆਂ ਸੰਸਥਾਵਾਂ ਦੇ ਜੁੱਟ ਦੀ ਪ੍ਰਵਾਨਗੀ ਦੇਵੇਗੀ ਜਿਹੜੀਆਂ ਅਧਿਆਪਨ ਤੇ ਖੋਜ ਤੇ ਇੱਕੋ ਜਿੰਨਾਂ ਜ਼ੋਰ ਦੇਂਦੀਆਂ ਹਨ, ਮਤਲਬ ਖੋਜ ਵਿੱਚ ਖੁੱਭੇ ਵਿਸ਼ਵਵਿਦਿਆਲੇ ਜਿਹੜੇ ਅਧਿਆਪਨ ਤੇ ਵਧੇਰੇ ਜ਼ੋਰ ਦੇਂਦੇ ਹਨ ਪਰ ਨਾਲ ਹੀ ਅਰਥ ਭਰਪੂਰ ਖੋਜ ਵੀ ਕਰਦੇ ਹਨ, ਮਤਲਬ ਅਧਿਆਪਨ-ਮੁਖੀ ਵਿਸ਼ਵਵਿਦਿਆਲੇ। ਇਸ ਨਾਲ, ਉਪਾਧੀਆਂ ਦੇਣ ਵਾਲੇ 'ਸਵੈਧੀਨ ਮਹਾਂਵਿਦਿਆਲੇ' ਦਾ ਮਤਲਬ ਹੋਵੇਗਾ ਇੱਕ ਉਚੇਰਾ ਸਿੱਖਣ ਦੀ ਬਹੁਵਿਸ਼ਾਵੀ ਸੰਸਥਾ ਜਿਹੜੀ ਪੂਰਬ-ਸਨਾਤਕ ਉਪਾਧੀਆਂ ਦੇਂਦੀ ਹੈ ਅਤੇ ਮੂਲ ਤੌਰ 'ਤੇ ਪੂਰਬ-ਸਨਾਤਕ ਅਧਿਆਪਨ ਤੇ ਕੇਂਦਰਿਤ ਹੈ; ਭਾਵੇਂ ਕਿ ਇਸ ਦਾ ਇਹ ਕੰਮ ਹੋਵੇਗਾ ਪਰ ਇਸ ਨੂੰ ਇਸ ਤੱਕ ਸੁੰਗੜੇ ਰਹਿਣ ਦੀ ਲੋੜ ਨਹੀਂ ਅਤੇ ਇਹ ਆਮ ਰੂਪ ਵਿੱਚ ਵਿਸ਼ਵਵਿਦਿਆਲੇ ਦੀ ਕਿਸਮ ਨਾਲੋਂ ਛੁਟੇਰੀ ਹੋਵੇਗੀ।

10.4. ਮਹਾਂਵਿਦਿਆਲਿਆਂ ਨੂੰ ਦਰਜਾਵਾਰ ਸਵੈਧੀਨਤਾ ਦੇਣ ਲਈ ਦਰਜਾਵਾਰ ਅੰਕਣ ਦੀ ਇੱਕ ਪਾਰਦਰਸ਼ੀ ਪ੍ਰਣਾਲੀ ਰਾਹੀਂ ਇੱਕ ਪੜਾਅ-ਵਾਰ ਵਿਧੀ-ਵਿਧਾਨ ਬਣਾਇਆ ਜਾਵੇਗਾ। ਹਰ ਪੱਧਰ ਦੀ ਅੰਕਬੰਦੀ ਲਈ ਲੋੜੀਂਦੇ ਘੱਟੋ-ਘੱਟ ਮਾਪਦੰਡਾਂ ਦੀ ਸਮਾਂ ਪਾ ਕੇ ਪ੍ਰਾਪਤੀ ਲਈ ਮਹਾਂਵਿਦਿਆਲਿਆਂ ਨੂੰ ਉਤਸ਼ਾਹ, ਸਲਾਹ, ਸਹਾਰਾ, ਅਤੇ ਪ੍ਰੋਤਸਾਹਨ ਦਿੱਤਾ ਜਾਵੇਗਾ। ਇਹ ਚਿਤਵਿਆ ਜਾਂਦਾ ਪਿਆ ਹੈ ਪਈ ਸਮਾਂ ਪਾ ਕੇ ਹਰ ਮਹਾਂਵਿਦਿਆਲਾ ਸਵੈਧੀਨ ਉਪਾਧੀਆਂ ਦੇਣ ਵਾਲਾ ਮਹਾਂਵਿਦਿਆਲਾ, ਜਾਂ ਕਿਸੇ ਵਿਸ਼ਵਵਿਦਿਆਲੇ ਦਾ ਭਾਗ (ਕਾਂਸਟੀਚਿਊਐਂਟ) ਮਹਾਂਵਿਦਿਆਲਾ ਬਣ ਜਾਵੇਗਾ - ਪਿਛਲੇਰੇ ਮਾਮਲੇ ਵਿੱਚ ਇਹ ਵਿਸ਼ਵਵਿਦਿਆਲੇ ਦਾ ਪੂਰੀ ਤਰ੍ਹਾਂ ਹਿੱਸਾ ਹੋਵੇਗਾ। ਢੁੱਕਵੀਂ ਅੰਕਬੰਦੀ ਨਾਲ, ਉਪਾਧੀਆਂ ਦੇਣ ਵਾਲਾ ਸਵੈਧੀਨ ਮਹਾਂਵਿਦਿਆਲਾ ਖੋਜ-ਮੁਖੀ ਜਾਂ ਅਧਿਆਪਨ-ਮੁਖੀ ਵਿਸ਼ਵਵਿਦਿਆਲੇ ਦਾ ਰੂਪ ਲੈ ਸਕਦਾ ਹੈ, ਜੇ ਉਹ ਇੰਵ ਤਾਂਘਦਾ ਹੋਵੇ ਤਾਂ।

10.5. ਇਹ ਸਾਫ਼ ਆਖਣ ਦੀ ਲੋੜ ਹੈ ਕਿ ਇਹ ਤਿੰਨ ਮੋਟੀਆਂ ਜਿਹੀਆਂ ਕਿਸਮਾਂ ਦੀਆਂ ਸੰਸਥਾਵਾਂ ਕੋਈ ਸੁਭਾਵੀ ਤੌਰ 'ਤੇ ਕਠੋਰ, ਵਖਰਿਆਉਣੀ ਵਰਗਬੰਦੀ ਨਹੀਂ ਬਲਕਿ ਇਹ ਇੱਕ ਲੜੀ ਦਾ ਹਿੱਸਾ ਈ ਹਨ। ਆਪਣੀਆਂ ਯੋਜਨਾਵਾਂ, ਕੰਮਾਂ ਅਤੇ ਪ੍ਰਭਾਵਤਾ ਦੇ ਆਧਾਰ 'ਤੇ ਉਸਿਸਾਂ ਸਮਾਂ ਪਾ ਕੇ ਇੱਕ ਭਾਂਤ ਤੋਂ ਦੂਜੀ ਭਾਂਤ ਵਿੱਚ ਬਦਲਣ ਲਈ ਸਵੈਧੀਨ ਤੇ ਸੁਤੰਤਰ ਹੋਣਗੀਆਂ। ਸੰਸਥਾਵਾਂ ਦੇ ਇਹਨਾਂ ਵਰਗਾਂ ਲਈ ਸਭ ਤੋਂ ਉੱਘੜਵਾਂ ਮਾਪਦੰਡ ਉਹਨਾਂ ਦੇ ਉਦੇਸ਼ਾਂ ਅਤੇ ਕੰਮ ਦੇ ਕੇਂਦਰ ਦਾ ਸੁਭਾਅ ਹੋਵੇਗਾ। ਅੰਕਬੰਦੀ ਪ੍ਰਣਾਲੀ ਦਾ ਵਿਕਾਸ ਹੋਵੇਗਾ ਅਤੇ ਇਹ ਪ੍ਰਣਾਲੀ ਇਹਨਾਂ ਵੱਖ-ਵੱਖ ਤਰ੍ਹਾਂ ਦੀਆਂ ਉਸਿਸਾਂ ਲਈ ਢੁੱਕਵੇਂ, ਵੱਖਰੇ, ਅਤੇ ਪ੍ਰਸੰਗੀ ਮਾਪਦੰਡਾਂ ਦੀ ਵਰਤੋਂ ਕਰੇਗੀ। ਪਰ, ਇਹਨਾਂ ਸਾਰੀਆਂ ਉਸਿਸਾਂ ਤੋਂ ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਅਧਿਆਪਨ-ਸਿੱਖਣ ਬਾਰੇ ਆਸਾਂ ਇੱਕੋ ਜਿਹੀਆਂ ਹੋਣਗੀਆਂ।

10.6. ਅਧਿਆਪਨ ਅਤੇ ਖੋਜ ਦੇ ਨਾਲ-ਨਾਲ, ਉਸਿਸਾਂ ਦੀਆਂ ਹੋਰ ਨਿਰਣਾਕਾਰੀ ਜ਼ੁੰਮੇਵਾਰੀਆਂ ਹੋਣਗੀਆਂ, ਜਿਹੜੀਆਂ ਇਹ ਢੁੱਕਵੇਂ ਸਰੋਤ ਜੋੜ ਕੇ, ਪ੍ਰੋਤਸਾਹਨਾਂ ਰਾਹੀਂ, ਅਤੇ ਢਾਂਚਿਆਂ ਰਾਹੀਂ ਪੂਰੀਆਂ ਕਰਨਗੀਆਂ। ਇਹਨਾਂ

ਜ਼ੁੰਮੇਵਾਰੀਆਂ ਵਿੱਚ ਦੂਜੀਆਂ ਉਸਿਸਾਂ ਨੂੰ ਉਹਨਾਂ ਦੇ ਵਿਕਾਸ ਵਿੱਚ ਸਹਾਰਾ ਦੇਣਾ, ਜਨ-ਸਮੂਹ ਦੀ ਭਾਈਵਾਲਤਾ ਤੇ ਸੇਵਾ, ਕੰਮ-ਕਾਜ ਦੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ, ਅਤੇ ਪਾਠਸ਼ਾਲਾ ਸਿੱਖਿਆ ਨੂੰ ਸਹਾਰਾ ਸ਼ਾਮਲ ਹੋਵੇਗਾ।

10.7. ਢਾਂਚੇ ਅਤੇ ਸਰੋਤਾਂ ਦੀ ਆਦਰਸ਼ ਵਰਤੋਂ ਲਈ ਅਤੇ ਜੀਵੰਤ ਬਹੁਵਿਸ਼ਾਵੀ ਸਮੂਹਾਂ ਦੀ ਸਿਰਜਣਾ ਲਈ, ਸਾਰੀਆਂ ਉਚੇਰੀ ਸਿੱਖਿਆ ਸੰਸਥਾਵਾਂ (ਉਸਿਸਾਂ) ਦਾ ਟੀਚਾ 2040 ਤੱਕ ਬਹੁਵਿਸ਼ਾਵੀ ਸੰਸਥਾਵਾਂ ਬਣਨ ਦਾ ਅਤੇ ਵਡੇਰੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਹੋਣਾ ਚਾਹੀਦਾ ਹੈ, ਚੰਗਾ ਹੋਵੇ ਕਿ ਹਜ਼ਾਰਾਂ ਦੀ ਗਿਣਤੀ ਵਿੱਚ। ਇਹ ਅਮਲ ਕਿਉਂਕਿ ਸਮਾਂ ਲੈਣ ਵਾਲਾ ਹੈ, ਸਾਰੀਆਂ ਉਸਿਸਾਂ ਨੂੰ ਪਹਿਲਾਂ 2030 ਤੱਕ ਬਹੁਵਿਸ਼ਾਵੀ ਬਣਨ ਦੀ ਯੋਜਨਾਬੰਦੀ ਕਰਨੀ ਚਾਹੀਦੀ ਹੈ ਤੇ ਮੁੜ ਹੌਲੀ-ਹੌਲੀ ਵਿਦਿਆਰਥੀਆਂ ਦੀ ਗਿਣਤੀ ਨੂੰ ਚਾਹੇ ਪੱਧਰ ਤੱਕ ਵਧਾਉਣ ਦੀ।

10.8. ਪੂਰੀ ਪਹੁੰਚ, ਇੱਕ-ਸਮਾਨਤਾ, ਅਤੇ ਭਾਈਵਾਲਤਾ ਲਈ ਸਿੱਖਿਆ ਸੇਵਾਵਾਂ ਦੀ ਘਾਟ ਵਾਲੇ ਖੇਤਰਾਂ ਵਿੱਚ ਹੋਰ ਉਸਿਸਾਂ ਖੋਹਲੀਆਂ ਜਾਣੀਆਂ ਚਾਹੀਦੀਆਂ ਹਨ ਤੇ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਹਰ ਜ਼ਿਲ੍ਹੇ ਦੇ ਅੰਦਰ ਜਾਂ ਬੜੀ ਨੇੜੇ 2020 ਤੱਕ ਘੱਟੋ-ਘੱਟ ਇੱਕ ਵੱਡੀ ਬਹੁਵਿਸ਼ਾਵੀ ਉਸਿਸ ਹੋਣੀ ਚਾਹੀਦੀ ਹੈ। ਜਨਤਕ ਤੇ ਨਿੱਜੀ ਦੋਵਾਂ ਤਰ੍ਹਾਂ ਦੀਆਂ ਅਜਿਹੀਆਂ ਉੱਚ-ਗੁਣਵੱਤਾ ਵਾਲੀਆਂ ਉਚੇਰੀ ਸਿੱਖਿਆਂ ਸੰਸਥਾਵਾਂ ਦਾ ਵਿਕਾਸ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਪੜ੍ਹਾਈ ਦਾ ਮਾਧਿਅਮ ਸਥਾਨੀ/ਭਾਰਤੀ ਭਾਸ਼ਾ ਹੋਵੇ ਜਾਂ ਦੁਭਾਸ਼ੀ ਹੋਵੇ। ਉਚੇਰੀ ਸਿੱਖਿਆ, ਕਿੱਤਾਮੁਖੀ ਸਿੱਖਿਆ ਸਣੇਂ, 'ਕੁੱਲ ਦਾਖ਼ਲਾ ਅਨੁਪਾਤ' (ਕੁਦਾਅ) 2018 ਦੇ 26.3% ਤੋਂ 2035 ਤੱਕ 50% ਕਰਨ ਦਾ ਟੀਚਾ ਹੋਵੇਗਾ। ਇਹ ਉਦੇਸ਼ ਹਾਸਲ ਕਰਨ ਲਈ ਵੱਡੀ ਗਿਣਤੀ ਵਿੱਚ ਨਵੀਆਂ ਸੰਸਥਾਵਾਂ ਦਾ ਵੀ ਵਿਕਾਸ ਕੀਤਾ ਜਾ ਸਕਦਾ ਹੈ ਪਰ ਇਹ ਸਮਰੱਥਾ ਸਿਰਜਣ ਦਾ ਵੱਡਾ ਹਿੱਸਾ ਤਰਕਸੰਗਤੀ ਕਰ ਕੇ, ਬਹੁਤ ਵੱਡਾ ਵਿਸਤਾਰ ਕਰ ਕੇ, ਅਤੇ ਹਾਲੀਆ ਉਸਿਸਾਂ ਦਾ ਸੁਧਾਰ ਕਰ ਕੇ ਵੀ, ਹਾਸਲ ਕੀਤਾ ਜਾਵੇਗਾ।

10.9. ਸਿਰਮੌਰ ਜਨਤਕ ਸੰਸਥਾਵਾਂ ਦੇ ਵਿਕਾਸ 'ਤੇ ਵੱਡਾ ਜ਼ੋਰ ਦੇ ਕੇ, ਜਨਤਕ ਅਤੇ ਨਿੱਜੀ ਸੰਸਥਾਵਾਂ ਦੋਵਾਂ ਵਿੱਚ ਵਾਧਾ ਹੋਵੇਗਾ। ਜਨਤਕ ਉਸਿਸਾਂ ਦੀ ਜਨਤਕ ਵਿੱਤੀ ਸਹਾਇਤਾ ਦੇ ਵਧਾਏ ਪੱਧਰ ਤੈਅ ਕਰਨ ਲਈ ਇੱਕ ਨਿਆਂਕਾਰੀ ਤੇ ਪਾਰਦਰਸ਼ੀ ਪ੍ਰਣਾਲੀ ਹੋਵੇਗੀ। ਇਹ ਪ੍ਰਣਾਲੀ ਸਾਰੀਆਂ ਜਨਤਕ ਸੰਸਥਾਵਾਂ ਨੂੰ ਵਧਣ ਤੇ ਵਿਕਾਸ ਕਰਨ ਲਈ ਇੱਕ-ਸਮਾਨ ਮੌਕਾ ਦੇਵੇਗੀ, ਅਤੇ ਪਾਰਦਰਸ਼ੀ ਅਤੇ 'ਅੰਕਬੰਦੀ ਪ੍ਰਣਾਲੀ' ਦੇ ਅੰਕਬੰਦੀ ਪੈਮਾਨਿਆਂ ਵਿੱਚੋਂ ਹੀ ਪਹਿਲਾਂ ਐਲਾਨੇ ਮਾਪਦੰਡਾਂ 'ਤੇ ਟਿਕੀ ਹੋਵੇਗੀ। ਇਸ ਨੀਤੀ ਵਿੱਚ ਉਲੀਕੀ ਸਰਬਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਵਾਲੀਆਂ ਉਸਿਸਾਂ ਨੂੰ ਆਪਣੀ ਸਮਰੱਥਾ ਦੇ ਪਸਾਰ ਲਈ ਪ੍ਰੋਤਸਾਹਨ ਦਿੱਤਾ ਜਾਵੇਗਾ।

10.10. ਆਪਣੇ ਦਿੱਤੇ ਜਾਣ ਵਾਲੇ ਕਾਰਕਕ੍ਰਮਾਂ ਨੂੰ ਵਧਾਉਣ ਲਈ, ਪਹੁੰਚ ਵਿੱਚ ਸੁਧਾਰ ਲਈ, ਕੁਦਾਅ ਦੇ ਵਾਧੇ ਲਈ, ਤੇ ਸਾਰੀ ਉਮਰ ਸਿੱਖਣ ਦੇ ਮੌਕੇ ਹਾਸਲ ਕਰਾਉਣ ਲਈ (ਹੰਵਿਟੀ4), ਸੰਸਥਾਵਾਂ ਕੋਲ ਖੁਲ੍ਹੇ ਦੂਰਵਰਤੀ ਸਿੱਖਣ (ਖੁਦੂਸਿ) ਅਤੇ ਬਿਜਲੇਈ ਕਾਰਜ੍ਰਮ ਦੀ ਚੋਣ ਹੋਵੇਗੀ, ਇਸ ਸ਼ਰਤ 'ਤੇ ਕਿ ਅਜਿਹਾ ਕਰਨ ਲਈ ਉਹਨਾਂ ਨੂੰ ਮਾਨਤਾ ਹਾਸਲ ਹੈ। ਸਾਰੇ ਖੁਦੂਸਿ ਸਿੱਖਣ ਕਾਰਜਕ੍ਰਮ ਅਤੇ ਉਹਨਾਂ ਦੇ ਘਟਕ ਜਿਹੜੇ ਕਿਸੇ ਸਨਦ (ਡਿਪਲੋਮਾ) ਜਾਂ ਉਪਾਧੀ ਲਈ ਹੋਣ, ਉਸਿਸਾਂ ਵੱਲੋਂ ਆਪਣੇ ਵਿਹੜਿਆਂ (ਕੈਂਪਸਾਂ) ਵਿੱਚ ਚਲਾਏ ਜਾਣ ਵਾਲੇ ਸਰਬਉੱਚ ਗੁਣਵੱਤਾ ਵਾਲੇ ਕਾਰਜਕ੍ਰਮਾਂ ਦੇ ਬਰਾਬਰ ਮਾਨਕਾਂ ਤੇ ਗੁਣਵੱਤਾ ਵਾਲੇ ਹੋਣਗੇ। ਖੁਦੂਸਿ ਲਈ ਮਾਨਤਾ ਹਾਸਲ ਸਰਬਉੱਚ ਸੰਸਥਾਵਾਂ ਨੂੰ ਉੱਚ-ਗੁਣਵੱਤਵੀ ਬਿਜਲੇਈ ਕੋਰਸਾਂ ਦਾ ਵਿਕਾਸ ਕਰਨ ਲਈ ਉਤਸ਼ਾਹ ਅਤੇ ਸਹਾਰਾ ਦਿੱਤਾ ਜਾਵੇਗਾ। ਅਜਿਹੇ ਗੁਣਵੱਤਵੀ ਬਿਜਲੇਈ ਕੋਰਸ ਉਸਿਸਾਂ ਦੇ ਪਾਠਕ੍ਰਮਾਂ ਨਾਲ ਢੁੱਕਵੀਂ ਤਰ੍ਹਾਂ ਜੋੜੇ ਜਾਣਗੇ, ਅਤੇ ਰਲਵੇਂ ਰੂਪ ਨੂੰ ਪਹਿਲ ਦਿੱਤੀ ਜਾਵੇਗੀ।

10.11 ਵੱਖ-ਵੱਖ ਖੇਤਰਾਂ ਵਿੱਚ ਉੱਚ-ਗੁਣਵੱਤਵੀ ਬਹੁਵਿਸ਼ਾਵੀ ਅਤੇ ਵਿਸ਼ਾ-ਪਾਰਵੇਂ ਅਧਿਆਪਨ ਅਤੇ ਖੋਜ ਨੂੰ ਸੰਭਵ ਬਨਾਉਣ ਤੇ ਇਸ ਨੂੰ ਉਤਸ਼ਾਹ ਦੇਣ ਲਈ, ਸਮਾਂ ਪਾ ਕੇ ਇੱਕ-ਧਾਰਾਵੀ ਉਸਿਸਾਂ ਖ਼ਤਮ ਕੀਤੀਆਂ ਜਾਣਗੀਆਂ ਅਤੇ ਇਹ ਜੀਵੰਤ ਬਹੁਵਿਸ਼ਾਵੀ ਸੰਸਥਾਵਾਂ ਬਣਨ ਵੱਲ ਜਾਂ ਜੀਵੰਤ ਬਹੁਵਿਸ਼ਾਵੀ ਉਸਿਸ ਜੜੁੱਤਾਂ ਦਾ ਹਿੱਸ ਬਣਨ ਵੱਲ ਵਧਣਗੀਆਂ। ਇੱਕ-ਧਾਰਾਵੀ ਉਸਿਸਾਂ, ਖਾਸ ਤੌਰ 'ਤੇ, ਵੱਖ-ਵੱਖ ਖੇਤਰਾਂ ਦੇ ਵਿਭਾਗ ਜੋੜਨਗੀਆਂ ਜਿਹੜਾ ਉਹਨਾਂ ਵੱਲੋਂ ਇਸ ਸਮੇਂ ਦਿੱਤੀ ਜਾਣ ਵਾਲੀ ਇੱਕ ਧਾਰਾ ਨੂੰ ਤਗੜਿਆਂ ਕਰੇਗਾ। ਇਹ ਜੀਵੰਤ ਸੱਭਿਆਚਾਰ ਪਰਫੁਲੱਤ ਕਰਨ

ਲਈ, ਸਾਰੀਆਂ ਉਸਿਸਾਂ ਢੁੱਕਵੀਂ ਅੰਕਬੰਦੀ ਹਾਸਲ ਕਰਨ ਰਾਹੀਂ, ਹੌਲੀ-ਹੌਲੀ ਪੂਰੀ ਸਵੈਧੀਨਤਾ ਵੱਲ, ਪੀਠੀ ਤੇ ਪ੍ਰਸ਼ਾਸਨੀ ਦੋਵਾਂ ਵੱਲ, ਵਧਣਗੀਆਂ। ਜਨਤਕ ਸੰਸਥਾਵਾਂ ਦੀ ਸਵੈਧੀਨਤਾ ਨੂੰ ਲੋੜੀਂਦੇ ਜਨਤਕ ਵਿੱਤੀ ਸਹਾਰੇ ਅਤੇ ਸਥਿਰਤਾ ਦੇ ਥੰਮ੍ਹ ਪ੍ਰਦਾਨ ਕੀਤੇ ਜਾਣਗੇ। ਉੱਚ-ਗੁਣਵੱਤਾ ਵਾਲੀ ਇੱਕ-ਸਮਾਨ ਸਿੱਖਿਆ ਨਾਲ ਜਨਤਕ-ਭਾਵਨਾ ਵਾਲੀ ਵਚਨਬੱਧੀ ਵਾਲੀਆਂ ਨਿੱਜੀ ਸੰਸਥਾਵਾਂ ਨੂੰ ਉਤਸ਼ਾਹ ਦਿੱਤਾ ਜਾਵੇਗਾ।

10.12. ਇਸ ਨੀਤੀ ਵੱਲੋਂ ਚਿਤਵੀ ਨਵੀਂ ਨੇਮਬੰਦੀ ਪ੍ਰਣਾਲੀ ਇਸ ਸ਼ਕਤੀਕਰਣ ਅਤੇ ਨਵੇਂ ਢੰਗਾਂ ਲਈ ਸਵੈਧੀਨਤਾ ਦੇ ਸਮੁੱਚੇ ਸੱਭਿਆਚਾਰ ਦਾ ਪੋਸਣ ਕਰੇਗੀ; ਇਹ ਪ੍ਰਣਾਲੀ ਦਰਜੇਵਾਰ ਸਵੈਧੀਨਤਾ ਦੀ ਪ੍ਰਣਾਲੀ ਰਾਹੀਂ ਤੇ ਇੱਕ ਚੁਣੌਤੀ ਵਿਧੀ ਰਾਹੀਂ 'ਅਨੁਬੱਧ ਮਹਾਂਵਿਦਿਆਲਾ' ਪ੍ਰਣਾਲੀ ਨੂੰ ਪੰਦਰਾਂ ਸਾਲਾਂ ਵਿੱਚ ਹੌਲੀ-ਹੌਲੀ ਖ਼ਤਮ ਕਰ ਦੇਵੇਗੀ। ਹਰੇਕ ਹਾਲੀਆ ਅਨੁਬੱਧੀ ਦੇਣ ਵਾਲਾ ਵਿਸ਼ਵਵਿਦਿਆਲਾ ਆਪਣੇ ਨਾਲ ਅਨੁਬੱਧ ਕੀਤੇ ਮਹਾਂਵਿਦਿਆਲਿਆਂ ਦੇ ਮਾਰਗ-ਦਰਸ਼ਨ ਲਈ ਜ਼ੁੰਮੇਵਾਰ ਹੋਵੇਗਾ ਤਾਂ ਕਿ ਉਹ ਆਪਣੀਆਂ ਸਮਰਥਾਵਾਂ ਦਾ ਵਿਕਾਸ ਕਰ ਸੱਕਣ ਅਤੇ ਪੀਠੀ ਤੇ ਪਾਠਕ੍ਰਮੀ, ਅਧਿਆਪਨ ਤੇ ਮੁਲਾਂਕਣ, ਪ੍ਰਸ਼ਾਸਨੀ ਸੁਧਾਰ, ਵਿੱਤੀ ਤਕੜਾਈ, ਅਤੇ ਪ੍ਰਬੰਧਵੀ ਸੁਚਾਰੂਪਨ ਦੇ ਮਾਮਲਿਆਂ ਵਿੱਚ ਤੈਅ ਘੱਟੋ-ਘੱਟ ਮਾਪਦੰਡ ਹਾਸਲ ਕਰ ਸੱਕਣ। ਕਿਸੇ ਵਿਸ਼ਵਵਿਦਆਲੇ ਨਾਲ ਇਸ ਵੇਲੇ ਅਨੁਬੱਧ ਸਾਰੇ ਵਿਸ਼ਵਵਿਦਿਆਲੇ ਤੈਅ ਅੰਕਬੰਦੀ ਮਾਪਦੰਡ ਹਾਸਲ ਕਰਨ ਤੇ ਆਖਰਕਾਰ ਉਪਾਧੀਆਂ ਦੇਣ ਵਾਲੇ ਸਵੈਧੀਨ ਮਹਾਂਵਿਦਆਲੇ ਬਣਨ ਲਈ ਸਮੇਂ ਨਾਲ ਲੋੜੀਂਦੇ ਮਾਪਦੰਡ ਹਾਸਲ ਕਰਨਗੇ। ਇਹ ਸਾਂਝੇ ਰਾਸ਼ਟਰੀ ਯਤਨ ਰਾਹੀਂ ਜਿਸ ਵਿੱਚ ਇਸ ਲਈ ਢੁੱਕਵਾਂ ਮਾਰਗ-ਦਰਸ਼ਨ ਅਤੇ ਸਰਕਾਰੀ ਸਹਾਰਾ ਸ਼ਾਮਲ ਹੋਵੇਗਾ ਰਾਹੀਂ ਹਾਸਲ ਕੀਤਾ ਜਾਵੇਗਾ।

10.13. ਪੇਸ਼ਾਵੀ ਅਤੇ ਕਿੱਤਾਮੁਖੀ ਸਿੱਖਿਆ ਸਮੇਤ, ਸਮੁੱਚੇ ਉਚੇਰੀ ਸਿੱਖਿਆ ਖੇਤਰ ਦਾ ਟੀਚਾ ਅਖੰਡ ਸਿੱਖਿਆ ਪ੍ਰਣਾਲੀ ਬਣਨਾ ਹੋਵੇਗਾ। ਇਹ ਨੀਤੀ ਤੇ ਇਸ ਦੀ ਪਹੁੰਚ ਹਾਲੀਆ ਸਾਰੀਆਂ ਧਾਰਾਵਾਂ ਵਾਲੀਆਂ ਸਾਰੀਆਂ ਉਸਿਸਾਂ 'ਤੇ ਲਾਗੂ ਹੋਵੇਗੀ।

10.14. ਸਾਰੇ ਜੱਗ ਵਿੱਚ ਵਿਸ਼ਵਵਿਦਿਆਲੇ ਦਾ ਮਤਲਬ ਹੈ ਇੱਕ ਉਚੇਰਾ ਸਿੱਖਣ ਦੀ ਅਜਿਹੀ ਬਹੁਵਿਸ਼ਾਵੀ ਸੰਸਥਾ ਜਿਹੜੀ ਪੂਰਬ-ਸਨਾਤਕ, ਸਨਾਤਕ, ਤੇ ਦਰਸ਼ਨ-ਅਚਾਰੀਆ (ਪੀਐਚ.ਡੀ.) ਕਾਰਜਕ੍ਰਮ ਚਲਾਉਂਦੀ ਹੈ ਤੇ ਉੱਚ-ਗੁਣਵੱਤਾ ਵਾਲਾ ਅਧਿਆਪਨ ਤੇ ਖੋਜ ਕਰਦੀ ਹੈ। ਦੇਸ ਵਿੱਚ ਉਸਿਸਾਂ ਦੇ ਹਾਲੀਆ ਨਾਮਕਰਣ ਜਿਵੇਂ 'ਸੰਵਤ ਵਿਸ਼ਵਵਿਦਿਆਲਾ', 'ਅਨੁਬੱਧੀ ਵਿਸ਼ਵਵਿਦਿਆਲਾ', 'ਅਨੁਬੱਧੀ ਤਕਨੀਕੀ ਵਿਸ਼ਵਵਿਦਿਆਲਾ', 'ਏਕਾਤਮੀ ਵਿਸ਼ਵਵਿਦਿਆਲਾ' ਸ਼ਰਤਾਂ ਅਨੁਸਾਰ ਕਸੌਟੀਆਂ ਪੂਰੀਆਂ ਕਰਨ 'ਤੇ 'ਵਿਸ਼ਵਵਿਦਿਆਲੇ' ਵਿੱਚ ਬਦਲ ਦਿੱਤੇ ਜਾਣਗੇ।

## 11. ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਵੱਲ

11.1. ਤਕਸ਼ਸ਼ਿਲਾ ਅਤੇ ਨਾਲੰਦਾ ਤੋਂ ਲੈ ਕੇ ਵੱਖ-ਵੱਖ ਖੇਤਰਾਂ ਵਾਲੇ ਵਿਸ਼ਿਆਂ ਵਾਲੇ ਭਾਰਤ ਦੇ ਵੱਡੇ ਵਿਸਤਾਰ ਵਾਲੇ ਸਾਹਿਤਾਂ ਤੱਕ, ਭਾਰਤ ਵਿੱਚ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਣ ਦੀ ਇੱਕ ਲੰਮੀਂ ਪਰੰਪਰਾ ਰਹੀ ਹੈ। ਵਾਣਭੱਟ ਦੀ ਕਾਦੰਬਰੀ ਜਿਹੀਆਂ ਪੁਰਾਣੀਆਂ ਭਾਰਤੀ ਲਿਖਤਾਂ ਅਨੁਸਾਰ ਚੰਗੀ ਸਿੱਖਿਆ 64 ਕਲਾਵਾਂ ਦਾ ਗਿਆਨ ਹੁੰਦੀ ਹੈ; ਇਹਨਾਂ 64 ਕਲਾਵਾਂ ਵਿੱਚ ਬੱਸ ਸੰਗੀਤ ਅਤੇ ਰੰਗਕਲਾ ਵਰਗੇ ਵਿਸ਼ੇ ਈ ਨਹੀਂ ਸਨ, ਬਲਕਿ ਰਸਾਇਣਕੀ, ਗਣਿਤ ਜਿਹੇ 'ਵਿਗਿਆਨਵੀ' ਖੇਤਰ ਅਤੇ ਤਰਖਾਣੇ ਤੇ ਕੱਪੜੇ ਸਿਉਣ ਜਿਹੇ 'ਕਿੱਤਾਮੁਖੀ' ਖੇਤਰ, ਉਪਚਾਰ ਤੇ ਯੰਤਰਕੀ ਜਿਹੇ 'ਪੇਸ਼ਾਵੀ' ਖੇਤਰਾਂ ਦੇ ਨਾਲ-ਨਾਲ ਸੰਚਾਰ, ਬਾਤਚੀਤ, ਅਤੇ ਵਾਦ-ਵਿਵਾਦ ਜਿਹੇ ਸੂਖਮ (ਸਾਫ਼ਟ) ਹੁਨਰ ਵੀ ਸ਼ਾਮਲ ਸਨ। ਇਹ ਵਿਚਾਰ ਕਿ ਗਣਿਤ, ਵਿਗਿਆਨ, ਕਿੱਤਾਮੁਖੀ ਵਿਸ਼ੇ, ਪੇਸ਼ਾਵੀ ਵਿਸ਼ੇ, ਅਤੇ ਮਾਨਸਿਕ ਹੁਨਰ 'ਕਲਾਵਾਂ' ਸਮਝੇ ਜਾਣੇ ਚਾਹੀਦੇ ਹਨ ਦਾ ਮੂਲ ਨਿਰੋਲ ਭਾਰਤੀ ਹੈ। 'ਕਈ ਕਲਾਵਾਂ ਦਾ ਗਿਆਨ' ਦਾ ਇਹ ਭਾਵ ਜਿਹਨੂੰ ਅੱਜ-ਕੱਲ੍ਹ ਅਕਸਰ 'ਉਦਾਰ ਕਲਾਵਾਂ' (ਮਤਲਬ, ਕਲਾਵਾਂ ਦਾ ਉਦਾਰ ਭਾਵ) ਆਖਿਆ ਜਾਂਦਾ ਹੈ ਭਾਰਤੀ ਸਿੱਖਿਆ ਵਿੱਚ ਵਾਪਸ ਲਿਆਉਣਾ ਚਾਹੀਦਾ ਹੈ, ਕਿਉਂਕਿ ਬਿਲਕੁਲ ਇਹ ਈ ਉਹ ਸਿੱਖਿਆ ਹੈ ਜਿਹੜੀ 21ਵੀਂ ਸਦੀ ਲਈ ਲੋੜੀਂਦੀ ਹੋਵੇਗੀ।

11.2. ਸਨਾਤਕ-ਪੂਰਬਲੀ ਸਿੱਖਿਆ ਵਿੱਚ ਮਾਨਵ ਵਿਗਿਆਨਾਂ ਅਤੇ ਕਲਾਵਾਂ ਨੂੰ ਵਿਗਿਆਨ, ਤਕਨਾਲੋਜੀ, ਜੰਤਰਕੀ, ਅਤੇ ਗਣਿਤ ਨਾਲ ਜੋੜਨ ਵਾਲੀਆਂ ਸਿੱਖਿਆ ਪਹੁੰਚਾਂ ਦੇ ਮੁਲੰਕਣਾਂ ਨੇ ਸਦਾ ਹਾਂ-ਪੱਖੀ ਸਿੱਖਣ ਪ੍ਰਾਪਤੀਆਂ ਵਿਖਾਈਆਂ ਹਨ; ਇਹਨਾਂ ਵਿੱਚ ਆਮ ਖੁੱਭਣਾ ਅਤੇ ਸਿੱਖਣ ਵਿੱਚ ਅਨੰਦ ਦੇ ਨਾਲ-ਨਾਲ ਸਿਰਜਣ ਤੇ ਕਾਢ ਝੁਕਾਅ, ਪੜਤਾਲੀਆ ਸੋਚ ਤੇ ਉਚੇਰੇ ਪੱਧਰ ਦੀ ਸੋਚ ਦੀਆਂ ਸਮਰਥਾਵਾਂ, ਗੁੱਥੀ-ਸੁਲਝਾਉਣ ਦੀਆਂ ਯੋਗਤਾਵਾਂ, ਰਲ-ਮਿਲ ਕੰਮ ਕਰਨ, ਸੰਚਾਰ ਹੁਨਰ, ਵਧੇਰੇ ਡੂੰਘਾਈ ਨਾਲ ਸਿੱਖਣ ਅਤੇ ਵੱਖ-ਵੱਖ ਖੇਤਰਾਂ ਦੀ ਮੁਹਾਰਤ ਵਿੱਚ ਵਾਧਾ ਅਤੇ ਸਮਾਜੀ ਤੇ ਨੈਤਿਕ ਚੇਤੰਨਤਾ ਵਿੱਚ ਵਾਧਾ, ਆਦਿ ਸ਼ਾਮਲ ਹਨ। ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਪਹੁੰਚ ਨਾਲ ਖੋਜ ਵਿੱਚ ਸੁਧਾਰ ਤੇ ਵਾਧਾ ਵੀ ਹੁੰਦਾ ਹੈ।

11.3. ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਦਾ ਮਨੋਰਥ ਮਨੁੱਖ ਦੀਆਂ ਬੋਧੀ, ਸੁਹਜਮਈ, ਸਮਾਜੀ, ਸਰੀਰੀ, ਭਾਵਨਾਵੀ, ਅਤੇ ਨੈਤਿਕ ਸਾਰੀਆਂ ਸਮਰਥਾਵਾਂ ਦਾ ਅਖੰਡ ਢੰਗ ਨਾਲ ਵਿਕਾਸ ਹੁੰਦਾ ਹੈ। ਅਜਿਹੀ ਸਿੱਖਿਆ ਇਹੋ ਜਿਹੇ ਸਰਬਪੱਖੀ ਵਿਅਕਤੀਆਂ ਦੇ ਵਿਕਾਸ ਵਿੱਚ ਸਹਾਇਤਾ ਕਰੇਗੀ ਜਿਹੜੇ ਕਲਾਵਾਂ, ਮਾਨਵ ਵਿਗਿਆਨਾਂ, ਭਾਸ਼ਾਵਾਂ, ਵਿਗਿਆਨਾਂ, ਸਮਾਜ ਵਿਗਿਆਨਾਂ, ਅਤੇ ਪੇਸ਼ਾਵੀ, ਤਕਨੀਕੀ, ਅਤੇ ਕਿੱਤਾਮੁਖੀ ਸਾਰੇ ਖੇਤਰਾਂ ਵਿੱਚ 21ਵੀਂ ਸਦੀ ਦੀਆਂ ਨਿਰਣੇਕਾਰੀ ਸਮਰਥਾਵਾਂ ਰੱਖਦੇ ਹੋਣ, ਅਤੇ ਸਮਾਜ ਨਾਲ ਜੁੜਨ ਦਾ ਸਦਾਚਾਰ, ਸੰਚਾਰ, ਬਾਤਚੀਤ, ਅਤੇ ਵਾਦ-ਵਿਵਾਦ ਜਿਹੇ ਮਾਨਸਿਕ ਹੁਨਰਾਂ ਦੇ ਧਾਰਣੀ ਤੇ ਚੁਣੇ ਖੇਤਰ ਜਾਂ ਖੇਤਰਾਂ ਵਿੱਚ ਪੱਕੀ ਵਿਸ਼ੇਸ਼ੱਗਤਾ ਰੱਖਦੇ ਹੋਣ। ਅਜਿਹੀ ਸਰਬੰਗੀ ਸਿੱਖਿਆ ਪੇਸ਼ਾਵੀ, ਤਕਨੀਕੀ, ਅਤੇ ਕਿੱਤਾਮੁਖੀ ਵਿਸ਼ਿਆਂ ਸਮੇਤ ਸਾਰੇ ਸਨਾਤਕ-ਪੂਰਬਲੇ ਕਾਰਜਕ੍ਰਮਾਂ ਲਈ ਲੰਮੇ ਸੰਮੇ ਲਈ ਪਹੁੰਚ ਹੋਵੇਗੀ।

11.4. ਭਾਰਤ ਦੇ 21ਵੀਂ ਸਦੀ ਵਿੱਚ ਅਗਵਾਈ ਕਰਨ ਅਤੇ ਚੌਥੀ ਉਦਯੋਗੀ ਕ੍ਰਾਂਤੀ ਲਈ, ਅਜਿਹੀ ਸਰਬੰਗੀ ਤੇ ਬਹੁਵਿਸ਼ਾਵੀ ਸਿੱਖਿਆ, ਜਿਵੇਂ ਭਾਰਤ ਦੇ ਭੂਤ ਵਿੱਚ ਸੁਹਣੀ ਤਰ੍ਹਾਂ ਦੱਸੀ ਗਈ ਹੈ, ਦੀ ਹੀ ਲੋੜ ਹੈ। ਭਾਤਸ (ਭਾਰਤੀ ਤਕਨਾਲੋਜੀ ਸੰਸਥਾਨ) ਵਰਗੀਆਂ ਯੰਤਰਕੀ ਸੰਸਥਾਵਾਂ ਵੀ ਵਧੇਰੇ ਕਲਾਵਾਂ ਤੇ ਮਾਨਵ ਵਿਗਿਆਨਾਂ ਨਾਲ ਵਧੇਰੇ ਸਰਬੰਗੀ ਤੇ ਬਹੁਵਿਸ਼ਾਵੀ ਸਿੱਖਿਆ ਵੱਲ ਵਧਣਗੀਆਂ। ਕਲਾਵਾਂ ਤੇ ਮਾਨਵ-ਵਿਗਿਆਨਾਂ ਦੇ ਵਿਦਿਆਰਥੀਆਂ ਦਾ ਵਧੇਰੇ ਵਿਗਿਆਨ ਸਿੱਖਣ ਦਾ ਟੀਚਾ ਹੋਵੇਗਾ ਅਤੇ ਉਹ ਵਧੇਰੇ ਕਿੱਤਾਮੁਖੀ ਵਿਸ਼ੇ ਅਤੇ ਮਾਨਸਿਕ ਹੁਨਰ ਸ਼ਾਮਲ ਕਰਨ ਲਈ ਯਤਨ ਕਰਨਗੇ।

11.5. ਕਲਪਨਾਮਈ ਅਤੇ ਲਚਕੀਲੀਆਂ ਪਾਠਕ੍ਰਮ ਬਣਤਰਾਂ ਅਧਿਐਨ ਲਈ ਵਿਸ਼ਿਆਂ ਦੇ ਸਿਰਜਣਾਤਮਕ ਮੇਲ ਦੇ ਯੋਗ ਬਨਾਉਣਗੀਆਂ ਅਤੇ ਅੰਦਰ ਆਉਣ ਤੇ ਬਾਹਰ ਜਾਣ ਦੇ ਇੱਕ ਤੋਂ ਵੱਧ ਪੜਾਅ ਹਾਸਲ ਕਰਾਉਣਗੀਆਂ; ਇੰਞ ਹਾਲੀਆ ਪਰਚੱਲਤ ਕਠੋਰ ਹੱਦਾਂ ਹਟ ਜਾਣਗੀਆਂ ਅਤੇ ਜੀਵਨ-ਭਰ ਸਿੱਖਣ ਲਈ ਨਵੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ। ਵੱਡੇ ਬਹੁਵਿਸ਼ਾਵੀ ਵਿਸ਼ਵਵਿਦਿਆਲਿਆਂ ਵਿੱਚ ਸਨਾਤਕ-ਪੱਧਰ, ਉਤਰ-ਸਨਾਤਕ, ਅਤੇ ਦਰਸ਼ਨ-ਅਚਾਰੀਆ ਉਪਾਧੀਆਂ ਲਈ ਸਿੱਖਿਆ ਕਰੜੀ ਖੋਜ-ਆਧਾਰੀ ਵਿਸ਼ੇਸ਼ੱਗਤਾ ਦੇ ਨਾਲ-ਨਾਲ ਪੀਠਾਂ, ਸਰਕਾਰ, ਤੇ ਉਦਯੋਗ ਵਿੱਚ ਬਹੁਵਿਸ਼ਾਵੀ ਕੰਮ ਦੇ ਮੌਕੇ ਵੀ ਹਾਸਲ ਕਰਾਏਗੀ।

11.6. ਵੱਡੇ ਬਹੁਵਿਸ਼ਾਵੀ ਵਿਸ਼ਵਵਿਦਿਆਲੇ ਤੇ ਮਹਾਂਵਿਦਿਆਲੇ ਉੱਚ-ਗੁਣਵੱਤਾ ਵਾਲੀ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਵੱਲ ਵਧਣ ਨੂੰ ਸੌਖਾ ਬਨਾਉਣਗੇ। ਕਿਸੇ ਵਿਸ਼ੇ ਜਾਂ ਵਿਸ਼ਿਆਂ ਵਿੱਚ ਕਰੜੀ ਵਿਸ਼ੇਸ਼ੱਗਤਾ ਦੇ ਨਾਲ-ਨਾਲ ਪਾਠਕ੍ਰਮ ਵਿੱਚ ਲਚਕ ਅਤੇ ਨਵੇਂ ਤੇ ਖੁਭਾਉਣੇ ਕੋਰਸ ਬਦਲ ਵਿਦਿਆਰਥੀਆਂ ਨੂੰ ਹਾਸਲ ਹੋਣਗੇ। ਇਸ ਨੂੰ ਵਧੇਰੇ ਅਧਿਆਪਨ ਅਮਲੇ ਰਾਹੀਂ ਅਤੇ ਪਾਠਕ੍ਰਮ ਤੈਅ ਕਰਨ ਵਿੱਚ ਵਧੇਰੇ ਸੰਸਥਾਵੀ ਸਵੈਧੀਨਤਾ ਰਾਹੀਂ ਉਤਸ਼ਾਹ ਦਿੱਤਾ ਜਾਵੇਗਾ। ਸਿੱਖਿਆ-ਵਿਧੀ ਵਿੱਚ ਸੰਚਾਰ, ਬਾਤਚੀਤ, ਵਾਦ-ਵਿਵਾਦ, ਖੋਜ ਅਤੇ ਵਿਸ਼ਾ-ਪਾਰਵੀ ਤੇ ਵਿਸ਼ਾ-ਅੰਦਰਵੀਂ ਸੋਚ 'ਤੇ ਵੱਧ ਜ਼ੋਰ ਦਿੱਤਾ ਜਾਵੇਗਾ।

11.7. ਉਸਿਸਾਂ ਵਿੱਚ ਭਾਸ਼ਾਵਾਂ, ਸਾਹਿਤ, ਸੰਗੀਤ, ਦਰਸ਼ਨ, ਭਾਰਤ-ਅਧਿਐਨ, ਕਲਾ, ਨਾਚ, ਮੰਚ-ਕਲਾ, ਸਿੱਖਿਆ, ਗਣਿਤ, ਅੰਕੜਾ ਵਿਗਿਆਨ, ਸਿਧਾਂਤੀ ਤੇ ਵਿਹਾਰੀ ਵਿਗਿਆਨ, ਸਮਾਜ-ਸ਼ਾਸਤਰ, ਅਰਥ-ਸ਼ਾਸਤਰ, ਖੇਡ ਵਿਗਿਆਨ,

ਅਨੁਵਾਦ ਤੇ ਵਿਆਖਿਆ, ਅਤੇ ਬਹੁਵਿਸ਼ਾਵੀ, ਉਤਸ਼ਾਹਦਾਈ ਭਾਰਤੀ ਸਿੱਖਿਆ ਅਤੇ ਵਾਤਾਵਰਣ ਲਈ ਲੋੜੀਂਦੇ ਹੋਰ ਵਿਸ਼ਿਆਂ ਦੇ ਵਿਭਾਗ ਖੋਹਲੇ ਜਾਣਗੇ ਅਤੇ ਤਗੜੇ ਕੀਤੇ ਜਾਣਗੇ। ਸਾਰੇ ਸਨਾਤਕ ਉਪਾਧੀ ਵਾਲੇ ਕਾਰਜਕ੍ਰਮਾਂ ਵਿੱਚ ਇਹਨਾਂ ਵਿਸ਼ਿਆਂ ਲਈ ਅੰਕ ਦਿੱਤੇ ਜਾਣਗੇ, ਜੇ ਇਹ ਕਾਰਜਕ੍ਰਮ ਇਹਨਾਂ ਵਿਭਾਗਾਂ ਰਾਹੀਂ ਜਾਂ ਜੇ ਇਹ ਉਸਿਸ ਵਿੱਚ ਜਮਾਤ ਵਿੱਚ ਨਹੀਂ ਕਰਾਏ ਜਾਂਦੇ ਤਾਂ ਖੁਦੂਸਿ ਵਿਧੀ ਰਾਹੀਂ ਕੀਤੇ ਹੋਏ ਹੋਣਗੇ।

11.8. ਅਜਿਹੀ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਹਾਸਲ ਕਰਨ ਲਈ, ਸਾਰੀਆਂ ਉਸਿਸਾਂ ਦੇ ਲਚਕੀਲੇ ਤੇ ਨਵੇਂ-ਸੁਭਾਵੀ ਪਾਠਕ੍ਰਮਾਂ ਵਿੱਚ ਜਨ-ਸਮੂਹ ਨਾਲ ਜੁੜਨਾ ਅਤੇ ਸੇਵਾ, ਵਾਤਾਵਰਣ ਸਿੱਖਿਆ, ਅਤੇ ਕਦਰਾਂ-ਕੀਮਤਾਂ ਅਧਾਰੀ ਸਿੱਖਿਆ ਦੇ ਖੇਤਰਾਂ ਵਿੱਚ ਅੰਕ-ਅਧਾਰੀ ਕੋਰਸ ਅਤੇ ਕਾਰਜ (ਪ੍ਰਾਜੈਕਟ) ਸ਼ਾਮਲ ਹੋਣਗੇ। ਵਾਤਾਵਰਣ ਸਿੱਖਿਆ ਵਿੱਚ ਪੌਣ-ਪਾਣੀ ਬਦਲਾਅ, ਪਰਦੂਸ਼ਣ, ਕੂੜਾ ਪ੍ਰਬੰਧ, ਨਿਰੋਗਤਾ ਪ੍ਰਬੰਧ, ਜੀਵੀ ਵੰਨ-ਸਵੰਨਤਾ ਦੀ ਸੰਭਾਲ, ਜੀਵੀ ਸਰੋਤਾਂ ਅਤੇ ਜੀਵੀ-ਵੰਨਸੁਵੰਨਤਾ ਦਾ ਪ੍ਰਬੰਧ, ਵਣ ਅਤੇ ਵਣ-ਜੀਵ ਸੰਭਾਲ, ਅਤੇ ਹੰਢਣਸਾਰ ਵਿਕਾਸ ਤੇ ਜਿਉਣਾ ਸ਼ਾਮਲ ਹੋਣਗੇ। ਕਦਰਾਂ-ਕੀਮਤਾਂ-ਆਧਾਰੀ ਸਿੱਖਿਆ ਵਿੱਚ ਸੱਚਾਈ, ਉਚਿਤ ਵਿਹਾਰ (ਧਰਮ), ਅਮਨ (ਸ਼ਾਂਤੀ), ਪ੍ਰੇਮ, ਅਹਿੰਸਾ, ਵਿਗਿਆਨਵੀ ਬਿਰਤੀ, ਨਾਗਰਿਕਤਾ ਕਦਰਾਂ-ਕੀਮਤਾਂ,ਅਤੇ ਜਿਉਣ-ਹੁਨਰ ਵੀ ਸ਼ਾਮਲ ਹੋਣਗੇ; ਸੇਵਾ ਅਤੇ ਜਨ-ਸਮੂਹ ਸੇਵਾ ਕਾਰਜਕ੍ਰਮਾਂ ਵਿੱਚ ਹਿੱਸੇਦਾਰੀ ਸਰਬੰਗੀ ਸਿੱਖਿਆ ਦਾ ਅਟੁੱਟ ਹਿੱਸਾ ਮੰਨੇਂ ਜਾਣਗੇ। ਜਿਵੇਂ ਕਿ ਸਾਰਾ ਜੱਗ ਵੱਧ ਤੋਂ ਵੱਧ ਆਪਸ ਵਿੱਚ ਜੁੜੀ ਜਾਂਦਾ ਹੈ, ਸਿਖਿਆਰਥੀਆਂ ਦੇ ਭੂਮੰਡਲੀ ਮੁੱਦਿਆਂ ਬਾਰੇ ਚੇਤੰਨ ਹੋਣ ਅਤੇ ਸਮਝਣ ਅਤੇ ਵਧੇਰੇ ਅਮਨਮਈ, ਸਹਿਣਸ਼ੀਲ, ਭਾਈਵਾਲਤਾ ਵਾਲੇ, ਸੁਰੱਖਿਆ ਭਰੇ ਅਤੇ ਹੰਢਣਸਾਰ ਸਮਾਜ ਦੇ ਸਰਗਰਮ ਸਮਰਥਕ ਹੋਣ ਲਈ ਸਿਖਿਆਰਥੀਆਂ ਦੇ ਸ਼ਕਤੀਕਰਣ ਲਈ 'ਭੂਮੰਡਲੀ ਨਾਗਰਿਕਤਾ ਸਿੱਖਿਆ' (ਭੂਨਾਸਿ), ਤੇ ਸਮਕਾਲੀ ਭੂਮੰਡਲੀ ਚੁਣੌਤੀਆਂ ਵੱਲ ਹੁੰਗਾਰਾ ਪੜ੍ਹਾਏ ਜਾਣਗੇ। ਅੰਤ 'ਤੇ, ਸਰਬੰਗੀ ਸਿੱਖਿਆ ਦੇ ਹਿੱਸੇ ਵੱਜੋਂ, ਸਾਰੇ ਉਸਿਸਾਂ ਦੇ ਵਿਦਿਆਰਥੀਆਂ ਨੂੰ ਉਹਨਾਂ ਦੀ ਆਪਣੀ ਜਾਂ ਹੋਰ ਉਸਿਸਾਂ/ਖੋਜ ਸੰਸਥਾਂਵਾਂ ਵਿੱਚ ਅਧਿਆਪਕਾਂ ਅਤੇ ਖੋਜੀਆਂ ਨਾਲ ਸਿਖਲਾਈ ਦੇ ਨਾਲ-ਨਾਲ ਸਥਾਨੀ ਉਦਯੋਗਾਂ, ਕਾਰੋਬਾਰਾਂ, ਕਲਾਕਾਰਾਂ, ਦਸਤਕਾਰਾਂ, ਆਦਿ ਨਾਲ ਸਿਖਲਾਈ ਦੇ ਮੌਕੇ ਹਾਸਲ ਕਰਾਏ ਜਾਣਗੇ, ਤਾਂ ਕਿ ਵਿਦਿਆਰਥੀ ਆਪਣੇ ਸਿੱਖਣ ਦੇ ਵਿਹਾਰੀ ਪੱਖ ਨਾਲ ਸਰਗਰਮ ਰੂਪ ਵਿੱਚ ਦੋ-ਚਾਰ ਹੋ ਸੱਕਣ ਅਤੇ, ਇਸ ਦੇ ਨਾਲ ਲੱਗਦੇ ਲਾਭ ਵੱਜੋਂ, ਆਪਣੀ ਰੁਜ਼ਗਾਰ ਹਾਸਲ ਕਰਨ ਦੀ ਯੋਗਤਾ ਵਿੱਚ ਵਾਧਾ ਕਰ ਸੱਕਣ।

11.9. ਉਪਾਧੀ ਕਾਰਜਕ੍ਰਮਾਂ ਦੀ ਬਣਤਰ ਅਤੇ ਲੰਮਾਈ ਵਿੱਚ ਢੁੱਕਵਾਂ ਬਦਲਾਅ ਕੀਤਾ ਜਾਵੇਗਾ। ਪੂਰਬ-ਸਨਾਤਕ ਉਪਾਧੀ 3 ਜਾਂ 4 ਸਾਲਾਂ ਦੀ ਹੋਵੇਗੀ, ਜਿਸ ਵਿੱਚ ਇਸ ਸਮੇਂ ਦੌਰਾਨ ਬਣਦੇ ਪ੍ਰਮਾਣ-ਪੱਤਰਾਂ ਨਾਲ ਬਾਹਰ ਜਾਣ ਦੇ ਇੱਕ ਤੋਂ ਵੱਧ ਬਦਲ ਹੋਣਗੇ; ਮਿਸਾਲ ਲਈ, ਕਿਸੇ ਵਿਸ਼ੇ ਜਾਂ ਖੇਤਰ, ਕਿੱਤਾਮੁਖੀ ਅਤੇ ਪੇਸ਼ਾਵੀ ਖੇਤਰਾਂ ਸਣੇਂ, ਵਿੱਚ 1 ਸਾਲ ਪੂਰਾ ਕਰਨ ਪਿੱਛੋਂ ਪ੍ਰਮਾਣ-ਪੱਤਰ, ਜਾਂ 2 ਸਾਲ ਦੇ ਅਧਿਐਨ ਪਿੱਛੋਂ ਸਨਦ (ਡਿਪਲੋਮਾ), ਜਾਂ 3-ਸਾਲ ਦੇ ਕਾਰਜਕ੍ਰਮ ਪਿੱਛੋਂ ਸਨਾਤਕ ਦੀ ਉਪਾਧੀ ਦੇਣਾ। ਪਰ, 4-ਸਾਲਾ ਬਹੁਵਿਸ਼ਾਵੀ ਸਨਾਤਕ ਕਾਰਜਕ੍ਰਮ ਪਹਿਲੀ ਚੋਣ ਹੋਵੇਗਾ ਕਿਉਂਕਿ ਇਸ ਨਾਲ ਵਿਦਿਆਰਥੀ ਵੱਲੋਂ ਚੁਣੇ ਮੁੱਖਾਂ ਤੇ ਗੌਣਾਂ 'ਤੇ ਜ਼ੋਰ ਦੇ ਨਾਲ-ਨਾਲ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਦੇ ਪੂਰੇ ਪਸਾਰ ਦੇ ਅਨੁਭਵ ਦਾ ਮੌਕਾ ਮਿਲਦਾ ਹੈ। ਇੱਕ 'ਪੀਠੀ ਅੰਕ ਭੰਡਾਰ' ਥਾਪਿਆ ਜਾਵੇਗਾ ਜਿਸ ਵਿੱਚ ਵੱਖ-ਵੱਖ ਮਾਨਤਾ ਹਾਸਲ ਉਸਿਸਾਂ ਤੋਂ ਕਮਾਏ ਪੀਠੀ ਅੰਕਾਂ ਦਾ ਬਿਜਲੇਈ ਭੰਡਾਰਨ ਕੀਤਾ ਜਾਵੇਗਾ ਤਾਂ ਕਿ ਕਮਾਏ ਅੰਕਾਂ ਨੂੰ ਜੋੜ ਕੇ ਕਿਸੇ ਇੱਕ ਉਸਿਸ ਵੱਲੋਂ ਉਪਾਧੀਆਂ ਦਿੱਤੀਆਂ ਜਾ ਸੱਕਣ। ਜੇ ਵਿਦਿਆਰਥੀ ਆਪਣੇ ਅਧਿਐਨ ਦੇ ਮੁਖ ਖੇਤਰ/ਖੇਤਰਾਂ ਵਿੱਚ ਉਸਿਸ ਵੱਲੋਂ ਤੈਅ ਅਨੁਸਾਰ ਕਰੜਾ ਖੋਜ ਕਾਰਜ (ਪ੍ਰਾਜੈਕਟ) ਕਰਦਾ ਹੈ ਤਾਂ 4-ਸਾਲਾ ਕਾਰਜਕ੍ਰਮ ਨਾਲ 'ਖੋਜ ਨਾਲ' ਉਪਾਧੀ ਵੀ ਦਿੱਤੀ ਜਾ ਸਕਦੀ ਹੈ।

11.10. ਉਸਿਸਾਂ ਕੋਲ ਉਤਰ-ਸਨਾਤਕ ਕਾਰਜਕ੍ਰਮਾਂ ਦੀਆਂ ਵੱਖ-ਵੱਖ ਵੰਨਗੀਆਂ ਹਾਸਲ ਕਰਾਉਣ ਦੀ ਲਚਕ ਹੋਵੇਗੀ: ੳ) ਜਿੰਨ੍ਹਾਂ ਨੇ 3-ਸਾਲਾ ਸਨਾਤਕ ਕਾਰਜਕ੍ਰਮ ਪੂਰਾ ਕਰ ਲਿਆ ਉਹਨਾਂ ਲਈ ਇੱਕ 2-ਸਾਲਾ ਕਾਰਜਕ੍ਰਮ ਹੋ ਸਕਦਾ ਹੈ ਜਿਸ ਵਿੱਚ ਦੂਜਾ ਪੂਰਾ ਸਾਲ ਖੋਜ ਲਈ ਹੋਵੇ; ਅ) ਖੋਜ ਨਾਲ 4-ਸਾਲਾ ਸਨਾਤਕ ਕਾਰਜਕ੍ਰਮ ਪੂਰਾ ਕਰਨ ਵਾਲੇ ਵਿਦਿਆਰਥੀਆਂ ਲਈ 1-ਸਾਲਾ ਉਤਰ-ਸਨਾਤਕ ਕਾਰਜਕ੍ਰਮ ਹੋ ਸਕਦਾ ਹੈ; ਅਤੇ ੲ) ਇੱਕ ਅਖੰਡ 5-ਸਾਲਾ

ਸਨਾਤਕ/ਉਤਰ-ਸਨਾਤਕ ਕਾਰਜਕ੍ਰਮ ਵੀ ਹੋ ਸਕਦਾ ਹੈ। ਦਰਸ਼ਨ-ਅਚਾਰੀਆ ਉਪਾਧੀ ਲਈ ਉਤਰ-ਸਨਾਤਕ ਉਪਾਧੀ ਜਾਂ ਖੋਜ ਨਾਲ 4-ਸਾਲਾ ਸਨਾਤਕ ਉਪਾਧੀ ਦੀ ਲੋੜ ਹੋਵੇਗੀ।

11.11. ਗੁਣਵੱਤਾ ਭਰਪੂਰ ਸਿੱਖਿਆ ਵਿੱਚ ਸਰਬਉੱਚ ਭੂਮੰਡਲੀ ਪੱਧਰਾਂ ਹਾਸਲ ਕਰਨ ਲਈ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਲਈ ਭਾਤਸ, ਅਤੇ ਭਾਪ੍ਰਸ ਆਦਿ ਦੇ ਬਰਾਬਰ ਦੇ ਆਦਰਸ਼ ਜਨਤਕ ਵਿਸ਼ਵਵਿਦਿਆਲੇ 'ਬਹੁਵਿਸ਼ਾਵੀ ਸਿੱਖਿਆ ਤੇ ਖੋਜ ਵਿਸ਼ਵਵਿਦਿਆਲੇ' (ਬਸਿਖੋਵਿ) ਥਾਪੇ ਜਾਣਗੇ। ਇਹ ਪੂਰੇ ਭਾਰਤ ਵਿੱਚ ਬਹੁਵਿਸ਼ਾਵੀ ਸਿੱਖਿਆ ਦੇ ਸਰਬਉੱਚ ਮਾਨਕ ਤੈਅ ਕਰਨ ਵਿੱਚ ਸਹਾਈ ਹੋਣਗੇ।

11.12. ਉਸਿਸਾਂ ਅਰੰਭਲੇ ਸਿਹਣ ਕੇਂਦਰ, ਤਕਨਾਲੋਜੀ ਵਿਕਾਸ ਕੇਂਦਰ, ਖੋਜ ਦੇ ਮੂਹਰਲੇ ਖੇਤਰਾਂ ਵਿੱਚ ਕੇਂਦਰ ਥਾਪ ਕੇ ਤੇ ਵਧੇਰੇ ਉਦਯੋਗੀ-ਪੀਠੀ ਤਾਲ-ਮੇਲ, ਅਤੇ ਬਹੁਵਿਸ਼ਾਵੀ ਖੋਜ ਰਾਹੀਂ ਖੋਜ ਤੇ ਕਾਢਾਂ 'ਤੇ ਵੱਧ ਕੇਂਦਰਿਤ ਹੋਣਗੀਆਂ। ਮਹਾਂਮਾਰੀਆਂ ਤੇ ਜੱਗ-ਮਹਾਂਮਾਰੀਆਂ ਦੀ ਸਥਿਤੀ ਨੂੰ ਵੇਖਦਿਆਂ, ਇਹ ਬੜਾ ਜ਼ਰੂਰੀ ਹੈ ਕਿ ਉਸਿਸਾਂ ਛੂਤ-ਰੋਗਾਂ, ਮਹਾਂਮਾਰੀ-ਅਧਿਐਨ, ਵਿਸ਼ਾਣੂ-ਅਧਿਐਨ, ਰੋਗ-ਭਾਲ-ਅਧਿਐਨ, ਜੰਤਰਕੀ, ਰੋਗ-ਰੋਕੂ-ਟੀਕਾ-ਅਧਿਐਨ, ਅਤੇ ਹੋਰ ਲੋੜੀਂਦੇ ਖੇਤਰਾਂ ਵਿੱਚ ਖੋਜ ਵਿੱਚ ਅਗਵਾਈ ਕਰਨ। ਉਸਿਸਾਂ ਵਿਦਿਆਰਥੀ ਸਮੂਹਾਂ ਵਿੱਚ ਕਾਢ-ਬਿਰਤੀ ਵਧਾਉਣ ਲਈ ਵਿਸ਼ੇਸ਼ ਸਹਾਇਤਾਦੇਈ ਢੰਗ-ਤਰੀਕਿਆਂ ਅਤੇ ਮੁਕਾਬਲਿਆਂ ਦਾ ਵਿਕਾਸ ਕਰਨਗੀਆਂ। ਕੌਖੋਸ ਸਾਰੇ ਉਸਿਸਾਂ, ਖੋਜ ਪ੍ਰਯੋਗਸ਼ਾਲਾਵਾਂ, ਅਤੇ ਹੋਰ ਖੋਜ ਸੰਗਠਨਾਂ ਨੂੰ ਅਜਿਹੇ ਜੀਵੰਤ ਖੋਜ ਅਤੇ ਕਾਢ ਸੱਭਿਆਚਾਰ ਦੇ ਯੋਗ ਬਨਾਉਣ ਅਤੇ ਸਹਾਰਾ ਦੇਣ ਵਿੱਚ ਮਦਦ ਲਈ ਕਾਰਜ ਕਰੇਗੀ।

## 12. ਆਦਰਸ਼ੀ ਸਿੱਖਣ ਵਾਤਾਵਰਣ ਅਤੇ ਵਿਦਿਆਰਥੀਆਂ ਲਈ ਸਹਾਰਾ

12.1. ਪ੍ਰਭਾਵੀ ਸਿੱਖਣ ਲਈ ਇੱਕ ਸਰਬੰਗੀ ਪਹੁੰਚ ਦੀ ਲੋੜ ਹੁੰਦੀ ਹੈ ਜਿਸ ਵਿੱਚ ਢੁੱਕਵਾਂ ਪਾਠਕ੍ਰਮ, ਮਨਲਾਉਣੀ ਸਿੱਖਿਆ-ਵਿਧੀ, ਨਿਰੰਤਰ ਵਾਰ-ਵਾਰਵੀ ਮੁਲਾਂਕਣ, ਅਤੇ ਯੋਗ ਵਿਦਿਆਰਥੀ ਸਹਾਰਾ ਸ਼ਾਮਲ ਹੋਵੇ। ਨਿਸ਼ਚਿਤ ਸਿੱਖਣ ਪ੍ਰਾਪਤੀਆਂ ਹਾਸਲ ਕਰਨ ਲਈ, ਪਾਠਕ੍ਰਮ ਦਿਲਚਸਪੀ ਭਰਿਆ, ਪ੍ਰਸੰਗੀ ਅਤੇ ਬਿਲਕੁਲ ਨਵੀਆਂ ਗਿਆਨ ਲੋੜਾਂ ਦਾ ਅਨੁਸਾਰੀ ਹੋਣਾ ਚਾਹੀਦਾ ਹੈ। ਇਸ ਲਈ ਉੱਚ-ਗੁਣਵੱਤਾ ਵਾਲੀ ਸਿੱਖਿਆ-ਵਿਧੀ ਵਿਦਿਆਰਥੀਆਂ ਨੂੰ ਪਾਠਕ੍ਰਮ ਸਮੱਗਰੀ ਸਫ਼ਲਤਾ ਨਾਲ ਆਤਮਸਾਤ ਕਰਾਉਣ ਲਈ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਹਾਸਲ ਸਿੱਖਿਆ-ਵਿਧੀ ਰੀਤਾਂ ਸਿੱਖਣ ਅਨੁਭਵ ਤੈਅ ਕਰਦੀਆਂ ਹਨ। ਮੁਲਾਂਕਣ ਢੰਗ ਵਿਗਿਆਨਵੀ, ਸਿੱਖਣ ਵਿੱਚ ਲਗਾਤਾਰ ਸੁਧਾਰ ਲਈ ਘੜੇ, ਅਤੇ ਗਿਆਨ ਦੀ ਵਿਹਾਰੀ ਵਰਤੋਂ ਦਾ ਪਰੀਖਣ ਕਰਨ ਵਾਲੇ ਹੋਣੇ ਚਾਹੀਦੇ ਹਨ। ਅੰਤ 'ਤੇ ਪਰ ਅੰਤਲਾ ਨਹੀਂ, ਸਰੀਰੀ ਤਗੜਾਈ, ਚੰਗੀ ਸਿਹਤ, ਮਨੋ-ਸਮਾਜੀ ਸਿਹਤ, ਅਤੇ ਡੂੰਘੀ ਸਦਾਚਾਰੀ ਨੀਂਹ ਵੀ ਉੱਚ-ਗੁਣਵੱਤਾ ਵਾਲੇ ਸਿੱਖਣ ਲਈ ਨਿਰਣਾਈ ਹਨ। ਇੰਞ, ਪਾਠਕ੍ਰਮ, ਸਿੱਖਿਆ-ਵਿਧੀ, ਨਿਰੰਤਰ ਮੁਲਾਂਕਣ, ਅਤੇ ਵਿਦਿਆਰਥੀਆਂ ਨੂੰ ਸਹਾਰਾ ਉੱਤਮ ਸਿੱਖਣ ਲਈ ਨੀਂਹ ਹਨ। ਢੁੱਕਵੇਂ ਸਰੋਤ ਤੇ ਢਾਂਚਾ, ਜਿਵੇਂ ਉੱਤਮ ਪੋਥੀਸ਼ਾਲਾਵਾਂ, ਜਮਾਤ-ਕਮਰੇ, ਪ੍ਰਯੋਗਸ਼ਾਲਾਵਾਂ, ਤਕਨਾਲੋਜੀ, ਖੇਡਾਂ/ਦਿਲ-ਪਰਚਾਵਾ ਖੇਤਰ, ਵਿਦਿਆਰਥੀਆਂ ਲਈ ਬਾਤਚੀਤ ਲਈ ਥਾਂ, ਅਤੇ ਭੋਜਨ-ਥਾਵਾਂ ਹਾਸਲ ਕਰਉਣ ਦੇ ਨਾਲ-ਨਾਲ ਇਹ ਯਕੀਨੀ ਬਨਾਉਣ ਲਈ ਕਿ ਸਿੱਖਣ ਵਾਤਾਵਰਣ ਮਨਭਾਉਣੇ ਅਤੇ ਸਹਾਈ ਹਨ ਤੇ ਸਾਰੇ ਵਿਦਿਆਰਥੀਆਂ ਨੂੰ ਸਫ਼ਲ ਹੋਣ ਦੇ ਯੋਗ ਬਣਾਉਂਦੇ ਹਨ ਕਈ ਹੋਰ ਪਹਿਲਕਦਮੀਆਂ ਦੀ ਲੋੜ ਹੋਵੇਗੀ।

12.2. ਸਭ ਤੋਂ ਪਹਿਲਾਂ, ਸਿਰਜਣ-ਬਿਰਤੀ ਦੇ ਵਾਧੇ ਲਈ ਸੰਸਥਾਵਾਂ ਅਤੇ ਅਧਿਆਪਨ ਅਮਲੇ ਕੋਲ ਉਚੇਰੀ ਸਿੱਖਿਆ ਯੋਗਤਾਵਾਂ ਦੀ ਮੋਟੀ ਜਿਹੀ ਰੂਪ-ਰੇਖਾ ਜਿਹੜੀ ਸਾਰੀਆਂ ਸੰਸਥਾਵਾਂ, ਕਾਰਜਕ੍ਰਮਾਂ, ਅਤੇ ਖੁਦੂਸਿ, ਬਿਜਲੇਈ, ਅਤੇ ਪਰੰਪਰਾਵੀ 'ਜਮਾਤ-ਵਿੱਚ' ਵਿਧੀਆਂ ਵਿਚਕਾਰ ਇਕਸਾਰਤਾ ਯਕੀਨੀ ਬਣਾਉਂਦੀ ਹੋਣ ਦੇ ਅੰਦਰ ਰਹਿੰਦਿਆਂ ਪਾਠਕ੍ਰਮ, ਸਿੱਖਿਆ-ਵਿਧੀ, ਅਤੇ ਮੁਲਾਂਕਣ ਵਿੱਚ ਨਵੇਂ ਤਜ਼ਰਬਿਆਂ ਲਈ ਸਵੈਧੀਨਤਾ ਹੋਵੇਗੀ। ਇਸ ਦੀ ਲੋਅ ਵਿੱਚ, ਸਾਰੇ ਵਿਦਿਆਰਥੀਆਂ ਲਈ ਉਤਸ਼ਾਹਦਾਈ ਅਤੇ ਮਨਭਾਵੀ ਸਿੱਖਣ ਅਨੁਭਵ ਯਕੀਨੀ ਬਨਾਉਣ ਲਈ ਪਾਠਕ੍ਰਮ ਅਤੇ ਸਿੱਖਿਆ-ਵਿਧੀ ਸੰਸਥਾਵਾਂ ਅਤੇ ਲਗਨ ਭਰਪੂਰ ਅਧਿਆਪਨ ਅਮਲੇ ਵੱਲੋਂ ਤਿਆਰ ਕੀਤੇ ਜਾਣਗੇ ਅਤੇ ਹਰੇਕ ਕਾਰਜਕ੍ਰਮ ਦੇ ਉਦੇਸ਼ ਹਾਸਲ ਕਰਨ ਲਈ ਨਿਰੰਤਰ ਵਾਰ-ਵਾਰਵੀ ਮੁਲਾਂਕਣ ਦੀ ਵਰਤੋਂ ਕੀਤੀ ਜਾਵੇਗੀ। ਸਾਰੀਆਂ

ਮੁਲਾਂਕਣ ਪ੍ਰਣਾਲੀਆਂ ਵੀ ਉਸਿਸ ਵੱਲੋਂ ਹੀ ਤੈਅ ਕੀਤੀਆਂ ਜਾਣਗੀਆਂ, ਉਹ ਵੀ ਜਿੰਨ੍ਹਾਂ ਨਾਲ ਅੰਤ 'ਤੇ ਪ੍ਰਮਾਣ-ਪੱਤਰ ਮਿਲਦੇ ਹਨ। ਕਾਢ-ਬਿਰਤੀ ਅਤੇ ਲਚਕ ਦੀ ਭਾਵਨਾ ਭਰਨ ਲਈ 'ਚੋਣ ਅਧਾਰੀ ਅੰਕ ਪ੍ਰਣਾਲੀ (ਚੋਅਅੰਪ) ਵਿੱਚ ਸੋਧ ਕੀਤੀ ਜਾਵੇਗੀ। ਉਸਿਸਾਂ ਅਜਿਹੀ ਕਸੌਟੀ-ਅਧਾਰੀ ਦਰਜਾਬੰਦੀ ਪ੍ਰਣਾਲੀ ਵੱਲ ਵਧਣਗੀਆਂ ਜਿਹੜੀ ਵਿਦਿਆਰਥੀ ਦੀ ਪ੍ਰਾਪਤੀ ਦਾ ਮੁਲਾਂਕਣ ਹਰੇਕ ਕਾਰਜਕ੍ਰਮ ਦੇ ਸਿੱਖਣ ਟੀਚਿਆਂ ਦੇ ਆਧਾਰ 'ਤੇ ਕਰਦੀ ਹੈ, ਪ੍ਰਣਾਲੀ ਨੂੰ ਸਾਵਾਂ ਬਣਾਉਂਦੀ ਹੈ, ਤੇ ਪ੍ਰਾਪਤੀਆਂ ਨੂੰ ਵਧੇਰੇ ਤੁਲਨਾਯੋਗ ਬਣਾਉਂਦੀ ਹੈ। ਉਸਿਸਾਂ ਉੱਚ-ਦਾਅ ਵਾਲੀਆਂ ਪਰੀਖਿਆਂ ਤੋ ਪਰੇ ਅਤੇ ਵਧੇਰੇ ਨਿਰੰਤਰ ਤੇ ਸਰਬੰਗੀ ਮੁਲਾਂਕਣ ਵੱਲ ਜਾਣਗੀਆਂ।

12.3. ਦੂਜੇ, ਹਰੇਕ ਸੰਸਥਾ ਪਾਠਕ੍ਰਮ ਸੁਧਾਰ ਤੋਂ ਲੈ ਕੇ ਜਮਾਤ-ਕਮਰੇ ਵਿਚਲੇ ਆਦਾਨ-ਪ੍ਰਦਾਨ ਤੱਕ ਆਪਣੀਆਂ ਸਾਰੀਆਂ ਪੀਠੀ ਯੋਜਨਾਵਾਂ ਵਡੇਰੀ 'ਸੰਸਥਾਵੀ ਵਿਕਾਸ ਯੋਜਨਾ' (ਸਵਿਯੋ) ਨਾਲ ਜੋੜੇਗੀ। ਹਰੇਕ ਸੰਸਥਾ ਵਿਦਿਆਰਥੀਆਂ ਦੇ ਸਰਬੰਗੀ ਵਿਕਾਸ ਲਈ ਵਚਨਬੱਧ ਹੋਵੇਗੀ ਅਤੇ ਜਮਾਤ-ਕਮਰੇ ਵਿਚਲੇ ਰਸਮੀ ਪੀਠੀ ਆਦਾਨਾਂ-ਪ੍ਰਦਾਨਾਂ ਦੇ ਅੰਦਰ ਤੇ ਬਾਹਰ ਦੋਵੇਂ ਤਰ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਵਿਦਿਆਰਥੀ ਟੋਲੀਆਂ ਨੂੰ ਪੀਠੀ ਅਤੇ ਸਮਾਜੀ ਖੇਤਰਾਂ ਵਿੱਚ ਸਹਾਰਾ ਦੇਣ ਲਈ ਤਗੜੀਆਂ ਅੰਦਰੂਨੀ ਪ੍ਰਣਾਲੀਆਂ ਤਿਆਰ ਕਰੇਗੀ। ਮਿਸਾਲ ਲਈ, ਸਾਰੀਆਂ ਉਸਿਸਾਂ ਕੋਲ ਵਿਸ਼ਾ-ਮੁਖੀ ਸੱਥਾਂ ਅਤੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਤੇ ਹੋਰ ਲੋੜੀਂਦੇ ਮਾਹਰਾਂ ਦੀ ਸਹਾਇਤਾ ਨਾਲ ਸੰਗਠਤ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ, ਜਿਵੇਂ ਕਿ ਸੱਥਾਂ ਤੇ ਜੋੜ-ਮੇਲੇ, ਵਿਗਿਆਨ, ਗਣਿਤ, ਕਾਵਿ, ਭਾਸ਼ਾ, ਸਾਹਿਤ, ਵਾਦ-ਵਿਵਾਦ, ਸੰਗੀਤ, ਤੇ ਖੇਡਾਂ, ਆਦਿ, ਨੂੰ ਵਿੱਤ ਹਾਸਲ ਕਰਾਉਣ ਲਈ ਢੰਗ-ਤਰੀਕੇ ਅਤੇ ਮੌਕੇ ਹੋਣਗੇ। ਸਮਾਂ ਪਾ ਕੇ, ਢੁੱਕਵੀਂ ਅਧਿਆਪਨ ਮੁਹਾਰਤ ਅਤੇ ਵਿਦਿਆਰਥੀ ਮੰਗ ਪੈਦਾ ਕਰ ਲਏ ਜਾਣ ਤੋਂ ਬਾਅਦ ਅਜਿਹੀਆਂ ਸਰਗਰਮੀਆਂ ਪਾਠਕ੍ਰਮ ਦਾ ਹਿੱਸਾ ਬਣਾਈਆਂ ਜਾ ਸਕਦੀਆਂ ਹਨ। ਵਿਦਿਆਰਥੀਆਂ ਤੱਕ ਪਹੁੰਚ ਕਰਨ ਲਈ ਅਧਿਆਪਕਾਂ ਕੋਲ ਸਮਰੱਥਾ ਤੇ ਸਿਖਲਾਈ ਦੋਵੇਂ ਹੋਣਗੀਆਂ, ਬੱਸ ਅਧਿਆਪਕਾਂ ਵੱਜੋਂ ਹੀ ਨਹੀਂ ਸਲਾਹਕਾਰ ਅਤੇ ਰਾਹ-ਦਸੇਰੇ ਦੋਵਾਂ ਵੱਜੋਂ।

12.4. ਤੀਜੇ, ਉਚੇਰੀ ਸਿੱਖਿਆ ਵਿੱਚ ਸਫ਼ਲ ਪਲਟੇ ਲਈ ਸਮਾਜਿਕ-ਆਰਥਿਕ ਪੱਖੋਂ ਵੰਚਿਤ ਪਿਛੋਕੜਾਂ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹ ਅਤੇ ਸਹਾਰਾ ਦੇਣ ਦੀ ਲੋੜ ਹੁੰਦੀ ਹੈ। ਇਸ ਲਈ, ਲੋੜ ਹੋਵੇਗੀ ਕਿ ਵਿਸ਼ਵਵਿਦਿਆਲੇ ਤੇ ਮਹਾਂਵਿਦਿਆਲੇ ਉੱਚ-ਗਣਵੱਤਾ ਵਾਲੇ ਸਹਾਰਾ ਕੇਂਦਰ ਬਨਾਉਣ; ਤੇ ਇਸ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਉਹਨਾਂ ਨੂੰ ਲੋੜੀਂਦੇ ਵਿੱਤੀ ਤੇ ਪੀਠੀ ਸਰੋਤ ਹਾਸਲ ਕਰਾਏ ਜਾਣਗੇ। ਸਰੀਰੀ, ਮਨੋਵਿਗਿਆਨਵੀ, ਅਤੇ ਭਾਵਨਾਵੀ ਸਿਹਤ ਯਕੀਨੀ ਬਨਾਉਣ ਲਈ ਸਾਰੇ ਵਿਦਿਆਰਥੀਆਂ, ਤੇ ਨਾਲ ਦੀ ਨਾਲ ਸਲਾਹਕਾਰਾਂ, ਨੂੰ ਪੇਸ਼ਾਵੀ, ਪੀਠੀ ਅਤੇ ਕਿੱਤਾ-ਜੀਵਨੀ ਸਲਾਹ-ਮਸ਼ਵਰਾ ਹਾਸਲ ਹੋਵੇਗਾ।

12.5. ਚੌਥੇ, ਖੁਦੂਸਿ ਅਤੇ ਬਿਜਲੇਈ ਸਿੱਖਿਆ ਉੱਚ-ਗੁਣਵੱਤਾ ਵਾਲੀ ਉਚੇਰੀ ਸਿੱਖਿਆ ਤੱਕ ਪਹੁੰਚ ਦੇ ਵਾਧੇ ਲਈ ਸੁਭਾਵੀ ਰਾਹ ਪ੍ਰਦਾਨ ਕਰਦੀਆਂ ਹਨ। ਗੁਣਵੱਤਾ ਦੇ ਸਾਫ਼ ਬਿਆਨੇ ਮਾਨਕਾਂ ਦੀ ਪਾਲਣਾ ਯਕੀਨੀ ਬਣਾਉਂਦੇ ਹੋਏ, ਇਸ ਦੀ ਸਮਰੱਥਾ ਦੀ ਪੂਰੀ ਵਰਤੋਂ ਲਈ ਖੁਦੂਸਿ ਦੇ ਪਸਾਰ ਲਈ ਇਸ ਨੂੰ ਸਾਂਝੇ ਪਰਮਾਣ-ਅਧਾਰੀ ਯਤਨਾਂ ਰਾਹੀਂ ਨਵਿਆਇਆ ਜਾਵੇਗਾ। ਖੁਦੂਸਿ ਕਾਰਜਕ੍ਰਮਾਂ ਦਾ ਟੀਚਾ ਜਮਾਤ-ਅੰਦਰਵੇਂ ਕਾਰਜਕ੍ਰਮਾਂ ਦੀ ਸਰਬਉੱਚ ਗੁਣਵੱਤਾ ਦੀ ਬਰਾਬਰੀ ਹੋਵੇਗਾ। ਖੁਦੂਸੀ ਦੇ ਪ੍ਰਣਾਲਵੀ ਵਿਕਾਸ, ਨੇਮਮਬੰਦੀ, ਅਤੇ ਅੰਕਬੰਦੀ ਲਈ ਸ਼ਰਤਾਂ, ਮਾਨਕ, ਤੇ ਸੇਧਾਂ ਤਿਆਰ ਕੀਤੀਆਂ ਜਾਣਗੀਆਂ ਅਤੇ ਖੁਦੂਸੀ ਦੀ ਗੁਣਵੱਤਾ ਲਈ ਰੂਪ-ਰੇਖਾ ਦਾ ਵਿਕਾਸ ਕੀਤਾ ਜਾਵੇਗਾ ਜਿਸ ਦੀ ਸਿਫ਼ਾਰਿਸ਼ ਸਾਰੀਆਂ ਉਸਿਸਾਂ ਲਈ ਕੀਤੀ ਜਾਵੇਗੀ।

12.6. ਅੰਤ ਵਿੱਚ, ਸਾਰੇ ਜਮਾਤ-ਅੰਦਰਵੇਂ, ਬਿਜਲੇਈ, ਅਤੇ ਖੁਦੂਸਿ ਵਿਧੀ ਵਾਲੇ ਸਾਰੇ ਕਾਰਜਕ੍ਰਮ, ਕੋਰਸ, ਪਾਠਕ੍ਰਮ, ਤੇ ਸਾਰੇ ਵਿਸ਼ਿਆਂ ਦੀ ਸਿੱਖਿਆ-ਵਿਧੀ ਅਤੇ ਵਿਦਿਆਰਥੀ ਸਹਾਰਾ ਪ੍ਰਣਾਲੀ ਗੁਣਵੱਤਾ ਦੇ ਭੂਮੰਡਲੀ ਪੱਧਰ ਹਾਸਲ ਕਰਨ ਦਾ ਟੀਚਾ ਰੱਖਣਗੇ।

## ਕੌਮਾਂਤਰੀਕਰਣ

12.7. ਉੱਤੇ ਦੱਸੀਆਂ ਵੱਖ-ਵੱਖ ਪਹਿਲਕਦਮੀਆਂ ਭਾਰਤ ਵਿੱਚ ਅਧਿਐਨ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੀ ਵਾਧਾ ਕਰਨਗੀਆਂ, ਅਤੇ ਭਾਰਤ ਵਿਚਲੇ ਉਹਨਾਂ ਵਿਦਿਆਰਥੀਆਂ ਨੂੰ ਵਧੇਰੇ ਗਤੀਸ਼ੀਲਤਾ ਹਾਸਲ ਕਰਾਉਣਗੀਆਂ ਜਿਹੜੇ ਬਾਹਰ ਜਾਂ ਇਸ ਦੇ ਉਲਟ ਭਾਰਤ ਵਿੱਚ ਯਾਤਰਾ, ਅਧਿਐਨ, ਅੰਕ-ਤਬਾਦਲਾ, ਜਾਂ ਸੰਸਥਾਵਾਂ ਵਿੱਚ ਖੋਜ ਕਰਨਾ ਚਾਹੁੰਦੇ ਹਨ। ਭੂਮੰਡਲੀ ਗੁਣਵੱਤਾ ਪੱਧਰ ਹਾਸਲ ਕਰਨ, ਵਧੇਰੀ ਗਿਣਤੀ ਵਿੱਚ ਕੌਮਾਂਤਰੀ ਵਿਦਿਆਰਥੀਆਂ ਨੂੰ ਖਿੱਚਣ, ਅਤੇ 'ਆਪਣੇ ਘਰ ਵਿੱਚ ਕੌਮਾਂਤਰੀਕਰਣ' ਦੇ ਟੀਚੇ ਹਾਸਲ ਕਰਨ ਲਈ ਭਾਰਤ-ਅਧਿਐਨ, ਭਾਰਤੀ ਭਾਸ਼ਾਵਾਂ, ਉਪਚਾਰ-ਵਿਗਿਆਨ ਦੀ 'ਅਯੁਸ਼' ਪ੍ਰਣਾਲੀ, ਯੋਗ, ਕਲਾਵਾਂ, ਸੰਗੀਤ, ਇਤਿਹਾਸ, ਸੱਭਿਆਚਾਰ, ਅਤੇ ਅਜੋਕਾ ਭਾਰਤ ਜਿਹੇ ਵਿਸ਼ਿਆਂ ਵਿੱਚ ਕੋਰਸ ਤੇ ਕਾਰਜਕ੍ਰਮ, ਵਿਗਿਆਨਾਂ, ਸਮਾਜ ਵਿਗਿਆਨਾਂ, ਅਤੇ ਹੋਰ ਵਿੱਚ ਕੌਮਾਂਤਰੀ ਤੌਰ 'ਤੇ ਪ੍ਰਸੰਗੀ ਪਾਠਕ੍ਰਮ, ਸਮਾਜ ਨਾਲ ਜੁੜਨ ਲਈ ਅਰਥ ਭਰਪੂਰ ਮੌਕੇ, ਉੱਤਮ ਰਿਹਾਇਸ਼ ਸਹੂਲਤਾਂ, ਅਤੇ ਵਿਹੜੇ (ਕੈਂਪਸ) ਵਿੱਚ ਸਹਾਰਾ ਵਧਾਏ ਜਾਣਗੇ।

12.8. ਪੁੱਗਦੀ ਕੀਮਤ 'ਤੇ ਉੱਚ-ਕਦਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਟਿਕਾਣੇ ਵੱਜੋਂ ਭਾਰਤ ਦਾ ਪ੍ਰਚਾਰ-ਪ੍ਰਸਾਰ ਕੀਤਾ ਜਾਵੇਗਾ ਜਿਹੜਾ ਭਾਰਤ ਦੀ 'ਵਿਸ਼ਵਗੁਰੂ' ਵੱਜੋਂ ਥਾਂ ਬਹਾਲ ਕਰਨ ਵਿੱਚ ਸਹਾਈ ਹੋਵੇਗਾ। ਬਾਹਰੋਂ ਇੱਥੇ ਅਪੜਨ ਵਾਲੇ ਵਿਦਿਆਰਥੀਆਂ ਦੇ ਸੁਆਗਤ ਅਤੇ ਸਹਾਰੇ ਨਾਲ ਜੁੜੇ ਸਾਰੇ ਮਾਮਲਿਆਂ ਦੇ ਤਾਲਮੇਲ ਲਈ ਪਰਦੇਸੀ ਵਿਦਿਆਰਥੀਆਂ ਵਾਲੀ ਹਰ ਇੱਕ ਉਸਿਸ ਵਿੱਚ 'ਕੌਮਾਂਤਰੀ ਵਿਦਿਆਰਥੀ ਦਫ਼ਤਰ' ਖੋਹਲਿਆ ਜਾਵੇਗਾ। ਉੱਚ-ਗੁਣਵੱਤਾ ਵਾਲੀਆਂ ਪਰਦੇਸੀ ਸੰਸਥਾਵਾਂ ਨਾਲ ਖੋਜ/ਅਧਿਆਪਨ ਸਹਿਯੋਗ ਅਤੇ ਅਧਿਆਪਕ/ਵਿਦਿਆਰਥੀ ਆਦਾਨ-ਪ੍ਰਦਾਨ ਸੌਖਾ ਕੀਤਾ ਜਾਵੇਗਾ ਅਤੇ ਪਰਦੇਸੀ ਦੇਸਾਂ ਨਾਲ ਲੋੜੀਂਦੇ ਆਪਸੀ ਲਾਭ ਵਾਲੇ 'ਸਹਿਮਤੀ ਪੱਤਰਾਂ' 'ਤੇ ਹਸਤਾਖਰ ਕੀਤੇ ਜਾਣਗੇ। ਉੱਚ ਕਾਰਗੁਜ਼ਾਰੀ ਵਾਲੇ ਭਾਰਤੀ ਵਿਸ਼ਵਵਿਦਿਆਲਿਆਂ ਨੂੰ ਦੂਜੇ ਦੇਸਾਂ ਵਿੱਚ ਵਿਹੜੇ ਥਾਪਣ ਲਈ ਉਤਸ਼ਾਹ ਦਿੱਤਾ ਜਾਵੇਗਾ, ਅਤੇ ਇੰਵੇ ਹੀ, ਚੋਣਵੇਂ ਵਿਸ਼ਵਵਿਦਿਆਲਿਆਂ ਨੂੰ, ਮਿਸਾਲ ਲਈ ਜੱਗ ਦੇ ਪਹਿਲੇ 100 ਵਿਸ਼ਵਵਿਦਿਆਲਿਆਂ ਵਿੱਚ ਆਉਂਦਿਆਂ ਨੂੰ, ਭਾਰਤ ਵਿੱਚ ਕੰਮ ਕਰਨ ਲਈ ਸੌਖ ਦਿੱਤੀ ਜਾਵੇਗੀ। ਅਜਿਹੇ ਦਾਖਲੇ ਨੂੰ ਸੌਖਾ ਕਰਨ ਲਈ ਵਿਧਾਨੀ ਰੂਪ-ਰੇਖਾ ਦੀ ਵਿਵਸਥਾ ਕੀਤੀ ਜਾਵੇਗੀ ਅਤੇ ਅਜਿਹੇ ਵਿਸ਼ਵਵਿਦਿਆਲਿਆਂ ਲਈ ਨੇਮਬੰਦੀ, ਪ੍ਰਸ਼ਾਸਨ, ਅਤੇ ਵਿਸ਼ਾ-ਵਸਤ ਸ਼ਰਤਾਂ ਸਬੰਧੀ ਵਿਸ਼ੇਸ਼ ਪ੍ਰਬੰਧ ਹੋਵੇਗਾ ਜਿਹੜਾ ਭਾਰਤ ਦੀਆਂ ਸਵੈਧੀਨ ਸੰਸਥਾਵਾ ਦੇ ਬਰਾਬਰ ਹੋਵੇਗਾ। ਨਾਲ ਦੀ ਨਾਲ, ਭਾਰਤੀ ਸੰਸਥਾਵਾਂ ਅਤੇ ਭੂਮੰਡਲੀ ਸੰਸਥਾਵਾਂ ਵਿਚਕਾਰ ਖੋਜ ਵਿੱਚ ਸਹਿਯੋਗ ਅਤੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਵਿੱਚ ਖਾਸ ਯਤਨਾਂ ਰਾਹੀਂ ਵਾਧਾ ਕੀਤਾ ਜਾਵੇਗਾ। ਜਿੱਥੇ ਵੀ ਕਿਸੇ ਉਸਿਸ ਦੀਆਂ ਸ਼ਰਤਾਂ ਦੇ ਅਨੁਸਾਰ ਠੀਕ ਹੋਵੇ, ਪਰਦੇਸੀ ਵਿਸ਼ਵਵਿਦਿਆਲਿਆਂ ਵਿੱਚ ਹਾਸਲ ਕੀਤੇ ਅੰਕ ਉਪਾਧੀ ਪ੍ਰਦਾਨ ਕਰਨ ਲਈ ਗਿਣੇ ਜਾਣਗੇ।

## ਵਿਦਿਆਰਥੀ ਸਰਗਰਮੀਆਂ ਅਤੇ ਹਿੱਸੇਦਾਰੀ

12.9. ਸਿੱਖਿਆ ਪ੍ਰਣਾਲੀ ਵਿੱਚ, ਵਿਦਿਆਰਥੀ ਪਹਿਲੇ ਹਿੱਤਧਾਰੀ ਹਨ। ਉੱਚ-ਗੁਣਵੱਤਾ ਵਾਲੇ ਅਧਿਆਪਨ-ਸਿੱਖਣ ਲਈ ਜੀਵੰਤ ਵਿਹੜਾ ਜੀਵਨ ਜ਼ਰੂਰੀ ਹੈ। ਇਸ ਉਦੇਸ਼ ਲਈ, ਵਿਦਿਆਰਥੀਆਂ ਨੂੰ ਖੇਡਾਂ, ਸੱਭਿਆਚਾਰ/ਕਲਾਵਾਂ ਸੱਥਾਂ, ਵਾਤਾਵਰਣ-ਸੱਥਾਂ, ਸਰਗਰਮੀ ਸੱਥਾਂ, ਜਨ-ਸਮੂਹ ਸੇਵਾ ਕਾਰਜਾਂ, ਆਦਿ ਵਿੱਚ ਹਿੱਸਾ ਲੈਣ ਲਈ ਬਹੁਤ ਮੌਕੇ ਦਿੱਤੇ ਜਾਣਗੇ। ਹਰ ਇੱਕ ਸਿੱਖਿਆ ਸੰਸਥਾ ਵਿੱਚ, ਤਨਾਅ ਅਤੇ ਭਾਵਨਾਵੀ ਅਨੁਕੂਲਤਾ ਦੀ ਦੇਖ-ਭਾਲ ਲਈ ਸਲਾਹ-ਮਸ਼ਵਰਾ ਪ੍ਰਣਾਲੀਆਂ ਹੋਣਗੀਆਂ। ਨਾਲ ਦੀ ਨਾਲ, ਪੇਂਡੂ ਪਿਛੋਕੜ ਵਾਲੇ ਵਿਦਿਆਰਥਿਆਂ ਨੂੰ ਲੋੜੀਂਦਾ ਸਹਾਰਾ ਦੇਣ ਲਈ ਇੱਕ ਪ੍ਰਣਾਲੀਬੱਧ ਪ੍ਰਬੰਧ ਸਿਰਜਿਆ ਜਾਵੇਗਾ। ਸਾਰੀਆਂ ਉਸਿਸਾਂ ਆਪਣੀ ਸੰਸਥਾ ਦੇ ਸਾਰੇ ਵਿਦਿਆਰਥੀਆਂ ਲਈ ਉੱਤਮ ਉਪਚਾਰ ਸਹੂਲਤਾਂ ਯਕੀਨੀ ਬਨਾਉਣਗੀਆਂ।

## ਵਿਦਿਆਰਥੀਆਂ ਲਈ ਵਿੱਤੀ ਸਹਾਇਤਾ

12.10. ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਵੱਖ-ਵੱਖ ਢੰਗ-ਤਰੀਕਿਆਂ ਨਾਲ ਦਿੱਤੀ ਜਾਵੇਗੀ। ਅਜਾ, ਅਕ, ਦੂਪਸ਼, ਅਤੇ ਦੂਜੇ ਸਅਵੰਸਾਂ ਦੇ ਵਿਦਿਆਰਥੀਆਂ ਦੀ ਉੱਤਮਤਾ ਨੂੰ ਪ੍ਰੋਤਸਾਹਨ ਦੇਣ ਲਈ ਯਤਨ ਕੀਤੇ ਜਾਣਗੇ। ਵਜ਼ੀਫ਼ਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਸਹਾਇਤਾ, ਪੋਸ਼ਣ, ਅਤੇ ਪ੍ਰਗਤੀ ਦੀ ਪੈੜ ਰੱਖਣ ਲਈ 'ਕੌਮੀ ਵਜ਼ੀਫ਼ਾ ਮੁਹਾਣੇ' ਦਾ ਪਸਾਰ ਕੀਤਾ ਜਾਵੇਗਾ। ਨਿੱਜੀ ਉਸਿਸਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿੱਚ ਮੁਫ਼ਤ ਵਿੱਦਿਆ ਦੇਣ ਅਤੇ ਵਜ਼ੀਫ਼ੇ ਦੇਣ ਲਈ ਉਤਸ਼ਾਹ ਦਿੱਤਾ ਜਾਵੇਗਾ।

## 13. ਪ੍ਰੇਰਨਾ ਭਰਪੂਰ, ਬਲਵੰਤ, ਅਤੇ ਸਮਰੱਥ ਅਧਿਆਪਕ

13.1. ਉਚੇਰੀ ਸਿੱਖਿਆ ਸੰਸਥਾਵਾਂ ਦੀ ਸਫ਼ਲਤਾ ਲਈ ਸਭ ਤੋਂ ਮਹੱਤਾ ਵਾਲਾ ਕਾਰਕ ਅਧਿਆਪਕਾਂ ਦੀ ਉੱਤਮਤਾ ਅਤੇ ਲੀਨ ਹੋਣਾ ਹੈ। ਉਚੇਰੀ ਸਿੱਖਿਆ ਦੇ ਉਦੇਸ਼ ਹਾਸਲ ਕਰਨ ਵਿੱਚ ਅਧਿਆਪਕਾਂ ਦੀ ਨਿਰਣੇਕਾਰੀ ਭੂਮਿਕਾ ਨੂੰ ਮਾਨਤਾ ਦੇਂਦੇ ਹੋਏ, ਭਰਤੀ ਨੂੰ ਪ੍ਰਣਾਲੀਬੰਦ ਕਰਨ, ਕਿੱਤਾ-ਜੀਵਨ ਵਿੱਚ ਪਦ-ਉੱਨਤੀ ਲਈ ਅਤੇ ਅਧਿਆਪਕਾਂ ਦੀ ਭਰਤੀ ਵਿੱਚ ਵੱਖ-ਵੱਖ ਸਮੂਹਾਂ ਨੂੰ ਇੱਕ-ਸਮਾਨ ਥਾਂ ਦੇਣ ਲਈ ਬੀਤੇ ਵਿੱਚ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਜਨਤਕ ਸੰਸਥਾਵਾਂ ਦੇ ਪੱਕੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਅਰਥ-ਭਰਪੂਰ ਵਾਧੇ ਵੀ ਕੀਤੇ ਜਾਂਦੇ ਰਹੇ ਹਨ। ਅਧਿਆਪਕਾਂ ਨੂੰ ਪੇਸ਼ਾਵੀ ਵਿਕਾਸ ਮੌਕੇ ਦੇਣ ਲਈ ਵੱਖ-ਵੱਖ ਪਹਿਲਕਦਮੀਆਂ ਵੀ ਕੀਤੀਆਂ ਗਈਆਂ ਹਨ। ਪਰ, ਪੀਠੀ ਪੇਸ਼ੇ ਦੇ ਰੁਤਬੇ ਵਿੱਚ ਇਹਨਾਂ ਵੱਖ-ਵੱਖ ਸੁਧਾਰਾਂ ਦੇ ਬਾਵਜੂਦ, ਉਸਿਸਾਂ ਵਿੱਚ ਅਧਿਆਪਨ, ਖੋਜ, ਅਤੇ ਸੇਵਾ ਪੱਖੋਂ ਅਧਿਆਪਕ ਪ੍ਰੇਰਨਾ ਦਾ ਪੱਧਰ ਚਾਹੇ ਨਾਲੋਂ ਹਾਲੇ ਵੀ ਬੜਾ ਨੀਂਵਾਂ ਹੈ। ਇਹ ਯਕੀਨੀ ਬਨਾਉਣ ਲਈ ਕਿ ਹਰ ਇੱਕ ਅਧਿਆਪਕ ਖੁਸ਼ ਹੈ, ਉਤਸ਼ਾਹ ਨਾਲ ਭਰਿਆ ਹੈ, ਲੀਨ ਹੈ, ਅਤੇ ਆਪਣੇ ਵਿਦਿਆਰਥੀਆਂ, ਸੰਸਥਾ, ਅਤੇ ਪੇਸ਼ੇ ਨੂੰ ਉੱਚਾ ਚੁੱਕਣ ਲਈ ਪ੍ਰੇਰਤ ਹੈ, ਨੀਂਵੀਂ ਅਧਿਆਪਕ ਪ੍ਰੇਰਨਾ ਪੱਧਰ ਪਿੱਛੇ ਕੰਮ ਕਰਦੇ ਕਾਰਕਾਂ ਦੇ ਸਨਮੁੱਖ ਹੋਣਾ ਪਵੇਗਾ। ਇਸ ਉਦੇਸ਼ ਲਈ, ਉਸਿਸਾਂ ਲਈ ਸਰਬੋਤਮ, ਪ੍ਰੇਰਤ, ਤੇ ਸਮਰੱਥ ਅਧਿਆਪਕ ਹਾਸਲ ਕਰਨ ਲਈ ਇਹ ਨੀਤੀ ਹੇਠਲੀਆਂ ਪਹਿਲਕਦਮੀਆਂ ਦੀ ਸਿਫ਼ਾਰਿਸ਼ ਕਰਦੀ ਹੈ।

13.2. ਸਭ ਤੋਂ ਮੁੱਢਲੇ ਕਦਮ ਵੱਜੋਂ, ਸਾਰੀਆਂ ਉਸਿਸਾਂ ਵਿੱਚ ਮੂਲ ਢਾਂਚਾ ਅਤੇ ਸਹੂਲਤਾਂ ਹਾਸਲ ਕਰਾਈਆਂ ਜਾਣਗੀਆਂ, ਜਿਸ ਵਿੱਚ ਪੀਣ ਵਾਲਾ ਸਾਫ਼ ਪਾਣੀ, ਕੰਮਕਾਜੀ ਹਾਲਤ ਵਿੱਚ ਸਾਫ਼ ਪਖਾਨੇ, ਕਾਲੇ ਫੱਟੇ, ਦਫ਼ਤਰ, ਅਧਿਆਪਨ ਵਸਤਾਂ, ਪੋਥੀਸ਼ਾਲਾਵਾ, ਪ੍ਰਯੋਗਸ਼ਾਲਾਵਾਂ, ਅਤੇ ਅਰਾਮਦੇਹ ਜਮਾਤ-ਕਮਰਾ ਥਾਵਾਂ ਅਤੇ ਵਿਹੜੇ ਸ਼ਾਮਲ ਹੈ। ਹਰੇਕ ਜਮਾਤ-ਕਮਰੇ ਵਿੱਚ ਬਿਹਤਰ ਸਿੱਖਣ ਅਨੁਭਵ ਹਾਸਲ ਕਰਾਉਣ ਵਾਲੀ ਸਭ ਤੋਂ ਨਵੀਂ ਸਿੱਖਿਆ ਤਕਨਾਲੋਜੀ ਹੋਵੇਗੀ।

13.3. ਅਧਿਆਪਨ ਜ਼ੁੰਮੇਵਾਰੀਆਂ ਵੀ ਅਤਿ ਵਧੇਰੇ ਨਹੀਂ ਹੋਣਗੀਆਂ ਅਤੇ ਵਿਦਿਆਰਥੀ-ਅਧਿਆਪਕ ਅਨੁਪਾਤ ਬਹੁਤਾ ਉੱਚਾ ਨਹੀਂ ਹੋਵੇਗਾ, ਤਾਂ ਕਿ ਅਧਿਆਪਨ ਦਾ ਕਾਰਜ ਅਨੰਦਮਈ ਬਣਿਆ ਰਵ੍ਹੇ ਅਤੇ ਵਿਦਿਆਰਥੀਆਂ ਨਾਲ ਆਦਾਨ-ਪ੍ਰਦਾਨ, ਖੋਜ ਕਰਨ, ਅਤੇ ਵਿਸ਼ਵਵਿਦਿਆਲੇ ਵਿਚਲੀਆਂ ਹੋਰ ਸਰਗਰਮੀਆਂ ਲਈ ਲੋੜੀਂਦਾ ਸਮਾਂ ਮਿਲ ਸੱਕੇ। ਅਧਿਆਪਕਾਂ ਦੀ ਭਰਤੀ ਇੱਕ ਸੰਸਥਾ ਲਈ ਕੀਤੀ ਜਾਵੇਗੀ ਅਤੇ ਆਮ ਤੌਰ 'ਤੇ ਸੰਸਥਾਵਾਂ ਵਿਚਕਾਰ ਬਦਲੀ ਨਹੀਂ ਹੋ ਸੱਕੇਗੀ ਤਾਂ ਕਿ ਉਹ ਆਪਣੀ ਸੰਸਥਾ ਅਤੇ ਜਨ-ਸਮੂਹ ਵਿੱਚ ਸ਼ਾਮਲ ਰਹਿਣ, ਜੁੜੇ ਰਹਿਣ, ਅਤੇ ਵਚਨਬੱਧ ਰਹਿਣ।

13.4. ਪ੍ਰਵਾਨੀ ਰੂਪ-ਰੇਖਾ ਵਿੱਚ ਰਹਿ ਕੇ, ਆਪਣਾ ਪਾਠਕ੍ਰਮ ਆਪ ਤਿਆਰ ਕਰਨ ਤੇ ਸਿੱਖਿਆ-ਵਿਧੀ ਪਹੁੰਚ ਲਈ ਅਧਿਆਪਕਾਂ ਨੂੰ ਸੁਤੰਤਰਤਾ ਦਿੱਤੀ ਕੀਤੀ ਜਾਵੇਗੀ, ਜਿਸ ਵਿੱਚ ਪਾਠਪੋਥੀ ਤੇ ਪੜ੍ਹਨ ਵਾਲੀ ਸਮੱਗਰੀ ਦੀਆਂ ਚੋਣਾਂ, ਕੰਮ ਦੇਣੇ (ਅਸਾਈਨਮੈਂਟਸ), ਅਤੇ ਮੁਲਾਂਕਣ ਸ਼ਾਮਲ ਹੋਵੇਗਾ। ਜਿਵੇਂ ਉਹਨਾਂ ਨੂੰ ਸਭ ਤੋਂ ਵਧੀਆ ਲੱਗੇ ਅਜਿਹੇ ਨਵੇਂ ਤਜ਼ਰਬਿਆਂ ਵਾਲੇ ਅਧਿਆਪਨ, ਖੋਜ, ਅਤੇ ਸੇਵਾ ਲਈ ਅਧਿਆਪਕਾਂ ਦਾ ਸ਼ਕਤੀਕਰਣ ਕਰਨਾ ਸਿਰਮੌਰ ਸਿਰਜਣਾਤਮਕ ਕੰਮ ਲਈ ਉਹਨਾਂ ਲਈ ਸੱਚੀ-ਮੁੱਚੀ ਕੁੰਜੀਵਤ ਪ੍ਰੇਰਕ ਅਤੇ ਯੋਗ ਬਨਾਉਣ ਵਾਲਾ ਹੋਵੇਗਾ।

13.5. ਉੱਤਮਤਾ ਨੂੰ ਢੁੱਕਵੇਂ ਪੁਰਸਕਾਰਾਂ, ਤਰੱਕੀਆਂ, ਮਾਨਤਾਵਾਂ, ਅਤੇ ਸੰਸਥਾ ਦੀ ਅਗਵਾਈ ਵਾਲੀਆਂ ਪਦਵੀਆਂ ਦੇ ਕੇ ਹੋਰ ਵੀ ਪ੍ਰੋਤਸਾਹਨ ਦਿੱਤਾ ਜਾਵੇਗਾ। ਨਾਲ ਦੀ ਨਾਲ, ਜਿਹੜੇ ਅਧਿਆਪਕਾਂ ਦਾ ਕੰਮ ਮੁੱਢਲੀਆਂ ਕਸੌਟੀਆਂ 'ਤੇ ਵੀ ਪੂਰਾ ਨਹੀਂ ਉਤਰਦਾ ਉਹਨਾਂ ਦੀ ਜਵਾਬਦੇਹੀ ਹੋਵੇਗੀ।

13.6. ਉੱਤਮਤਾ ਦੀ ਅਗਵਾਈ ਲਈ ਸ਼ਕਤੀ ਹਾਸਲ ਸੰਸਥਾਵਾਂ ਵਾਲੀ ਦ੍ਰਿਸ਼ਟੀ ਦੇ ਅਨੁਸਾਰੀ ਹੁੰਦਿਆਂ, ਉਸਿਸਾਂ ਕੋਲ ਅਧਿਆਪਨ ਅਮਲੇ ਦੀ ਭਰਤੀ ਲਈ ਸਪਸ਼ਟ ਪਰਿਭਾਸ਼ੇ, ਸਵੈਧੀਨ, ਅਤੇ ਪਾਰਦਰਸ਼ੀ ਅਮਲ ਹੋਣਗੇ। ਹਾਲੀਆ ਭਰਤੀ ਅਮਲਾਂ ਨੂੰ ਚੱਲਦੇ ਰੱਖਦਿਆਂ, ਉੱਤਮਤਾ ਨੂੰ ਯਕੀਨੀ ਬਨਾਉਣ ਲਈ ਇੱਕ 'ਸੇਵਾਕਾਲ-ਪੈੜ', ਮਤਲਬ ਢੁੱਕਵਾਂ ਪਰਖ-ਕਾਲ ਰੱਖਿਆ ਜਾਵੇਗਾ। ਉੱਚ ਪ੍ਰਭਾਵਾਂ ਵਾਲੀ ਖੋਜ ਵਿੱਚ ਯੋਗਦਾਨ ਦੀ ਮਾਨਤਾ ਲਈ ਇੱਕ ਤੇਜ਼-ਚਾਲ ਤਰੱਕੀ ਪ੍ਰਣਾਲੀ ਹੋਵੇਗੀ। ਹਰ ਇੱਕ ਉਸਿਸ ਵੱਲੋਂ 'ਸੇਵਾਕਾਲ', ਮਤਲਬ ਪਰਖ-ਕਾਲ ਤੋਂ ਬਾਅਦ ਦਾ ਸਮਾਂ, ਤਰੱਕੀ, ਤਨਖ਼ਾਹ ਵਾਧੇ, ਮਾਨਤਾਵਾਂ, ਆਦਿ, ਜਿਸ ਵਿੱਚ ਮਾਹਰਾਂ ਅਤੇ ਵਿਦਿਆਰਥੀਆਂ ਵੱਲੋਂ ਪੜਤਾਲ, ਅਧਿਆਪਨ ਅਤੇ ਸਿੱਖਿਆ-ਵਿਧੀ ਵਿੱਚ ਨਵੀਆਂ ਕਾਢਾਂ, ਖੋਜ ਦੀ ਉੱਤਮਤਾ ਅਤੇ ਪ੍ਰਭਾਵ, ਪੇਸ਼ਾਵੀ ਵਿਕਾਸ ਸਰਗਰਮੀਆਂ, ਅਤੇ ਸੰਸਥਾ ਤੇ ਜਨ-ਸਮੂਹ ਨੂੰ ਹੋਰ ਤਰ੍ਹਾਂ ਦੀਆਂ ਸੇਵਾਵਾਂ ਨਾਲ ਜੁੜੀ ਕਾਰਗੁਜ਼ਾਰੀ ਦੇ ਸਹੀ ਮੁਲਾਂਕਣ ਲਈ ਇੱਕ ਬਹੁ-ਕਾਰਕੀ ਪ੍ਰਣਾਲੀ ਦਾ ਵਿਕਾਸ ਕੀਤਾ ਜਾਵੇਗਾ ਅਤੇ ਇਸ ਦੀ 'ਸੰਸਥਾਵੀ ਵਿਕਾਸ ਯੋਜਨਾ' (ਸੰਵਿਯੋ) ਵਿੱਚ ਇਸ ਦਾ ਸਪਸ਼ਟ ਰੂਪ ਵਿੱਚ ਵੇਰਵਾ ਦਿੱਤਾ ਜਾਵੇਗਾ।

13.7. ਉੱਤਮਤਾ ਅਤੇ ਕਾਢ-ਬਿਰਤੀ ਦਾ ਵਿਕਾਸ ਕਰਨ ਵਾਲੇ ਉਤਸਾਹੀ ਸੰਸਥਾਵੀ ਆਗੂਆਂ ਦਾ ਹੋਣਾ ਇਸ ਵੇਲੇ ਦੀ ਲੋੜ ਹੈ। ਕਿਸੇ ਸੰਸਥਾ ਅਤੇ ਇਸ ਦੇ ਅਧਿਆਪਾਨ ਅਮਲੇ ਦੀ ਸਫ਼ਲਤਾ ਲਈ ਸਿਰਮੌਰ ਅਤੇ ਪ੍ਰਭਾਵੀ ਸੰਸਥਾਈ ਅਗਵਾਈ ਦੀ ਹੱਦੋਂ ਵੱਧ ਲੋੜ ਹੈ। ਉੱਚ ਪੀਠੀ ਅਤੇ ਸੇਵਾ-ਕਾਲ ਕਾਰਗੁਜ਼ਾਰੀ ਅਤੇ ਅਗਵਾਈ ਤੇ ਪ੍ਰਬੰਧ ਵਿੱਚ ਪਰਤੱਖ ਪਰਮਾਣ ਵਾਲੇ ਹੁਨਰਾਂ ਵਾਲੇ ਉੱਤਮ ਅਧਿਆਪਕਾਂ ਦੀ ਛੇਤੀ ਪਛਾਣ ਕੀਤੀ ਜਾਵੇਗੀ ਅਤੇ ਅਗਵਾਈ ਪਦਵੀਆਂ ਲਈ ਇੱਕ ਪੌੜੀ ਰਾਹੀਂ ਸਿਖਲਾਈ ਦਿੱਤੀ ਜਾਵੇਗੀ। ਅਗਵਾਈ ਵਾਲੀਆਂ ਅਸਾਮੀਆਂ ਖਾਲੀ ਨਹੀਂ ਰੱਖੀਆਂ ਜਾਣਗੀਆਂ, ਬਲਕਿ ਸੰਸਥਾਵਾਂ ਦੇ ਬੇਰੋਕ ਚੱਲਣ ਲਈ ਅਗਵਾਈ ਦੀ ਬਦਲੀ ਵੇਲੇ ਇੱਕ ਜੁੜਵੇਂ ਅਗਵਾਈ ਸਮੇਂ ਦਾ ਅਸੂਲ ਹੋਵੇਗਾ। ਸੰਸਥਾਵਾਂ ਦੇ ਆਗੂ ਉੱਤਮਤਾ ਦੇ ਸੱਭਿਆਚਾਰ ਦੀ ਸਿਰਜਣਾ ਕਰਨਗੇ ਜਿਹੜਾ ਸਿਰਮੌਰ ਤੇ ਨਵੀਆਂ ਕਾਢਾਂ ਵਾਲੀ ਅਧਿਆਪਨ, ਖੋਜ, ਤੇ ਸੰਸਥਾਵੀ ਸੇਵਾ ਨੂੰ ਅਤੇ ਅਧਿਆਪਕਾਂ ਅਤੇ ਸਾਰੇ ਉਸਿਸ ਆਗੂਆਂ ਦੇ ਜਨ-ਸਮੂਹ ਨਾਲ ਜੁੜਨ ਨੂੰ ਪ੍ਰੇਰਤ ਕਰੇਗਾ ਤੇ ਪ੍ਰੋਤਸਾਹਨ ਦੇਵੇਗਾ।

## 14. ਉਚੇਰੀ ਸਿੱਖਿਆ ਵਿੱਚ ਇੱਕ-ਸਮਾਨਤਾ ਅਤੇ ਭਾਈਵਾਲਤਾ

14.1. ਉਚੇਰੀ ਸਿੱਖਿਆ ਵਿੱਚ ਦਾਖ਼ਲਾ ਵੱਡੀ ਗਿਣਤੀ ਵਿੱਚ ਅਜਿਹੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ ਜਿਹੜੀਆਂ ਵਿਅਕਤੀਆਂ ਅਤੇ ਜਨ-ਸਮੂਹ ਦੋਵਾਂ ਨੂੰ ਵੰਚਿਤ ਸਥਿਤੀ ਦੀ ਘੁੰਮਣਘੇਰੀ 'ਚੋਂ ਬਾਹਰ ਕੱਢ ਸਕਦੀਆਂ ਹਨ। ਇਸ ਕਰਕੇ, ਉੱਚ-ਗੁਣਵੱਤਾ ਵਾਲੀ ਸਿੱਖਿਆ ਹਰ ਵਿਅਕਤੀ ਦੀ ਪਹੁੰਚ ਵਿੱਚ ਲਿਆਉਣਾ ਸਰਬਉੱਚ ਪਹਿਲਤਾਵਾਂ 'ਚ ਹੋਣਾ ਚਾਹੀਦਾ ਹੈ। ਇਹ ਨੀਤੀ ਸਾਰੇ ਵਿਦਿਆਰਥੀਆਂ ਲਈ ਉੱਚ-ਗੁਣਵੱਤਾ ਵਾਲੀ ਸਿੱਖਿਆ ਤੱਕ ਇੱਕ-ਸਮਾਨ ਪਹੁੰਚ ਨੂੰ ਚਿਤਵਦੀ ਹੈ, ਜਿਸ ਵਿੱਚ ਸਅਵੰਸਾਂ ਵੱਲ ਖਾਸ ਧਿਆਨ ਹੋਵੇ।

14.2. ਸਅਵੰਸਾਂ ਦੇ ਸਿੱਖਿਆ ਪ੍ਰਣਾਲੀ 'ਚੋਂ ਬਾਹਰ ਰਹਿਣ ਦਾ ਅਮਲ ਅਤੇ ਬੜੇ ਸਾਰੇ ਕਾਰਣ ਵੀ ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੋਵਾਂ ਵਿੱਚ ਇੱਕੋ ਜਿਹੇ ਹਨ। ਇਸ ਲਈ, ਇੱਕ-ਸਮਾਨਤਾ ਅਤੇ ਭਾਈਵਾਲਤਾ ਬਾਰੇ ਪਹੁੰਚ ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੋਵਾਂ ਲਈ ਇੱਕੋ ਜਿਹੀ ਹੋਣੀ ਚਾਹੀਦੀ ਹੈ। ਇਸ ਤੋਂ ਵੀ ਅੱਗੇ, ਹੰਡਣਸਾਰ ਸੁਧਾਰ ਲਈ ਸਾਰੇ ਪੜਾਵਾਂ 'ਤੇ ਨਿਰੰਤਰਤਾ ਹੋਣੀ ਚਾਹੀਦੀ ਹੈ। ਇੰਵ, ਉਚੇਰੀ ਸਿੱਖਿਆ ਵਿੱਚ ਇੱਕ-ਸਮਾਨਤਾ ਅਤੇ ਭਾਈਵਾਲਤਾ ਦੇ ਉਦੇਸ਼ ਪੂਰੇ ਕਰਨ ਲਈ ਨੀਤੀਗਤ ਪਹਿਲਕਦਮੀਆਂ ਨੂੰ ਪਾਠਸ਼ਾਲਾ ਸਿੱਖਿਆ ਲਈ ਪਹਿਲਕਦਮੀਆਂ ਨਾਲ ਜੋੜ ਕੇ ਸਮਝਣਾ ਚਾਹੀਦਾ ਹੈ।

14.3. ਵਰਜਨ ਦੇ ਕੁਝ ਪੱਖ ਹਨ ਜਿਹੜੇ ਉਚੇਰੀ ਸਿੱਖਿਆ ਵਿੱਚ ਹੀ ਹਨ ਜਾਂ ਉਚੇਰੀ ਸਿੱਖਿਆ ਵਿੱਚ ਵਧੇਰੇ ਗੰਭੀਰ ਹਨ। ਇਹਨਾਂ ਵਿੱਚ ਉਚੇਰੀ ਸਿੱਖਿਆ ਦੇ ਮੌਕਿਆਂ ਬਾਰੇ ਜਾਣਕਾਰੀ ਦੀ ਘਾਟ, ਉਚੇਰੀ ਸਿੱਖਿਆ ਹਾਸਲ ਕਰਨ ਲਈ ਮੌਕਿਆਂ ਦੀ ਆਰਥਿਕ ਲਾਗਤ, ਵਿੱਤੀ ਰੋਕਾਂ, ਦਾਖ਼ਲਾ ਅਮਲ, ਭੂਗੋਲੀ ਤੇ ਭਾਸ਼ਾਈ ਰੋਕਾਂ, ਬੜੇ ਉਚੇਰੀ ਸਿੱਖਿਆ ਕਾਰਜਕ੍ਰਮਾਂ ਦੀ ਰੁਜ਼ਗਾਰ ਦੀ ਨੀਵੀਂ ਸਮਰੱਥਾ, ਅਤੇ ਵਿਦਿਆਰਥੀਆਂ ਦੇ ਸਹਾਰੇ ਲਈ ਢੁੱਕਵੀਂ ਪ੍ਰਣਾਲੀ ਦੀ ਥੋੜ ਹੈ। ਇਹਨਾਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ।

14.4. ਇਸ ਮਕਸਦ ਲਈ, ਸਾਰੀਆਂ ਸਰਕਾਰਾਂ ਅਤੇ ਉਸਿਸਾਂ ਵੱਲੋਂ ਕੁਝ ਵਧਾਵੇਂ ਤਰੀਕੇ ਅਪਨਾਉਣ ਦੀ ਲੋੜ ਹੈ ਜਿਹੜੇ ਉਚੇਰੀ ਸਿੱਖਿਆ ਨਾਲ ਹੀ ਜੁੜੇ ਹਨ।

14.4.1. ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਕਦਮ:

ੳ. ਸਅਵੰਸਾਂ ਦੀ ਸਿੱਖਿਆ ਲਈ ਢੁੱਕਵਾਂ ਸਾਰਕਾਰੀ ਧਨ ਵੱਖਰਾ ਰੱਖਣਾ;

ਅ. ਸਅਵੰਸਾਂ ਲਈ ਉਚੇਰੇ ਕੁਦਾਅ ਲਈ ਸਪਸ਼ਟ ਟੀਚੇ ਤੈਅ ਕਰਨਾ;

ੲ. ਉਸਿਸਾਂ ਦੇ ਦਾਖਲਿਆਂ ਵਿੱਚ ਲਿੰਗ-ਸਾਵਾਂਪਨ ਵਧਾਉਣਾ;

ਸ. ਵੱਡੀ ਗਿਣਤੀ ਵਿੱਚ ਸਅਵੰਸਾਂ ਵਾਲੇ ਪ੍ਰੇਰਨਾਵੀ ਜ਼ਿਲਿਆਂ ਤੇ 'ਵਿਸ਼ੇਸ਼ ਸਿੱਖਿਆ ਖੰਡਾਂ' ਵਿੱਚ ਹੋਰ ਉੱਚ-ਗੁਣਵੱਤਾ ਵਾਲੀਆਂ ਉਸਿਸਾਂ ਥਾਪ ਕੇ ਪਹੁੰਚ ਵਧਾਉਣਾ;

ਹ. ਸਥਾਨੀ/ਭਾਰਤੀ ਭਾਸ਼ਾਵਾਂ ਜਾਂ ਦੁਭਾਸ਼ੀ ਸਿੱਖਿਆ ਦੇ ਮਾਧਿਅਮ ਵਾਲੀਆਂ ਉਸਿਸਾਂ ਦਾ ਵਿਕਾਸ ਕਰਨਾ ਤੇ ਸਹਾਰਾ ਦੇਣਾ;

ਕ. ਜਨਤਕ ਤੇ ਨਿੱਜੀ ਦੋਵਾਂ ਤਰ੍ਹਾਂ ਦੀਆਂ ਉਸਿਸਾਂ ਵਿੱਚ ਸਅਵੰਸਾਂ ਨੂੰ ਵਧੇਰੇ ਵਿੱਤੀ ਸਹਾਇਤਾ ਤੇ ਵਜ਼ੀਫੇ ਦੇਣਾ;

ਖ. ਸਅਵੰਸਾਂ ਵਿਚਕਾਰ ਉਚੇਰੀ ਸਿੱਖਿਆ ਮੌਕਿਆਂ ਅਤੇ ਵਜ਼ੀਫ਼ਿਆਂ ਤੱਕ ਪਹੁੰਚ ਬਨਾਉਣ ਵਾਲੇ ਕਾਰਜਕ੍ਰਮ ਚਲਾਉਣਾ;

ਗ. ਬਿਹਤਰ ਹਿੱਸੇਦਾਰੀ ਅਤੇ ਸਿੱਖਣ ਪ੍ਰਾਪਤੀਆਂ ਲਈ ਤਕਨੀਕੀ ਸਾਧਨਾਂ ਦਾ ਵਿਕਾਸ ਤੇ ਸਹਾਰਾ।

14.4.2. ਉਸਿਸਾਂ ਵੱਲੋਂ ਚੁੱਕੇ ਜਾਣ ਵਾਲੇ ਕਦਮ:

ੳ. ਉਚੇਰੀ ਸਿੱਖਿਆ ਲੈਣ ਲਈ ਮੌਕਿਆਂ ਦੀ ਕੀਮਤ ਤੇ ਫ਼ੀਸਾਂ ਘਟਾਉਣਾ;

ਅ. ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਵਿਦਿਆਰਥੀਆਂ ਲਈ ਵਧੇਰੇ ਵਿੱਤੀ ਸਹਾਇਤਾ ਤੇ ਵਜ਼ੀਫ਼ੇ ਦੇਣਾ;

ੲ. ਉਚੇਰੀ ਸਿੱਖਿਆ ਦੇ ਮੌਕਿਆਂ ਤੇ ਵਜ਼ੀਫ਼ਿਆਂ ਤੱਕ ਪਹੁੰਚ ਬਨਾਉਣਾ;

ਸ. ਦਾਖ਼ਲਾ ਅਮਲ ਨੂੰ ਵਧੇਰੇ ਭਾਈਵਾਲਤਾ ਵਾਲਾ ਬਨਾਉਣਾ;

ਹ. ਪਾਠਕ੍ਰਮਾਂ ਨੂੰ ਵਧੇਰੇ ਭਾਈਵਾਲਤਾ ਵਾਲਾ ਬਣਾਓ;

ਕ. ਉਚੇਰੀ ਸਿੱਖਿਆ ਕਾਰਜਕ੍ਰਮਾਂ ਦੀ ਰੁਜ਼ਗਾਰ ਹਾਸਲ ਕਰਾਉਣ ਦੀ ਸਮਰੱਥਾ ਵਧਾਉਣਾ;

ਖ. ਭਾਰਤੀ ਭਾਸ਼ਾਵਾਂ ਦੇ ਮਾਧਿਅਮ ਅਤੇ ਬਹੁਭਾਸ਼ੀ ਮਾਧਿਅਮ ਵਾਲੇ ਹੋਰ ਉਪਾਧੀ ਕੋਰਸਾਂ ਦਾ ਵਿਕਾਸ ਕਰਨਾ;

ਗ. ਇਹ ਯਕੀਨੀ ਬਨਾਉਣਾ ਕਿ ਸਾਰੇ ਭਵਨ ਤੇ ਸਹੂਲਤਾਂ ਵਿੱਚ ਪਹੀਆ-ਕੁਰਸੀ ਨਾਲ ਪਹੁੰਚ ਹੈ ਤੇ ਅਪੰਗਾਂ ਲਈ ਢੁੱਕਵੀਆਂ ਹਨ;

ਘ. ਸਿਖਿਆ ਪੱਖੋਂ ਵੰਚਿਤ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਰਸਾਈ (ਬਰਿੱਜ) ਕੋਰਸਾਂ ਦਾ ਵਿਕਾਸ ਕਰਨਾ;

ਙ. ਇਹੋ ਜਿਹੇ ਸਾਰੇ ਵਿਦਿਆਰਥੀਆਂ ਲਈ ਢੁੱਕਵੇਂ ਸਲਾਹ-ਮਸ਼ਵਰੇ ਵਾਲੇ ਤੇ ਰਾਹ-ਦਸੇਰੇ ਕਾਰਜਕ੍ਰਮਾਂ ਰਾਹੀਂ ਸਮਾਜ-ਭਾਵਨਾਵੀ ਅਤੇ ਪੀਠੀ ਸਹਾਰਾ ਦੇਣਾ;

ਚ. ਲਿੰਗ-ਪਛਾਣ ਦੇ ਮਾਮਲਿਆਂ ਬਾਰੇ ਅਧਿਆਪਕਾਂ, ਸਲਾਹਕਾਰਾਂ, ਤੇ ਵਿਦਿਆਰਥੀਆਂ ਦੀ ਚੇਤੰਨਤਾ ਯਕੀਨੀ ਬਨਾਉਣਾ ਅਤੇ ਪਾਠਕ੍ਰਮ ਸਮੇਤ ਇਸ ਨੂੰ ਉਸਿਸ ਦੇ ਸਾਰੇ ਪੱਖਾਂ ਵਿੱਚ ਸ਼ਾਮਲ ਕਰਨਾ;

ਛ. ਸਾਰੇ ਵਿਤਕਰਾ-ਰੋਕੂ ਤੇ ਧੱਕਾ-ਰੋਕੂ ਨੇਮਾਂ ਨੂੰ ਕਰੜਾਈ ਨਾਲ ਲਾਗੂ ਕਰਨਾ;

ਜ. ਅਜਿਹੀਆਂ 'ਸੰਸਥਾਵੀ ਵਿਕਾਸ ਯੋਜਨਾਵਾਂ' ਦਾ ਵਿਕਾਸ ਕਰਨਾ ਜਿਨ੍ਹਾਂ ਵਿੱਚ ਸਅਵੰਸਾਂ ਦੀ ਵਧਾਵੀਂ ਹਿੱਸੇਦਾਰੀ ਲਈ ਕਦਮਾਂ ਵਾਲੀਆਂ ਵਿਸ਼ੇਸ਼ ਯੋਜਨਾਵਾਂ ਹੋਣ, ਉਹਨਾਂ ਯੋਜਨਾਵਾਂ ਦਾ ਵੀ ਜਿਹੜੀਆਂ ਹੋਰ ਇਹਨਾਂ ਵਿੱਚ ਸ਼ਾਮਲ ਹੋਣ ਪਰ ਇਹਨਾਂ ਨਗਾਂ ਤੱਕ ਹੀ ਸੀਮਤ ਨਾ ਹੋਣ।

## 15. ਅਧਿਆਪਕ ਸਿੱਖਿਆ

15.1. ਪਾਠਸ਼ਾਲਾ ਅਧਿਆਪਕਾਂ ਦਾ ਅਜਿਹਾ ਸਮੂਹ ਤਿਆਰ ਕਰਨ ਲਈ ਜਿਹੜਾ ਅਗਲੀ ਪੀੜ੍ਹੀ ਦਾ ਮੁਹਾਂਦਰਾ ਬਣਾ ਸੱਕੇ, ਅਧਿਆਪਕ ਸਿੱਖਿਆ ਜੀਵਨਦਾਤੀ ਹੈ। ਅਧਿਆਪਕ ਤਿਆਰੀ ਅਜਿਹਾ ਕੰਮ ਹੈ ਜਿਸ ਲਈ ਬਹੁਵਿਸ਼ਾਵੀ ਅਵਲੋਕਨਾਂ ਤੇ ਗਿਆਨ, ਰੁਚੀਆਂ ਤੇ ਕਦਰਾਂ-ਕੀਮਤਾਂ ਦੀ ਘਾੜਤ, ਅਤੇ ਸਰਬੋਤਮ ਰਾਹ-ਦਸੇਰਿਆਂ ਦੀ ਅਗਵਾਈ ਹੇਠ ਵਿਹਾਰ ਦੇ ਵਿਕਾਸ ਦੀ ਲੋੜ ਹੁੰਦੀ ਹੈ। ਅਧਿਆਪਕ ਭਾਰਤੀ ਕਦਰਾਂ-ਕੀਮਤਾਂ, ਭਾਸ਼ਾਵਾਂ, ਗਿਆਨ, ਗੁਣਾਂ, ਪਰੰਪਰਾਵਾਂ ਵਿੱਚ, ਆਦਿਵਾਸੀ ਪਰੰਪਰਾਵਾਂ ਸਣੇਂ, ਖੁੱਭੇ ਹੋਣੇ ਚਾਹੀਦੇ ਹਨ ਤੇ ਨਾਲ ਦੀ ਨਾਲ ਸਿੱਖਿਆ ਤੇ ਸਿੱਖਿਆ-ਵਿਧੀ ਦੀਆਂ ਸਭ ਤੋਂ ਨਵੀਆਂ ਤਰੱਕੀਆਂ ਤੋਂ ਭਲੀ-ਭਾਂਤ ਜਾਣੂ ਹੋਣੇ ਚਾਹੀਦੇ ਹਨ।

15.2. ਸਰਬਉੱਚ ਨਿਆਂਲੇ (ਸੁਪਰੀਕ ਕੋਰਟ) ਵੱਲੋਂ ਬਣਾਏ ਨਿਆਂਮੂਰਤੀ ਜ.ਸ. ਵਰਮਾ ਆਯੋਗ (2012) ਅਨੁਸਾਰ, ਕੱਲੀਆਂ-ਕਾਰੀਆਂ ਅਸਿਸਾਂ, ਜਿਨ੍ਹਾਂ ਦੀ ਗਿਣਤੀ 10,000 ਤੋਂ ਵੱਧ ਹੈ, ਗੰਭੀਰ ਅਧਿਆਪਕ ਸਿੱਖਿਆ ਦਾ ਯਤਨ ਵੀ ਨਹੀਂ ਕਰ ਰਹੀਆਂ ਬਲਕਿ ਅਸਲ ਵਿੱਚ ਉਪਾਧੀਆਂ ਮੁੱਲ ਵੇਚਦੀਆਂ ਹਨ। ਨੇਮਬੰਦੀ ਯਤਨ ਹਾਲੇ ਤੱਕ ਨਾ ਤਾਂ ਪ੍ਰਣਾਲੀ ਵਿਚਲੀਆਂ ਭਰਿਸ਼ਟਾਚਾਰੀਆਂ ਰੋਕਣ ਤੇ ਨਾ ਹੀ ਗੁਣਵੱਤਾ ਲਈ ਮੂਲ ਮਾਨਕ ਲਾਗੂ ਕਰਾਉਣ ਵਿੱਚ ਸਫ਼ਲ ਹੋਏ ਹਨ, ਅਤੇ ਅਸਲ ਵਿੱਚ ਇਹਨਾਂ ਯਤਨਾਂ ਦਾ ਇਸ ਖੇਤਰ ਵਿੱਚ ਉੱਤਮਤਾ ਤੇ ਕਾਢ-ਬਿਰਤੀ ਦੇ ਵਿਕਾਸ ਨੂੰ ਰੋਕਣ ਵਿੱਚ ਨਾਂਹ-ਪੱਖੀ ਅਸਰ ਹੋਇਆ ਹੈ। ਇਸ ਖੇਤਰ ਤੇ ਇਸ ਦੀ ਨੇਮਬੰਦੀ ਪ੍ਰਣਾਲੀ ਨੂੰ, ਇਸ ਲਈ, ਤਿੱਖੇ ਅਮਲ ਰਾਹੀਂ ਮੁੜ ਜੀਵੰਤ ਬਨਾਉਣ ਦੀ ਤੁਰੰਤ ਲੋੜ ਹੈ, ਤਾਂ ਕਿ ਅਧਿਆਪਕ ਸਿੱਖਿਆ ਪ੍ਰਣਾਲੀ ਦੇ ਪੱਧਰ ਨੂੰ ਉੱਤੇ ਚੁੱਕਿਆ ਜਾ ਸੱਕੇ ਅਤੇ ਇਸ ਦੀ ਅਖੰਡਤਾ, ਭਰੋਸੇਯੋਗਤਾ, ਸੁਚਾਰੂਪਨ, ਅਤੇ ਉੱਚ ਗੁਣਵੱਤਾ ਨੂੰ ਬਹਾਲ ਕੀਤਾ ਜਾ ਸੱਕੇ।

15.3. ਅਧਿਆਪਕ ਪੇਸ਼ੇ ਦੀ ਸਾਖ ਬਹਾਲ ਕਰਨ ਲਈ ਲੋੜੀਂਦੇ ਅਖੰਡਤਾ ਤੇ ਭਰੋਸੇਯੋਗਤਾ ਦੇ ਪੱਧਰਾਂ ਵਿੱਚ ਸੁਧਾਰ ਅਤੇ ਪ੍ਰਾਪਤੀ ਲਈ ਮਿਆਰ ਤੋਂ ਨੀਵੀਆਂ ਅਤੇ ਅਣਕਿਰਿਆਸ਼ੀਲ ਅਧਿਆਪਕ ਸਿੱਖਿਆ ਸੰਸਥਾਵਾ ਜਿਹੜੀਆਂ ਸਿੱਖਿਆ ਦੀਆਂ ਮੁੱਢਲੀਆਂ ਕਸੌਟੀਆਂ ਪੂਰੀਆਂ ਨਹੀਂ ਕਰਦੀਆਂ ਨੂੰ ਉਲੰਘਣਾਵਾਂ ਨੂੰ ਠੀਕ ਕਰਨ ਲਈ ਇੱਕ ਸਾਲ ਦੇ ਕੇ ਉਹਨਾਂ ਵਿਰੁੱਧ ਕਠੋਰ ਕਾਰਵਾਈ ਕਰਨ ਲਈ 'ਨੇਮਬੰਦੀ ਪ੍ਰਣਾਲੀ' ਦਾ ਸ਼ਕਤੀਕਰਣ ਕੀਤਾ ਜਾਵੇਗਾ। 2030 ਤੱਕ, ਸਿੱਖਿਆ ਪੱਖੋਂ ਪਰਪੱਕ, ਬਹੁਵਿਸ਼ਾਵੀ, ਤੇ ਅਖੰਡੀ ਅਧਿਆਪਕ ਸਿੱਖਿਆ ਕਾਰਜਕ੍ਰਮ ਹੀ ਚੱਲਦੇ ਹੋਣਗੇ।

15.4. ਸਾਲ 2030 ਤੱਕ, ਸਿੱਖਿਆਵੀ ਪੱਖੋਂ ਤਗੜੇ, ਬਹੁਵਿਸ਼ਾਵੀ, ਅਤੇ ਅਖੰਡ ਅਧਿਆਪਕ ਸਿੱਖਿਆ ਕਾਰਜਕ੍ਰਮ ਚੱਲਦੇ ਰਹਿਣੇ ਚਾਹੀਦੇ ਹਨ। ਅਧਿਆਪਕ ਸਿੱਖਿਆ ਲਈ ਕਿਉਂਕਿ ਬਹੁਵਿਸ਼ਾਵੀ ਆਗਤਾਂ, ਉੱਚ ਗੁਣਵੱਤਾ ਵਾਲੀ ਵਿਸ਼ਾ-ਵਸਤ ਤੇ ਸਿੱਖਿਆ-ਵਿਧੀ ਦੀ ਲੋੜ ਹੁੰਦੀ ਹੈ, ਇਸ ਲਈ ਸਾਰੇ ਅਧਿਆਪਕ ਸਿੱਖਿਆ ਕਾਰਜਕ੍ਰਮ ਬੱਸ ਸੰਜੋਈਆਂ (ਕੰਪੋਜ਼ਿਟ) ਬਹੁਵਿਸ਼ਾਵੀ ਸੰਸਥਾਵਾਂ ਵਿੱਚ ਹੀ ਚਲਾਉਣੇ ਚਾਹੀਦੇ ਹਨ। ਇਸ ਉਦੇਸ਼ ਲਈ ਸਾਰੇ ਬਹੁਵਿਸ਼ਾਵੀ ਵਿਸ਼ਵਵਿਦਿਆਲਿਆਂ ਤੇ ਮਹਾਂਵਿਦਿਆਲਿਆਂ ਦਾ ਟੀਚਾ ਹੋਣਾ ਚਾਹੀਦਾ ਹੈ ਕਿ ਉਹ ਅਜਿਹੇ ਸਿੱਖਿਆ ਵਿਭਾਗ ਥਾਪਣ ਜਿਹੜੇ ਸਿੱਖਿਆ ਦੇ ਵੱਖ-ਵੱਖ ਪੱਖਾਂ 'ਤੇ ਸਿਖਰਲੀ ਖੋਜ ਕਰਨ ਦੇ ਨਾਲ-ਨਾਲ ਮਨੋਵਿਗਿਆਨ, ਦਰਸ਼ਨ, ਸਮਾਜ ਵਿਗਿਆਨ, ਤੰਤੂ-ਵਿਗਿਆਨ, ਭਾਰਤੀ ਭਾਸ਼ਾਵਾ, ਕਲਾਵਾਂ, ਸੰਗੀਤ, ਇਤਿਹਾਸ, ਸਾਹਿਤ, ਸਰੀਰਕ ਸਿੱਖਿਆ, ਵਿਗਿਆਨ, ਤੇ ਗਣਿਤ ਵਰਗੇ ਵਿਭਾਗਾਂ ਨਾਲ ਰਲ ਕੇ ਸਿਸ ਕਾਰਜਕ੍ਰਮ ਵੀ ਚਲਾਉਣ। ਇਸ ਦੇ ਨਾਲ, ਸਾਰੀਆਂ

ਕੱਲੀਆਂ-ਕਾਰੀਆਂ ਅਸਿਸਾਂ (ਅਧਿਆਪਕ ਸਿੱਖਿਆ ਸੰਸਥਾਵਾਂ) ਲਈ 2030 ਤੱਕ ਬਹੁਵਿਸ਼ਾਵੀ ਸੰਸਥਾਵਾਂ ਵਿੱਚ ਬਦਲਣਾ ਜ਼ਰੂਰੀ ਹੋਵੇਗਾ, ਕਿਉਂਕਿ ਉਹਨਾਂ ਨੇ 4-ਸਾਲਾ ਅਖੰਡ ਅਧਿਆਪਕ ਤਿਆਰੀ ਕਾਰਜਕ੍ਰਮ ਦੇਣੇ ਹਨ।

15.5. ਇਹਨਾਂ ਬਹੁਵਿਸ਼ਾਵੀ ਉਸਿਸਾਂ ਵੱਲੋਂ ਦਿੱਤੇ ਜਾ ਰਹੇ 4-ਸਾਲਾ ਅਖੰਡੀ ਸਿਸ 2030 ਤੱਕ ਪਾਠਸ਼ਾਲਾ ਅਧਿਆਪਕ ਲਈ ਘੱਟੋ-ਘੱਟ ਉਪਾਧੀ ਯੋਗਤਾ ਬਣ ਜਾਵੇਗੀ। ਅਖੰਡੀ 4-ਸਾਲਾ ਸਿਸ ਦੁਮੁੱਖੀਆ ਸਰਬੰਗੀ ਸਨਾਤਕ ਉਪਾਧੀ ਹੋਵੇਗੀ, ਸਿੱਖਿਆ ਵਿੱਚ ਵੀ ਤੇ ਵਿਸ਼ੇਸ਼ੱਗਤਾ ਵਾਲੇ ਵਿਸ਼ੇ ਵਿੱਚ ਵੀ, ਜਿਵੇਂ ਕਿ ਭਾਸ਼ਾ, ਇਤਿਹਾਸ, ਸੰਗੀਤ, ਗਣਿਤ, ਕੰਪਿਊਟਰ ਵਿਗਿਆਨ, ਰਸਾਇਣਕੀ, ਅਰਥ-ਵਿਗਿਆਨ, ਕਲਾ, ਸਰੀਰੀ ਸਿੱਖਿਆ, ਆਦਿ। ਅਧਿਆਪਕ ਸਿੱਖਿਆ ਵਿੱਚ, ਸਿਖਰਲੀ ਸਿੱਖਿਆ-ਵਿਧੀ ਪੜ੍ਹਾਉਣ ਤੋਂ ਪਰ੍ਹਾਂ, ਸਮਾਜ-ਵਿਗਿਆਨ, ਇਤਿਹਾਸ, ਵਿਗਿਆਨ, ਮਨੋਵਿਗਿਆਨ, ਮੁੱਢਲੀ ਬਾਲ-ਉਮਰ ਦੇਖ-ਭਾਲ ਤੇ ਸਿੱਖਿਆ, ਨੀਂਹਵੀਂ ਸਾਖਰਤਾ ਤੇ ਅੰਕ-ਗਿਆਨ, ਭਾਰਤ ਤੇ ਇਸ ਦੀਆਂ ਕਦਰਾਂ-ਕੀਮਤਾਂ/ਆਤਮਾ/ਕਲਾ/ਪਰੰਪਰਾਵਾਂ, ਤੇ ਹੋਰਾਂ ਦਾ ਗਿਆਨ ਵੀ ਸ਼ਾਮਲ ਹੋਵੇਗਾ। ਅਖੰਡੀ 4-ਸਾਲਾ ਸਿਸ ਦੇਣ ਵਾਲੀ ਉਸਿਸ ਉਹਨਾਂ ਵਿਦਿਆਰਥੀਆਂ ਲਈ 2-ਸਾਲਾ ਸਿਸ ਵੀ ਚਲਾ ਸਕਦੀ ਹੈ ਜਿੰਨ੍ਹਾਂ ਨੇ ਵਿਸ਼ੇਸ਼ੱਗਤਾ ਵਾਲੇ ਵਿਸ਼ੇ ਵਿੱਚ ਸਨਾਤਕ ਉਪਾਧੀ ਹਾਸਲ ਕੀਤੀ ਹੋਈ ਹੋਵੇ। ਉਹਨਾਂ ਉਮੀਦਵਾਰਾ ਲਈ ਜਿੰਨ੍ਹਾਂ ਵਿਸ਼ੇਸ਼ੱਗਤਾ ਵਾਲੇ ਵਿਸ਼ੇ ਵਿੱਚ 4-ਸਾਲਾ ਪੂਰਬ-ਸਨਾਤਕ ਉਪਾਧੀ ਕੀਤੀ ਹੋਈ ਹੈ 1-ਸਾਲਾ ਸਿਸ ਕਰਨ ਲਈ ਦਿੱਤੀ ਜਾ ਸਕਦੀ ਹੈ। 4-ਸਾਲਾ, 2-ਸਾਲਾ, ਅਤੇ 1-ਸਾਲਾਂ ਕਾਰਜਕ੍ਰਮਾਂ ਲਈ ਸਿਰਮੌਰ ਉਮੀਦਵਾਰਾਂ ਨੂੰ ਖਿੱਚਣ ਦੇ ਉਦੇਸ਼ ਨਾਲ ਉੱਤਮ ਵਿਦਿਆਰਥੀਆਂ ਲਈ ਵਜ਼ੀਫ਼ੇ ਥਾਪੇ ਜਾਣਗੇ।

15.6. ਅਧਿਆਪਕ ਸਿੱਖਿਆ ਕਾਰਜਕ੍ਰਮ ਚਲਾਉਣ ਵਾਲੀਆਂ ਉਸਿਸਾਂ ਵਿਸ਼ੇਸ਼ੱਗਤਾ ਵਾਲੇ ਵਿਸ਼ਿਆਂ ਦੇ ਨਾਲ-ਨਾਲ ਸਿੱਖਿਆ ਦੇ ਅਤੇ ਸਬੰਧਤ ਵਿਸ਼ਿਆਂ ਦੇ ਮਾਹਰਾਂ ਦਾ ਹਾਸਲ ਹੋਣਾ ਯਕੀਨੀ ਬਨਾਉਣਗੀਆਂ। ਹਰੇਕ ਉਚੇਰੀ ਸਿੱਖਿਆ ਸੰਸਥਾਂ ਨਾਲ ਸਰਕਾਰੀ ਤੇ ਨਿਜੀ ਪਾਠਸ਼ਾਲਾਵਾਂ ਦਾ ਤਾਣਾ-ਬਾਣਾ ਨੇੜਿਓਂ ਜੁੜਿਆ ਹੋਵੇਗਾ ਜਿੱਥੇ ਅਧਿਆਪਕ ਬਣਨ ਵਾਲੇ ਵਿਦਿਆਰਥੀ ਜਨ-ਸਮੂਹ ਸੇਵਾ, ਬਾਲਗ ਤੇ ਕਿੱਤਾਮੁਖੀ ਸਿੱਖਿਆ ਸਰਗਰਮੀਆਂ ਦੇ ਨਾਲ-ਨਾਲ ਪੜ੍ਹਾਉਣਗੇ ਵੀ।

15.7. ਅਧਿਆਪਕ ਸਿੱਖਿਆ ਲਈ ਇਕਸਾਰ ਮਾਨਕਾਂ ਦੀ ਪਾਲਣਾ ਲਈ, ਸੇਵਾ-ਪੂਰਬਲੇ ਅਧਿਆਪਕ ਤਿਆਰੀ ਕਾਰਜਕ੍ਰਮਾਂ ਵਿੱਚ ਦਾਖ਼ਲਾ 'ਕੌਮੀ ਪਰੀਖਿਆ ਕਰਿੰਦੀ' ਵੱਲੋਂ ਲਈ ਜਾਣ ਵਾਲੀ ਢੁੱਕਵੀਂ ਵਿਸ਼ਾ ਅਤੇ ਯੋਗਤਾ ਪਰੀਖਿਆ ਰਾਹੀਂ ਹੋਵੇਗਾ, ਅਤੇ ਇਹਨਾਂ ਦਾ ਮਾਨਕੀਕਰਣ ਦੇਸ ਦੀ ਭਸ਼ਾਈ ਅਤੇ ਸੱਭਿਆਚਾਰੀ ਵੰਨ-ਸਵੰਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਵੇਗਾ।

15.8. 'ਸਿੱਖਿਆ ਵਿਭਾਗ' ਦੀ ਅਧਿਆਪਕ ਅਮਲਾ ਤਸਵੀਰ ਭਿੰਨਤਾ ਵਾਲੀ ਹੋਵੇਗੀ ਪਰ ਅਧਿਆਪਨ/ਖੇਤਰ/ਖੋਜ ਅਨੁਭਵ ਦੀ ਵੱਡੀ ਕਦਰ ਕੀਤੀ ਜਾਵੇਗੀ। ਅਧਿਆਪਕਾਂ ਦੀ ਬਹੁਵਿਸ਼ਾਵੀ ਸਿੱਖਿਆ ਨੂੰ ਤਗੜਿਆਂ ਕਰਨ ਲਈ ਤੇ ਸੰਕਲਪੀ ਵਿਕਾਸ ਵਿੱਚ ਪਰਪੱਕਤਾ ਲਿਆਉਣ ਲਈ ਮਨੋਵਿਗਿਆਨ, ਬਾਲ ਵਿਕਾਸ, ਭਾਸ਼ਾ-ਵਿਗਿਆਨ, ਸਮਾਜ-ਵਿਗਿਆਨ, ਦਰਸ਼ਨ, ਅਰਥ-ਵਿਗਿਆਨ, ਅਤੇ ਰਾਜਨੀਤੀ ਵਿਗਿਆਨ ਤੇ ਵਿਗਿਆਨ ਸਿੱਖਿਆ, ਗਣਿਤ ਸਿੱਖਿਆ, ਸਮਾਜ-ਵਿਗਿਆਨ ਸਿੱਖਆ, ਅਤੇ ਭਾਸ਼ਾ ਸਿੱਖਿਆ ਕਾਰਜਕ੍ਰਮਾਂ ਜਿਹੇ ਪਾਠਸ਼ਾਲਾ ਸਿੱਖਿਆ ਨਾਲ ਸਿੱਧਾ ਸਬੰਧ ਰੱਖਣ ਵਾਲੇ ਸਮਾਜ ਵਿਗਿਆਨ ਖੇਤਰਾਂ ਵਿੱਚ ਸਿਖਲਾਈ ਹਾਸਲ ਅਧਿਆਪਨ ਅਮਲੇ ਨੂੰ ਸਿੱਖਿਆ ਸੰਸਥਾਵਾਂ ਵੱਲ ਖਿੱਚਿਆ ਜਾਵੇਗਾ ਤੇ ਬਣਾ ਕੇ ਰੱਖਿਆ ਜਾਵੇਗਾ।

15.9. ਦਰਸ਼ਨ-ਅਚਾਰੀਆ ਉਪਾਧੀ ਲਈ ਸਾਰੇ ਨਵੇਂ ਦਾਖ਼ਲ ਵਿਅਕਤੀਆਂ ਨੂੰ, ਚਾਹੇ ਕਿਸੇ ਵੀ ਵਿਸ਼ੇ ਦੇ ਹੋਣ, ਆਪਣੀ ਅਚਾਰੀਆ ਸਿਖਲਾਈ ਵੇਲੇ ਆਪਣੇ ਚੁਣੇ ਹੋਏ ਦਰਸ਼ਨ-ਅਚਾਰੀਆ ਵਿਸ਼ੇ ਨਾਲ ਸਬੰਧ ਰੱਖਦੇ ਅਧਿਆਪਨ/ਸਿੱਖਿਆ/ਸਿੱਖਿਆ-ਵਿਧੀ/ਲਿਖਣ ਦੇ ਅੰਕ-ਅਧਾਰੀ ਕੋਰਸ ਕਰਨੇ ਪੈਣਗੇ। ਕਿਉਂਕਿ ਬੜੇ ਖੋਜਾਰਥੀ ਅਧਿਆਪਕ ਜਾਂ ਜਨਤਕ ਪ੍ਰਤੀਨਿਧ/ਆਪਣੇ ਚੁਣੇ ਵਿਸ਼ੇ ਦੇ ਸੰਚਾਰਵਾਹੀ ਬਣਨਗੇ, ਇਸ ਲਈ ਸਿੱਖਿਆ-ਵਿਧੀ ਰੀਤਾਂ, ਪਾਠਕ੍ਰਮ ਤਿਆਰ ਕਰਨਾ, ਭਰੋਸੇਯੋਗ ਮੁਲਾਂਕਣ ਪ੍ਰਣਾਲੀਆਂ, ਸੰਚਾਰ, ਤੇ ਇੰਞੇ ਈ ਹੋਰਾਂ ਨਾਲ ਵਾਹ ਯਕੀਨੀ ਬਣਾਇਆ ਜਾਵੇਗਾ। ਦਰਸ਼ਨ-ਅਚਾਰੀਆ ਵਿਦਿਆਰਥੀ ਅਧਿਆਪਨ ਸਹਾਇਤਾ ਪਦਾਂ ਅਤੇ ਹੋਰ ਤਰੀਕਿਆਂ ਰਾਹੀਂ

ਕੁਝ ਘੱਟੋ-ਘੱਟ ਘੰਟਿਆਂ ਲਈ ਅਸਲ ਅਧਿਆਪਨ ਵੀ ਕਰਨਗੇ। ਇਸ ਉਦੇਸ਼ ਲਈ ਸਾਰੇ ਦੇਸ ਦੇ ਵਿਸ਼ਵਵਿਦਿਆਲਿਆਂ ਵਿੱਚ ਦਰਸ਼ਨ-ਅਚਾਰੀਆ ਕਾਰਜਕ੍ਰਮਾਂ ਵਿੱਚ ਬਦਲਾਅ ਲਿਆਂਦਾ ਜਾਵੇਗਾ।

15.10. ਮਹਾਂਵਿਦਿਆਲਿਆਂ ਤੇ ਵਿਸ਼ਵਵਿਦਿਆਲਿਆਂ ਦੇ ਅਧਿਆਪਕਾਂ ਲਈ ਨਿਰੰਤਰ ਪੇਸ਼ਾਵੀ ਵਿਕਾਸ ਹਾਲੀਆ ਸੰਸਥਾਈ ਪ੍ਰਬੰਧਾਂ ਅਤੇ ਚੱਲਦੀਆਂ ਪਹਿਲਕਦਮੀਆਂ ਰਾਹੀਂ ਚੱਲਦਾ ਰਵ੍ਹੇਗਾ; ਇਹਨਾਂ ਨੂੰ ਉੱਤਮ ਸਿੱਖਿਆ ਵਾਸਤੇ ਸਮਰਿੱਧ ਕੀਤੇ ਅਧਿਆਪਨ-ਸਿੱਖਣ ਅਮਲਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਹੋਰ ਤਗੜਿਆਂ ਕੀਤਾ ਜਾਵੇਗਾ ਤੇ ਇਹਨਾਂ ਦਾ ਅਰਥ-ਭਰਪੂਰ ਪਸਾਰ ਕੀਤਾ ਜਾਵੇਗਾ। ਅਧਿਆਪਕਾਂ ਦੀ ਬਿਜਲੇਈ ਸਿਖਲਾਈ ਲਈ ਸਵਯਮ/ਦੀਕਸ਼ਾ ਜਿਹੇ ਬਿਜਲੇਈ ਤਕਨਾਲੋਜੀ ਮੰਚਾਂ ਦੀ ਵਰਤੋਂ ਲਈ ਉਤਸ਼ਾਹ ਦਿੱਤਾ ਜਾਵੇਗਾ ਤਾਂ ਕਿ ਬਹੁਤ ਵੱਡੀ ਗਿਣਤੀ ਦੇ ਅਧਿਆਪਕਾਂ ਨੂੰ ਪਰਮਾਣੇ ਸਿਖਲਾਈ ਕਾਰਜਕ੍ਰਮ ਬੜੇ ਛੋਟੇ ਸਮਾਂ-ਖੰਡ ਵਿੱਚ ਦਿੱਤੇ ਜਾ ਸੱਕਣ।

15.11. ਅਜਿਹੇ ਜੇਠੇ/ਸੇਵਾਮੁਕਤ ਅਧਿਆਪਨ ਅਮਲੇ ਦੇ ਇੱਕ ਵੱਡੇ ਸਮੂਹ ਨਾਲ 'ਕੌਮੀ ਰਾਹ ਦਸੇਰਾ ਆਯੋਗ' ਦੀ ਥਾਪਣਾ ਕੀਤੀ ਜਾਵੇਗੀ ਜਿਹੜੇ ਵਿਸ਼ਵਵਿਦਿਆਲਿਆਂ/ਮਹਾਂਵਿਦਿਆਲਿਆਂ ਦੇ ਅਧਿਆਪਕਾਂ ਨੂੰ ਥੋੜ-ਚਿਰੀ ਤੇ ਲੰਮੇਰ-ਚਿਰੀ ਰਾਹ-ਦਿਖਾਈ/ਪੇਸ਼ਾਵੀ ਮਦਦ ਕਰਨ ਲਈ ਰਾਜ਼ੀ ਹੋਣਗੇ - ਜਿਨ੍ਹਾਂ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਪੜ੍ਹਾਉਣ ਦੀ ਯੋਗਤਾ ਵਾਲੇ ਵੀ ਹੋਣਗੇ

## 16. ਕਿੱਤਾਮੁਖੀ ਸਿੱਖਿਆ ਦੀ ਮੁੜ-ਕਿਆਸ

16.1. 12ਵੀਂ ਪੰਜ ਸਾਲਾ ਯੋਜਨਾ (2012-17) ਦਾ ਅੰਦਾਜ਼ਾ ਸੀ ਕਿ 19 -24 ਸਾਲਾਂ ਦੀ ਉਮਰ ਦੇ ਭਾਰਤੀ ਕਾਮਿਆਂ ਦੇ ਇੱਕ ਛੋਟੇ ਜਿਹੇ ਅਨੁਪਾਤ (5% ਤੋਂ ਘੱਟ) ਨੇ ਹੀ ਰਸਮੀ ਕਿੱਤਾਮੁਖੀ ਸਿੱਖਿਆ ਹਾਸਲ ਕੀਤੀ ਸੀ; ਜਦਕਿ, ਅਮਰੀਕਾ ਵਿੱਚ ਇਹ ਅਨੁਪਾਤ 52%, ਜਰਮਨੀ ਵਿੱਚ 75%, ਤੇ ਦੱਖਣੀ ਕੋਰੀਆ ਵਿੱਚ 96% ਤੱਕ ਉੱਚਾ ਸੀ। ਇਹ ਸੰਖਿਆਵਾਂ ਭਾਰਤ ਵਿੱਚ ਕਿੱਤਾਮੁਖੀ ਸਿੱਖਿਆ ਦੇ ਪਸਾਰ ਨੂੰ ਤਿੱਖਾ ਕਰਨ ਦੀ ਤੁਰੰਤ ਲੋੜ ਈ ਦੱਸਦੀਆਂ ਹਨ।

16.2. ਥੋੜੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਕਿੱਤਾਮੁਖੀ ਸਿੱਖਿਆ ਹਾਸਲ ਕਰਨ ਦਾ ਇੱਕ ਮੁੱਢਲਾ ਕਾਰਣ ਇਹ ਸੀ ਕਿ ਬੀਤੇ ਵਿੱਚ ਕਿੱਤਾਮੁਖੀ ਸਿੱਖਿਆ ਲਈ ਜਮਾਤ 11-12 ਅਤੇ ਜਮਾਤ-8 ਦੇ ਪੜ੍ਹਾਈ ਵਿੱਚੇ ਛੱਡ ਜਾਣ ਵਾਲਿਆਂ 'ਤੇ ਈ ਬਹੁਤਾ ਧਿਆਨ ਦਿੱਤਾ ਗਿਆ ਹੈ। ਨਾਲ ਦੀ ਨਾਲ, ਕਿੱਤਾਮੁਖੀ ਵਿਸ਼ਿਆਂ ਨਾਲ ਜਮਾਤ 11-12 ਕਰਨ ਵਾਲੇ ਵਿਦਿਆਰਥੀਆਂ ਲਈ ਉਚੇਰੀ ਸਿੱਖਿਆ ਵਿੱਚ ਆਪਣੇ ਚੁਣੇ ਕਿੱਤੇ ਚੱਲਦੇ ਰੱਖਣ ਲਈ ਕੋਈ ਨਿੱਖਰਵੇਂ ਰਾਹ ਨਹੀਂ ਸਨ। ਆਮ ਉਚੇਰੀ ਸਿੱਖਿਆ ਦੀਆਂ ਦਾਖ਼ਲਾ ਸ਼ਰਤਾਂ ਵੀ ਕਿੱਤਾਮੁਖੀ ਸਿੱਖਿਆ ਯੋਗਤਾਵਾਂ ਵਾਲੇ ਵਿਦਿਆਰਥੀਆਂ ਲਈ ਰਾਹ ਬਨਾਉਣ ਲਈ ਤਿਆਰ ਨਹੀਂ ਸਨ ਕੀਤੀਆਂ ਗਈਆਂ; ਇੰਵ, ਉਹ ਆਪਣੇ ਨਾਲ ਦੇ 'ਮੁੱਖ ਧਾਰਾ' ਜਾਂ 'ਪੀਠੀ' ਸਿੱਖਿਆ ਵਾਲੇ ਹਮਵਤਨੀਆਂ ਦੇ ਮੁਕਾਬਲੇ ਘਾਟੇ ਵਿੱਚ ਰਹਿ ਜਾਂਦੇ ਸਨ। ਇਸ ਦਾ ਨਤੀਜਾ ਕਿੱਤਾਮੁਖੀ ਸਿੱਖਿਆ ਧਾਰਾ ਦੇ ਵਿਦਿਆਰਥੀਆਂ ਲਈ ਚੜ੍ਹਾਅ-ਮੁਖੀ ਗਤੀਸ਼ੀਲਤਾ ਲਈ ਪੂਰੀ ਅਣਹੋਂਦ ਵਿੱਚ ਨਿਕਲਿਆ; ਇਸ ਮਾਮਲੇ ਵੱਲ ਧਿਆਨ ਹੁਣੇ ਹੀ 2013 ਵਿੱਚ 'ਕੌਮੀ ਹੁਨਰ ਯੋਗਤਾ ਰੂਪ-ਰੇਖਾ' (ਕੌਹੁਯੋਰੂ) ਦੇ ਐਲਾਨ ਰਾਹੀਂ ਕੀਤਾ ਗਿਆ ਹੈ।

16.3. ਕਿੱਤਾਮੁਖੀ ਸਿੱਖਿਆ ਨੂੰ ਮੁੱਖ-ਧਾਰਾ ਸਿੱਖਿਆ ਤੋਂ ਘਟੀਆ ਸਮਝਿਆ ਜਾਂਦਾ ਹੈ ਅਤੇ ਉਹਨਾਂ ਵਿਦਿਆਰਥੀਆਂ ਲਈ ਸਮਝਿਆ ਜਾਂਦਾ ਹੈ ਜਿਹੜੇ ਪਿਛਲੇਰੀ ਨਾਲ ਮੱਥਾ ਨਹੀਂ ਲਾ ਸਕਦੇ। ਇਹ ਸੋਚ ਏ ਜਿਹੜੀ ਵਿਦਿਆਰਥੀਆਂ ਵੱਲੋਂ ਕੀਤੀਆਂ ਜਾਂਦੀਆਂ ਚੋਣਾਂ 'ਤੇ ਪ੍ਰਭਾਵ ਪਾਉਂਦੀ ਹੈ। ਇਹ ਬੜਾ ਗੰਭੀਰ ਸਰੋਕਾਰ ਹੈ ਜਿਸ ਨਾਲ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਕਿੱਤਾਮੁਖੀ ਸਿੱਖਿਆ ਨੂੰ ਪੂਰੀ ਤਰ੍ਹਾਂ ਮੁੜ-ਕਿਆਸ ਕੇ ਹੀ ਨਜਿੱਠਿਆ ਜਾ ਸਕਦਾ ਹੈ।

16.4. ਇਸ ਨੀਤੀ ਦਾ ਟੀਚਾ ਕਿੱਤਾਮੁਖੀ ਸਿੱਖਿਆ ਨਾਲ ਜੁੜੀ ਸਮਾਜੀ ਰੁਤਬਾ ਦਰਜਾਬੰਦੀ 'ਤੇ ਕਾਬੂ ਪਾਉਣਾ ਹੈ; ਸਾਰੀਆਂ ਸਿੱਖਿਆ ਸੰਸਥਾਵਾਂ ਵਿੱਚ, ਕਿੱਤਾਮੁਖੀ ਸਿੱਖਿਆ ਕਾਰਜਕ੍ਰਮਾਂ ਨੂੰ ਇੱਕ ਪੜਾਅ-ਵਾਰ ਢੰਗ ਨਾਲ ਮੁੱਖ-ਧਾਰਾ

ਸਿੱਖਿਆ ਵਿੱਚ ਮਿਲਾਉਣ ਦੀ ਲੋੜ ਹੈ। ਮੱਧਲੀਆਂ ਅਤੇ ਦੁਜਾਵੀ ਪਾਠਸ਼ਾਲਾਵਾਂ ਵਿੱਚ ਉਮਰ ਦੇ ਪਹਿਲੇ ਸਾਲਾਂ ਵਿੱਚ ਕਿੱਤਾਮੁਖੀ ਗਤੀਵਿਧੀਆਂ ਨਾਲ ਵਾਸਤਾ ਪੁਆਉਣ ਤੋਂ ਸ਼ੁਰੂ ਕਰਕੇ, ਗੁਣਵੱਤਾ ਭਰਪੂਰ ਕਿੱਤਾਮੁਖੀ ਸਿੱਖਿਆ ਸਹਿਜ ਢੰਗ ਨਾਲ ਉਚੇਰੀ ਸਿੱਖਿਆ ਵਿੱਚ ਮਿਲਾ ਦਿੱਤੀ ਜਾਵੇਗੀ। ਇਹ ਯਕੀਨੀ ਬਣਾਵੇਗੀ ਕਿ ਹਰ ਬੱਚਾ ਘੱਟੋ-ਘੱਟ ਇੱਕ ਕਿੱਤਾ ਸਿੱਖੇ ਅਤੇ ਉਸ ਦਾ ਕਈ ਹੋਰਾਂ ਨਾਲ ਵਾਹ ਪਵੇ। ਇਸ ਦਾ ਸਿੱਟਾ ਕਿਰਤ ਦੇ ਮਾਣ 'ਤੇ ਜ਼ੋਰ ਅਤੇ ਭਾਰਤੀ ਕਲਾਵਾਂ ਤੇ ਦਸਤਕਾਰੀਆਂ ਵਾਲੇ ਵੱਖ-ਵੱਖ ਕਿੱਤਿਆਂ ਦੀ ਮਹੱਤਾ ਵਿੱਚ ਨਿਕਲੇਗਾ।

16.5. ਸਾਲ 2025 ਤੱਕ, ਪਾਠਸ਼ਾਲਾ ਅਤੇ ਉਚੇਰੀ ਸਿੱਖਿਆ ਪ੍ਰਣਾਲੀ ਦੇ ਘੱਟੋ-ਘੱਟ 50% ਸਿੱਖਿਆਰਥੀਆਂ ਦਾ ਕਿੱਤਾਮੁਖੀ ਸਿੱਖਿਆ ਨਾਲ ਵਾਹ ਪਿਆ ਹੋਵੇਗਾ, ਜਿਸ ਲਈ ਟੀਚਿਆਂ ਅਤੇ ਸਮਾਂਬੰਦੀ ਵਾਲੀ ਇੱਕ ਸਪਸ਼ਟ ਕਾਰਵਾਈ ਯੋਜਨਾ ਦਾ ਵਿਕਾਸ ਕੀਤਾ ਜਾਵੇਗਾ। ਇਹ ਹੰਢਣਸਾਰ ਵਿਕਾਸ ਟੀਚੇ 4.4. ਨਾਲ ਮੇਲ ਖਾਂਦਾ ਹੈ ਤੇ ਇਹ ਭਾਰਤ ਦੇ ਜਨ-ਲਾਭ ਦੀ ਪੂਰੀ ਸਮਰੱਥਾ ਨੂੰ ਸਾਹਮਣੇ ਲਿਆਉਣ ਵਿੱਚ ਸਹਾਈ ਹੋਵੇਗਾ। ਕੁਦਾਅ ਟੀਚਿਆਂ ਦੇ ਲੇਖੇ-ਜੋਖੇ ਵਿੱਚ ਕਿੱਤਾਮੁਖੀ ਸਿੱਖਿਆ ਦੇ ਵਿਦਿਆਰਥੀਆਂ ਦੀ ਗਿਣਤੀ ਨੂੰ ਵੀ ਵਿਚਾਰਿਆ ਜਾਵੇਗਾ। ਕਿੱਤਾਮੁਖੀ ਸਮਰਥਾਵਾਂ ਦਾ ਵਿਕਾਸ 'ਪੀਠੀ' ਜਾਂ ਹੋਰ ਸਮਰਥਾਵਾਂ ਦੇ ਵਿਕਾਸ ਦੇ ਨਾਲੋ-ਨਾਲ ਚੱਲੇਗਾ। ਕਿੱਤਾਮੁਖੀ ਸਿੱਖਿਆ ਸਾਰੀਆਂ ਦੂਜਾਵੀ ਪੱਧਰ ਦੀਆਂ ਪਾਠਸ਼ਾਲਾਵਾਂ ਦੇ ਕੋਰਸਾਂ ਵਿੱਚ ਅਗਲੇ ਦਹਾਕੇ ਵਿੱਚ ਪੜਾਅ-ਵਾਰ ਰਲਾ ਦਿੱਤੀ ਜਾਵੇਗੀ। ਇਸ ਲਈ, ਦੂਜੇ ਪੱਧਰ ਦੀਆਂ ਪਾਠਸ਼ਾਲਾਵਾਂ ਉਦਸਿਸਾਂ (ਉਦਯੋਗੀ ਸਿਖਲਾਈ ਸੰਸਥਾਵਾਂ), ਬਹੁਤਕਨੀਕੀਆਂ (ਪੋਲੀਟੈਕਨਿਕਸ), ਸਥਾਨੀ ਉਦਯੋਗਾਂ, ਆਦਿ ਨਾਲ ਸਹਿਯੋਗ ਕਰਨਗੀਆਂ। ਪਾਠਸ਼ਾਲਾਵਾਂ ਵਿੱਚ ਨਾਭ ਤੇ ਅਰ ਨਮੂਨੇ ਵਾਲੀਆਂ ਹੁਨਰਸ਼ਾਲਾਵਾਂ ਵੀ ਥਾਪੀਆਂ ਜਾਣਗੀਆਂ ਅਤੇ ਸਿਰਜੀਆਂ ਜਾਣਗੀਆਂ; ਹੋਰ ਪਾਠਸ਼ਾਲਾਵਾਂ ਨੂੰ ਵੀ ਇਹਨਾਂ ਦੀ ਵਰਤੋਂ ਦੀ ਪਰਵਾਨਗੀ ਹੋਵੇਗੀ। ਉਚੇਰੀ ਸਿੱਖੀਆ ਸੰਸਥਾਵਾਂ ਆਪਣੀ ਪੱਧਰ 'ਤੇ ਜਾਂ ਉਦਯੋਗ ਤੇ ਅਸਸੰਗ (ਅਣਸਰਕਾਰੀ ਸੰਗਠਨ) ਨਾਲ ਹਿੱਸੇਦਾਰੀ ਨਾਲ ਕਿੱਤਾਮੁਖੀ ਸਿੱਖਿਆ ਦੇਣਗੀਆਂ। ਸਾਲ 2013 ਵਿੱਚ ਸ਼ੁਰੂ ਕੀਤੀਆਂ ਗਈਆਂ ਕਿਮੁਸਿਸ (ਕਿੱਤਾਮੁਖੀ ਸਿੱਖਿਆ ਸਨਾਤਕ, ਬੀ.ਵੋਕ) ਉਪਾਧੀਆਂ ਚੱਲਦੀਆਂ ਰਹਿਣਗੀਆਂ, ਪਰ ਸਾਰੇ ਹੋਰ ਸਨਾਤਕ ਉਪਾਧੀ ਕਾਰਜਕ੍ਰਮਾਂ ਵਿੱਚ ਦਾਖ਼ਲ ਵਿਦਿਆਰਥੀਆਂ ਲਈ ਵੀ ਕਿੱਤਾਮੁਖੀ ਕੋਰਸ ਹਾਸਲ ਹੋਣਗੇ, 4-ਸਾਲਾ ਬਹੁਵਿਸ਼ਾਵੀ ਸਨਾਤਕ ਕਾਰਜਕ੍ਰਮਾਂ ਸਣੇਂ। ਉਸਿਸਾਂ ਨੂੰ ਵੱਖ-ਵੱਖ ਹੁਨਰਾਂ ਦੇ ਥੋੜ-ਚਿਰੇ ਪ੍ਰਮਾਣ-ਪੱਤਰ ਕੋਰਸ, ਸੂਖਮ (ਸੌਫ਼ਟ) ਹੁਨਰਾਂ ਸਮੇਤ, ਚਲਾਉਣ ਦੀ ਪ੍ਰਵਾਨਗੀ ਹੋਵੇਗੀ। 'ਲੋਕ ਵਿੱਦਿਆ', ਮਤਲਬ ਭਾਰਤ ਵਿੱਚ ਵਿਕਸਿਆ ਮਹੱਤਵਪੂਰਨ ਕਿਤੱਈ ਗਿਆਨ, ਕਿੱਤਾਮੁਖੀ ਸਿੱਖਿਆ ਕੋਰਸਾਂ ਦਾ ਹਿੱਸਾ ਬਣਾ ਕੇ ਵਿਦਿਆਰਥੀਆਂ ਨੂੰ ਹਾਸਲ ਕਰਵਾਇਆ ਜਾਵੇਗਾ। ਖੁਦੂਸਿ ਵਿਧੀ ਰਾਹੀਂ ਕਿੱਤਾਮੁਖੀ ਕੋਰਸ ਦੇਣ ਦੀ ਸੰਭਾਵਨਾ ਨੂੰ ਵੀ ਢੂੰਡਿਆ ਜਾਵੇਗਾ।

16.6. ਕਿੱਤਾਮੁਖੀ ਸਿੱਖਿਆ ਸਾਰੀਆਂ ਦੁਜਾਵੀ ਪੱਧਰ ਦੀਆਂ ਪਾਠਸ਼ਾਲਾਵਾਂ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਅਗਲੇ ਦਹਾਕੇ ਵਿੱਚ ਪੜਾਅ-ਵਾਰ ਰਲਾ ਦਿੱਤੀ ਜਾਵੇਗੀ। ਕਿੱਤਾਮੁਖੀ ਸਿੱਖਿਆ ਲਈ ਜ਼ੋਰ ਦੇਣ ਵਾਲੇ ਖੇਤਰਾਂ ਦੀ ਚੋਣ ਹੁਨਰ ਪਾੜਿਆਂ ਦੀ ਪੜਤਾਲ ਕਰ ਕੇ ਤੇ ਸਥਾਨੀ ਮੌਕਿਆਂ ਦੀ ਤਸਵੀਰ ਬਣਾ ਕੇ ਕੀਤੀ ਜਾਵੇਗੀ। ਇਸ ਯਤਨ ਦੀ ਨਜ਼ਰਸਾਨੀ ਲਈ, ਮਵਿਸਮ ਉਦਯੋਗ ਖੇਤਰ ਦੇ ਸਹਿਯੋਗ ਨਾਲ 'ਕੌਮੀ ਕਿੱਤਾਮੁਖੀ ਸਿੱਖਿਆ ਰਲੇਵਾਂ ਸਮਿਤੀ' (ਕੌਕਿਸਿਰਸ) ਬਣਾਏਗਾ, ਜਿਸ ਵਿੱਚ ਕਿੱਤਾਮੁਖੀ ਸਿੱਖਿਆ ਦੇ ਮਾਹਰ ਤੇ ਮੰਤਰਾਲਿਆਂ ਦੇ ਨੁਮਾਇੰਦੇ ਹੋਣਗੇ।

16.7. ਇਸ ਨੂੰ ਛੇਤੀ ਅਪਨਾਉਣ ਵਾਲੀਆਂ ਵਿਅਕਤੀਗਤ ਸੰਸਥਾਵਾਂ ਨੂੰ ਨਮੂਨੇ ਤੇ ਵਿਹਾਰ ਲੱਭਣ ਲਈ ਨਵੇਂ ਤਜ਼ਰਬੇ ਕਰਨੇ ਚਾਹੀਦੇ ਹਨ ਤੇ ਮੁੜ ਕੌਕਿਸਿਰਸ ਰਾਹੀਂ ਘੜੇ ਢੰਗ-ਤਰੀਕਿਆਂ ਰਾਹੀਂ ਦੂਜੀਆਂ ਸੰਸਥਾਵਾਂ ਨਾਲ ਸਾਂਝੇ ਕਰਨੇ ਚਾਹੀਦੇ ਹਨ, ਤਾਂ ਕਿ ਕਿੱਤਾਮੁਖੀ ਸਿੱਖਿਆ ਦੀ ਪਹੁੰਚ ਦਾ ਪਸਾਰ ਹੋ ਸੱਕੇ। ਉਚੇਰੀ ਸਿੱਖਿਆ ਸੰਸਥਾਵਾਂ ਵੀ ਕਿੱਤਾਮੁਖੀ ਸਿੱਖਿਆ ਤੇ ਸਿਖਲਾਈਗਿਰੀ (ਅਪਰੈਂਟਿਸਸ਼ਿਪ) ਦੇ ਵੱਖ-ਵੱਖ ਨਮੂਨਿਆਂ 'ਤੇ ਤਜ਼ਰਬੇ ਕਰਨਗੀਆਂ। ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਉਦਯੋਗ ਦੀ ਹਿੱਸੇਦਾਰੀ ਨਾਲ ਸਿਹਣ ਕੇਂਦਰ ਥਾਪੇ ਜਾਣਗੇ।

16.8. ਹਰ ਵਿਸ਼ੇ, ਕਿੱਤੇ. ਤੇ ਪੇਸ਼ੇ ਲਈ 'ਕੌਮੀ ਹੁਨਰ ਯੋਗਤਾ ਰੂਪ-ਰੇਖਾ' ਦਾ ਹੋਰ ਵਿਸਤਾਰ ਕੀਤਾ ਜਾਵੇਗਾ। ਨਾਲ ਹੀ, ਭਾਰਤੀ ਮਾਨਕਾਂ ਦਾ 'ਕੌਮਾਂਤਰੀ ਕਿਰਤ ਸੰਗਠਨ' ਵੱਲੋਂ ਅਪਣਾਏ 'ਕਿੱਤਿਆਂ ਦਾ ਕੌਮਾਂਤਰੀ ਮਾਨਕੀ ਵਰਗੀਕਰਣ'

ਨਾਲ ਮਿਲਾਨ ਕੀਤਾ ਜਾਵੇਗਾ। ਇਹ ਰੂਪ-ਰੇਖਾ ਪੂਰਬ-ਸਿੱਖਣ ਦੀ ਮਾਨਤਾ ਦਾ ਆਧਾਰ ਹਾਸਲ ਕਰਾਏਗੀ। ਇਸ ਰਾਹੀਂ, ਰਸਮੀ ਪ੍ਰਣਾਲੀ ਨੂੰ ਵਿੱਚ ਛੱਡਣ ਵਾਲਿਆਂ ਨੂੰ ਉਹਨਾਂ ਦੇ ਵਿਹਾਰੀ ਅਨੁਭਵ ਦਾ ਰੂਪ-ਰੇਖਾ ਦੇ ਸਬੰਧਤ ਪੱਧਰ ਨਾਲ ਮਿਲਾਨ ਕਰਕੇ ਮੁੜ ਵਿੱਚ ਰਲਾਇਆ ਜਾਵੇਗਾ। ਅੰਕ-ਅਧਾਰੀ ਰੂਪ-ਰੇਖਾ 'ਆਮ' ਅਤੇ ਕਿੱਤਾਮੁਖੀ ਸਿੱਖਿਆ ਵਿਚਕਾਰ ਗਤੀਸ਼ੀਲਤਾ ਨੂੰ ਸੌਖਿਆਂ ਕਰੇਗੀ।

## 17. ਕੌਮੀ ਖੋਜ ਸੰਸਥਾਨ ਰਾਹੀਂ ਸਾਰੇ ਖੇਤਰਾਂ ਵਿੱਚ ਖੋਜ ਨੂੰ ਹੁਲਾਰਾ

17.1. ਗਿਆਨ ਦੀ ਸਿਰਜਣਾ ਅਤੇ ਖੋਜ ਜੀਵੰਤ ਅਰਥਚਾਰੇ ਲਈ, ਸਮਾਜ ਦੀ ਬਿਹਤਰੀ ਲਈ, ਅਤੇ ਹੋਰ ਵੀ ਵੱਡੀਆਂ ਉਚਾਈਆਂ ਛੂਹਣ ਲਈ ਰਾਸ਼ਟਰ ਨੂੰ ਲਗਾਤਾਰ ਪ੍ਰੇਰਨਾ ਲਈ ਨਿਰਣੇਕਾਰੀ ਹਨ। ਇਹ ਸਹੀ ਹੈ ਕਿ ਭਾਰਤ, ਮੈਸੋਪੋਟਾਮੀਆਂ, ਮਿਸਰ, ਅਤੇ ਯੂਨਾਨ ਵਰਗੀਆਂ ਸੱਭਿਆਤਾਵਾਂ ਤੋਂ ਲਏ ਕੇ ਅਜੋਕੇ ਸਮੇਂ ਤੱਕ ਜਿਵੇਂ ਸੰਜੁਗਤ ਰਾਜ ਅਮਰੀਕਾ, ਜਰਮਨੀ, ਇਜ਼ਰਾਈਲ, ਦੱਖਣੀ ਕੋਰੀਆ, ਤੇ ਜਪਾਨ ਵਰਗੀਆਂ ਸਭ ਤੋਂ ਖੁਸ਼ਹਾਲ ਸੱਭਿਆਤਾਵਾਂ ਸ਼ਕਤੀਸ਼ਾਲੀ ਗਿਆਨ ਸਮਾਜ ਰਹੀਆਂ ਹਨ ਜਿੰਨ੍ਹਾ ਨੇ ਬੋਧੀ ਤੇ ਪਦਾਰਥੀ ਦੌਲਤ ਮੁੱਖ ਤੌਰ ਵਿਗਿਆਨ ਦੇ ਖੇਤਰ ਵਿੱਚ ਤੇ ਕਲਾਵਾਂ, ਭਾਸ਼ਾ, ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਨਾਮੀ-ਗਰਾਮੀ ਅਤੇ ਮੌਲਿਕ ਯੋਗਦਾਨ ਰਾਹੀਂ ਹਾਸਲ ਕੀਤੀ, ਜਿਸ ਨੇ ਉਹਨਾਂ ਦੀਆਂ ਆਪਣੀਆਂ ਸੱਭਿਆਤਾਵਾਂ ਹੀ ਨਹੀਂ ਭੂਮੰਡਲ ਦੀਆਂ ਹੋਰ ਸੱਭਿਆਤਾਵਾਂ ਨੂੰ ਵੀ ਉੱਚਾ ਚੁੱਕਿਆ।

17.2. ਜੱਗ ਵਿੱਚ ਹੋ ਰਹੇ ਤਿੱਖੇ ਬਦਲਾਵਾਂ ਦੇ ਪ੍ਰਸੰਗ ਵਿੱਚ, ਮਿਸਾਲ ਲਈ ਪੌਣ-ਪਾਣੀ ਬਦਲਾਅ, ਵੱਸੋਂ ਦੇ ਅਮਲ ਤੇ ਪ੍ਰਬੰਧ, ਜੀਵੀ-ਤਕਨਾਲੋਜੀ, ਅਤੇ ਵਧਦੀ ਅੰਕ-ਸੁਭਾਵੀ ਮੰਡੀ, ਅਤੇ ਮਸ਼ੀਨ-ਸਿੱਖਣ ਤੇ ਬਣਾਉਟੀ ਬੁੱਧ ਦੇ ਖੇਤਰਾਂ ਵਿੱਚ ਬਦਲਾਵਾਂ ਦੇ ਪ੍ਰਸੰਗ ਵਿੱਚ ਇੱਕ ਤਗੜੀ ਵਾਤਾਵਰਣ-ਪ੍ਰਣਾਲੀ ਪਹਿਲਾਂ ਨਾਲੋਂ ਕਿਧਰੇ ਵੱਧ ਮਹੱਤਵਪੂਰਨ ਹੋ ਗਈ ਹੈ। ਜੇ ਭਾਰਤ ਨੇ ਇਹਨਾਂ ਭਾਂਤ-ਭਾਂਤ ਦੇ ਖੇਤਰਾਂ ਵਿੱਚ ਆਗੂ ਬਣਨਾ ਹੈ, ਤੇ ਜੇ ਆਉਣ ਵਾਲੇ ਸਾਲਾਂ ਤੇ ਦਹਾਕਿਆਂ ਵਿੱਚ ਇੱਕ ਮੋਹਰੀ ਗਿਆਨ ਸਮਾਜ ਬਣਨ ਲਈ ਆਪਣੇ ਵੱਡ-ਪਸਾਰੀ ਪ੍ਰਤਿਭਾ-ਕੁੰਡ ਦੀ ਸਮਰੱਥਾ ਨੂੰ ਹਕੀਕੀ ਬਨਾਉਣਾ ਹੈ ਤਾਂ ਰਾਸ਼ਟਰ ਨੂੰ ਸਾਰੇ ਵਿਸ਼ਿਆਂ ਵਿੱਚ ਖੋਜ ਸਮਰਥਾਵਾਂ ਅਤੇ ਨਿਗਤਾਂ (ਆਊਟਪੁਟਸ) ਦਾ ਅਰਥ ਭਰਪੂਰ ਪਸਾਰ ਕਰਨਾ ਪਵੇਗਾ। ਅੱਜ, ਕਿਸੇ ਰਾਸ਼ਟਰ ਦੀ ਆਰਥਿਕ, ਬੌਧਿਕ, ਸਮਾਜਿਕ, ਵਾਤਾਵਰਣਕ, ਅਤੇ ਤਕਨਾਲੋਜੀ ਸਿਹਤ ਅਤੇ ਤਰੱਕੀ ਲਈ ਖੋਜ ਪਹਿਲਾਂ ਨਾਲੋਂ ਕਿਧਰੇ ਵੱਧ ਨਿਰਣੇਕਾਰੀ ਹੋ ਗਈ ਹੈ।

17.3. ਖੋਜ ਦੀ ਇਸ ਨਿਰਣੇਕਾਰੀ ਮਹੱਤਾ ਦੇ ਹੁੰਦਿਆਂ ਵੀ, ਭਾਰਤ ਵਿੱਚ ਇਸ ਵੇਲੇ ਖੋਜ ਤੇ ਕਾਢ 'ਤੇ ਸੰਜੁਗਤ ਰਾਜ ਅਮਰੀਕਾ ਦੇ 2.8%, ਇਜ਼ਰਾਈਲ ਦੇ 4.3%, ਅਤੇ ਦੱਖਣੀ ਕੋਰੀਆ ਦੇ 4.2% ਦੇ ਟਾਕਰੇ ਵਿੱਚ ਕੁਘਪੈ (ਜੀਡੀਪੀ) ਦਾ ਬੱਸ 0.69% ਈ ਖ਼ਰਚ ਹੁੰਦਾ ਹੈ।

17.4. ਸੁੱਛ ਪੀਣ ਵਾਲਾ ਪਾਣੀ ਤੇ ਰੋਗ-ਰੋਕੂ ਸਹੂਲਤਾਂ ਦੀ ਸਾਰੇ ਨਾਗਿਰਕਾਂ ਤੱਕ ਪਹੁੰਚ, ਗੁਣਵੱਤਾ ਭਰਪੂਰ ਸਿੱਖਿਆ ਅਤੇ ਸਿਹਤ, ਆਵਾਜਾਈ, ਪੌਣ ਗੁਣਵੱਤਾ, ਊਰਜਾ, ਅਤੇ ਢਾਂਚੇ ਵਿੱਚ ਸੁਧਾਰ ਜਿਹੀਆਂ ਸਮਾਜੀ ਚੁਣੌਤੀਆਂ ਜਿਨ੍ਹਾਂ ਵੱਲ ਭਾਰਤ ਨੂੰ ਅੱਜ ਧਿਆਨ ਦੇਣ ਦੀ ਲੋੜ ਹੈ, ਸਾਰਿਆਂ ਲਈ ਅਜਿਹੇ ਸੁਲਝਾਵਾਂ ਦੀ ਲੋੜ ਹੈ ਜਿਹੜੇ ਸਿਖਰਲੇ ਵਿਗਿਆਨ ਤੇ ਤਕਨਾਲੋਜੀ 'ਤੇ ਟਿਕੇ ਹੋਣ ਦੇ ਨਾਲ-ਨਾਲ ਸਮਾਜ ਵਿਗਿਆਨਾਂ ਤੇ ਮਾਨਵ ਵਿਗਿਆਨਾਂ 'ਤੇ ਅਤੇ ਰਾਸ਼ਟਰ ਦੇ ਭਿੰਨ-ਭਿੰਨ ਸਮਾਜ-ਸੱਭਿਆਚਾਰੀ ਅਤੇ ਵਾਤਾਵਰਣੀ ਪਸਾਰਾਂ 'ਤੇ ਵੀ ਟਿਕੇ ਹੋਣ। ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਸੁਲਝਾਵਾਂ ਲਈ ਉੱਚ-ਗੁਣਵੱਤਾ ਵਾਲੀ ਬਹੁਵਿਸ਼ਾਵੀ ਖੋਜ ਦੀ ਲੋੜ ਪਵੇਗੀ ਜਿਹੜੀ ਭਾਰਤ ਵਿੱਚ ਹੀ ਕਰਨੀ ਹੋਵੇਗੀ ਤੇ ਬਾਹਰੋਂ ਨਹੀਂ ਮੰਗਵਾਈ ਜਾ ਸਕਦੀ; ਆਪਣੀ ਖੋਜ ਆਪ ਕਰਨ ਦੀ ਯੋਗਤਾ ਕਿਸੇ ਦੇਸ ਨੂੰ ਬਾਹਰਲੀ ਖੋਜ ਨੂੰ ਹੋਰ ਵੀ ਸੌਖੇ ਮੰਗਾਉਣ ਤੇ ਢਾਲਣ ਦੇ ਯੋਗ ਵੀ ਬਣਾਉਂਦੀ ਹੈ।

17.5. ਇਸ ਤੋਂ ਵੀ ਅੱਗੇ, ਸਮਾਜੀ ਸੱਮਸਿਆਵਾਂ ਦੇ ਹੱਲ ਵਿੱਚ ਇਹਨਾਂ ਉਪਰਲਿਆਂ ਦੀ ਕਦਰ ਦੇ ਨਾਲ-ਨਾਲ, ਕਿਸੇ ਦੇਸ ਦੀ ਪਛਾਣ, ਉੱਚੇ ਉੱਠਣਾ, ਆਤਮੀ/ਬੋਧੀ ਸੰਤੋਖ ਅਤੇ ਸਿਰਜਣਾ ਇਸ ਦੇ ਇਤਿਹਾਸ, ਕਲਾ, ਭਾਸ਼ਾ, ਅਤੇ

ਸੱਭਿਆਚਾਰ ਰਾਹੀਂ ਵੀ ਵੱਡੀ ਪੱਧਰ 'ਤੇ ਹਾਸਲ ਹੁੰਦੇ ਹਨ। ਵਿਗਿਆਨਾਂ ਤੇ ਸਮਾਜ ਵਿਗਿਆਨਾਂ ਵਿੱਚ ਕਾਢਾਂ ਦੇ ਨਾਲ-ਨਾਲ, ਕਲਾਵਾਂ ਤੇ ਮਾਨਵ ਵਿਗਿਆਨਾਂ ਵਿੱਚ ਖੋਜ ਰਾਸ਼ਟਰ ਦੀ ਤਰੱਕੀ ਲਈ ਤੇ ਗਿਆਨ-ਪ੍ਰਕਾਸ਼ੇ ਸੁਭਾਅ ਲਈ ਅਤਿ ਮਹੱਤਾ ਵਾਲੀ ਹੈ।

17.6. ਭਾਰਤ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਖੋਜ ਅਤੇ ਕਾਢ, ਖਾਸ ਤੌਰ 'ਤੇ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ, ਨਿਰਣੇਕਾਰੀ ਹੈ। ਪੂਰੇ ਇਤਿਹਾਸ ਵਿੱਚ ਜੱਗ ਦੇ ਸਰਬੋਤਮ ਵਿਸ਼ਵਵਿਦਿਆਲਿਆਂ ਦੇ ਪ੍ਰਮਾਣ ਦੱਸਦੇ ਹਨ ਕਿ ਉਚੇਰੀ ਸਿੱਖਿਆ ਦੇ ਪੱਧਰ 'ਤੇ ਸਰਬੋਤਮ ਅਧਿਆਪਨ ਤੇ ਸਿੱਖਣ ਅਮਲ ਇਹੋ ਜਿਹੇ ਵਾਤਾਵਰਣ 'ਚ ਹੁੰਦੇ ਹਨ ਜਿੱਥੇ ਖੋਜ ਅਤੇ ਗਿਆਨ ਸਿਰਜਣ ਦਾ ਤਗੜਾ ਸੱਭਿਆਚਾਰ ਵੀ ਹੁੰਦਾ ਹੋਵੇ; ਇਸ ਦੇ ਉਲਟ ਵੀ, ਜੱਗ ਦੀ ਇੱਕਦਮ ਸਰਬੋਤਮ ਖੋਜ ਬਹੁਵਿਸ਼ਾਵੀ ਖੋਜ ਚੁਗਿਰਦਿਆਂ ਵਿੱਚ ਹੋਈ ਹੈ।

17.7. ਵਿਗਿਆਨ ਤੋਂ ਗਣਿਤ, ਕਲਾ ਤੇ ਸਾਹਿਤ, ਧੁਨੀ ਵਿਗਿਆਨ ਤੇ ਭਾਸ਼ਾਵਾਂ, ਅਤੇ ਉਪਚਾਰ ਵਿਗਿਆਨ ਤੋਂ ਖੇਤੀ-ਬਾੜੀ ਤੱਕ ਭਾਰਤ ਵਿੱਚ ਖੋਜ ਅਤੇ ਗਿਆਨ ਦੀ ਲੰਮੀ ਇਤਿਹਾਸੀ ਪਰੰਪਰਾ ਰਹੀ ਹੈ। ਬਲਵਾਨ ਤੇ ਗਿਆਨ-ਪ੍ਰਕਾਸ਼ੇ ਸਮਾਜ ਵੱਜੋਂ ਅਤੇ ਜੱਗ ਦੇ ਸਭ ਤੋਂ ਵੱਡੇ ਤਿੰਨ ਅਰਥਚਾਰਿਆਂ ਵਿੱਚੋਂ ਇੱਕ ਅਰਥਚਾਰੇ ਵੱਜੋਂ ਭਾਰਤ ਨੂੰ 21ਵੀਂ ਸਦੀ ਵਿੱਚ ਖੋਜ ਅਤੇ ਕਾਢ ਦਾ ਆਗੂ ਬਨਾਉਣ ਲਈ ਇਸ ਨੂੰ ਹੋਰ ਤਗੜਿਆਂ ਕਰਨ ਦੀ ਲੋੜ ਹੈ।

17.8. ਇੰਵ, ਭਾਰਤ ਵਿਚਲੀ ਖੋਜ ਦੀ ਗਿਣਤਾ ਅਤੇ ਗੁਣਵੱਤਾ ਦੀ ਕਾਇਆ-ਪਲਟੀ ਲਈ ਇਹ ਨੀਤੀ ਇੱਕ ਸਰਬੰਗੀ ਪਹੁੰਚ ਚਿਤਵਦੀ ਹੈ। ਇਸ ਵਿੱਚ ਪਾਠਸ਼ਾਲਾ ਸਿੱਖਿਆ ਵਿੱਚ ਵਿਗਿਆਨਵੀ ਵਿਧੀ ਤੇ ਅਲੋਚਨਾਵੀ ਸੋਚ ਦੇ ਨਾਲ-ਨਾਲ ਸਿੱਖਣ ਦੀ ਵਧੇਰੇ ਖੇਡ ਤੇ ਭਾਲ ਅਧਾਰੀ ਸ਼ੈਲੀ ਵਾਲੇ ਨਿਸ਼ਚਿਤ ਬਦਲਾਅ ਸ਼ਾਮਲ ਹਨ। ਇਸ ਵਿੱਚ ਪਾਠਸ਼ਾਲਾਵਾਂ ਵਿੱਚ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਪ੍ਰਤਿਭਾਵਾਂ ਦੀ ਪਛਾਣ ਲਈ ਕਿੱਤਾ-ਜੀਵਨ ਸਲਾਹਕਾਰੀ, ਵਿਸ਼ਵਵਿਦਿਆਲਿਆਂ ਵਿੱਚ ਖੋਜ ਨੂੰ ਉਤਸ਼ਾਹ, ਉਸਿਸਾਂ ਦਾ ਬਹੁਵਿਸ਼ਵਾਵੀ ਸੁਭਾਅ ਤੇ ਸਰਬੰਗੀ ਸਿੱਖਿਆ, ਸਨਾਤਕ-ਪੂਰਬਲੇ ਪਾਠਕ੍ਰਮ ਵਿੱਚ ਖੋਜ ਤੇ ਸਿਖਲਾਈਗਿਰੀ ਦਾ ਰਲੇਵਾਂ, ਖੋਜ ਨੂੰ ਬਣਦੀ ਥਾਂ ਦੇਣ ਵਾਲੀਆਂ ਕਿੱਤਾ-ਜੀਵਨ ਪ੍ਰਬੰਧ ਪ੍ਰਣਾਲੀਆਂ, ਅਤੇ ਖੋਜ ਤੇ ਕਾਢ ਦੇ ਵਾਤਾਵਰਣ ਨੂੰ ਉਤਸ਼ਾਹ ਦੇਣ ਵਾਲੇ ਪ੍ਰਸ਼ਾਸਨੀ ਤੇ ਨੇਮਬੰਦੀ ਬਦਲਾਅ ਸ਼ਾਮਲ ਹਨ। ਦੇਸ ਵਿੱਚ ਖੋਜ ਮਨੋਬਿਰਤੀ ਦੇ ਵਿਕਾਸ ਲਈ ਇਹ ਪੱਖ ਅਤਿ ਨਿਰਣੇਕਾਰੀ ਹਨ।

17.9. ਇਹਨਾਂ ਸਾਰੇ ਵੱਖ-ਵੱਖ ਤੱਤਾਂ 'ਤੇ ਰਲਵੇਂ-ਮਿਲਵੇਂ (ਸਿਨਰਜੈਟਿਕ) ਢੰਗ ਨਾਲ ਉਸਾਰੀ ਲਈ, ਅਤੇ ਇਸ ਰਾਹੀਂ ਰਾਸ਼ਟਰ ਵਿੱਚ ਗੁਣਵੱਤਾ ਭਰਪੂਰ ਖੋਜ ਦੇ ਵਾਧੇ ਤੇ ਉਤਪ੍ਰੇਰਨਾ ਲਈ, ਇਹ ਨੀਤੀ 'ਕੌਮੀ ਖੋਜ ਸੰਸਥਾਨ' ਦੀ ਸਥਾਪਨਾ ਚਿਤਵਦੀ ਹੈ। ਕੌਖੋਸ ਦਾ ਵਡੇਰਾ ਉਦੇਸ਼ ਆਪਣੇ ਵਿਸ਼ਵਵਿਦਿਆਲਿਆਂ ਵਿੱਚ ਖੋਜ ਦੇ ਸੱਭਿਆਚਾਰ ਦੇ ਪੈਰ ਲਾਉਣਾ ਹੈ। ਕੌਖੋਸ, ਖਾਸ ਤੌਰ ਤੇ, ਉੱਤਮਤਾ-ਅਧਾਰੀ ਪਰ ਇੱਕ-ਸਮਾਨ ਮਾਹਿਰ-ਪੜਚੋਲੀ ਖੋਜ ਸਹਾਇਤਾ ਦਾ ਭਰੋਸੇਯੋਗ ਆਧਾਰ ਹਾਸਲ ਕਰਾਏਗੀ, ਤੇ ਇੰਵ ਦੇਸ ਵਿੱਚ ਸਿਰਮੌਰ ਖੋਜ ਨੂੰ ਮਾਨਤਾ ਲਈ ਢੁੱਕਵੇਂ ਪ੍ਰੋਤਸਾਹਨਾਂ ਰਾਹੀਂ ਅਤੇ ਰਾਜਾਂ ਦੇ ਵਿਸ਼ਵਵਿਦਿਆਲਿਆਂ ਤੇ ਹੋਰ ਜਨਤਕ ਸੰਸਥਾਵਾ ਵਿੱਚ ਜਿੱਥੇ ਇਸ ਵੇਲੇ ਖੋਜ ਸਮਰੱਥਾ ਸੀਮਤ ਜਿਹੀ ਹੈ ਓਥੇ ਖੋਜ ਦਾ ਬੀਅ ਬੀਜਣ ਤੇ ਵਾਧੇ ਲਈ ਵੱਡੀਆਂ ਪਹਿਲਕਦਮੀਆਂ ਰਾਹੀਂ ਖੋਜ ਦੇ ਸੱਭਿਆਚਾਰ ਦਾ ਵਿਕਾਸ ਕਰਨ ਵਿੱਚ ਮਦਦ ਕਰੇਗੀ। ਕੌਖੋਸ ਸਾਰੇ ਵਿਸ਼ਿਆਂ ਲਈ ਮੁਕਾਬਲੇ ਦੇ ਆਧਾਰ 'ਤੇ ਵਿੱਧੀ ਸਹਾਇਤਾ ਦੇਵੇਗੀ। ਸਫ਼ਲ ਖੋਜ ਨੂੰ ਮਾਨਤਾ ਦਿੱਤੀ ਜਾਵੇਗੀ, ਅਤੇ ਜਿੱਥੇ ਵੀ ਪ੍ਰਸੰਗੀ ਹੋਵੇ, ਇਸ ਨੂੰ ਸਰਕਾਰੀ ਕਰਿੰਦੀਆਂ (ਏਜੈਂਸੀਜ਼) ਤੇ ਉਦਯੋਗ ਤੇ ਨਿੱਜੀ/ਮਾਨਵ-ਭਲਾਈ ਸੰਗਠਨਾਂ ਨਾਲ ਜੁੜ ਕੇ ਲਾਗੂ ਕੀਤਾ ਜਾਵੇਗਾ।

17.10. ਹੁਣ ਜਿਹੜੀਆਂ ਸੰਸਥਾਵਾਂ ਕਿਸੇ ਪੱਧਰ 'ਤੇ ਖੋਜ ਲਈ ਵਿੱਤ ਹਾਸਲ ਕਰਾਉਂਦੀਆਂ ਹਨ, ਜਿਵੇਂ ਕਿ ਵਿਗਿਆਨ ਤੇ ਤਕਨਾਲੋਜੀ ਵਿਭਾਗ (ਵਿਤਵਿ), ਪਰਮਾਣੂ ਊਰਜਾ ਵਿਭਾਗ (ਪਊਵਿ), ਜੀਵੀ-ਤਕਨਾਲੋਜੀ ਵਿਭਾਗ (ਜੀਤਵਿ), ਭਾਰਤੀ ਖੇਤੀ-ਬਾੜੀ ਖੋਜ ਪਰਿਸ਼ਦ (ਭਾਖੇਬਾਖੋਪ), ਭਾਰਤੀ ਉਪਚਾਰ ਵਿਗਿਆਨ ਖੋਜ ਪਰਿਸ਼ਦ (ਭਾਉਵਿਖੋਪ), ਭਾਰਤੀ ਇਤਿਹਾਸ ਖੋਜ ਪਰਿਸ਼ਦ (ਭਾਇਖੋਪ), ਅਤੇ ਵਿਸ਼ਵਵਿਦਿਆਲਾ ਅਨੁਦਾਨ ਆਯੋਗ (ਵਿਅਆ), ਤੇ ਹੋਰ ਨਿੱਜੀ ਤੇ ਲੋਕ-ਭਲਾਈ ਸੰਗਠਨ, ਆਪਣੀਆਂ ਪਹਿਲਤਾਵਾਂ ਤੇ ਲੋੜਾਂ ਅਨੁਸਾਰ ਖੋਜ ਲਈ ਵਿੱਤੀ ਸਹਾਇਤਾ ਦੇਂਦੇ ਰਹਿਣਗੇ।

ਪਰ, ਉਦੇਸ਼ ਹਾਸਲ ਕਰਨ ਲਈ ਸਾਂਝੀ ਊਰਜਾ ਯਕੀਨੀ ਬਨਾਉਣ ਲਈ, ਕੌਖੋਸ ਵਿੱਤੀ ਸਹਾਇਤਾ ਦੇਣ ਵਾਲੀਆਂ ਹੋਰ ਕਰਿੰਦੀਆਂ ਨਾਲ ਧਿਆਨ ਭਰਿਆ ਤਾਲਮੇਲ ਕਰੇਗੀ ਅਤੇ ਵਿਗਿਆਨ ਦੇ, ਜੰਤਰਕੀ ਦੇ, ਤੇ ਹੋਰ ਪੀਠਾਂ ਨਾਲ ਕੰਮ ਕਰੇਗੀ। ਕੌਖੋਸ ਨੂੰ ਸਰਕਾਰ ਤੋਂ ਸੁਤੰਤਰ ਪ੍ਰਸ਼ਾਸਕ ਬੋਰਡ (ਬੋਰਡ ਆਫ਼ ਗਵਰਨਰਜ਼) ਚਲਾਏਗਾ ਜਿਸ ਵਿੱਚ ਸਿਰਮੌਰ ਖੋਜੀ ਤੇ ਕਾਢਕਾਰ ਸ਼ਾਮਲ ਹੋਣਗੇ, ਜੋ ਵਾਰੀ-ਵਾਰੀ ਬਦਲੇ ਜਾਣਗੇ।

17.11. ਕੌਖੋਸ ਦੇ ਮੱਢਲੇ ਕੰਮ ਹੋਣਗੇ:

ੳ. ਸਾਰੀ ਤਰ੍ਹਾਂ ਤੇ ਸਾਰੇ ਵਿਸ਼ਿਆਂ ਵਿਚਲੇ ਭਿੜਵੇਂ (ਕੰਪੀਟਿਟਿਵ), ਮਾਹਰ-ਪੜਚੋਲੇ ਵਿੱਤੀ ਪ੍ਰਸਤਾਵਾਂ ਲਈ ਵਿੱਤੀ ਸਹਾਇਤਾ;

ਅ. ਪੀਠੀ ਸੰਸਥਾਵਾ ਵਿੱਚ ਸਲਾਹਕਾਰੀ ਰਾਹੀਂ ਖੋਜ ਦੇ ਬੀਜ ਬੀਜਣਾ, ਵਾਧਾ ਕਰਨਾ, ਤੇ ਸਹਾਈ ਹੋਣਾ, ਖਾਸ ਤੌਰ ਤੇ ਉਹਨਾਂ ਵਿਸ਼ਵਵਿਦਿਆਲਿਆਂ ਤੇ ਮਹਾਂਵਿਦਿਆਲਿਆਂ ਲਈ ਜਿੱਥੇ ਹਾਲੇ ਖੋਜ ਮੁੱਢਲੇ ਪੜਾਅ 'ਤੇ ਹੈ।

ੲ. ਖੋਜੀਆਂ ਅਤੇ ਸਰਕਾਰ ਤੇ ਉਦਯੋਗ ਦੀਆਂ ਸਬੰਧਤ ਸ਼ਾਖਾਵਾਂ ਵਿਚਕਾਰ ਜੋੜ-ਮੇਲ ਲਈ ਤਾਲਮੇਲ ਕਰਨਾ, ਤਾਂ ਕਿ ਖੋਜ ਵਿਦਵਾਨਾਂ ਨੂੰ ਲਗਾਤਾਰ ਰਾਸ਼ਟਰ ਦੇ ਸਭ ਤੋਂ ਜ਼ਰੂਰੀ ਖੋਜ ਖੇਤਰਾਂ ਬਾਰੇ ਜਾਗਰੂਕ ਕੀਤਾ ਜਾ ਸਕੇ ਤੇ ਨੀਤੀਕਾਰਾਂ ਨੂੰ ਸਭ ਤੋਂ ਨਵੀਆਂ ਖੋਜ ਲੱਭਤਾਂ ਬਾਰੇ ਲਗਾਤਾਰ ਜਾਗਰੂਕ ਕੀਤਾ ਜਾ ਸਕੇ; ਇਸ ਲਈ ਕਿ ਇਹਨਾਂ ਖੋਜ ਲੱਭਤਾਂ ਨੂੰ ਆਦਰਸ਼ੀ ਤਰ੍ਹਾਂ ਨੀਤੀ ਵਿੱਚ/ਜਾਂ ਅਮਲ ਵਿੱਚ ਲਿਆਂਦਾ ਜਾ ਸਕੇ;

ਸ. ਸਿਰਮੌਰ ਖੋਜ ਤੇ ਤਰੱਕੀ ਨੂੰ ਮਾਨਤਾ ਦੇਣਾ।

## 18. ਉਚੇਰੀ ਸਿੱਖਿਆ ਦੀ ਨੇਮਬੰਦੀ ਪ੍ਰਣਾਲੀ ਦੀ ਕਾਇਆ-ਪਲਟੀ

18.1. ਦਹਾਕਿਆਂ ਤੋਂ ਉਚੇਰੀ ਸਿੱਖਿਆ ਦੀ ਨੇਮਬੰਦੀ ਬਹੁਤੀ ਕਠੋਰਤਾ ਵਾਲੀ ਰਹੀ ਹੈ; ਬਹੁਤ ਵਧੇਰੇ ਨੂੰ ਨੇਮਬੰਦ ਕਰਨ ਦੇ ਯਤਨ ਹੋਏ ਹਨ ਪਰ ਬੜਾ ਥੋੜਾ ਅਸਰ ਹੋਇਆ ਹੈ। ਨੇਮਬੰਦੀ ਪ੍ਰਣਾਲੀ ਦਾ ਜੜਤਾ ਵਾਲਾ (ਮੈਕੇਨਿਕ) ਤੇ ਸ਼ਕਤੀ ਖੋਰਣ ਵਾਲਾ ਸੁਭਾਅ ਬੜੀਆਂ ਮੂਲ ਔਕੜਾਂ ਨਾਲ ਭਰਿਆ ਰਿਹਾ ਹੈ, ਜਿਵੇਂ ਕਿ ਕੁਝ ਕੁ ਪਿੰਡਾਂ (ਬਾਡੀਜ਼) ਹੱਥੀਂ ਬਹੁਤੀ ਤਾਕਤ ਹੋਣਾ, ਤੇ ਸਿੱਟੇ ਵੱਜੋਂ ਜਵਾਬਦੇਹੀ ਦੀ ਅਣਹੋਂਦ ਹੋਣਾ। ਉਚੇਰੀ ਸਿੱਖਿਆ ਖੇਤਰ ਵਿੱਚ ਮੁੜ ਬਲ ਭਰਨ ਲਈ ਅਤੇ ਇਸ ਨੂੰ ਮੌਲਣ ਦੇ ਯੋਗ ਬਨਾਉਣ ਲਈ ਨੇਮਬੰਦੀ ਪ੍ਰਣਾਲੀ ਨੂੰ ਨਵਿਆਉਣ ਦੀ ਲੋੜ ਹੈ।

18.2. ਉਤਲੇ ਮੁੱਦਿਆ ਨੂੰ ਸੰਬੋਧਤ ਹੋਣ ਲਈ, ਉਚੇਰੀ ਸਿੱਖਿਆ ਦੀ ਨੇਮਬੰਦੀ ਪ੍ਰਣਾਲੀ ਯਕੀਨੀ ਬਣਾਏਗੀ ਕਿ ਨੇਮਬੰਦੀ, ਅੰਕਬੰਦੀ, ਵਿੱਤੀ ਸਹਾਇਤਾ, ਅਤੇ ਪੀਠੀ ਮਾਨਕ ਤੈਅ ਕਰਨ ਦੇ ਨਿਵੇਕਲੇ ਕਾਰਜ ਨਿਵੇਕਲੇ, ਸਵੈਧੀਨ, ਤੇ ਸ਼ਕਤੀਸੰਪਨ ਪਿੰਡਾਂ ਵੱਲੋਂ ਨਿਭਾਏ ਜਾਣ। ਪ੍ਰਣਾਲੀ ਵਿੱਚ ਠਲ੍ਹ ਤੇ ਸਾਂਵੇਪਨ, ਹਿੱਤਾਂ ਦੇ ਟਕਰਾਅ ਨੂੰ ਘੱਟ ਤੋਂ ਘੱਟ ਕਰਨ, ਅਤੇ ਸ਼ਕਤੀ ਦੇ ਕੇਂਦਰੀਕਰਣ ਨੂੰ ਖਤਮ ਕਰਨ ਲਈ ਇਹ ਜ਼ਰੂਰੀ ਸਮਝਿਆ ਜਾਂਦਾ ਹੈ। ਇਹ ਚਾਰੇ ਕਾਰਜ ਨਿਭਾਉਣ ਵਾਲੀਆਂ ਸੰਸਥਾਵਾਂ ਸਵੈਧੀਨ ਕੰਮ ਕਰਨ ਪਰ ਨਾਲ ਈ ਸਾਂਝੇ ਉਦੇਸ਼ਾਂ ਲਈ ਰਲ-ਮਿਲ ਕੰਮ ਕਰਨ ਨੂੰ ਯਕੀਨੀ ਬਨਾਉਣ ਲਈ, ਇੱਕ ਛਤਰੀ ਸੰਸਥਾ, ਭਾਰਤੀ ਉਚੇਰੀ ਸਿੱਖਿਆ ਆਯੋਗ, ਦੇ ਅੰਦਰ ਇਹ ਚਾਰ ਬਣਤਰਾਂ ਚਾਰ ਸਵੈਧੀਨ ਥੰਮ੍ਹਾਂ ਵੱਜੋਂ ਥਾਪੀਆਂ ਜਾਣਗੀਆਂ।

18.3. ਭਾਉਸਿਆ ਦਾ ਪਹਿਲਾ ਥੰਮ੍ਹ ਕੌਮੀ ਉਚੇਰੀ ਸਿੱਖਿਆ ਨੇਮਬੰਦੀ ਪਰਿਸ਼ਦ (ਕੌਉਸਿਨੇਪ) ਹੋਵੇਗੀ। ਇਹ ਉਚੇਰੀ ਸਿੱਖਿਆ ਲਈ ਸਾਂਝੀ, ਇੱਕ-ਬਿੰਦਵੀ ਨੇਮਬੰਦੀਕਾਰ ਹੋਵੇਗੀ ਜਿਸ ਵਿੱਚ ਅਧਿਆਪਕ ਸਿੱਖਿਆ ਸ਼ਾਮਲ ਹੋਵੇਗੀ ਪਰ ਉਪਚਾਰ ਵਿਗਿਆਨ ਤੇ ਕਨੂੰਨੀ ਸਿੱਖਿਆ ਇਸ ਤੋਂ ਬਾਹਰ ਹੋਵੇਗੀ; ਇਸ ਨਾਲ, ਹਾਲੀਆ ਇੱਕ ਤੋਂ ਵੱਧ ਨੇਮਬੰਦੀ ਕਰਿੰਦੀਆਂ ਵੱਲੋਂ ਨੇਮਬੰਦੀ ਯਤਨਾਂ ਵਿਚਲਾ ਦੁਹਰਾਓ ਤੇ ਵਿਯੋਗ ਮੁੱਕ ਜਾਵੇਗਾ। ਇਹ ਇੱਕ ਨੁਕਾਤੀ ਨੇਮਬੰਦੀ ਅਮਲ ਵਿੱਚ ਲਿਆਉਣ ਲਈ ਹਾਲੀਆਂ ਕਨੂੰਨਾਂ 'ਤੇ ਮੁੜ-ਝਾਤ ਤੇ ਹਟਾਉਣ ਅਤੇ ਕਈ ਹਾਲੀਆ ਨੇਮਬੰਦੀ ਪਿੰਡਾਂ ਦੀ ਬਣਤਰ ਨੂੰ ਬਦਲਣਾ ਪਵੇਗਾ। ਕੌਉਸਿਨੇਪ ਦੀ ਥਾਪਣਾ 'ਹੌਲੇ ਪਰ ਕਰੜੇ' ਤੇ ਸਹਾਈ ਢੰਗ ਨਾਲ ਨੇਮਬੰਦੀ ਲਈ ਕੀਤੀ ਜਾਵੇਗੀ, ਜਿਸ ਤੋਂ ਭਾਵ ਹੈ ਕਿ ਕੁਝ ਮਹੱਤਵਪੂਰਨ ਮਾਮਲਿਆਂ ਖਾਸ ਤੌਰ 'ਤੇ ਵਿੱਤੀ ਦਿਆਨਤਦਾਰੀ, ਚੰਗਾ ਪ੍ਰਸ਼ਾਸਨ, ਅਤੇ ਸਾਰੇ

ਵਿੱਤਾਂ, ਲੇਖਾ-ਪੜਤਾਲਾਂ, ਅਮਲਾਂ, ਢਾਂਚੇ, ਅਧਿਆਪਨ ਅਮਲੇ/ਅਮਲੇ, ਕੋਰਸਾਂ, ਅਤੇ ਸਿੱਖਿਆਵੀ ਪ੍ਰਾਪਤੀਆਂ ਦੀ ਕਾਗਤੀ ਤੇ ਬਿਜਲੇਈ ਜਨਤਕ ਸਵੈ-ਘੋਸ਼ਣਾ ਦੀ ਅਸਰਦਾਰ ਢੰਗ ਨਾਲ ਨੇਮਬੰਦੀ ਹੋਵੇਗੀ। ਸਾਰੀਆਂ ਉਚੇਰੀ ਸਿੱਖਿਆ ਸੰਸਥਾਵਾਂ ਵੱਲੋਂ ਇਹ ਜਾਣਕਾਰੀ ਕੌਉਸਿਨੇਪ ਵੱਲੋਂ ਚਲਾਏ ਮੱਕੜਜਾਲ-ਹਾਤੇ ਅਤੇ ਸੰਸਥਾ ਦੇ ਮੱਕੜਜਾਲ ਹਾਤੇ 'ਤੇ ਹਾਸਲ ਕਰਾਈ ਜਾਵੇਗੀ ਤੇ ਨਵੀਂ ਤੇ ਸਹੀ ਰੱਖੀ ਜਾਵੇਗੀ। ਜਨਤਕ ਖੇਤਰ ਵਿੱਚ ਰੱਖੀ ਜਾਣਕਾਰੀ ਕਰਕੇ ਹਿੱਤਧਾਰੀਆਂ ਅਤੇ ਹੋਰਨਾਂ ਵੱਲੋਂ ਕਿਸੇ ਸ਼ਿਕਾਇਤ ਜਾਂ ਔਕੜ ਦਾ ਨਿਪਟਾਰਾ ਕੌਉਸਿਨੇਪ ਵੱਲੋਂ ਕੀਤਾ ਜਾਵੇਗਾ। ਨਿਸ਼ਚਿਤ ਸਮੇਂ ਦੇ ਪਾੜੇ ਤੇ ਮੁੱਲਵਾਨ ਆਗਤ ਯਕੀਨੀ ਬਨਾਉਣ ਲਈ ਵਿਕੋਲਿੱਤਰੇ ਚੁਣੇ ਵਿਦਿਆਰਥੀਆਂ ਤੋਂ ਬਿਜਲੇਈ ਮੁੜਵੀਂ-ਰਾਇ ਲਈ ਜਾਵੇਗੀ, ਜਿਨ੍ਹਾਂ ਵਿੱਚ ਭਿੰਨ-ਯੋਗਤਾ ਵਾਲੇ ਵਿਦਿਆਰਥੀ ਵੀ ਹੋਣਗੇ।

18.4. ਇਸ ਨੇਮਬੰਦੀ ਨੂੰ ਅਮਲ ਵਿੱਚ ਲਿਆਉਣ ਲਈ ਅੰਕੀਕਰਣ ਮੂਲ ਢੰਗ ਹੋਵੇਗਾ। ਇਸ ਲਈ, ਭਾਉਸਿਆ ਦਾ ਦੂਜਾ ਥੰਮ੍ਹ 'ਪਰਾ-ਅੰਕਣ-ਪਿੰਡ' ਹੋਵੇਗਾ ਜਿਸ ਦਾ ਨਾ ਕੌਮੀ ਅੰਕਣ ਪਰਿਸ਼ਦ (ਕੌਅੰਪ) ਹੋਵੇਗਾ। ਸੰਸਥਾਵਾਂ ਦਾ ਅੰਕੀਕਰਣ ਮੂਲ ਤੌਰ 'ਤੇ ਮੁੱਢਲੇ ਪ੍ਰਤਿਮਾਨਾਂ, ਜਨਤਕ ਸਵੈ-ਘੋਸ਼ਣਾ, ਚੰਗੇ ਪ੍ਰਸ਼ਾਸਨ, ਅਤੇ ਸਿੱਟਿਆਂ 'ਤੇ ਟਿਕਿਆ ਹੋਵੇਗਾ ਅਤੇ ਇਹ ਸੰਸਥਾਵਾ ਦੇ ਅੰਕੀਕਰਣ ਲਈ ਇੱਕ ਸਵੈਧੀਨ ਵਾਤਾਵਰਣ-ਪ੍ਰਣਾਲੀ ਵੱਲੋਂ ਕੀਤਾ ਜਾਵੇਗਾ ਅਤੇ ਇਸ ਦੀ ਨਿਗਰਾਨੀ ਕੌਅੰਪ ਕਰੇਗੀ। ਮਾਨਤਾ-ਪ੍ਰਾਪਤ ਅੰਕਕਾਰ ਵੱਜੋਂ ਕਾਰਜ ਕਰਨ ਦਾ ਕੰਮ ਕੌਅੰਪ ਵੱਲੋਂ ਇੱਕ ਢੁੱਕਵੀਂ ਗਿਣਤੀ ਦੀਆਂ ਸੰਸਥਾਵਾਂ ਨੂੰ ਦਿੱਤਾ ਜਾਵੇਗਾ। ਥੋੜੇ ਚਿਰ ਲਈ, ਦਰਜਾਬੰਦੀ ਵਾਲੇ ਅੰਕੀਕਰਣ ਦੀ ਇੱਕ ਤਗੜੀ ਪ੍ਰਣਾਲੀ ਥਾਪੀ ਜਾਵੇਗੀ, ਜਿਹੜੀ ਹਰ ਇੱਕ ਉਸਿਸ ਲਈ ਗੁਣਵੱਤਾ, ਸਵੈ-ਪ੍ਰਸ਼ਾਸਨ, ਅਤੇ ਸਵੈਧੀਨਤਾ ਦੇ ਮਿਥੇ ਪੱਧਰ ਹਾਸਲ ਕਰਨ ਲਈ ਪੜਾਅ-ਵਾਰ ਪੈਮਾਨੇ ਨਿਸ਼ਚਿਤ ਕਰੇਗੀ। ਉਸਿਸਾਂ ਆਪਣੇ ਵੱਲੋਂ ਅਗਲੇ 15 ਸਾਲਾਂ ਵਿੱਚ ਆਪਣੀਆਂ ਸੰਸਥਾਵੀ ਵਿਕਾਸ ਯੋਜਨਾਵਾਂ (ਸੰਵਿਯੋਆਂ) ਰਾਹੀਂ ਅੰਕੀਕਰਣ ਦੇ ਸਰਬਉੱਚ ਪੱਧਰ ਹਾਸਲ ਕਰਨ ਦਾ ਟੀਚਾ ਰੱਖਣਗੀਆਂ, ਅਤੇ ਇੰਞ ਆਖਰਕਾਰ ਸਵੈ-ਪ੍ਰਸ਼ਾਸਤ ਪਦਵੀਆਂ ਦੇਣ ਵਾਲੀਆਂ ਸੰਸਥਾਵਾਂ/ਜੜੁੱਤਾਂ ਵੱਜੋਂ ਕਾਰਜਸ਼ੀਲ ਹੋਣ ਦਾ ਟੀਚਾ ਰੱਖਣਗੀਆਂ। ਲੰਮੇਰੇ ਚਿਰ ਵਿੱਚ, ਅੰਕੀਕਰਣ, ਪਰਚੱਲਤ ਭੂਮੰਡਲੀ ਰੀਤਾਂ ਅਨੁਸਾਰ, ਦੋਧਿਰੀ ਅਮਲ ਬਣ ਜਾਵੇਗਾ।

18.5. ਭਾਉਸਿਆ ਦਾ ਤੀਜਾ ਥੰਮ੍ਹ ਉਚੇਰੀ ਸਿੱਖਿਆ ਅਨੁਦਾਨ ਪਰਿਸ਼ਦ (ਉਸਿਅਪ) ਹੋਵੇਗੀ ਜਿਹੜੀ ਪਾਰਦਰਸ਼ੀ ਕਸੌਟੀਆਂ ਦੇ ਆਧਾਰ 'ਤੇ ਉਚੇਰੀ ਸਿੱਖਿਆ ਦੇ ਰਾਸ਼ੀਕਾਰੀ ਤੇ ਵਿੱਤਕਾਰੀ ਦੇ ਅਮਲ ਨੂੰ ਚਲਾਏਗੀ; ਇਹਨਾ ਕਸੌਟੀਆਂ ਵਿੱਚ ਸੰਸਥਾਵਾਂ ਵੱਲੋਂ ਤਿਆਰ ਕੀਤੀਆਂ ਸੰਵਿਯੋਆਂ ਅਤੇ ਉਹਨਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਕੀਤੀ ਪ੍ਰਗਤੀ ਸ਼ਾਮਲ ਹੋਵੇਗੀ। ਉਸਿਅਪ ਨੂੰ ਨਵੇਂ ਕੇਂਦਰੀ ਧਿਆਨ ਵਾਲੇ ਖੇਤਰਾਂ ਨੂੰ ਅਰੰਭ ਕਰਨ ਲਈ ਤੇ ਉਸਿਸਾਂ ਵਿੱਚ ਸਾਰੇ ਵਿਸ਼ਿਆਂ ਤੇ ਖੇਤਰਾਂ ਲਈ ਹਾਸਲ ਕਰਾਏ ਜਾਂਦੇ ਉੱਤਮ ਕਾਰਜਕ੍ਰਮਾਂ ਦੇ ਪਸਾਰ ਲਈ ਵਜ਼ੀਫ਼ਿਆਂ ਤੇ ਵਿਕਾਸੀ ਰਾਸ਼ੀਆਂ ਨੂੰ ਵੰਡਣ ਦਾ ਕੰਮ ਸੌਂਪਿਆ ਜਾਵੇਗਾ।

18.6. ਭਾਉਸਿਆ ਦਾ ਚੌਥਾ ਥੰਮ੍ਹ ਸਧਾਰਣ ਸਿੱਖਿਆ ਪਰਿਸ਼ਦ (ਸਸਿੱਪ) ਹੋਵੇਗੀ, ਜਿਹੜੀ ਉਚੇਰੀ ਸਿੱਖਿਆ ਕਾਰਜਕ੍ਰਮਾਂ ਲਈ ਆਸ ਕੀਤੇ ਜਾਂਦੇ ਸਿੱਖਣ ਸਿੱਟਿਆਂ, ਜਿੰਨ੍ਹਾਂ ਨੂੰ 'ਸਨਾਤਕ ਗੁਣ' ਵੀ ਆਖਿਆ ਜਾਂਦਾ ਹੈ, ਦੀ ਰੂਪ-ਰੇਖਾ ਤਿਆਰ ਕਰੇਗੀ। ਸਸਿੱਪ ਇੱਕ ਕੌਮੀ ਉਚੇਰੀ ਸਿੱਖਿਆ ਯੋਗਤਾ ਰੂਪ-ਰੇਖਾ (ਕੌਉਸਿਯੋਰੂ) ਤਿਆਰ ਕਰੇਗੀ ਜਿਹੜੀ ਕਿੱਤਾਮੁਖੀ ਸਿੱਖਿਆ ਦੇ ਉਚੇਰੀ ਸਿਖਿਆ ਨਾਲ ਏਕੀਕਰਣ ਨੂੰ ਸੌਖਾ ਬਨਾਉਣ ਲਈ ਕੌਮੀ ਹੁਨਰ ਯੋਗਤਾ ਰੂਪ-ਰੇਖਾ ਨਾਲ ਜੁੜੀ ਹੋਵੇਗੀ। ਉਪਾਧੀ/ਸਨਦ/ਪ੍ਰਮਾਣ-ਪੱਤਰ ਹਾਸਲ ਕਰਾਉਣ ਵਾਲੀਆਂ ਉਚੇਰੀ ਸਿੱਖਿਆ ਯੋਗਤਾਵਾਂ ਇਹਨਾਂ ਸਿੱਖਣ ਸਿੱਟਿਆਂ ਦੇ ਆਧਾਰ 'ਤੇ ਕੌਉਸਿਯੋਰੂ ਵੱਲੋਂ ਤੈਅ ਕੀਤੀਆਂ ਜਾਣਗੀਆਂ। ਇਸ ਦੇ ਨਾਲ-ਨਾਲ, ਸਸਿੱਪ ਅੰਕ-ਤਬਾਦਲਾ, ਸਮਾਨਤਾ, ਆਦਿ ਮੁੱਦਿਆਂ ਲਈ ਕੌਉਸਿਯੋਰੂ ਰਾਹੀਂ ਸਹਾਈ ਸ਼ਰਤਾਂ ਤੈਅ ਕਰੇਗੀ। 21ਵੀਂ ਸਦੀ ਦੇ ਹੁਨਰਾਂ ਵਾਲੇ ਸਰਬੰਗੀ ਸਿਖਿਆਰਥੀ ਤਿਆਰ ਕਰਨ ਦੇ ਟੀਚੇ ਨੂੰ ਸਾਹਮਣੇ ਰੱਖਦਿਆਂ, ਵਿਦਿਆਰਥੀਆਂ ਵੱਲੋਂ ਆਪਣੇ ਪੀਠੀ ਕਾਰਜਕ੍ਰਮਾਂ ਵੇਲੇ ਜ਼ਰੂਰੀ ਤੌਰ 'ਤੇ ਸਿੱਖੇ ਜਾਣ ਵਾਲੇ ਨਿਸ਼ਚਿਤ ਹੁਨਰਾਂ ਦੀ ਪਛਾਣ ਲਈ ਸਸਿੱਪ ਪਾਬੰਦ ਹੋਵੇਗੀ।

18.7. ਭਾਰਤੀ ਖੇਤੀਬਾੜੀ ਖੋਜ ਪਰਿਸ਼ਦ (ਭਾਖੇਖੋਪ), ਭਾਰਤੀ ਪਸ਼ੂ ਉਪਚਾਰ ਪਰਿਸ਼ਦ (ਭਾਪਉਪ), ਕੌਮੀ ਅਧਿਆਪਕ ਸਿੱਖਿਆ ਪਰਿਸ਼ਦ (ਕੌਅਸਿਪ), ਭਵਨ ਉਸਾਰੀ ਪਰਿਸ਼ਦ (ਭਉਪ), ਕੌਮੀ ਕਿੱਤਾਮੁਖੀ ਸਿੱਖਿਆ ਤੇ ਸਿਖਲਾਈ ਪਰਿਸ਼ਦ (ਕੌਕਿਸਿਸਿਪ), ਆਦਿ, ਪੇਸ਼ਾਵੀ ਪਰਿਸ਼ਦਾਂ ਪੇਸ਼ਾਵੀ ਮਾਨਕ ਤੈਅ ਪਿੰਡਾਂ (ਪੇਮਾਤੈਪਿਆਂ) ਵੱਜੋਂ ਕਾਰਜ ਕਰਨਗੀਆਂ। ਇਹ ਉਚੇਰੀ ਸਿੱਖਿਆ ਪ੍ਰਣਾਲੀ ਵਿੱਚ ਕੁੰਜੀਵਤ ਭੂਮਕਾ ਨਿਭਾਉਣਗੀਆਂ ਅਤੇ ਇਹਨਾ ਨੂੰ ਸਸਿੱਪ ਦੇ ਸਦੱਸ ਬਣਨ ਲਈ ਸੱਦਾ ਦਿੱਤਾ ਜਾਵੇਗਾ। ਇਹ ਪਿੰਡ, ਪੇਮਾਤੈਪਿ ਵੱਜੋਂ ਮੁੜ ਘੜੇ ਜਾਣ ਤੋਂ ਬਾਅਦ, ਸਸਿੱਪ ਵੱਜੋਂ ਪਾਠਕ੍ਰਮ ਰੂਪ-ਰੇਖਾ ਨਿਸ਼ਚਿਤ ਕਰਨ, ਪੀਠੀ ਮਾਨਕ ਨਿਸ਼ਚਿਤ ਕਰਨ, ਅਤੇ ਆਪਣੇ ਖੇਤਰ/ਵਿਸ਼ੇ ਦੇ ਅਧਿਆਪਨ, ਖੋਜ ਅਤੇ ਪਸਾਰ ਵਿਚਕਾਰ ਤਾਲਮੇਲ ਕਰੇਗਾ। ਸਸਿੱਪ ਵੱਜੋਂ ਇਹ ਪਾਠਕ੍ਰਮ ਰੂਪ-ਰੇਖਾ ਉਲੀਕਣਗੀਆਂ, ਜਿਸ ਦੇ ਅੰਦਰ ਰਹਿ ਕੇ ਉਸਿਸਾਂ ਆਪਣੇ ਪਾਠਕ੍ਰਮ ਆਪ ਵੀ ਤਿਆਰ ਕਰ ਸੱਕਣਗੀਆਂ। ਇੰਞ, ਪੇਮਾਤੈਪਿਆਂ ਵੀ ਸਿੱਖਣ ਤੇ ਅਭਿਆਸ ਦੇ ਵਿਸ਼ੇਸ਼ ਖੇਤਰਾਂ ਵਿਚਲੇ ਮਾਨਕ ਅਤੇ ਆਸਾਂ ਤੈਅ ਕਰਨਗੀਆਂ ਭਾਵੇਂ ਕਿ ਇਹਨਾਂ ਦਾ ਨੇਮਬੰਦੀ ਵਿੱਚ ਕੋਈ ਦਖ਼ਲ ਨਹੀਂ ਹੋਵੇਗਾ। ਸਾਰੀਆਂ ਉਸਿਸਾਂ ਨਿਰਣਾ ਕਰਨਗੀਆਂ ਕਿ ਉਹਨਾਂ ਦੇ ਸਿੱਖਿਆ ਕਾਰਜਕ੍ਰਮ ਹੋਰ ਵਿਚਾਰਯੋਗ ਗੱਲਾਂ ਦੇ ਨਾਲ ਇਹਨਾਂ ਮਾਨਕਾਂ ਨੂੰ ਕਿਵੇਂ ਹੁੰਗਾਰਾ ਭਰਦੇ ਹਨ, ਅਤੇ ਜੇ ਲੋੜ ਪਵੇ ਤਾਂ ਉਹ ਸਹਾਇਤਾ ਲਈ ਇਹਨਾਂ ਮਾਨਕ ਤੈਅ ਕਰਨ ਵਾਲੇ ਪਿੰਡਾਂ ਜਾਂ ਪੇਮਾਤੈਪਿ ਕੋਲ ਪਹੁੰਚ ਵੀ ਕਰ ਸਕਦੀਆਂ ਹਨ।

18.8. ਅਜਿਹਾ ਪ੍ਰਣਾਲੀ ਉਸਾਰ ਵੱਖ-ਵੱਖ ਭੂਮਕਾਵਾਂ ਵਿਚਕਾਰ ਹਿੱਤਾਂ ਦੇ ਟਕਰਾਅ ਨੂੰ ਮੁਕਾ ਕੇ ਕਾਰਜੀ ਵਖਰੇਵਾਂ ਯਕੀਨੀ ਬਣਾਏਗਾ। ਇਹ ਯਕੀਨੀ ਬਣਾਉਂਦੇ ਹੋਏ ਕਿ ਕੁਝ ਕੁੰਜੀਵਤ ਮਾਮਲਿਆਂ ਵੱਲ ਲੋੜੀਂਦਾ ਧਿਆਨ ਦਿੱਤਾ ਜਾਂਦਾ ਹੈ, ਉਸਿਸਾਂ ਦਾ ਸ਼ਕਤੀਕਰਣ ਵੀ ਇਸ ਉਸਾਰ ਦਾ ਟੀਚਾ ਹੋਵੇਗਾ। ਨਾਲ ਦੀ ਨਾਲ, ਜ਼ੁੰਮੇਵਾਰੀ ਤੇ ਜਵਾਬਦੇਹੀ ਵੀ ਉਸਿਸਾਂ ਦੇ ਸਪੁਰਦ ਹੋ ਜਾਵੇਗੀ। ਇਹਨਾਂ ਆਸਾਂ ਪੱਖੋਂ ਜਨਤਕ ਤੇ ਨਿੱਜੀ ਉਸਿਸਾਂ ਵਿਚਕਾਰ ਕੋਈ ਭੇਦ ਨਹੀਂ ਕੀਤਾ ਜਾਵੇਗਾ।

18.9. ਅਜਿਹੀ ਕਾਇਆ-ਪਲਟੀ ਦੀ ਲੋੜ ਹੋਵੇਗੀ ਕਿ ਹਾਲੀਆ ਬਣਤਰਾਂ ਤੇ ਸੰਸਥਾਵਾਂ ਆਪਣੇ ਆਪ ਦੀ ਮੁੜ ਭਾਲ ਕਰਨ ਤੇ ਕਈ ਪੱਖਾਂ ਤੋਂ ਵਿਕਾਸ ਕਰਨ। ਕਾਰਜਾਂ ਦੇ ਵਖਰੇਵੇਂ ਦਾ ਮਤਲਬ ਇਹ ਹੋਵੇਗਾ ਕਿ ਭਾਉਸਿਆ ਦਾ ਹਰ ਥੰਮ੍ਹ ਇੱਕ ਨਵੀਂ ਤੇ ਇਕਹਿਰੀ ਭੂਮਿਕਾ ਹਾਸਲ ਕਰੇਗਾ ਜਿਹੜੀ ਨਵੀਂ ਨੇਮਬੰਦੀ ਵਿਉਂਤ ਵਿੱਚ ਪ੍ਰਸੰਗੀ, ਅਰਥ ਭਰੀ, ਤੇ ਮਹੱਤਾ ਵਾਲੀ ਹੋਵੇਗੀ।

18.10. ਸਾਰੇ ਨੇਮਬੰਦੀ (ਕੌਉਸਿਨੇਪ), ਅੰਕਬੰਦੀ (ਕੌਅੰਪ), ਰਾਸ਼ੀਕਾਰੀ (ਉਸਿਅਪ), ਅਤੇ ਪੀਠੀ ਮਾਨਕ ਤੈਅਕਰਨ (ਸਸਿੱਪ) ਸਵੈਧੀਨ ਥੰਮ੍ਹਾਂ ਅਤੇ ਸਭ ਦੇ ਉੱਤੇ ਸਵੈਧੀਨ ਛਤਰੀ ਪਿੰਡ (ਭਾਉਸਿਆ) ਦਾ ਆਪਣਾ ਕਾਰਜ ਵੀ ਪਾਰਦਰਸ਼ੀ ਜਨਤਕ ਘੋਸ਼ਣਾ 'ਤੇ ਅਤੇ ਆਪਣੇ ਕੰਮ ਵਿੱਚ ਸੁਚਾਰੂਪਨ ਤੇ ਪਾਰਦਰਸ਼ਤਾ ਯਕੀਨੀ ਬਨਾਉਣ ਲਈ ਮਨੁੱਖੀ ਦਖ਼ਲ ਨੂੰ ਘਟਾਉਣ ਲਈ ਤਕਨੀਕੀ ਦੀ ਵੱਡ-ਪਸਾਰੀ ਵਰਤੋਂ 'ਤੇ ਟਿਕਿਆ ਹੋਵੇਗਾ। ਤਕਨੀਕੀ ਦੀ ਵਰਤੋਂ ਕਰਦੇ ਹੋਏ ਅਣਮਾਨਵੀ ਅਤੇ ਪਾਰਦਰਸ਼ੀ ਨੇਮਬੰਦੀ ਦਖ਼ਲ ਬੁਨਿਆਦੀ ਅਸੂਲ ਹੋਵੇਗਾ। ਕਠੋਰ ਕਾਰਵਾਈ ਵਾਲੇ ਪੂਰਾ ਪਾਲਨ ਉਪਾਅ ਯਕੀਨੀ ਬਣਾਏ ਜਾਣਗੇ, ਜਿਨ੍ਹਾਂ ਵਿੱਚ ਸਬੰਧਤ ਜਾਣਕਾਰੀ ਬਾਰੇ ਝੂਠੀ ਘੋਸ਼ਣਾ ਲਈ ਦੰਡ ਵੀ ਸ਼ਾਮਲ ਹੋਵੇਗਾ, ਤਾਂ ਕਿ ਉਚੇਰੀ ਸਿੱਖਿਆ ਸੰਸਥਾਵਾਂ ਮੁੱਢਲੇ ਘੱਟੋ-ਘੱਟ ਮਾਪ ਤੇ ਮਾਨਕਾਂ ਦੀ ਪਾਲਣਾ ਕਰਦੀਆਂ ਰਹਿਣ। ਭਾਉਸਿੱਆ ਇਹਨਾਂ ਚਾਰੇ ਥੰਮ੍ਹਾਂ ਵਿਚਲੇ ਝੇੜਿਆਂ ਦਾ ਨਿਪਟਾਰਾ ਆਪ ਕਰੇਗਾ। ਭਾਉਸਿਆ ਦਾ ਹਰੇਕ ਥੰਮ੍ਹ ਸਵੈਧੀਨ ਪਿੰਡ ਹੋਵੇਗਾ ਜਿਸ ਵਿੱਚ ਸਬੰਧਤ ਖੇਤਰ ਵਿੱਚ ਉੱਚ ਮੁਹਾਰਤ ਵਾਲੇ ਵਿਅਕਤੀ ਹੋਣਗੇ ਜਿੰਨ੍ਹਾਂ ਦਾ ਨਾਲ ਦੀ ਨਾਲ ਦਿਆਨਤਦਾਰੀ, ਵਚਨਬੱਧੀ, ਅਤੇ ਜਨਤਕ ਸੇਵਾ ਦਾ ਵੀ ਪ੍ਰਤੱਖ ਪ੍ਰਮਾਣ ਹੋਵੇ। ਭਾਉਸਿਆ ਆਪ ਉਚੇਰੀ ਸਿੱਖਿਆ ਵਿੱਚ ਜਨਤਕ-ਭਾਵਨਾ ਵਾਲੇ ਸਿਰਮੌਰ ਮਾਹਰਾਂ ਵਾਲਾ ਛੋਟਾ ਸਵਾਧੀਨ ਪਿੰਡ ਹੋਵੇਗਾ, ਜਿਹੜਾ ਭਾਉਸਿਆ ਦੀ ਦਿਆਨਤਦਾਰੀ ਅਤੇ ਪ੍ਰਭਾਵੀ ਕਾਰਜ ਕਰਨ ਤੇ ਨਜ਼ਰ ਰੱਖੇਗਾ ਅਤੇ ਸਲਾਹ ਦੇਵੇਗਾ। ਝਗੜੇ ਨਿਪਟਾਉਣ ਸਮੇਤ, ਇਸ ਦੇ ਕਾਰਜਾਂ ਨੂੰ ਚਲਾਉਣ ਲਈ, ਭਾਉਸਿਆ ਦੇ ਅੰਦਰ ਢੁੱਕਵੀਆਂ ਵਿਧੀਆਂ ਘੜੀਆਂ ਜਾਣਗੀਆਂ।

18.11. ਨੇਮਬੰਦੀ ਪ੍ਰਸ਼ਾਸਨ ਪੱਧਤੀ ਨਵੀਆਂ ਉੱਤਮ ਉਸਿਸਾਂ ਥਾਪਣ ਨੂੰ ਬਹੁਤ ਵੱਧ ਸੌਖਿਆਂ ਕਰੇਗੀ, ਨਾਲ ਦੀ ਨਾਲ ਇਹ ਪੂਰੇ ਪ੍ਰਭਾਵ ਨਾਲ ਯਕੀਨੀ ਬਣਾਉਂਦੇ ਹੋਏ ਕਿ ਇਹ ਜਨਤਕ ਸੇਵਾ ਦੀ ਭਾਵਨਾ ਨਾਲ ਅਤੇ ਲੰਮੇਰੇ ਸਮੇਂ ਦੀ

ਸਥਿਰਤਾ ਲਈ ਵਿੱਤੀ ਆਧਾਰ ਨਾਲ ਬਣਾਈਆਂ ਜਾਣ। ਨਿਵੇਕਲੀ ਸਫ਼ਲਤਾ ਵਾਲੀਆਂ ਉਸਿਸਾਂ ਦੀ ਆਪਣੀਆਂ ਸੰਸਥਾਵਾਂ ਦੇ ਪਸਾਰ ਲਈ ਕੇਂਦਰੀ ਤੇ ਰਾਜ ਸਰਕਾਰਾਂ ਮਦਦ ਕਰਨਗੀਆਂ, ਤੇ ਇੰਞ ਉਹ ਵਿਸ਼ਿਆਂ ਤੇ ਕਾਰਜਕ੍ਰਮਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਅਧਿਆਪਨ ਹਾਸਲ ਕਰ ਸੱਕਣਗੀਆਂ। ਉੱਚ-ਗੁਣਵੱਤਾ ਵਾਲੀ ਉਚੇਰੀ ਸਿੱਖਿਆ ਦੀ ਪਹੁੰਚ ਦੇ ਪਸਾਰ ਦੇ ਟੀਚੇ ਨੂੰ ਸਾਹਵੇਂ ਰੱਖਦੇ ਹੋਏ ਉਸਿਸਾਂ ਲਈ ਜਨਤਕ-ਲੋਕਭਲਾਈ ਸਾਂਝ ਨਮੂਨਿਆਂ ਦੀ ਅਗਵਾਈ ਵੀ ਕੀਤੀ ਜਾ ਸਕਦੀ ਹੈ।

## ਸਿੱਖਿਆ ਦੇ ਵਪਾਰੀਕਰਣ ਨੂੰ ਠੱਲ੍ਹ

18.12. ਅਟਕਾਅ ਤੇ ਸਾਵਾਂਕਰਣ ਦੇ ਇੱਕ ਤੋਂ ਵੱਧ ਢੰਗ ਉਚੇਰੀ ਸਿੱਖਿਆ ਦੇ ਵਪਾਰੀਕਰਣ 'ਤੇ ਹੱਲਾ ਬੋਲਣਗੇ ਤੇ ਇਸ ਨੂੰ ਰੋਕਣਗੇ। ਨੇਮਬੰਦੀ ਪ੍ਰਣਾਲੀ ਦੀ ਇਹ ਕੁੰਜੀਵਤ ਪਹਿਲ ਹੋਵੇਗੀ। ਸਾਰੀਆਂ ਸਿੱਖਿਆ ਸੰਸਥਾਵਾਂ 'ਤੇ ਲੇਖਾ-ਪੜਤਾਲ ਤੇ 'ਧਨ ਲਾਭ ਲਈ ਨਹੀਂ' ਇਕਾਈ ਵੱਜੋਂ ਘੋਸ਼ਣਾ ਦੇ ਇੱਕੋ ਜਿਹੇ ਮਾਨਕ ਲਾਗੂ ਹੋਣਗੇ। ਜੇ ਕੋਈ ਵਾਧੂ ਧਨ ਲਾਭ ਹੋਵੇਗਾ ਤਾਂ ਉਹ ਸਿੱਖਿਆ ਖੇਤਰ ਵਿੱਚ ਹੀ ਵਾਪਸ ਲਾਇਆ ਜਾਵੇਗਾ। ਇਹਨਾਂ ਸਾਰੇ ਵਿੱਤੀ ਮਾਮਲਿਆਂ ਦੀ ਪਾਰਦਰਸ਼ੀ ਜਨਤਕ ਘੋਸ਼ਣਾ ਹੋਵੇਗੀ ਤੇ ਨਾਲ ਆਮ ਜਨਤਾ ਲਈ ਔਕੜ-ਨਬੇੜਨ ਦੇ ਉਪਾਵਾਂ ਦੀ ਵਿਵਸਥਾ ਹੋਵੇਗੀ। ਕੌਅੰਪ ਵੱਲੋਂ ਵਿਕਸਤ ਅੰਕੀਕਰਣ ਪ੍ਰਣਾਲੀ ਇਸ ਪ੍ਰਣਾਲੀ 'ਤੇ ਪੂਰਕ ਅਟਕਾਅ ਦਾ ਕੰਮ ਕਰੇਗੀ, ਅਤੇ ਕੌਉਸਿਖੋਪ ਇਸ ਨੂੰ ਆਪਣੇ ਨੇਮਬੰਦੀ ਉਦੇਸ਼ਾਂ 'ਚੋਂ ਇੱਕ ਕੁੰਜੀਵਤ ਹਿੱਸਾ ਮੰਨੇਗੀ।

18.13. ਇਸ ਨੇਮਬੰਦੀ ਪ੍ਰਸ਼ਾਸਨ ਪੱਧਤੀ ਵਿੱਚ ਸਾਰੀਆਂ ਉਸਿਸਾਂ - ਜਨਤਕ ਤੇ ਨਿੱਜੀ - ਨਾਲ ਇੱਕੋ ਜਿਹਾ ਵਿਹਾਰ ਹੋਵੇਗਾ। ਇਹ ਨੇਮਬੰਦੀ ਪ੍ਰਸ਼ਾਸਨ ਪੱਧਤੀ ਸਿੱਖਿਆ ਵਿੱਚ ਨਿੱਜੀ ਲੋਕਭਲਾਈ ਯਤਨਾਂ ਨੂੰ ਉਤਸ਼ਾਹ ਦੇਵੇਗੀ। ਜਿਹੜੇ ਵਿਧਾਨੀ ਕਨੂੰਨਾਂ ਰਾਹੀਂ ਨਿੱਜੀ ਉਸਿਸਾਂ ਦੀ ਥਾਪਣਾ ਹੋਵੇਗੀ ਉਹਨਾਂ ਸਾਰਿਆਂ ਲਈ ਸਾਂਝੀਆਂ ਕੌਮੀ ਸੇਧਾਂ ਹੋਣਗੀਆਂ। ਇਹ ਸਾਂਝੀਆਂ ਘੱਟੋ-ਘੱਟ ਸੇਧਾਂ ਇਹਨਾਂ ਸਾਰੇ ਕਨੂੰਨਾਂ ਨੂੰ ਨਿੱਜੀ ਉਸਿਸਾਂ ਦੀ ਥਾਪਣਾ ਦੇ ਯੋਗ ਬਨਾਉਣਗੀਆਂ; ਇੰਞ, ਨਿੱਜੀ ਤੇ ਜਨਤਕ ਉਸਿਸਾਂ ਲਈ ਸਾਂਝੇ ਮਾਨਕ ਸੰਭਵ ਹੋਣਗੇ। ਇਹਨਾਂ ਸਾਂਝੀਆਂ ਸੇਧਾਂ ਵਿੱਚ ਚੰਗਾ ਪ੍ਰਸ਼ਾਸਨ, ਵਿੱਤੀ ਸਥਿਰਤਾ ਤੇ ਸੁਰੱਖਿਆ, ਸਿੱਖਿਆ ਸਿੱਟੇ, ਅਤੇ ਘੋਸ਼ਣਾਵਾਂ ਦੀ ਪਾਰਦਰਸ਼ਤਾ ਸ਼ਾਮਲ ਹੋਵੇਗੀ। .

18.14. ਲੋਕਭਲਾਈ ਤੇ ਜਨਤਕ ਭਾਵਨਾ ਦੇ ਆਸ਼ੇ ਵਾਲੀਆਂ ਉਸਿਸਾਂ ਨੂੰ ਫ਼ੀਸ ਤੈਅ ਕਰਨ ਦੀ ਸੁਧਰਵੀਂ ਪ੍ਰਸ਼ਾਸਨ ਪੱਧਤੀ ਰਾਹੀਂ ਉਤਸ਼ਾਹ ਦਿੱਤਾ ਜਾਵੇਗਾ। ਵੱਖ-ਵੱਖ ਤਰ੍ਹਾਂ ਦੀਆਂ ਸੰਸਥਾਵਾਂ ਲਈ ਉਹਨਾਂ ਦੇ ਅੰਕੀਕਰਣ ਦੇ ਆਧਾਰ 'ਤੇ ਇੱਕ ਉਤਲੀ ਸੀਮਾ ਵਾਲੇ ਪਾਰਦਰਸ਼ੀ ਢੰਗ ਦਾ ਵਿਕਾਸ ਕੀਤਾ ਜਾਵੇਗਾ, ਤਾਂ ਕਿ ਕੱਲੀਆਂ-ਕਾਰੀਆਂ ਸੰਸਥਾਵਾਂ 'ਤੇ ਉਲਟਾ ਅਸਰ ਨਾ ਹੋਵੇ। ਇਹ ਨਿੱਜੀ ਉਸਿਸਾਂ ਨੂੰ ਆਪਣੇ ਕਾਰਜਕ੍ਰਮਾਂ ਲਈ ਸੁਤੰਤਰ ਤੌਰ 'ਤੇ ਫੀਸਾਂ ਤੈਅ ਕਰਨ ਦੀ ਸ਼ਕਤੀ ਦੇਵੇਗਾ, ਭਾਵੇਂ ਕਿ ਇਹ ਤੈਅ ਪ੍ਰਤਿਮਾਨਾਂ ਅਤੇ ਮੋਟੇ ਤੌਰ 'ਤੇ ਲਾਗੂ ਨੇਮਬੰਦੀ ਢੰਗ ਦੇ ਅੰਦਰ ਰਹਿ ਕੇ ਹੀ ਹੋਵੇਗਾ। ਆਪਣੇ ਵਿਦਿਆਰਥੀਆਂ ਨੂੰ ਅਰਥ ਭਰਪੂਰ ਗਿਣਤੀ ਵਿੱਚ ਫ਼ੀਸ ਮਾਫ਼ੀਆਂ ਤੇ ਵਜ਼ੀਫੇ ਦੇਣ ਲਈ ਨਿੱਜੀ ਉਸਿਸਾਂ ਨੂੰ ਉਤਸ਼ਾਹ ਦਿੱਤਾ ਜਾਵੇਗਾ। ਨਿੱਜੀ ਉਸਿਸਾਂ ਵੱਲੋਂ ਤੈਅ ਸਾਰੀਆਂ ਫ਼ੀਸਾਂ ਤੇ ਚੰਦਿਆਂ ਦੀ ਪਾਰਦਰਸ਼ੀ ਤੇ ਪੂਰੀ ਘੋਸ਼ਣਾ ਹੋਵੇਗੀ, ਅਤੇ ਦਾਖ਼ਲੇ ਦੇ ਸਾਰੇ ਸਮੇਂ ਵੇਲੇ ਕਿਸੇ ਵਿਦਿਆਰਥੀ ਦੀ ਫ਼ੀਸ/ਚੰਦੇ ਵਿੱਚ ਮਨ-ਮੰਨਿਆਂ ਵਾਧਾ ਨਹੀਂ ਹੋਵੇਗਾ। ਇਹ ਫ਼ੀਸ ਤੈਅ ਕਰਨ ਦਾ ਢੰਗ ਲਾਗਤ ਦੀ ਤਰਕਸੰਗਤ ਭਰਪਾਈ ਯਕੀਨੀ ਬਣਾਏਗਾ, ਨਾਲ ਦੀ ਨਾਲ ਇਹ ਵੀ ਯਕੀਨੀ ਬਣਾਂਦੇ ਹੋਏ ਕਿ ਉਸਿਸਾਂ ਆਪਣੀਆਂ ਸਮਾਜੀ ਜ਼ੁੰਮੇਵਾਰੀਆਂ ਨੂੰ ਨਿਭਾਉਣ।

## 19. ਉਚੇਰੀ ਸਿੱਖਿਆ ਸੰਸਥਾਵਾਂ ਲਈ ਪ੍ਰਭਾਵੀ ਪ੍ਰਸ਼ਾਸਨ ਅਤੇ ਅਗਵਾਈ

19.1. ਪ੍ਰਭਾਵੀ ਪ੍ਰਸ਼ਾਸਨ ਅਤੇ ਅਗਵਾਈ ਹੀ ਉਚੇਰੀ ਸਿੱਖਿਆ ਸੰਸਥਾਵਾਂ ਨੂੰ ਉੱਤਮਤਾ ਤੇ ਕਾਢ ਸੱਭਿਆਚਾਰ ਦੀ ਸਿਰਜਣਾ ਦੇ ਯੋਗ ਬਣਾਉਂਦੀ ਹੈ। ਭਾਰਤ ਸਮੇਤ ਭੂਮੰਡਲ 'ਤੇ ਜੱਗ-ਪੱਧਰ ਦੀਆਂ ਸਾਰੀਆਂ ਸੰਸਥਾਵਾਂ ਦਾ ਸਾਂਝਾ ਲੱਛਣ ਵਾਕਿਆ ਹੀ ਤਗੜਾ ਪ੍ਰਸ਼ਾਸਨ ਅਤੇ ਸੰਸਥਾਵੀ ਆਗੂਆਂ ਦੀ ਉੱਤਮਤਾ ਦੇ ਆਧਾਰ 'ਤੇ ਭਰਤੀ ਰਿਹਾ ਹੈ।

19.2. ਦਰਜਾਵਾਰ ਅੰਕਬੰਦੀ ਅਤੇ ਦਰਜਾਵਾਰ ਸਵੈਧੀਨਤਾ ਦੀ ਢੁੱਕਵੀਂ ਪ੍ਰਣਾਲੀ, ਅਤੇ ਅਗਲੇ 15 ਸਾਲਾਂ ਵਿੱਚ ਪੜਾਅਵਾਰ, ਭਾਰਤ ਦੀਆਂ ਸਾਰੀਆਂ ਉਸਿਸਾਂ ਦਾ ਟੀਚਾ ਕਾਢ ਅਤੇ ਉੱਤਮਤਾ ਵੱਲ ਵਧਦੀਆਂ ਸਵੈਧੀਨ ਸਵੈ-ਪ੍ਰਸ਼ਾਸਤ ਸੰਸਥਾਵਾਂ ਬਣਨਾ ਹੋਵੇਗਾ। ਸਰਬਉੱਚ ਪੱਧਰ ਦੀ ਅਗਵਾਈ ਯਕੀਨੀ ਬਨਾਉਣ ਅਤੇ ਉੱਤਮਤਾ ਦੇ ਸੰਸਥਾਵੀ ਸੱਭਿਆਚਾਰ ਦੇ ਵਾਧੇ ਲਈ ਸਾਰੀਆਂ ਉਸਿਸਾਂ ਵਿੱਚ ਕਦਮ ਚੁੱਕੇ ਜਾਣਗੇ। ਢੁੱਕਵੀਂ ਦਰਜਾਵਾਰ ਅੰਕਬੰਦੀ ਹਾਸਲ ਕਰ ਲੈਣ ਤੋਂ ਬਾਅਦ, ਜਿਹੜੀ ਅਜਿਹਾ ਕਦਮ ਚੁੱਕਣ ਲਈ ਤਿਆਰ ਕਰੇਗੀ, ਉੱਚ-ਪੱਧਰੀ ਯੋਗਤਾਵਾਂ ਵਾਲੇ, ਸਮਰੱਥ, ਅਤੇ ਪ੍ਰਮਾਣੀਆਂ ਸਮਰਥਾਵਾਂ ਅਤੇ ਸੰਸਥਾ ਲਈ ਵੱਚਨਬੱਧੀ ਦੀ ਤਗੜੀ ਭਾਵਨਾ ਰੱਖਣ ਵਾਲੇ ਪਰਨਾਏ ਵਿਅਕਤੀਆਂ ਵਾਲਾ ਪ੍ਰਸ਼ਾਸਕਾਂ ਦਾ ਬੋਰਡ (ਪ੍ਰਬੋ) ਥਾਪਿਆ ਜਾਵੇਗਾ। ਕਿਸੇ ਸੰਸਥਾ ਦਾ ਪ੍ਰਬੋ ਵੱਲੋਂ ਸੰਸਥਾ ਦੇ ਕਿਸੇ ਬਾਹਰੀ ਦਖਲ ਤੋਂ ਬਿਨਾਂ ਪ੍ਰਸ਼ਾਸਨ ਲਈ, ਸੰਸਥਾ ਦੇ ਮੁਖੀ ਸਮੇਤ ਸਾਰੀਆਂ ਭਰਤੀਆਂ ਲਈ, ਅਤੇ ਪ੍ਰਸ਼ਾਸਨ ਸਬੰਧੀ ਸਾਰੇ ਨਿਰਣੇ ਲੈਣ ਲਈ ਸ਼ਕਤੀਕਰਣ ਕੀਤਾ ਜਾਵੇਗਾ। ਇੱਕ ਸਰਬ-ਉੱਪਰੀ ਵਿਧਾਨੀ ਵਿਵਸਥਾ ਹੋਵੇਗੀ ਜਿਹੜੀ ਪਹਿਲੀਆਂ ਵਿਧਾਨੀ ਵਿਵਿਸਥਾਵਾਂ ਦੇ ਵਿਰੋਧੀ ਵਿਧਾਨਾਂ ਤੋਂ ਉੱਪਰ ਹੋਵੇਗੀ ਅਤੇ ਸੰਵਿਧਾਨ, ਭਰਤੀ, ਕਾਰਜਕਾਰੀ ਦੇ ਰੂਪਵਿਧਾਨ, ਨੇਮ ਤੇ ਨੇਮਬੰਦੀਆਂ, ਅਤੇ ਪ੍ਰਬੋ ਦੀਆਂ ਭੂਮਿਕਾਵਾਂ ਤੇ ਜ਼ੁੰਮੇਵਾਰੀਆਂ ਦਾ ਬਿਓਰਾ ਦੇਵੇਗੀ। ਬੋਰਡ ਦੇ ਨਵੇਂ ਸਦੱਸਾਂ ਦੀ ਭਾਲ ਬੋਰਡ ਵੱਲੋਂ ਥਾਪੀ ਮਾਹਰਾਂ ਦੀ ਸਮਿਤੀ ਕਰੇਗੀ; ਅਤੇ ਨਵੇਂ ਸਦੱਸਾਂ ਦੀ ਚੋਣ ਪ੍ਰਬੋ ਖੁਦ ਕਰੇਗਾ। ਸਦੱਸਾਂ ਦੀ ਚੋਣ ਵੇਲੇ ਇੱਕ-ਸਮਾਨਤਾ ਦੇ ਵਿਚਾਰ ਦਾ ਧਿਆਨ ਰੱਖਿਆ ਜਾਵੇਗਾ। ਇਹ ਚਿਤਵਿਆ ਗਿਆ ਹੈ ਕਿ ਇਸ ਅਮਲ ਵੇਲੇ ਸਾਰੀਆਂ ਉਸਿਸਾਂ ਨੂੰ ਪ੍ਰੋਤਸਾਹਨ, ਸਹਾਰਾ, ਤੇ ਸਲਾਹ ਦਿੱਤੀ ਜਾਵੇਗੀ ਅਤੇ ਸਾਰੀਆਂ ਉਸਿਸਾਂ ਦਾ ਟੀਚਾ 2035 ਤੱਕ ਸਵੈਧੀਨ ਬਣਨਾ ਤੇ ਅਜਿਹਾ ਸ਼ਕਤੀਸੰਪਨ ਪ੍ਰਬੋ ਹਾਸਲ ਕਰਨਾ ਹੋਵੇਗਾ।

19.3. ਪ੍ਰਬੋ ਸਾਰੇ ਸਬੰਧਤ ਸੰਭਾਲ-ਦਸਤਾਵੇਜ਼ਾਂ (ਰਿਕਾਰਡਜ਼) ਦੀਆਂ ਪਾਰਦਰਸ਼ੀ ਸਵੈ-ਘੋਸ਼ਣਾਵਾਂ ਰਾਹੀਂ ਸਾਰੇ ਹਿੱਤਧਾਰੀਆਂ ਵੱਲ ਜ਼ੁੰਮੇਵਾਰ ਅਤੇ ਜਵਾਬਦੇਹ ਹੋਵੇਗਾ। ਇਹ ਭਾਉਸਿਆ ਦੀਆਂ ਕੌਮੀ ਉਚੇਰੀ ਸਿੱਖਿਆ ਨੇਮਬੰਦੀ ਪਰਿਸ਼ਦ ਰਾਹੀਂ ਤੈਅ ਨੇਮਬੰਦੀ ਸੇਧਾਂ ਨੂੰ ਪੂਰਾ ਕਰਨ ਲਈ ਜ਼ੁੰਮੇਵਾਰ ਹੋਵੇਗਾ।

19.4. ਅਗਵਾਈ ਵਾਲੇ ਅਤੇ ਸੰਸਥਾਵਾਂ ਦੇ ਮੁਖੀਆਂ ਵਾਲੇ ਸਾਰੇ ਥਾਂ ਉੱਚ ਪੀਠੀ ਯੋਗਤਾਵਾਂ ਤੇ ਪ੍ਰਮਾਣੀਆਂ ਪ੍ਰਸ਼ਾਸਨੀ ਅਤੇ ਅਗਵਾਈ ਦੀਆਂ ਸਮਰਥਾਵਾਂ ਵਾਲੇ ਵਿਅਕਤੀਆਂ ਨੂੰ ਸੌਂਪੇ ਜਾਣਗੇ ਜਿਹੜੇ ਨਾਲ ਦੀ ਨਾਲ ਗੁੰਝਲਦਾਰ ਸਥਿਤੀਆਂ ਦੇ ਪ੍ਰਬੰਧ ਦੀਆਂ ਯੋਗਤਾਵਾਂ ਵੀ ਰੱਖਦੇ ਹੋਣ। ਉਸਿਸ ਦੇ ਆਗੂ ਤਗੜੀ ਸਮਾਜੀ ਵੱਚਨਬੱਧੀ, ਰਲ-ਮਿਲ ਕੰਮ ਕਰਨ ਵਿੱਚ ਭਰੋਸਾ, ਬਹੁਲਤਾਵਾਦ, ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਕੰਮ ਕਰਨ ਦੀ ਯੋਗਤਾ ਅਤੇ ਹਾਂ-ਪੱਖੀ ਬਿਰਤੀ ਦੇ ਗੁਣਾਂ ਦੇ ਨਾਲ-ਨਾਲ ਸੰਵਿਧਾਨੀ ਕਦਰਾ-ਕੀਮਤਾਂ ਅਤੇ ਸੰਸਥਾ ਦੀ ਪੂਰਨ ਸੂਝ ਨਾਲ ਤਗੜੀ ਤਰ੍ਹਾਂ ਜੁੜੇ ਹੋਣ ਦੀ ਝਲਕ ਦੇਣਗੇ। ਪ੍ਰਬੋ ਕਰੜੇ, ਨਿਰਪੱਖ, ਉੱਤਮਤਾ ਅਧਾਰੀ, ਅਤੇ ਸਮਰੱਥਾ ਅਧਾਰੀ ਅਮਲ ਰਾਹੀਂ ਚੋਣ ਦਾ ਕੰਮ ਕਰੇਗਾ ਅਤੇ ਪ੍ਰਬੋ ਵੱਲੋਂ ਥਾਪੀ 'ਉੱਘੇ ਮਾਹਰ ਸਮਿਤੀ' (ਉਮਾਸ) ਇਸ ਦੀ ਅਗਵਾਈ ਕਰੇਗੀ। ਲੋੜੀਂਦੇ ਸੱਭਿਆਚਾਰ ਦੇ ਵਿਕਾਸ ਨੂੰ ਯਕੀਨੀ ਬਨਾਉਣ ਲਈ ਸੇਵਾ-ਕਾਲ ਦੀ ਸਥਿਰਤਾ ਭਾਵੇਂ ਮਹੱਤਵਪੂਰਨ ਹੈ, ਪਰ ਨਾਲ ਦੀ ਨਾਲ ਇਹ ਯਕੀਨੀ ਬਨਾਉਣ ਲਈ ਕਿ ਸੰਸਥਾ ਦੇ ਅਮਲਾਂ ਨੂੰ ਪਰਿਭਾਸ਼ਤ ਕਰਨ ਵਾਲੀਆਂ ਵਧੀਆਂ ਰੀਤਾਂ ਅਗਵਾਈ ਦੇ ਬਦਲਣ ਨਾਲ ਹੀ ਨਾ ਮੁੱਕ ਜਾਣ, ਅਗਵਾਈ ਬਦਲਣ ਦੀ ਧਿਆਨ ਨਾਲ ਯੋਜਨਾਬੰਦੀ ਕੀਤੀ ਜਾਵੇਗੀ; ਰਵਾਂਦਾਰ ਬਦਲਾਅ ਯਕੀਨੀ ਬਨਾਉਣ ਲਈ ਅਗਵਾਈ ਦੇ ਬਦਲਾਅ ਸੰਤੋਖਜਨਕ ਸ਼ਕਤੀ-ਸਾਂਝ (ਓਵਰਲੈਪ) ਨਾਲ ਹੋਣਗੇ। ਸਿਰਕੱਢ ਆਗੂਆਂ ਦੀ ਵੇਲੇ ਸਿਰ ਪਛਾਣ ਤੇ ਅਗਵਾਈ ਵਾਲੇ ਥਾਵਾਂ ਦੀ ਪੌੜੀ ਤੇ ਪਾ ਕੇ ਵਿਕਾਸ ਕੀਤਾ ਜਾਵੇਗਾ।

19.5. ਲੋੜੀਂਦੀ ਰਾਸ਼ੀਕਾਰੀ, ਵਿਧਾਨੀ ਸ਼ਕਤੀਕਰਣ, ਅਤੇ ਪੜਾਅ-ਵਾਰ ਸਵੈਧੀਨਤਾ ਦਿੱਤੇ ਜਾਣ ਦੇ ਨਾਲ ਨਾਲ ਉਸਿਸਾਂ ਮੋੜਵੇਂ ਤੌਰ 'ਤੇ ਸੰਸਥਾਵੀ ਉੱਤਮਤਾ ਨਾਲ ਵਚਨਬੱਧੀ, ਸਥਾਨੀ ਜਨ-ਸਮੂਹਾਂ ਨਾਲ ਭਿਆਲੀ, ਅਤੇ ਵਿੱਤੀ ਦਿਆਨਤਦਾਰੀ ਤੇ ਜਵਾਬਦੇਹੀ ਦੇ ਸਰਬਉੱਚ ਪੱਧਰਾਂ ਦਾ ਪ੍ਰਦਰਸ਼ਨ ਕਰਨਗੀਆਂ। ਹਰ ਇੱਕ ਸੰਸਥਾ ਰਣਨੀਤਵੀ 'ਸੰਸਥਾਵੀ ਵਿਕਾਸ ਯੋਜਨਾ' ਘੜੇਗੀ ਜਿਸ ਦੀ ਨੀਂਹ 'ਤੇ ਸੰਸਥਾਵਾਂ ਪਹਿਲਕਦਮੀਆਂ ਦਾ ਵਿਕਾਸ, ਆਪਣੀ ਪ੍ਰਗਤੀ ਦਾ ਮੁਲਾਂਕਣ, ਅਤੇ ਯੋਜਨਾ ਵਿੱਚ ਅੰਕੇ ਉਦੇਸ਼ ਹਾਸਲ ਕਰਨਗੀਆਂ, ਜਿਹੜੇ ਮੁੜ ਉਹਨਾਂ ਦੀ ਹੋਰ ਜਨਤਕ ਰਾਸ਼ੀਕਾਰੀ ਲਈ ਨੀਂਹ ਬਣਨਗੇ। ਸੰਵਿਯੋ ਬੋਰਡ ਸਦੱਸਾਂ, ਸੰਸਥਾਵੀ ਆਗੂਆਂ, ਅਧਿਆਪਨ ਅਮਲੇ, ਵਿਦਿਆਰਥੀਆਂ, ਅਤੇ ਅਮਲੇ ਦੀ ਸਾਂਝੀ ਹਿੱਸੇਦਾਰੀ ਨਾਲ ਤਿਆਰ ਕੀਤੀ ਜਾਵੇਗੀ।

# ਭਾਗ - III ਧਿਆਨ ਦੇ ਕੇਂਦਰ ਲਈ ਹੋਰ ਕੁੰਜੀਵਤ ਖੇਤਰ

## 20. ਪੇਸ਼ਾਵੀ ਸਿੱਖਿਆ

20.1. ਪੇਸ਼ਾਵੀਆਂ ਦੀ ਤਿਆਰੀ ਲਈ ਜਨਤਕ ਉਦੇਸ਼ ਦਾ ਸਦਾਚਾਰ ਤੇ ਮਹੱਤਾ ਦੀ ਸਿੱਖਿਆ, ਅਨੁਸ਼ਾਸਨ ਦੀ ਸਿੱਖਿਆ, ਅਤੇ ਵਿਹਾਰੀ ਵਰਤੋਂ ਦੀ ਸਿੱਖਿਆ ਸ਼ਾਮਲ ਹੋਣੀ ਚਾਹੀਦੀ ਹੈ। ਇਸ ਦੇ ਕੇਂਦਰ ਵਿੱਚ ਅਲੋਚਨੀ ਤੇ ਬਹੁਵਿਸ਼ਾਵੀ ਸੋਚ, ਵਿਚਾਰ-ਵਟਾਂਦਰਾ, ਵਾਦ-ਵਿਵਾਦ, ਖੋਜ, ਤੇ ਕਾਢ ਹੋਣੇ ਚਾਹੀਦੇ ਹਨ। ਇਹ ਹਾਸਲ ਕਰਨ ਲਈ ਪੇਸ਼ਾਵੀ ਸਿੱਖਿਆ ਕਿਸੇ ਦੀ ਵਿਸ਼ੇਸ਼ੱਗਤਾ ਨਾਲੋਂ ਵੱਖ ਨਹੀਂ ਹੋਣੀ ਚਾਹਦੀ।

20.2. ਇੰਞ, ਪੇਸ਼ਾਵੀ ਸਿੱਖਿਆ ਸਮੁੱਚੀ ਸਿੱਖਿਆ ਪ੍ਰਣਾਲੀ ਦਾ ਅਖੰਡ ਅੰਗ ਬਣ ਜਾਂਦੀ ਹੈ। ਕੱਲੇ-ਕਾਰੇ ਖੇਤੀ-ਬਾੜੀ ਵਿਸ਼ਵਵਿਦਿਆਲੇ, ਕਨੂੰਨ ਵਿਸ਼ਵਵਿਦਿਆਲੇ, ਸਿਹਤ ਵਿਗਿਆਨ ਵਿਸ਼ਵਵਿਦਿਆਲੇ, ਤਕਨੀਕੀ ਵਿਸ਼ਵਵਿਦਿਆਲੇ, ਅਤੇ ਹੋਰ ਖੇਤਰਾਂ ਵਿਚਲੇ ਕੱਲੇ-ਕਾਰੇ ਵਿਸ਼ਵਵਿਦਿਆਲਿਆਂ ਦਾ ਟੀਚਾ ਸਰਬੰਗੀ ਅਤੇ ਬਹੁਵਿਸ਼ਾਵੀ ਸਿੱਖਿਆ ਦੇਣਾ ਹੋਣਾ ਚਾਹੀਦਾ ਹੈ। ਪੇਸ਼ਾਵੀ ਜਾਂ ਸਧਾਰਣ ਸਿੱਖਿਆ ਦੇਣ ਵਾਲੇ ਸਾਰੇ ਵਿਸ਼ਵਵਿਦਿਆਲਿਆਂ ਦਾ ਟੀਚਾ 2030 ਤੱਕ ਦੋਵੇਂ ਸਿਖਿਆਵਾਂ ਅਟੁੱਟ ਤੇ ਅਖੰਡ ਤੌਰ 'ਤੇ ਹਾਸਲ ਕਰਾਉਣ ਵਾਲੀਆਂ ਸੰਸਥਾਵਾਂ/ਜੜੁੱਤਾਂ ਵੱਜੋਂ ਸਜੀਵੀ ਵਿਕਾਸ ਹੋਵੇਗਾ।

20.3. ਜੁੜਵੇਂ ਵਿਸ਼ਿਆਂ ਨਾਲ ਖੇਤੀ-ਬਾੜੀ ਸਿੱਖਿਆ ਨੂੰ ਮੁੜ ਜਿਉਂਦਿਆਂ ਕੀਤਾ ਜਾਵੇਗਾ। ਭਾਵੇਂ ਕਿ ਖੇਤੀ-ਬਾੜੀ ਵਿਸ਼ਵਵਿਦਿਆਲੇ ਦੇਸ ਦੇ ਸਾਰੇ ਵਿਸ਼ਵਵਿਦਿਆਲਿਆਂ ਦਾ 9% ਹਨ, ਪਰ ਖੇਤੀ-ਬਾੜੀ ਤੇ ਜੁੜਵੇਂ ਵਿਗਿਆਨਾਂ ਵਿੱਚ ਦਾਖ਼ਲਾ ਉਚੇਰੀ ਸਿੱਖਿਆ ਵਿੱਚ ਸਾਰੇ ਦਾਖਲਿਆਂ ਦਾ ਬੱਸ 1% ਹੈ। ਬਿਹਤਰ ਹੁਨਰ ਹਾਸਲ ਸਨਾਤਕ ਅਤੇ ਤਕਨੀਕਕਾਰ, ਕਾਢਮੁਖੀ ਖੋਜ, ਅਤੇ ਤਕਨੀਕਾਂ ਤੇ ਰੀਤਾਂ ਨਾਲ ਜੁੜੇ ਮੰਡੀ-ਅਧਾਰੀ ਪਸਾਰ ਰਾਹੀਂ ਖੇਤੀ ਉਤਪਾਦਕਤਾ ਵਧਾਉਣ ਲਈ ਖੇਤੀ-ਬਾੜੀ ਤੇ ਸਹਿਯੋਗੀ ਵਿਸ਼ਿਆਂ ਦੀ ਸਮਰੱਥਾ ਤੇ ਗੁਣਵੱਤਾ ਵਿੱਚ ਸੁਧਾਰ ਹੋਣਾ ਜ਼ਰੂਰੀ ਹੈ। ਸਧਾਰਣ ਸਿੱਖਿਆ ਨਾਲ ਇਕਮਿਕਾਏ ਕਾਰਜਕ੍ਰਮਾਂ ਰਾਹੀਂ ਖੇਤੀ-ਬਾੜੀ ਤੇ ਪਸ਼ੂ-ਉਪਚਾਰ ਵਿਗਿਆਨ ਵਿੱਚ ਪੇਸ਼ਾਵੀਆਂ ਦੀ ਤਿਆਰੀ ਵਿੱਚ ਵੱਡੀ ਪੱਧਰ 'ਤੇ ਵਾਧਾ ਕੀਤਾ ਜਾਵੇਗਾ। ਖੇਤੀ-ਬਾੜੀ ਸਿੱਖਿਆ ਦੀ ਬਣਤਰ ਅਜਿਹੇ ਪੇਸ਼ਾਵੀਆਂ ਦਾ ਵਿਕਾਸ ਕਰਨ ਵੱਲ ਮੁੜੇਗੀ ਜਿਹੜੇ ਘਟਦੇ ਧਰਤ ਉਪਜਾਊਪਨ, ਪੌਣ-ਪਾਣੀ ਬਦਲਾਅ, ਸਾਡੀ ਵਧਦੀ ਜਨਗਿਣਤੀ ਲਈ ਭੋਜਨ ਪਦਾਰਥਾਂ ਵਿੱਚ ਆਤਮ-ਨਿਰਭਰਤਾ, ਆਦਿ ਜਿਹੇ ਨਿਰਣੇਕਾਰੀ ਮੁੱਦਿਆਂ ਤੋਂ ਜਾਣੂ ਹੁੰਦੇ ਹੋਏ ਵੀ ਸਥਾਨੀ ਗਿਆਨ, ਪਰੰਪਰਾਈ ਗਿਆਨ ਤੇ ਨਵੀਆਂ ਪੈਦਾ ਹੁੰਦੀਆਂ ਤਕਨੀਕਾਂ ਨੂੰ ਸਮਝਣ ਤੇ ਵਰਤੋਂ ਦੀ ਯੋਗਤਾ ਰੱਖਦੇ ਹੋਣ। ਖੇਤੀ-ਬਾੜੀ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਤੋਂ ਸਥਾਨੀ ਜਨ-ਸਮੂਹ ਨੂੰ ਸਿੱਧਾ ਲਾਭ ਹੋਣਾ ਚਾਹੀਦਾ ਹੈ; ਇੱਕ ਪਹੁੰਚ ਇਹ ਵੀ ਹੋ ਸਕਦੀ ਹੈ ਪਈ ਤਕਨੀਕ ਦੇ ਸੀਹਣ ਤੇ ਪਸਾਰ ਅਤੇ ਹੰਢਣਸਾਰ ਵਿਧੀਆਂ ਦੀ ਤਰੱਕੀ ਲਈ 'ਖੇਤੀ-ਬਾੜੀ ਤਕਨਾਲੋਜੀ ਬਗੀਚੇ' ਬਣਾਏ ਜਾਣ।

20.4. ਵਡੇਰੀ ਪਹੁੰਚ ਤੇ ਸਮੇਂ-ਸਿਰ ਨਿਆਂ ਹਾਸਲ ਕਰਾਉਣ ਲਈ ਸਰਬੋਤਮ ਰੀਤਾਂ ਅਤੇ ਨਵੀਂਆਂ ਤਕਨੀਕਾਂ ਨੂੰ ਅਪਣਾ ਕੇ ਕਨੂੰਨੀ ਸਿੱਖਿਆ ਨੂੰ ਭੂਮੰਡਲੀ ਪੱਧਰ 'ਤੇ ਮੁਕਾਬਲੇ ਦੇ ਯੋਗ ਹੋਣ ਦੀ ਲੋੜ ਹੈ। ਨਾਲ ਦੀ ਨਾਲ, ਇਹ ਸਮਾਜਿਕ, ਆਰਥਿਕ, ਤੇ ਰਾਜਨੀਤਿਕ ਨਿਆਂ ਦੀਆਂ ਸੰਵਿਧਾਨੀ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਤੇ ਚਾਨਣ ਨਾਲ ਭਰਪੂਰ ਹੋਣੀ ਚਾਹੀਦੀ ਹੈ - ਅਤੇ ਲੋਕਤੰਤਰ, ਕਨੂੰਨ ਦਾ ਰਾਜ, ਤੇ ਮਨੁੱਖੀ ਹੱਕਾਂ ਦੀ ਢੋਣਕਾਰ ਹੋ ਕੇ ਕੌਮੀ ਮੁੜ-ਰਚਨਾ ਵੱਲ ਸੇਧੀ ਹੋਣੀ ਚਾਹੀਦੀ ਹੈ। ਕਨੂੰਨੀ ਅਧਿਐਨਾਂ ਲਈ ਪਾਠਕ੍ਰਮ ਵਿੱਚੋਂ ਕਨੂੰਨ ਚਿੰਤਨ ਦੇ ਇਤਿਹਾਸ, ਨਿਆਂ ਦੇ ਸਿਧਾਂਤ, ਨਿਆਂ-ਸ਼ਾਸਤਰ ਦੀ ਰੀਤ, ਅਤੇ ਹੋਰ ਸਬੰਧਿਤ ਵਿਸ਼ਾ-ਵਸਤੂ ਦੇ ਪ੍ਰਮਾਣ-ਅਧਾਰੀ ਢੰਗ ਦੇ ਨਾਲ-ਨਾਲ ਸਮਾਜ-ਸੱਭਿਆਚਾਰੀ ਪ੍ਰਸੰਗਾਂ ਦਾ ਢੁੱਕਵਾਂ ਅਤੇ ਲੋੜੀਂਦਾ ਝਲਕਾਰਾ ਵੀ ਮਿਲਣਾ ਚਾਹੀਦਾ ਹੈ। ਕਨੂੰਨ ਦੀ ਸਿੱਖਿਆ ਦੇਣ ਵਾਲੀਆਂ ਰਾਜ ਸੰਸਥਾਵਾਂ ਨੂੰ ਭਲਕ ਦੇ ਵਕੀਲਾਂ ਤੇ ਨਿਆਂਕਾਰਾਂ ਲਈ ਦੋ ਭਾਸ਼ਾਵਾਂ ਵਿੱਚ ਸਿੱਖਿਆ ਦੇਣ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ - ਅੰਗਰੇਜ਼ੀ ਵਿੱਚ ਤੇ ਜਿਸ ਰਾਜ ਵਿੱਚ ਸੰਸਥਾ ਵਿਦਮਾਨ ਹੈ ਉਸ ਰਾਜ ਦੀ ਭਾਸ਼ਾ ਵਿੱਚ।

20.5. ਸਿਹਤ ਸੰਭਾਲ ਸਿੱਖਿਆ ਨੂੰ ਮੁੜ ਚਿਤਵਨ ਦੀ ਲੋੜ ਹੈ ਤਾਂ ਕਿ ਸਿੱਖਿਆ ਕਾਰਜਕ੍ਰਮਾਂ ਦੀ ਅਉਧ, ਬਣਤਰ, ਤੇ ਨਮੂਨਾਕਾਰੀ ਸਨਾਤਕਾਂ ਵੱਲੋਂ ਨਿਭਾਈ ਜਾਣ ਵਾਲੀ ਭੂਮਕਾ ਤੇ ਲੋੜਾਂ ਦੇ ਅਨੁਸਾਰੀ ਹੋ ਸੱਕਣ। ਵਿਦਿਆਰਥੀਆਂ ਦਾ ਨਿਸ਼ਚਿਤ ਸਮਿਆਂ 'ਤੇ ਚੰਗੀ ਤਰ੍ਹਾਂ ਪਰਿਭਾਸ਼ੇ ਕਾਰਕਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ ਜਿੰਨਾਂ ਦੀ ਮੁੱਢਲੀ ਸਿਹਤ ਸੰਭਾਲ ਅਤੇ ਦੂਜੀ ਪੱਧਰ ਦੇ ਉਪਚਾਰ ਘਰਾਂ (ਹਾਸਪਿਟਲਜ਼) ਵਿੱਚ ਲੋੜ ਪੈਂਦੀ ਹੈ। ਸਿਹਤ ਸੰਭਾਲ ਵਿੱਚ ਲੋਕਾਂ ਨੂੰ ਇੱਕ ਤੋਂ ਵੱਧ ਬਦਲਾਂ ਦੀ ਸੁਵਿਧਾ ਲਈ ਸਾਡੀ ਸਿਹਤ ਸੰਭਾਲ ਸਿੱਖਿਆ ਅਖੰਡੀ ਹੋਣੀ ਚਾਹੀਦੀ ਹੈ, ਜਿਸ ਤੋਂ ਭਾਵ ਹੈ ਕਿ ਉਲਟ-ਉਪਚਾਰ ਵਿਗਿਆਨ (ਐਲੋਪੈਥੀ) ਦੇ ਸਾਰੇ ਵਿਦਿਆਰਥੀਆਂ ਨੂੰ ਅਯੁਰਵੇਦ, ਯੋਗ, ਪ੍ਰਕਿਰਤੀ-ਉਪਚਾਰ, ਯੂਨਾਨੀ, ਸਿੱਧ, ਤੇ ਸਮ-ਉਪਚਾਰ (ਹੋਮਿਓਪੈਥੀ), (ਅਯੂਸ਼), ਦੀ ਮੁੱਢਲੀ ਸਮਝ ਹੋਣੀ ਚਾਹੀਦੀ ਹੈ, ਤੇ ਇਸ ਦੇ ਉਲਟ ਵੀ। ਸਿਹਤ ਸਿੱਖਿਆ ਦੀ ਹਰ ਵਿਧੀ ਵਿੱਚ ਰੋਗ-ਰੋਕੂ ਸਿਹਤ-ਸੰਭਾਲ ਅਤੇ ਜਨ-ਸਮੂਹ ਉਪਚਾਰ ‘ਤੇ ਵੀ ਵਧੇਰੇ ਜ਼ੋਰ ਹੋਵੇਗਾ।

20.6. ਤਕਨੀਕੀ ਸਿੱਖਿਆ ਵਿੱਚ ਜੰਤਰਕੀ, ਤਕਨਾਲੋਜੀ, ਪ੍ਰਬੰਧ, ਭਵਨ ਉਸਾਰੀ, ਨਗਰ ਯੋਜਨਾਬੰਦੀ, ਔਖਧ ਵਿਗਿਆਨ, ਸਰਾਂ ਪ੍ਰਬੰਧ, ਭੋਜਨ-ਪ੍ਰਬੰਧ ਤਕਨਾਲੋਜੀ, ਆਦਿ ਵਿੱਚ ਉਪਾਧੀ ਤੇ ਸਨਦ ਕਾਰਜਕ੍ਰਮ ਸ਼ਾਮਲ ਹਨ ਜਿਹੜੇ ਭਾਰਤ ਦੇ ਸਮੁੱਚੇ ਵਿਕਾਸ ਲਈ ਨਿਰਣੇਕਾਰੀ ਹਨ। ਇਹਨਾਂ ਖੇਤਰਾਂ ਵਿੱਚ ਉੱਚ-ਯੋਗਤਾ ਵਾਲੀ ਕਾਮਾ-ਸ਼ਕਤੀ ਦੀ ਵਡੇਰੀ ਮੰਗ ਈ ਨਹੀਂ ਹੋਣ ਵਾਲੀ, ਬਲਕਿ ਇਹਨਾਂ ਖੇਤਰਾਂ ਵਿੱਚ ਕਾਢ ਤੇ ਖੋਜ ਸ਼ਾਮਲ ਕਰਨ ਲਈ ਉਦਯੋਗ ਤੇ ਉਚੇਰੀ ਸਿੱਖਿਆ ਸੰਸਥਾਵਾਂ ਵਿਚਕਾਰ ਹੋਰ ਨੇੜਲੇ ਸਹਿਯੋਗ ਦੀ ਵੀ ਲੋੜ ਹੋਵੇਗੀ। ਇਸ ਤੋਂ ਵੀ ਅੱਗੇ, ਇਹ ਵੀ ਆਸ ਕੀਤੀ ਜਾਂਦੀ ਪਈ ਹੈ ਕਿ ਮਨੁੱਖੀ ਉੱਦਮਾਂ ਤੇ ਤਕਨਾਲੋਜੀ ਦਾ ਅਸਰ ਤਕਨੀਕੀ ਸਿੱਖਿਆ ਤੇ ਦੂਜੇ ਵਿਸ਼ਿਆਂ ਵਿਚਕਾਰਲੀਆਂ ਕੰਧਾਂ ਵੀ ਢਾਹ ਦੇਣ ਵਾਲਾ ਹੈ। ਇੰਵ, ਤਕਨੀਕੀ ਸਿੱਖਿਆ ਵੀ ਬਹੁਵਿਸ਼ਾਵੀ ਸਿੱਖਿਆ ਸੰਸਥਾਵਾਂ ਤੇ ਕਾਰਜਕ੍ਰਮਾਂ ਵਿੱਚ ਹੀ ਦਿੱਤੀ ਜਾਵੇਗੀ ਅਤੇ ਦੂਜੇ ਵਿਸ਼ਿਆਂ ਨਾਲ ਡੂੰਘੀ ਤਰ੍ਹਾਂ ਜੁੜਨ ਲਈ ਮੌਕਿਆਂ 'ਤੇ ਵਧੇਰੇ ਧਿਆਨ ਦੇਵੇਗੀ। ਭਾਰਤ ਨੂੰ, ਵੰਸ਼-ਕਣੀ ਅਧਿਐਨ, ਜੀਵੀ-ਤਕਨਾਲੋਜੀ, ਮ੍ਹੀਨ-ਕਣ-ਤਕਨਾਲੋਜੀ, ਤੰਤੂ-ਵਿਗਿਆਨ, ਜਿੰਨ੍ਹਾਂ ਦੀ ਸਿਹਤ, ਵਾਤਾਵਰਣ, ਅਤੇ ਹੰਢਣਸਾਰ ਜੀਵਨ ਪੱਧਤੀ ਵਿੱਚ ਵੱਡੀ ਮਹੱਤਾ ਹੈ, ਦੇ ਨਾਲ-ਨਾਲ ਉਹਨਾਂ ਸਿਖਰਲੇ ਖੇਤਰਾਂ ਵਿੱਚ ਵੀ ਪੇਸ਼ਾਵੀ ਤਿਆਰ ਕਰਨ ਵਿੱਚ ਸਭ ਤੋਂ ਅੱਗੇ ਹੋਣਾ ਚਾਹੀਦਾ ਹੈ ਜਿਹੜੇ ਬੜੀ ਛੇਤੀ ਉਭਰਦੇ ਪਏ ਹਨ, ਜਿਵੇਂ ਕਿ ਬਣਾਉਟੀ ਬੁੱਧ (ਬਬੁ), 3-ਦਿਸ਼ਾਵੀ ਮਸ਼ੀਨੀਕਰਣ, ਮਹਾਂ-ਅੰਕੜਾ ਬਿਖਲੇਖਣ, ਅਤੇ ਮਸ਼ੀਨ ਸਿੱਖਣ, ਜਿਹੜੇ ਨੌਜੁਆਨਾ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਸਨਾਤਕ-ਪੂਰਬਲੀ ਸਿੱਖਿਆ ਦਾ ਹਿੱਸਾ ਬਣਾਏ ਜਾਣਗੇ।

## 21. ਬਾਲਗ ਸਿੱਖਿਆ ਅਤੇ ਜੀਵਨ-ਭਰ ਸਿੱਖਣਾ

21.1. ਨੀਂਹਵੀਂ ਸਾਖਰਤਾ ਹਾਸਲ ਕਰਨੀ, ਸਿੱਖਿਆ ਹਾਸਲ ਕਰਨੀ, ਅਤੇ ਜੀਵਕਾ 'ਚ ਲੱਗਣਾ ਹਰੇਕ ਨਗਰੀ (ਸਿਟੀਜ਼ਨ) ਦੇ ਮੂਲ ਹੱਕ ਪੱਕੇ ਸਮਝੇ ਜਾਣੇ ਚਾਹੀਦੇ ਹਨ। ਸਾਖਰਤਾ ਤੇ ਮੁੱਢਲੀ ਸਿੱਖਿਆ ਵਿਅਕਤੀਆਂ ਲਈ ਵਿਅਕਤਗਤ, ਸਮਾਜਿਕ, ਆਰਥਿਕ, ਅਤੇ ਜੀਵਨ-ਭਰ ਸਿੱਖਿਆ ਮੌਕਿਆਂ ਦਾ ਪੂਰਾ ਨਵਾਂ ਜਗਤ ਖੋਹਲਦੀਆਂ ਹਨ ਜਿਹੜੇ ਉਹਨਾਂ ਨੂੰ ਜਾਤੀ ਤੇ ਪੇਸ਼ਾਵੀ ਤੌਰ 'ਤੇ ਅੱਗੇ ਵਧਣ ਦੇ ਯੋਗ ਬਣਾਉਂਦੇ ਹਨ। ਸਮਾਜ ਤੇ ਰਾਸ਼ਟਰ ਦੇ ਸਾਰੇ ਪੱਧਰਾਂ 'ਤੇ ਸਾਖਰਤਾ ਤੇ ਮੁੱਢਲੀ ਸਿੱਖਿਆ ਤਗੜੇ ਬਲ ਵਧਾਊ ਤੱਤ ਹਨ ਜਿਹੜੇ ਹੋਰ ਸਾਰੇ ਵਿਕਾਸਮੁਖੀ ਯਤਨਾਂ ਦੀ ਸਫ਼ਲਤਾ ਵਿੱਚ ਵਾਧਾ ਕਰਦੇ ਹਨ। ਰਾਸ਼ਟਰਾਂ ਬਾਰੇ ਜੱਗ-ਪੱਧਰੀ ਅੰਕੜੇ ਸਾਖਰਤਾ ਦਰਾਂ ਅਤੇ ਵਿਅਕਤੀ ਪਿੱਛੇ ਕੁਘਉ ਵਿਚਕਾਰ ਹੱਦੋਂ ਵੱਧ ਉੱਚੇ ਸਹਿ-ਸਬੰਧ ਦਰਸਾਉਂਦੇ ਹਨ।

21.2. ਇਸ ਦੇ ਨਾਲ ਹੀ, ਜਨ-ਸਮੂਹ ਦਾ ਨਿਰੱਖਰ ਸਦੱਸ ਹੋਣ ਨਾਲ ਅਣਗਿਣਤ ਘਾਟਾਂ ਪੈਂਦੀਆਂ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹਨ: ਮੁੱਢਲਾ ਵਿੱਤੀ ਲੈਣ-ਦੇਣ; ਖਰੀਦੀਆਂ ਗਈਆਂ ਚੀਜ਼ਾ ਦੀ ਗੁਣਵੱਤਾ/ਗੁਣਤਾ ਨਾਲ ਦਿੱਤੀ ਗਈ ਕੀਮਤ ਦੀ ਤੁਲਨਾ; ਅਸਾਮੀਆਂ, ਰਿਣਾਂ, ਸੇਵਾਵਾਂ, ਆਦਿ ਲਈ ਅਰਜ਼ੀ ਦੇਣ ਲਈ ਕਾਗਤ (ਫਾਰਮ) ਭਰਨਾ; ਜਨਤਕ ਗਸ਼ਤੀ-ਪੱਤਰ ਤੇ ਸਮਾਚਾਰ ਮਾਧਿਅਮਾਂ ਵਿਚਲੇ ਲੇਖ ਸਮਝਣਾ; ਸੰਚਾਰ ਤੇ ਕਾਰੋਬਾਰ ਚਲਾਉਣ ਲਈ ਰਿਵਾਇਤੀ ਤੇ ਬਿਜਲੇਈ ਡਾਕ ਦੀ ਵਰਤੋਂ; ਆਪਣੇ ਜੀਵਨ ਤੇ ਪੇਸ਼ੇ ਨੂੰ ਸੁਧਾਰਨ ਲਈ ਇੰਟਰਨੈੱਟ ਤੇ ਹੋਰ ਤਕਨਾਲੋਜੀ ਦੀ ਵਰਤੋਂ;

ਗਲੀ ਤੇ ਔਖਧਾਂ, ਆਦਿ ਦੀਆਂ ਦਿਸ਼ਾ-ਵਿਖਾਵੀ ਤੇ ਸੁਰੱਖਿਆ ਹਿਦਾਇਤਾਂ ਸਮਝਣੀਆਂ; ਬਾਲਾਂ ਦੀ ਸਿੱਖਿਆ ਵਿੱਚ ਸਹਾਇਤਾ ਕਰਨਾ; ਭਾਰਤ ਦੇ ਨਗਰੀ ਵੱਜੋਂ ਆਪਣੇ ਮੂਲ ਹੱਕਾਂ ਤੇ ਜ਼ੁੰਮੇਵਾਰੀਆਂ ਬਾਰੇ ਚੇਤੰਨ ਹੋਣਾ; ਸਾਹਿਤ ਦੀਆਂ ਕਿਰਤਾਂ ਨੂੰ ਮਾਨਣਾ; ਅਤੇ ਮਧਲੇ ਤੇ ਉੱਚ-ਉਤਪਾਦਨੀ ਖੇਤਰਾਂ ਵਿੱਚ, ਜਿੱਥੇ ਸਾਖਰਤਾ ਦੀ ਲੋੜ ਹੁੰਦੀ ਹੈ, ਰੁਜ਼ਗਾਰ ਹਾਸਲ ਕਰਨਾ। ਏਥੇ ਦੱਸੀਆਂ ਯੋਗਤਾਵਾਂ ਦੀ ਸੂਚੀ ਉਹ ਸਿੱਟੇ ਦੱਸਣ ਵਾਲੀ ਸੂਚੀ ਹੈ ਜਿਹੜੇ 'ਬਾਲਗ ਸਿੱਖਿਆ' ਲਈ ਨਵੇਂ ਢੰਗ ਅਪਣਾ ਕੇ ਹਾਸਲ ਕੀਤੇ ਜਾਣੇ ਹਨ।

21.3. ਭਾਰਤ ਤੇ ਪੂਰੇ ਜੱਗ ਦੇ ਵੱਡੇ ਪੱਧਰ ਦੇ ਖੇਤਰੀ ਅਧਿਐਨ ਤੇ ਬਿਖਲੇਖਣ ਸਾਫ਼ ਦਰਸਾਉਂਦੇ ਹਨ ਕਿ ਰਾਜਸੀ ਇੱਛਾ ਸ਼ਕਤੀ, ਪ੍ਰਬੰਧਕੀ ਬਣਤਰ, ਢੁੱਕਵੀਂ ਯੋਜਨਾਬੰਦੀ, ਲੋੜੀਂਦਾ ਵਿੱਤੀ ਸਹਾਰਾ, ਅਤੇ ਸਿੱਖਿਆਦਾਤਿਆਂ ਤੇ ਸਵੈਸੇਵੀਆਂ ਦੇ ਉੱਚ-ਪੱਧਰੀ ਸਮਰੱਥਾ ਵਿਕਾਸ ਦੇ ਨਾਲ ਸਵੈਸੇਵਾ ਤੇ ਜਨ-ਸਮੂਹ ਦੀ ਭਾਈਵਾਲੀ ਬਾਲਗ ਸਾਖਰਤਾ ਕਾਰਜਕ੍ਰਮਾਂ ਦੀ ਸਫ਼ਲਤਾ ਦੇ ਕੁੰਜੀਵਤ ਕਾਰਕ ਹਨ। ਸਫ਼ਲ ਸਾਖਰਤਾ ਕਾਰਜਕ੍ਰਮ ਦਾ ਨਤੀਜਾ ਬੱਸ ਬਾਲਗਾਂ ਵਿੱਚ ਸਾਖਰਤਾ ਦਾ ਵਾਧਾ ਹੀ ਨਹੀਂ ਹੁੰਦਾ, ਬਲਕਿ ਇਸ ਦਾ ਨਤੀਜਾ ਜਨ-ਸਮੂਹ ਵਿੱਚ ਸਾਰੇ ਬੱਚਿਆਂ ਦੀ ਸਿੱਖਿਆ ਲਈ ਮੰਗ ਵਿੱਚ ਵਾਧਾ ਵੀ ਹੁੰਦਾ ਹੈ, ਤੇ ਨਾਲ ਦੀ ਨਾਲ ਹਾਂ-ਪੱਖੀ ਸਮਾਜੀ ਬਦਲਾਅ ਲਈ ਜਨ-ਸਮੂਹ ਦਾ ਵਡੇਰਾ ਯੋਗਦਾਨ ਵੀ ਹੁੰਦਾ ਹੈ। 'ਕੌਮੀ ਸਾਖਰਤਾ ਮੁਹਿੰਮ', ਜਦੋਂ 1988 ਵਿੱਚ ਅਰੰਭੀ ਗਈ ਸੀ, ਇਹ ਮੁੱਖ ਤੌਰ 'ਤੇ ਸਵੈਸੇਵੀਆਂ ਦੀ ਸ਼ਮੂਲੀਅਤ ਅਤੇ ਲੋਕਾਂ ਦੇ ਸਮਰਥਨ ਤੇ ਟਿਕੀ ਸੀ, ਜਿਸ ਦਾ ਨਤੀਜਾ 1991-2011 ਦੇ ਸਮੇਂ ਵੇਲੇ ਕੌਮੀ ਸਾਖਰਤਾ ਵਿੱਚ ਅਰਥ ਭਰਪੂਰ ਵਾਧੇ ਵਿੱਚ ਹੋਇਆ ਸੀ, ਇਸਤਰੀਆਂ ਦੀ ਸਾਖਰਤਾ ਦੇ ਵਾਧੇ ਵਿੱਚ ਵੀ, ਅਤੇ ਇਸ ਨਾਲ ਨਿੱਤਾ-ਪ੍ਰਤੀ ਦੇ ਜੁੜਵੇਂ ਸਮਾਜੀ ਮੁੱਦਿਆਂ 'ਤੇ ਸੰਬਾਦ ਤੇ ਵਿਚਾਰ-ਵਟਾਂਦਰਾ ਵੀ ਅਰੰਭ ਹੋਇਆ।

21.4. ਇਸ 100% ਸਾਖਰਤਾ ਹਾਸਲ ਕਰਨ ਦੇ ਸਭ ਤੋਂ ਵੱਧ ਟੀਚੇ ਨੂੰ ਛੇਤੀ ਹਾਸਲ ਕਰਨ ਲਈ ਬਾਲਗ ਸਿੱਖਿਆ ਲਈ ਤਗੜੀਆਂ ਤੇ ਨਵੀਂ ਤਰ੍ਹਾਂ ਦੀਆਂ ਸਰਕਾਰੀ ਪਹਿਲਕਦਮੀਆਂ ਜਿੰਨੀ ਛੇਤੀ ਸੰਭਵ ਹੋਵੇ ਲਾਗੂ ਕੀਤੀਆਂ ਜਾਣਗੀਆਂ - ਖਾਸ ਤੌਰ 'ਤੇ ਜਨ-ਸਮੂਹ ਦੀ ਭਾਈਵਾਲੀ ਤੇ ਤਕਨੀਕ ਦੀ ਸੁਖਾਲੀ ਤੇ ਲਾਭਕਾਰੀ ਵਰਤੋਂ ਵਿੱਚ ਸਹਾਈ ਹੋਣਾ।

21.5. ਸਭ ਤੋਂ ਪਹਿਲਾਂ, ਕੌਸਿਖੋਸਿਪ ਦੇ ਬਾਲਗ ਸਿੱਖਿਆ ਨੂੰ ਪਰਨਾਏ ਨਵੇਂ ਤੇ ਚੰਗਾ ਸਹਾਰਾ ਹਾਸਲ ਖੰਡ ਪਿੰਡ ਵੱਲੋਂ ਇੱਕ ਉੱਤਮ ਬਾਲਗ ਸਿੱਖਿਆ ਪਾਠਕ੍ਰਮ ਦਾ ਵਿਕਾਸ ਕੀਤਾ ਜਾਵੇਗਾ, ਤਾਂ ਕਿ ਕੌਸਿਖੋਸਿਪ ਦੇ ਸਾਖਰਤਾ, ਅੰਕ-ਗਿਆਨ, ਮੁੱਢਲੀ ਸਿੱਖਿਆ, ਕਿੱਤਾਮੁਖੀ ਹੁਨਰ ਅਤੇ ਹੋਰ ਬਾਰੇ ਉੱਤਮ ਪਾਠਕ੍ਰਮ ਤਿਆਰ ਕਰਨ ਦੀ ਹਾਸਲ ਮੁਹਾਰਤ ਨਾਲ ਊਰਜਾ ਸਾਂਝੀ ਕੀਤੀ ਜਾ ਸੱਕੇ ਤੇ ਇਸ 'ਤੇ ਉਸਾਰੀ ਕੀਤੀ ਜਾ ਸੱਕੇ। ਬਾਲਗ ਸਿੱਖਿਆ ਲਈ ਪਾਠਕ੍ਰਮ ਰੂਪ-ਰੇਖਾ ਵਿੱਚ ਪੰਜ ਤਰ੍ਹਾਂ ਦੇ ਕਾਰਜਕ੍ਰਮ ਹੋਣਗੇ, ਤੇ ਹਰੇਕ ਦੇ ਸਿੱਟੇ ਸਾਫ਼ ਪਰਿਭਾਸ਼ੇ ਹੋਣਗੇ:

ੳ. ਨੀਂਹਵੀਂ ਸਾਖਰਤਾ ਤੇ ਅੰਕ-ਗਿਆਨ; ਅ. ਨਿਰਣੇਕਾਰੀ ਜੀਵਨ ਹੁਨਰ (ਵਿੱਤੀ ਸਾਖਰਤਾ, ਅੰਕੀ ਸਾਖਰਤਾ, ਵਣਜ-ਵਪਾਰੀ ਹੁਨਰ, ਸਿਹਤ ਸੰਭਾਲ ਤੇ ਚੇਤੰਨਤਾ, ਬਾਲ ਸੰਭਾਲ ਤੇ ਸਿੱਖਿਆ, ਅਤੇ ਪਰਿਵਾਰ ਭਲਾਈ ਸਣੇਂ); ੲ. ਕਿੱਤਾਮੁਖੀ ਹੁਨਰ ਵਿਕਾਸ (ਆਪਣੀ ਥਾਂ 'ਤੇ ਰੁਜ਼ਗਾਰ ਹਾਸਲ ਕਰਨ ਦੀ ਸੋਚ ਨਾਲ); ਸ. ਮੁੱਢਲੀ ਸਿੱਖਿਆ (ਤਿਆਰੀ-ਕਾਲ, ਮੱਧਲੀ ਤੇ ਦੁਜਾਵੀ ਪੜਾਅ ਦੇ ਬਰਾਬਰ ਦੀ); ਅਤੇ ਹ. ਨਿਰੰਤਰ ਸਿੱਖਿਆ (ਜਿਸ ਵਿੱਚ ਕਲਾਵਾਂ, ਵਿਗਿਆਨਾਂ, ਤਕਨਾਲੋਜੀ, ਸੱਭਿਆਚਾਰ, ਖੇਡਾਂ, ਅਤੇ ਮਨ-ਪਰਚਾਵਾ, ਤੇ ਨਾਲ ਹੀ ਨਿਰਣੇਕਾਰੀ ਜੀਵਨ ਹੁਨਰਾਂ ਤੇ ਉਚੇਰੀ ਸਮੱਗਰੀ ਜਿਹੇ ਵਿਸ਼ੇ ਜਿਹੜੇ ਸਥਾਨੀ ਸਿਖਿਆਰਥੀਆਂ ਦੀ ਦਿਲਚਸਪੀ ਜਾਂ ਵਰਤੋਂ ਵਾਲੇ ਹੋਣ 'ਤੇ ਸਰਬੰਗੀ ਬਾਲਗ ਸਿੱਖਿਆ ਕੋਰਸ ਸ਼ਾਮਲ ਹੋਣਗੇ)। ਰੂਪ-ਰੇਖਾ ਵਿੱਚ ਇਹ ਕਿਆਸ ਵਿੱਚ ਰੱਖਿਆ ਜਾਵੇਗਾ ਕਿ ਬਹੁਤ ਸਾਰੇ ਮਾਮਲਿਆਂ ਵਿੱਚ ਬਾਲਗਾਂ ਨੂੰ ਬੱਚਿਆਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦੀਆਂ ਅਧਿਆਪਨ-ਸਿੱਖਣ ਵਿਧੀਆਂ ਤੇ ਸਮੱਗਰੀ ਦੀ ਲੋੜ ਹੋਵੇਗੀ।

21.6. ਦੂਜੇ, ਢੁੱਕਵਾਂ ਢਾਂਚਾ ਯਕੀਨੀ ਬਣਾਇਆ ਜਾਵੇਗਾ ਤਾਂ ਕਿ ਦਿਲਚਸਪੀ ਰੱਖਣ ਵਾਲੇ ਸਾਰੇ ਬਾਲਗਾਂ ਦੀ ਬਾਲਗ ਸਿੱਖਿਆ ਤੇ ਜੀਵਨ-ਭਰ ਸਿੱਖਣ ਤੱਕ ਪਹੁੰਚ ਹੋਵੇ। ਇਸ ਸਬੰਧ ਵਿੱਚ ਕੁੰਜੀਵਤ ਪਹਿਲਕਦਮੀ ਬਾਲਗ ਸਿੱਖਿਆ

ਕੋਰਸਾਂ ਲਈ ਤੇ ਜਨ-ਸਮੂਹ ਦੀ ਭਾਈਵਾਲੀ ਤੇ ਸੰਪਨਕਾਰੀ ਦੀਆਂ ਹੋਰ ਗਤੀਵਿਧੀਆਂ ਲਈ ਪਾਠਸ਼ਾਲਾਵਾਂ/ਪਾਠਸ਼ਾਲਾ ਸਮੂਹਾਂ ਦੀ ਪਾਠਸ਼ਾਲਾ ਸਮੇਂ ਤੋਂ ਬਾਅਦ ਤੇ ਛੁੱਟੀ ਵਾਲੇ ਦਿਨਾਂ ਵਿੱਚ ਤੇ ਜਨਤਕ ਪੋਥੀਸ਼ਾਲਾਵਾਂ ਦੀਆਂ ਥਾਵਾਂ ਦੀ ਵਰਤੋਂ ਹੋਵੇਗੀ, ਜਿਹੜੀਆਂ ਜਿੱਥੇ ਸੰਭਵ ਹੋਵੇ ਸੁਸੰਤ (ਸੂਚਨਾ ਤੇ ਸੰਚਾਰ ਤਕਨਾਲੋਜੀ, ਆਈਸੀਟੀ) ਜੜੀਆਂ ਹੋਣ। ਪਾਠਸ਼ਾਲਾ, ਉਚੇਰੀ, ਬਾਲਗ ਤੇ ਕਿੱਤਾਮੁਖੀ ਸਿੱਖਿਆ ਤੇ ਹੋਰ ਜਨ-ਸਮੂਹੀ ਤੇ ਸਵੈਸੇਵੀ ਗਤੀਵਿਧੀਆਂ ਲਈ ਢਾਂਚੇ ਦੀ ਸਾਂਝੀ ਵਰਤੋਂ ਭੌਤਿਕ ਤੇ ਮਨੁੱਖੀ ਸਰੋਤਾਂ ਦੀ ਸੁਚਾਰੂ ਵਰਤੋਂ ਯਕੀਨੀ ਬਨਾਉਣ ਲਈ ਅਤੇ ਨਾਲ ਦੀ ਨਾਲ ਇਸ ਪੰਜ ਤਰ੍ਹਾਂ ਦੀ ਸਿੱਖਿਆ ਵਿਚਕਾਰ ਸਾਂਝੀ ਊਰਜਾ ਦੀ ਸਿਰਜਣਾ ਤੇ ਹੋਰ ਲਈ ਨਿਰਣੇਕਾਰੀ ਹੋਵੇਗਾ। ਇਹਨਾਂ ਕਾਰਣਾਂ ਕਰਕੇ, 'ਬਾਲਗ ਸਿੱਖਿਆ ਕੇਂਦਰ' (ਬਾਸਿਕੇਂ) ਹੋਰ ਜਨਤਕ ਸੰਸਥਾਵਾਂ ਜਿਵੇਂ ਕਿ ਉਸਿਸਾਂ, ਕਿੱਤਾਮੁਖੀ ਸਿਖਲਾਈ ਕੇਂਦਰ, ਆਦਿ ਵਿੱਚ ਵੀ ਸ਼ਾਮਲ ਕੀਤੇ ਜਾਣਗੇ।

21.7. ਤੀਜੇ, ਸਿਖਲਾਈਕਾਰਾਂ/ਸਿੱਖਿਆਦਾਤਿਆਂ ਨੂੰ ਬਾਲਗ ਸਿੱਖਿਆ ਦੀਆਂ ਸਾਰੀਆਂ ਪੰਜ ਤਰ੍ਹਾਂ ਦੀ ਸਿੱਖਿਆ, ਜਿਵੇਂ 'ਬਾਲਗ ਸਿੱਖਿਆ ਪਾਠਕ੍ਰਮ ਰੂਪ-ਰੇਖਾ ਵਿੱਚ ਵੇਰਵਾ ਦਿੱਤਾ ਗਿਆ ਹੈ, ਦੇ ਪਰਪੱਕ ਸਿਖਿਆਰਥੀਆਂ ਨੂੰ ਪਾਠਕ੍ਰਮ ਰੂਪ-ਰੇਖਾ ਅਨੁਸਾਰ ਪੜ੍ਹਾਉਣਾ ਪਵੇਗਾ। 'ਬਾਲਗ ਸਿੱਖਿਆ ਕੇਂਦਰਾਂ' ਵਿੱਚ ਸਿੱਖਣ ਸਰਗਰਮੀਆਂ ਦੇ ਸੰਗਠਨ ਤੇ ਅਗਵਾਈ ਅਤੇ ਨਾਲ ਦੀ ਨਾਲ ਸਵੈਸੇਵੀ ਸਿੱਖਿਆਕਾਰਾਂ ਨਾਲ ਤਾਲਮੇਲ ਲਈ ਕੌਮੀ, ਰਾਜ, ਅਤੇ ਜ਼ਿਲਾ ਪੱਧਰ ਦੀਆਂ ਸਹਾਰਾ ਸੰਸਥਾਵਾਂ ਵੱਲੋਂ ਇਹਨਾਂ ਸਿੱਖਿਆਕਾਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਯੋਗਤਾ ਹਾਸਲ ਜਨ-ਸਮੂਹ ਸਦੱਸਾਂ ਨੂੰ, ਜਿਹੜੇ ਹਰੇਕ ਉਸਿਸ ਦੇ ਸਥਾਨੀ ਜਨ-ਸਮੂਹ ਨਾਲ ਭਾਈਵਾਲੀ ਦੇ ਹਿੱਸੇ ਵੱਜੋਂ ਉਸਿਸ 'ਚੋਂ ਵੀ ਹੋ ਸਕਦੇ ਹਨ, ਥੋੜ-ਚਿਰੇ ਸਿਖਲਾਈ ਕੋਰਸ ਕਰਨ ਤੇ ਬਾਲਗ ਸਾਖਰਤਾ ਸਿੱਖਿਆਕਾਰ ਵੱਜੋਂ ਸਵੈਸੇਵੀ ਬਣਨ ਜਾਂ ਇੱਕ-ਨਾਲ-ਇੱਕ ਸਵੈਸੇਵੀ ਸਲਾਹਕਾਰ ਵੱਜੋਂ ਸੇਵਾ ਦੇਣ ਲਈ ਉਤਸ਼ਾਹ ਦਿੱਤਾ ਜਾਵੇਗਾ, ਅਤੇ ਉਹਨਾਂ ਦੀ ਰਾਸ਼ਟਰ ਨੂੰ ਇਸ ਨਿਰਣੇਕਾਰੀ ਸੇਵਾ ਲਈ ਮਾਨਤਾ ਦਿੱਤੀ ਜਾਵੇਗੀ। ਸਾਖਰਤਾ ਅਤੇ ਬਾਲਗ ਸਿੱਖਿਆ ਲਈ ਯਤਨਾਂ ਦੇ ਵਾਧੇ ਲਈ ਰਾਜ ਵੀ ਅਸਸਾਂ (ਅਣਸਰਕਾਰੀ ਸੰਗਠਨਾਂ, ਐਨਜੀਓਜ਼) ਅਤੇ ਹੋਰ ਜਨ-ਸਮੂਹ ਸੰਗਠਨਾਂ ਨਾਲ ਰਲ ਕੇ ਕੰਮ ਕਰਨਗੇ।

21.8. ਚੌਥੇ, ਬਾਲਗ ਸਿੱਖਿਆ ਵਿੱਚ ਜਨ-ਸਮੂਹ ਸਦੱਸਾਂ ਦੀ ਸ਼ਮੂਲੀਅਤ ਯਕੀਨੀ ਬਨਾਉਣ ਲਈ ਸਾਰੇ ਯਤਨ ਕੀਤੇ ਜਾਣਗੇ। ਜਿਹੜੇ ਵਿਦਿਆਰਥੀ ਦਾਖ਼ਲ ਨਹੀਂ ਤੇ ਜਿਹੜੇ ਪੜ੍ਹਾਈ ਵਿੱਚੇ ਛੱਡ ਚੁੱਕੇ ਹਨ ਉਹਨਾਂ ਦੀ ਪਛਾਣ ਤੇ ਉਹਨਾਂ ਦੀ ਸ਼ਮੂਲੀਅਤ ਯਕੀਨੀ ਬਨਾਉਣ ਲਈ ਸਮਾਜੀ ਕਾਰਕੁਨਾਂ/ਸਲਾਹਕਾਰਾਂ ਨੂੰ ਜਨ-ਸਮੂਹਾਂ ਵਿੱਚ ਜਾਣ ਲਈ ਬੇਨਤੀ ਕੀਤੀ ਜਾਵੇਗੀ; ਆਪਣੀਆਂ ਫੇਰੀਆਂ ਵੇਲੇ ਉਹ ਸਿੱਖਿਆਰਥੀਆਂ ਤੇ ਅਧਿਆਪਕਾਂ/ਸਲਾਹਕਾਰਾਂ (ਟਿਊਟਰ) ਦੋਵਾਂ ਵੱਜੋਂ ਬਾਲਗ ਸਿੱਖਿਆ ਦੇ ਮੌਕਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਮਾਪਿਆਂ, ਗਭਰੇਟਾਂ, ਅਤੇ ਹੋਰਾਂ ਦੇ ਅੰਕੜੇ ਇਕੱਠੇ ਕਰਨਗੇ। ਇਹ ਸਮਾਜੀ ਕਾਰਕੁਨ/ਸਲਾਹਕਾਰ ਉਹਨਾਂ ਨੂੰ ਮੁੜ 'ਬਾਲਗ ਸਿੱਖਿਆ ਕੇਂਦਰਾਂ (ਬਾਸਿਕੇਂਆਂ) ਨਾਲ ਜੋੜਨਗੇ। ਬਾਲਗ ਸਿੱਖਿਆ ਦੇ ਮੌਕਿਆਂ ਦਾ ਵਿਗਿਆਪਨਾਂ ਰਾਹੀਂ ਤੇ ਐਲਾਨਾ ਰਾਹੀਂ ਅਤੇ ਅਸਸਾਂ ਅਤੇ ਹੋਰ ਸੰਗਠਨਾਂ ਦੇ ਸਮਾਗਮਾਂ ਅਤੇ ਪਹਿਲਕਦਮੀਆਂ ਰਾਹੀਂ ਪ੍ਰਚਾਰ ਕੀਤਾ ਜਾਵੇਗਾ।

21.9. ਪੰਜਵੇਂ, ਆਪਣੇ ਜਨ-ਸਮੂਹਾਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਨ ਦੀ ਆਦਤ ਦੇ ਆਤਮਸਾਤ ਲਈ ਪੋਥੀਆਂ ਦਾ ਹਾਸਲ ਹੋਣਾ ਤੇ ਇਹਨਾਂ ਤੱਕ ਪਹੁੰਚ ਹੋਣਾ ਜ਼ਰੂਰੀ ਹੈ। ਇਹ ਨੀਤੀ ਸਿਫ਼ਾਰਿਸ਼ ਕਰਦੀ ਹੈ ਕਿ ਅਪੰਗਤਾਵਾਂ ਤੇ ਭਿੰਨਯੋਗਤਾਵਾਂ ਵਾਲੇ ਵਿਅਕਤੀਆਂ ਸਮੇਤ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੀਆਂ ਪੋਥੀਆਂ ਦੀ ਲੋੜੀਂਦੀ ਪਹੁੰਚ ਯਕੀਨੀ ਬਨਾਉਣ ਲਈ ਸਾਰੇ ਜਨ-ਸਮੂਹਾਂ ਤੇ ਸਿੱਖਿਆ ਸੰਸਥਾਵਾਂ - ਪਾਠਸ਼ਾਲਾਵਾਂ, ਮਹਾਂਵਿਦਿਆਲੇ, ਵਿਸ਼ਵਵਿਦਿਆਲੇ, ਤੇ ਜਨਤਕ ਪੋਥੀਸ਼ਾਲਾਵਾਂ - ਨੂੰ ਤਗੜਿਆਂ ਕੀਤਾ ਜਾਵੇਗਾ ਤੇ ਆਧੁਨਿਕ ਬਣਾਇਆ ਜਾਵੇਗਾ। ਕੇਂਦਰ ਤੇ ਰਾਜ ਸਰਕਾਰਾਂ ਸਮਾਜਿਕ-ਆਰਥਿਕ ਤੌਰ ਤੇ ਵੰਚਿਤ ਖੇਤਰਾਂ ਦੇ ਨਾਲ-ਨਾਲ ਪੇਂਡੂ ਤੇ ਦੂਰ-ਦੁਰਾਡੇ ਵਾਲੇ ਖੇਤਰਾਂ ਸਮੇਤ ਸਾਰੇ ਦੇਸ ਵਿੱਚ ਪਹੁੰਚ ਅਤੇ ਪੁੱਗਤ ਯਕੀਨੀ ਬਨਾਉਣ ਲਈ ਕਦਮ ਚੁੱਕਣਗੀਆਂ। ਜਨਤਕ ਤੇ ਨਿੱਜੀ ਖੇਤਰ ਦੀਆਂ ਕਰਿੰਦੀਆਂ/ਸੰਸਥਾਵਾਂ ਦੋਵੇਂ ਸਾਰੀਆਂ ਭਾਰਤੀ ਭਾਸ਼ਾਵਾ ਵਿੱਚ ਛਪਣ ਵਾਲੀਆਂ ਪੋਥੀਆਂ ਦੀ ਗੁਣਵੱਤਾ ਤੇ ਮਨੋਹਰਤਾ ਵਿੱਚ ਸੁਧਾਰ ਲਈ ਉਪਾਅ ਘੜਨਗੀਆਂ। ਪੋਥੀਸ਼ਾਲਾਵਾਂ ਵਿਚਲੀਆਂ ਪੋਥੀਆਂ ਦੀ ਬਿਜਲੇਈ ਪਹੁੰਚ ਵਿੱਚ

ਵਾਧੇ ਲਈ ਅਤੇ ਅੰਕੀ ਪਾਠਸ਼ਾਲਾਵਾਂ ਦੇ ਹੋਰ ਪਸਾਰ ਲਈ ਕਦਮ ਚੁੱਕੇ ਜਾਣਗੇ। ਜਨ-ਸਮੂਹਾਂ ਤੇ ਸਿੱਖਿਆ ਸੰਸਥਾਵਾਂ ਵਿੱਚ ਜੀਵੰਤ ਪੋਥੀਸ਼ਾਲਾਵਾਂ ਯਕੀਨੀ ਬਨਾਉਣ ਲਈ ਜ਼ਰੂਰੀ ਹੋਵੇਗਾ ਕਿ ਪੂਰਾ ਲੋੜੀਂਦਾ ਪੋਥੀਸ਼ਾਲਾ ਅਮਲਾ ਹਾਸਲ ਕਰਾਇਆ ਜਾਵੇ ਅਤੇ ਉਹਨਾਂ ਲਈ ਢੁੱਕਵੇਂ ਕਿੱਤਾ-ਜੀਵਨ ਉੱਨਤੀ-ਮਾਰਗ ਅਤੇ ਨਿਪੇਵਿ (ਨਿਰੰਤਰ ਪੇਸ਼ਾਵੀ ਵਿਕਾਸ, ਸੀਪੀਡੀ) ਘੜੇ ਜਾਣ। ਹੋਰ ਚੁੱਕੇ ਜਾਣ ਵਾਲੇ ਕਦਮਾਂ ਵਿੱਚ ਇਹ ਸ਼ਾਮਲ ਹੋਣਗੇ: ਹਾਲੀਆ ਸਾਰੀਆਂ ਪੋਥੀਸ਼ਾਲਾਵਾਂ ਨੂੰ ਤਗੜਿਆਂ ਕਰਨਾ, ਪੇਂਡੂ ਪੋਥੀਸ਼ਾਲਾਵਾਂ ਤੇ ਵੰਚਿਤ ਖੇਤਰਾਂ ਵਿੱਚ ਪੜ੍ਹਨ-ਕਮਰਿਆਂ ਦੀ ਥਾਪਣਾ, ਭਾਰਤੀ ਭਾਸ਼ਾਵਾਂ ਵਿੱਚ ਹਾਸਲ ਪਾਠ ਸਮੱਗਰੀ ਵੱਡੇ ਪੱਧਰ 'ਤੇ ਹਾਸਲ ਕਰਾਉਣਾ, ਬਾਲ ਪੋਥੀਸ਼ਾਲਾਵਾਂ ਤੇ ਫਿਰਤੂ ਪੋਥੀਸ਼ਾਲਾਵਾਂ ਖੋਹਲਣੀਆਂ, ਸਾਰੇ ਭਾਰਤ ਵਿੱਚ ਤੇ ਸਾਰੇ ਵਿਸ਼ਿਆਂ ਲਈ ਸਮਾਜੀ ਪੋਥੀ ਸੱਥਾਂ ਦੀ ਥਾਪਣਾ, ਅਤੇ ਸਿੱਖਿਆ ਸੰਸਥਾਵਾਂ ਤੇ ਪੋਥੀਸ਼ਾਲਾਵਾਂ ਵਿਚਕਾਰ ਵਡੇਰੇ ਸਹਿਯੋਗ ਨੂੰ ਬੜ੍ਹਾਵਾ ਦੇਣਾ।

21.10. ਅੰਤ 'ਤੇ, ਉਤਲੀਆਂ ਪਹਿਲਕਦਮੀਆਂ ਨੂੰ ਤਗੜੇ ਕਰਨ ਲਈ ਤੇ ਅਰੰਭ ਕਰਨ ਲਈ ਵੀ ਤਕਨਾਲੋਜੀ ਦਾ ਸਹਾਰਾ ਲਿਆ ਜਾਵੇਗਾ। ਸਰਕਾਰੀ ਤੇ ਲੋਕਭਲਾਈ ਪਹਿਲਕਦਮੀਆਂ ਅਤੇ ਜਨ-ਦਾਨ ਤੇ ਮੁਕਾਬਲਿਆਂ ਰਾਹੀਂ ਬਾਲਗ ਸਿੱਖਣ ਲਈ ਤਕਨੀਕ 'ਤੇ ਟਿਕੇ ਉੱਤਮ ਬਦਲਾਂ, ਜਿਵੇਂ ਕਿ ਵਰਤੋਂਕਾਰੀਆਂ, ਬਿਜਲੇਈ ਕੋਰਸ/ਨਮੂਨੇ (ਮੋਡਿਊਲਜ਼), ਉਪਗ੍ਰਹਿ-ਅਧਾਰੀ ਟੀਵੀ ਚੈਨਲ, ਬਿਜਲੇਈ ਪੋਥੀਆਂ, ਅਤੇ ਸੂਸੰਤ-ਜੁੜੀਆਂ ਪੋਥੀਸ਼ਾਲਾਵਾਂ, ਅਤੇ 'ਬਾਲ ਸਿੱਖਿਆ ਕੇਂਦਰ', ਆਦਿ ਦਾ ਵਿਕਾਸ ਕੀਤਾ ਜਾਵੇਗਾ। ਬਹੁਤ ਸਾਰੇ ਮਾਮਲਿਆਂ ਵਿੱਚ ਉੱਤਮ ਬਾਲਗ ਸਿੱਖਿਆ ਬਿਜਲੇਈ ਜਾਂ ਮਿਲੇ-ਜੁਲੇ ਢੰਡ ਨਾਲ ਵੀ ਦਿੱਤੀ ਜਾ ਸਕਦੀ ਹੈ।

## 22. ਭਾਰਤੀ ਭਾਸ਼ਾਵਾਂ, ਕਲਾਵਾਂ ਤੇ ਸੱਭਿਆਚਾਰ ਦਾ ਵਾਧਾ

22.1. ਭਾਰਤ ਸੱਭਿਆਚਾਰ ਦਾ ਦੱਬਿਆ ਖਜ਼ਾਨਾ ਹੈ, ਜਿਹੜਾ ਹਜ਼ਾਰਾਂ ਸਾਲਾਂ ਵਿੱਚ ਵਿਕਸਤ ਹੋਇਆ ਹੈ ਅਤੇ ਕਲਾਵਾਂ, ਸਾਹਿਤ ਕਿਰਤਾਂ, ਰਹੁ-ਰੀਤਾਂ, ਪਰੰਪਰਾਵਾਂ, ਭਾਸ਼ਾ ਪ੍ਰਗਟਾਵੇ, ਕਲਾ-ਕਿਰਤਾਂ, ਵਿਰਾਸਤੀ ਥਾਵਾਂ, ਅਤੇ ਹੋਰ ਕਈ ਰੂਪਾਂ ਵਿੱਚ ਪ੍ਰਗਟ ਹੋਇਆ ਹੈ। ਪੂਰੇ ਜੱਗ 'ਚੋਂ ਕਰੋੜਾਂ ਲੋਕੀਂ ਕਈ ਹੋਰ ਪੱਖਾਂ ਦੇ ਨਾਲ-ਨਾਲ ਸੈਰ-ਸਪਾਟੇ ਲਈ ਭਾਰਤ ਦੀ ਯਾਤਰਾ ਕਰ ਕੇ, ਭਾਰਤ ਦੀ ਆਓਭਗਤ ਮਾਣ ਕੇ, ਭਾਰਤ ਦੀ ਦਸਤਕਾਰੀ ਦੀਆਂ ਵਸਤੂਆਂ 'ਤੇ ਹੱਥ ਨਾਲ ਬੁਣੇ ਵਸਤਰ ਖਰੀਦ ਕੇ, ਭਾਰਤ ਦਾ ਸਨਾਤਨੀ ਸਾਹਿਤ ਪੜ੍ਹ ਕੇ, ਯੋਗ ਤੇ ਧਿਆਨ ਦਾ ਅਭਿਆਸ ਕਰ ਕੇ, ਭਾਰਤੀ ਚਿੰਤਨ ਤੋਂ ਪ੍ਰੇਰਿਤ ਹੋ ਕੇ, ਭਾਰਤ ਦੇ ਨਿਵੇਕਲੇ ਮੇਲਿਆਂ ਵਿੱਚ ਹਿੱਸਾ ਲੈ ਕੇ, ਭਾਰਤ ਦੇ ਵੰਨ-ਸੁਵੰਨੇ ਸੰਗੀਤ ਤੇ ਕਲਾ ਮਾਣ ਕੇ, ਅਤੇ ਭਾਰਤੀ ਚਲਚਿੱਤਰ ਵੇਖ ਕੇ ਇਸ ਵਿੱਚ ਸ਼ਾਮਲ ਹੁੰਦੇ ਹਨ, ਅਨੰਦ ਮਾਣਦੇ ਹਨ, ਅਤੇ ਨਿੱਤ ਇਸ ਸੱਭਿਆਚਾਰੀ ਦੌਲਤ ਤੋਂ ਲਾਭ ਲੈਂਦੇ ਹਨ। ਇਹ ਸੱਭਿਆਚਾਰ ਦੀ ਤੇ ਪ੍ਰਕਿਰਤੀ ਦੀ ਦੌਲਤ ਈ ਹੈ ਜਿਹੜੀ, ਜਿਵੇਂ ਕਿ ਭਾਰਤੀ ਸੈਰ-ਸਪਾਟਾ ਵਿਭਾਗ ਦਾ ਨਾਅਰਾ ਹੈ, ਭਾਰਤ ਨੂੰ "ਮੰਨਣ ਤੋਂ ਪਾਰਲਾ ਭਾਰਤ" ਬਣਾਉਂਦੀ ਹੈ। ਭਾਰਤ ਦੀ ਸੱਭਿਆਚਾਰੀ ਦੌਲਤ ਦੀ ਸੰਭਾਲ ਤੇ ਵਾਧਾ ਦੇਸ ਲਈ ਉੱਚ ਪਹਿਲ ਮੰਨੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਰਾਸ਼ਟਰ ਦੀ ਪਛਾਣ ਲਈ ਤੇ ਅਰਥਚਾਰੇ ਲਈ ਵੀ ਸੱਚੀ-ਮੁੱਚੀ ਮਹੱਤਵ ਵਾਲੀ ਹੈ।

22.2. ਭਾਰਤ ਦੀਆਂ ਕਲਾਵਾ ਤੇ ਸੱਭਿਆਚਾਰ ਦਾ ਵਾਧਾ ਰਾਸ਼ਟਰ ਲਈ ਹੀ ਨਹੀਂ ਵਿਅਕਤੀ ਲਈ ਵੀ ਮਹੱਤਵ ਵਾਲਾ ਹੈ। ਬੱਚਿਆਂ ਅੰਦਰ ਪਛਾਣ, ਅਪਣੱਤ, ਅਤੇ ਦੂਜੇ ਸੱਭਿਆਚਾਰਾਂ ਤੇ ਪਛਾਣਾਂ ਦੀ ਕਦਰ ਦੀ ਭਾਵਨਾ ਭਰਨ ਲਈ, ਸੱਭਿਆਚਾਰੀ ਚੇਤੰਨਤਾ ਤੇ ਪ੍ਰਗਟਾਵਾ ਬੱਚਿਆਂ ਵਿੱਚ ਵਿਕਸਤ ਕੀਤੀਆਂ ਜਾਣ ਵਾਲੀਆਂ ਪਹਿਲੀਆਂ ਸਮਰਥਾਵਾਂ ਹਨ ਜਿਹੜੀਆਂ ਮਹੱਤਾ ਵਾਲੀਆਂ ਸਮਝੀਆਂ ਜਾਂਦੀਆਂ ਹਨ। ਆਪਣੇ ਸੱਭਿਆਚਾਰੀ ਇਤਿਹਾਸ, ਕਲਾਵਾਂ, ਭਾਸ਼ਾਵਾਂ, ਅਤੇ ਪਰੰਪਰਾਵਾਂ ਦੀ ਤਗੜੀ ਭਾਵਨਾ ਤੇ ਗਿਆਨ ਦੇ ਵਿਕਾਸ ਰਾਹੀਂ ਹੀ ਬੱਚੇ ਹਾਂ-ਪੱਖੀ ਪਛਾਣ ਤੇ ਸਵੈਮਾਨ ਦੀ ਉਸਾਰੀ ਕਰ ਸਕਦੇ ਹਨ। ਇੰਞ, ਸੱਭਿਆਚਾਰੀ ਚੇਤੰਨਤਾ ਤੇ ਪ੍ਰਗਟਾਵਾ ਵਿਅਕਤੀ ਦੀ ਤੇ ਸਮਾਜ ਦੀ ਭਲਾਈ ਲਈ ਵੱਡਾ ਯੋਗਦਾਨ ਪਾਉਂਦੇ ਹਨ।

22.3. ਸੱਭਿਆਚਾਰ ਦੇ ਸੰਚਾਰ ਲਈ ਕਲਾਵਾਂ ਵੱਡੇ ਮਾਧਿਅਮ ਹਨ। ਕਲਾਵਾਂ ਸੱਭਿਆਚਾਰੀ ਪਛਾਣ, ਚੇਤੰਨਤਾ ਨੂੰ ਤਗੜਾ ਕਰਨ ਤੇ ਸਮਾਜ ਨੂੰ ਉੱਚਾ ਚੁੱਕਣ ਦੇ ਨਾਲ-ਨਾਲ, ਵਿਅਕਤੀਆਂ ਦੀਆਂ ਗਿਆਨਵੀ ਤੇ ਸਿਰਜਣਾਤਮਕ ਸਮਰਥਾਵਾਂ ਦੇ ਵਾਧੇ ਤੇ ਵਿਅਕਤੀਗਤ ਪ੍ਰਸੰਨਤਾ ਦੇ ਵਾਧੇ ਲਈ ਚੰਗੀ ਤਰ੍ਹਾਂ ਜਾਣੀਆਂ ਜਾਂਦੀਆਂ ਹਨ। ਵਿਅਕਤੀਆਂ ਦੀ ਪ੍ਰਸੰਨਤਾ/ਭਲਾਈ, ਗਿਆਨਵੀ ਵਿਕਾਸ, ਅਤੇ ਸੱਭਿਆਚਾਰੀ ਪਛਾਣ ਵੱਡੇ ਕਾਰਣ ਹਨ ਜਿੰਨ੍ਹਾ ਕਰਕੇ ਵਿਦਿਆਰਥੀਆਂ ਨੂੰ ਸਾਰੀ ਤਰ੍ਹਾਂ ਦੀਆਂ ਭਾਰਤੀ ਕਲਾਵਾਂ ਮੁੱਢਲੀ ਬਾਲ-ਉਮਰ ਦੇਖ-ਭਾਲ ਤੇ ਸਿੱਖਿਆ ਤੋਂ ਸ਼ੁਰੂ ਕਰ ਕੇ ਸਿੱਖਿਆ ਦੇ ਹਰ ਪੱਧਰ 'ਤੇ ਹਾਸਲ ਕਰਾਈਆਂ ਜਾਣੀਆਂ ਚਾਹੀਦੀਆਂ ਹਨ।

22.4. ਭਾਸ਼ਾ, ਬਿਨਾਂ ਕਿਸੇ ਸੰਦੇਹ ਦੇ, ਕਲਾ ਤੇ ਸੱਭਿਆਚਾਰ ਨਾਲ ਅਟੁੱਟ ਤਰ੍ਹਾਂ ਜੁੜੀ ਹੈ। ਵੱਖ-ਵੱਖ ਭਾਸ਼ਾਵਾਂ ਦੁਨੀਆਂ ਨੂੰ ਵੱਖ-ਵੱਖ ਤਰ੍ਹਾਂ 'ਵੇਖਦੀਆਂ' ਹਨ, ਤੇ, ਇਸ ਲਈ, ਕਿਸੇ ਭਾਸ਼ਾ ਦੀ ਬਣਤਰ ਕਿਸੇ ਮਾਤ-ਭਾਸ਼ੀ ਦੇ ਅਨੁਭਵ ਦੇ ਪ੍ਰਤੱਖਣ ਨੂੰ ਤੈਅ ਕਰਦੀ ਹੈ। ਖਾਸ ਤੌਰ 'ਤੇ, ਭਾਸ਼ਾ ਇਸ ਤੇ ਬੜਾ ਅਸਰ ਪਾਉਂਦੀ ਹੈ ਕਿ ਕਿਸੇ ਸੱਭਿਆਚਾਰ ਦੇ ਲੋਕ ਦੂਜਿਆਂ ਨਾਲ, ਜਿਵੇਂ ਕਿ ਪਰਿਵਾਰ ਦੇ ਸਦੱਸ, ਅਧਿਕਾਰੀਗਣ, ਸਾਥੀ, ਤੇ ਅਜਨਬੀਆਂ ਨਾਲ, ਕਿਵੇਂ ਗੱਲ ਕਰਦੇ ਹਨ, ਤੇ ਇਹ ਬਾਤਚੀਤ ਦੀ ਰਉਂ 'ਤੇ ਵੀ ਅਸਰ ਕਰਦੀ ਹੈ। ਕਿਸੇ ਇੱਕ ਭਾਸ਼ਾ ਦੇ ਬੁਲਾਰਿਆਂ ਦੀ ਬਾਤਚੀਤ ਅੰਦਰਲੀ ਸੁਰ, ਅਨੁਭਵ ਦਾ ਪ੍ਰਤੱਖਣ, ਅਤੇ ਜਾਣ-ਪਛਾਣ/ਆਪਣਾਪਨ ਕਿਸੇ ਸੱਭਿਆਚਾਰ ਦਾ ਝਲਕਾਰਾ ਤੇ ਦਸਤਾਵੇਜ਼ ਹੁੰਦੇ ਹਨ। ਇੰਞ, ਸੱਭਿਆਚਾਰ ਭਾਸ਼ਾ ਦੇ ਵੇਸ ਵਿੱਚ ਹੁੰਦਾ ਹੈ। ਕਲਾ ਨੂੰ ਸਾਹਿਤ, ਨਾਟਕ, ਸੰਗੀਤ, ਚਲਚਿੱਤਰ, ਆਦਿ ਦੇ ਰੂਪ ਵਿੱਚ ਭਾਸ਼ਾ ਤੋਂ ਬਿਨਾਂ ਨਹੀਂ ਮਾਣਿਆਂ ਜਾ ਸਕਦਾ। ਸੱਭਿਆਚਾਰ ਦੀ ਸੰਭਾਲ ਤੇ ਵਾਧੇ ਲਈ ਉਸ ਸੱਭਿਆਚਾਰ ਦੀ ਭਾਸ਼ਾ ਦੀ ਸੰਭਾਲ ਤੇ ਵਾਧਾ ਜ਼ਰੂਰੀ ਹੈ।

22.5. ਮੰਦੇ ਭਾਗੀਂ, ਭਾਰਤੀ ਭਾਸ਼ਾਵਾਂ ਨੂੰ ਬਣਦਾ ਧਿਆਨ ਅਤੇ ਦੇਖ-ਭਾਲ ਹਾਸਲ ਨਹੀਂ ਹੋਏ; ਪਿਛਲੇ 50 ਸਾਲਾਂ ਵਿੱਚ ਦੇਸ ਨੇ 220 ਭਾਸ਼ਾਵਾਂ ਗੁਆ ਲਈਆਂ ਹਨ। ਯੂਨੇਸਕੋ ਅਨੁਸਾਰ ਭਾਰਤ ਦੀਆਂ 197 ਭਾਸ਼ਾਵਾਂ ਇਸ ਵੇਲੇ ਖ਼ਤਰੇ ਵਿੱਚ ਹਨ। ਕਈ ਭਾਸ਼ਾਵਾਂ ਜਿਹੜੀਆਂ ਲਿਪੀ ਤੋਂ ਬਿਨਾਂ ਹਨ ਅਲੋਪ ਹੋ ਜਾਣ ਦੇ ਖਾਸ ਤੌਰ 'ਤੇ ਖ਼ਤਰੇ ਹੇਠ ਹਨ। ਜੇ ਕਿਸੇ ਕਬੀਲੇ ਜਾਂ ਜਨ-ਸਮੂਹ ਦੇ ਜੇਠੇ ਲੋਕ ਜਿਹੜੇ ਇਹ ਭਾਸ਼ਾਵਾਂ ਬੋਲਦੇ ਹਨ ਪੂਰੇ ਹੋ ਜਾਂਦੇ ਹਨ ਤਾਂ ਇਹ ਭਾਸ਼ਾਵਾਂ ਵੀ ਅਕਸਰ ਉਹਨਾਂ ਦੇ ਨਾਲ ਈ ਮੁੱਕ ਜਾਂਦੀਆਂ ਹਨ; ਬੜੀ ਵਾਰੀਂ, ਸੱਭਿਆਚਾਰ ਦੀਆਂ ਇਹਨਾਂ ਅਮੀਰ ਭਾਸ਼ਾਵਾਂ/ਪ੍ਰਗਟਾਵਿਆਂ ਨੂੰ ਸੰਭਾਲਣ ਤੇ ਭੰਡਾਰਣ ਦੇ ਕੋਈ ਸਾਂਝੇ ਅਮਲ ਜਾਂ ਕਦਮ ਨਹੀਂ ਚੁੱਕੇ ਜਾਂਦੇ।

22.6. ਇਸ ਤੋਂ ਵੀ ਅੱਗੇ, ਭਾਰਤ ਦੀਆਂ ਉਹਨਾਂ ਭਾਸ਼ਾਵਾਂ ਨੂੰ ਵੀ ਜਿਹੜੀਆਂ ਸਰਕਾਰੀ ਤੌਰ 'ਤੇ ਖਤਰੇ ਵਾਲੀ ਸੂਚੀ ਵਿੱਚ ਨਹੀਂ ਹਨ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੀ ਅੱਠਵੀਂ ਸੂਚੀ ਵਾਲੀਆਂ 22 ਭਾਸ਼ਾਵਾਂ, ਬੜੇ ਪੱਖਾਂ ਤੋਂ ਸੰਗੀਨ ਔਕੜਾਂ ਦਾ ਸਾਹਮਣਾ ਹੈ। ਭਾਰਤੀ ਭਾਸ਼ਾਵਾਂ ਦੇ ਅਧਿਆਪਨ ਤੇ ਸਿੱਖਣ ਨੂੰ ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੇ ਹਰ ਪੱਧਰ 'ਤੇ ਅਖੰਡ ਹਿੱਸਾ ਬਨਾਉਣ ਦੀ ਲੋੜ ਹੈ। ਭਾਸ਼ਾਵਾਂ ਦੇ ਪ੍ਰਸੰਗੀ ਤੇ ਜੀਵੰਤ ਬਣੇ ਰਹਿਣ ਲਈ ਇਹਨਾਂ ਭਾਸ਼ਾਵਾਂ ਵਿੱਚ ਉੱਚ-ਗੁਣਵੱਤਾ ਵਾਲੀ ਸਿੱਖਣ ਤੇ ਛਪੀ ਸਮੱਗਰੀ ਦੀ ਨਦੀ ਵਹਿੰਦੀ ਰਹਿਣੀ ਚਾਹੀਦੀ ਹੈ, ਜਿਸ ਵਿੱਚ ਪਾਠ-ਪੋਥੀਆਂ, ਅਭਿਆਸ-ਪੋਥੀਆਂ, ਬੋਲਚਿੱਤਰ, ਨਾਟਕ, ਕਵਿਤਾਵਾਂ, ਉਪਨਿਆਸ, ਅਤੇ ਰਸਾਲੇ, ਆਦਿ ਸ਼ਾਮਲ ਹਨ। ਭਾਸ਼ਾਵਾਂ ਦੀਆਂ ਸ਼ਬਦਾਵਲੀਆਂ ਤੇ ਸ਼ਬਦਕੋਸ਼ਾਂ ਨੂੰ ਵੀ ਲਗਾਤਾਰ ਸਰਕਾਰੀ ਤੌਰ 'ਤੇ ਨਵਿਆਇਆ ਜਾਣਾ ਚਾਹੀਦਾ ਹੈ ਤੇ ਵੱਡੀ ਪੱਧਰ 'ਤੇ ਵੰਡਿਆ ਜਾਣਾ ਚਾਹੀਦਾ ਹੈ, ਤਾਂ ਕਿ ਸਭ ਤੋਂ ਵੱਧ ਚੱਲਦੇ ਮੁੱਦੇ ਅਤੇ ਸੰਕਲਪ ਇਹਨਾਂ ਭਾਸ਼ਾਵਾਂ ਵਿੱਚ ਅਸਰਦਾਰ ਢੰਗ ਨਾਲ ਵਿਚਾਰੇ ਜਾ ਸੱਕਣ। ਅਜਿਹੀਆਂ ਸਿੱਖਣ ਸਮੱਗਰੀਆਂ ਤੇ ਛਾਪ ਸਮੱਗਰੀਆਂ ਦੀ ਤਿਆਰੀ, ਦੁਨੀਆਂ ਦੀਆਂ ਭਾਸ਼ਾਵਾਂ 'ਚੋਂ ਮਹੱਤਵ ਵਾਲੀ ਸਮੱਗਰੀ ਦੇ ਉਲਥੇ, ਅਤੇ ਸ਼ਬਦਾਵਲੀਆਂ ਦਾ ਲਗਾਤਾਰ ਨਵਿਆਉਣਾ, ਅੰਗਰੇਜ਼ੀ, ਫ਼ਰਾਂਸੀਸੀ, ਜਰਮਨ, ਹਿਬਰਿਊ, ਕੋਰੀਆਈ, ਤੇ ਜਪਾਨੀ ਜਿਹੀਆਂ ਭਾਸ਼ਾਵਾਂ ਲਈ ਸਾਰੇ ਜੱਗ ਵਿੱਚ ਕੀਤਾ ਜਾਂਦਾ ਹੈ। ਪਰ, ਭਾਰਤ ਆਪਣੀਆਂ ਭਾਸ਼ਾਵਾਂ ਨੂੰ ਪੂਰੀ ਤਰ੍ਹਾਂ ਜੀਵੰਤ ਤੇ ਸਮਕਾਲੀ ਬਣੀਆਂ ਰੱਖਣ ਵਿੱਚ ਸਹਾਇਤਾ ਕਰਨ ਲਈ ਅਜਿਹੀਆਂ ਸਿੱਖਣ ਤੇ ਛਾਪ ਸਮੱਗਰੀਆਂ ਤੇ ਸ਼ਬਦਕੋਸ਼ ਨੇਕ-ਨੀਤੀ ਨਾਲ ਪੈਦਾ ਕਰਨ ਵਿੱਚ ਬੜਾ ਸੁਸਤ ਰਿਹਾ ਹੈ।

22.7. ਇਸ ਦੇ ਨਾਲ, ਵੱਖ-ਵੱਖ ਉਪਾਵਾਂ ਦੇ ਬਾਵਜੂਦ ਵੀ ਭਾਰਤ ਵਿੱਚ ਹੁਨਰਮੰਦ ਭਾਸ਼ਾ ਅਧਿਆਪਕਾਂ ਦੀ ਵੱਡੀ ਘਾਟ ਰਹੀ ਹੈ। ਭਾਸ਼ਾ-ਅਧਿਆਪਨ ਨੂੰ ਸੋਧ ਕੇ ਵਧੇਰੇ ਅਭਿਆਸੀ ਬਨਾਉਣ ਦੀ ਵੀ ਲੋੜ ਹੈ ਅਤੇ ਬੱਸ ਸਾਹਿਤ, ਸ਼ਬਦਾਵਲੀ, ਤੇ ਵਿਆਕਰਣ 'ਤੇ ਹੀ ਜ਼ੋਰ ਨਾ ਦੇ ਕੇ ਸਬੰਧਤ ਭਾਸ਼ਾ ਵਿੱਚ ਬਾਤਚੀਤ ਕਰਨ ਤੇ ਆਦਾਨ-ਪ੍ਰਦਾਨ ਕਰਨ 'ਤੇ ਜ਼ੋਰ ਦੇਣ ਦੀ ਲੋੜ ਹੈ। ਗੱਲ-ਬਾਤ ਵਿੱਚ ਤੇ ਅਧਿਆਪਨ-ਸਿੱਖਣ ਵਿੱਚ ਭਾਸ਼ਾਵਾਂ ਦੀ ਬਹੁਤ ਵੱਧ ਵਰਤੋਂ ਦੀ ਲੋੜ ਹੈ।

22.8. ਪਾਠਸ਼ਾਲਾ ਬੱਚਿਆਂ ਵਿੱਚ ਭਾਸ਼ਾਵਾਂ, ਕਲਾਵਾਂ, ਅਤੇ ਸੱਭਿਆਚਾਰ ਦੇ ਮੌਲਣ ਲਈ ਕਈ ਪਹਿਲਕਦਮੀਆਂ ਬਾਰੇ ਪਾਠ 4 ਵਿੱਚ ਵਿਚਾਰ ਕੀਤੀ ਗਈ ਹੈ, ਜਿਸ ਵਿੱਚ ਇਹ ਨੁਕਤੇ ਸ਼ਾਮਲ ਹਨ; ਪਾਠਸ਼ਾਲਾ ਦੇ ਹਰ ਪੱਧਰ 'ਤੇ ਸੰਗੀਤ, ਕਲਾਵਾਂ, ਅਤੇ ਦਸਤਕਾਰੀਆਂ 'ਤੇ ਵੱਧ ਜੋਰ ਦੇਣਾ; ਬਹੁਭਾਸ਼ਤਾ ਦੇ ਵਾਧੇ ਲਈ ਤਿੰਨ ਭਾਸ਼ਾਈ ਸੂਤਰ ਨੂੰ ਛੇਤੀ ਲਾਗੂ ਕਰਨਾ; ਜਿੱਥੇ ਸੰਭਵ ਹੋਵੇ, ਪਰਿਵਾਰ/ਸਥਾਨ ਦੀ ਭਾਸ਼ਾ ਵਿੱਚ ਪੜ੍ਹਾਉਣਾ; ਅਭਿਆਸੀ ਭਾਸ਼ਾ ਸਿੱਖਣ ਦੀ ਵਿਧੀ ਵੱਧ ਅਪਨਾਉਣੀ; ਸਥਾਨੀ ਮੁਹਾਰਤ ਦੇ ਵੱਖ-ਵੱਖ ਵਿਸ਼ਿਆਂ ਲਈ ਸਿਰਮੌਰ ਸਥਾਨੀ ਕਲਾਕਾਰਾਂ, ਲੇਖਕਾਂ, ਦਸਤਕਾਰਾਂ, ਤੇ ਹੋਰ ਮਾਹਰਾਂ ਨੂੰ ਸਿਖਲਾਈਕਾਰਾਂ ਵੱਜੋਂ ਭਾੜੇ 'ਤੇ ਰੱਖਣਾ; ਜਿੱਥੇ ਵੀ ਪ੍ਰਸੰਗੀ ਹੋਵੇ, ਮਾਨਵ ਵਿਗਿਆਨਾਂ, ਵਿਗਿਆਨਾਂ, ਕਲਾਵਾਂ, ਦਸਤਕਾਰੀਆਂ, ਅਤੇ ਖੇਡਾਂ ਸਭ ਦੇ ਪਾਠਕ੍ਰਮਾਂ ਵਿੱਚ ਅਰੰਭ ਤੋਂ ਅੰਤ ਤੱਕ ਕਬੀਲਾਈ ਤੇ ਹੋਰ ਸਥਾਨੀ ਗਿਆਨ ਸਮੇਤ ਪਰੰਪਰਾਵੀ ਭਾਰਤੀ ਗਿਆਨ ਨੂੰ ਸਹੀ-ਸਹੀ ਹਿੱਸਾ ਬਨਾਉਣਾ; ਅਤੇ, ਪਾਠਕ੍ਰਮ ਵਿੱਚ ਬਹੁਤ ਵਡੇਰੀ ਲਚਕ, ਖਾਸ ਤੌਰ 'ਤੇ ਦੂਜੇ ਪੱਧਰ ਦੀਆਂ ਪਾਠਸ਼ਾਲਾਵਾਂ ਤੇ ਉਚੇਰੀ ਸਿੱਖਿਆ ਵਿੱਚ, ਤਾਂ ਕਿ ਵਿਦਿਆਰਥੀ ਆਪਣੇ ਸਿਰਜਣੇਈ, ਕਲਾਵੀ, ਸੱਭਿਆਚਾਰੀ, ਅਤੇ ਪੀਠੀ ਰਾਹਾਂ ਦੇ ਵਿਕਾਸ ਲਈ ਆਪਣੇ ਲਈ ਕੋਰਸਾਂ 'ਚੋਂ ਆਦਰਸ਼ ਸੰਤੁਲਨ ਦੀ ਚੋਣ ਕਰ ਸੱਕਣ।

22.9. ਪਿਛਲੇਰੀਆਂ ਕੁੰਜੀਵਤ ਪਹਿਲਕਦਮੀਆਂ ਲਈ, ਉਚੇਰੀ ਸਿੱਖਿਆ ਪੱਧਰ 'ਤੇ ਅਤੇ ਹੋਰ ਪੱਧਰਾਂ 'ਤੇ ਕਈ ਇਕੱਠੇ ਕਦਮ ਚੁੱਕੇ ਜਾਣਗੇ। ਪਹਿਲਾਂ, ਉੱਤੇ ਦੱਸੀਆਂ ਤਰ੍ਹਾਂ ਦੇ ਕਈ ਕੋਰਸਾਂ ਦੇ ਵਿਕਾਸ ਅਤੇ ਅਧਿਆਪਨ ਲਈ, ਅਧਿਆਪਕਾਂ ਅਤੇ ਅਧਿਆਪਨ ਅਮਲੇ ਦੇ ਇੱਕ ਉੱਤਮ ਜੁੱਟ ਦੇ ਵਿਕਾਸ ਦੀ ਲੋੜ ਹੋਵੇਗੀ। ਭਾਰਤੀ ਭਾਸ਼ਾਵਾਂ, ਤੁਲਨਾਤਮਕ ਸਾਹਿਤ, ਸਿਰਜਣੇਈ ਲੇਖਣ, ਕਲਾਵਾਂ, ਸੰਗੀਤ, ਦਰਸ਼ਨ ਆਦਿ ਦੇ ਤਗੜੇ ਵਿਭਾਗ ਤੇ ਕਾਰਜਕ੍ਰਮਾਂ ਦਾ ਸਾਰੇ ਦੇਸ ਵਿੱਚ ਅਰੰਭ ਤੇ ਵਿਕਾਸ ਕੀਤਾ ਜਾਵੇਗਾ, ਅਤੇ ਇਹਨਾਂ ਵਿਸ਼ਿਆਂ ਵਿੱਚ 4-ਸਾਲਾ ਦੋਹਰੀਆਂ ਸਿਸ ਉਪਾਧੀਆਂ ਸਣੇਂ ਉਪਾਧੀਆਂ ਦਾ ਵਿਕਾਸ ਕੀਤਾ ਜਾਵੇਗਾ। ਇਹ ਵਿਭਾਗ ਤੇ ਕਾਰਜਕ੍ਰਮ ਉੱਚ-ਗੁਣਵੱਤਾ ਵਾਲੇ ਭਾਸ਼ਾ ਅਧਿਆਪਕਾਂ ਦੇ ਵੱਡੇ ਵਰਗ ਦੇ - ਤੇ ਕਲਾ, ਸੰਗੀਤ, ਦਰਸ਼ਨ, ਤੇ ਲੇਖਣ ਦੇ ਅਧਿਆਪਕਾਂ ਦੇ ਵੀ - ਵਿਕਾਸ ਵਿੱਚ ਖਾਸ ਤੌਰ 'ਤੇ ਸਹਾਈ ਹੋਣਗੇ, ਜਿਨ੍ਹਾਂ ਦੀ ਅਧਿਆਪਕਾਂ ਬਾਰੇ ਇਸ ਨੀਤੀ ਨੂੰ ਚਲਾਉਣ ਲਈ ਸਾਰੇ ਦੇਸ ਵਿੱਚ ਲੋੜ ਹੋਵੇਗੀ। ਕੌਖੋਸ ਇਹਨਾਂ ਸਾਰੇ ਖੇਤਰਾਂ ਵਿੱਚ ਉੱਤਮ ਖੋਜ ਲਈ ਰਾਸ਼ੀ ਹਾਸਲ ਕਰਾਏਗੀ। ਸਥਾਨੀ ਸੰਗੀਤ, ਕਲਾ, ਭਾਸ਼ਾਵਾਂ, ਤੇ ਦਸਤਕਾਰੀਆਂ ਦੇ ਵਾਧੇ ਲਈ ਅਤੇ ਯਕੀਨੀ ਬਨਾਉਣ ਲਈ ਕਿ ਵਿਦਿਆਰਥੀ ਜਿੱਥੇ ਪੜ੍ਹਦੇ ਹੋਣ ਉਥੋਂ ਦੇ ਸੱਭਿਆਚਾਰ ਤੇ ਸਥਾਨੀ ਗਿਆਨ ਬਾਰੇ ਸੁਚੇਤ ਹੋਣ, ਸਿਰਮੌਰ ਸਥਾਨੀ ਕਲਾਕਾਰਾਂ ਅਤੇ ਦਸਤਕਾਰਾਂ ਦੀ ਮਹਿਮਾਨ ਅਮਲੇ ਵੱਜੋਂ ਭਰਤੀ ਕੀਤੀ ਜਾਵੇਗੀ। ਵਿਦਿਆਰਥੀਆਂ ਦਾ ਕਲਾ, ਸਿਰਜਣ-ਗੁਣ, ਅਤੇ ਖੇਤਰ/ਦੇਸ ਦੇ ਅਮੀਰ ਭੰਡਾਰਾਂ ਨਾਲ ਵਾਹ ਪੁਆਉਣ ਲਈ, ਹਰ ਇੱਕ ਉਚੇਰੀ ਸਿੱਖਿਆ ਸੰਸਥਾ ਅਤੇ ਏਥੋਂ ਤੱਕ ਕਿ ਹਰ ਇੱਕ ਪਾਠਸ਼ਾਲਾ ਜਾਂ ਪਾਠਸ਼ਾਲਾ ਸਮੂਹ ਵੀ 'ਓਥੇ ਰਹਿੰਦਾ ਕਲਾਕਾਰ' ਭਰਤੀ ਕਰਣ ਦਾ ਟੀਚਾ ਰੱਖਣਗੇ।

22.10. ਸਾਰੀਆਂ ਭਾਰਤੀ ਭਾਸ਼ਾਵਾਂ ਦੀ ਪਹੁੰਚ ਤੇ ਕੁਦਾਅ ਵਧਾਉਣ ਲਈ ਅਤੇ ਬਲ, ਵਰਤੋਂ ਤੇ ਜੀਵੰਤਾ ਵਧਾਉਣ ਲਈ ਵਧੇਰੇ ਉਸਿਸਾਂ, ਤੇ ਉਚੇਰੀ ਸਿੱਖਿਆ ਵਿੱਚ ਵਧੇਰੇ ਕਾਰਜਕ੍ਰਮ ਮਾਂ ਬੋਲੀ/ਸਥਾਨੀ ਭਾਸ਼ਾ ਵਿੱਚ ਅਤੇ/ਜਾਂ ਦੁਭਾਸ਼ੀ ਕਾਰਜਕ੍ਰਮ ਦੇਣਗੇ। ਨਿੱਜੀ ਉਸਿਸਾਂ ਨੂੰ ਵੀ ਭਾਰਤੀ ਭਾਸ਼ਾਵਾਂ ਨੂੰ ਮਾਧਿਅਮ ਵੱਜੋਂ ਵਰਤਣ ਅਤੇ/ਜਾਂ ਦੁਭਾਸ਼ੀ ਕਾਰਜਕ੍ਰਮ ਦੇਣ ਲਈ ਉਤਸ਼ਾਹ ਤੇ ਪ੍ਰੋਤਸਾਹਨ ਦਿੱਤਾ ਜਾਵੇਗਾ। ਚਾਰ-ਸਾਲਾ ਦੋਹਰੀ ਉਪਾਧੀ ਸਿਸ ਕਾਰਜਕ੍ਰਮਾਂ ਨੂੰ ਦੁਭਾਸ਼ੀ ਦੇਣਾ ਵੀ ਸਹਾਈ ਹੋਵੇਗਾ, ਮਿ.ਲ. (ਮਿਸਾਲ ਲਈ), ਸਾਰੇ ਦੇਸ ਦੀਆਂ ਪਾਠਸ਼ਾਲਾਵਾਂ ਵਿੱਚ ਵਿਗਿਆਨ ਦੋ ਭਾਸ਼ਾਵਾਂ ਵਿੱਚ ਪੜ੍ਹਾਉਣ ਲਈ ਵਿਗਿਆਨ ਤੇ ਗਣਿਤ ਦੇ ਅਧਿਆਪਕਾਂ ਦੇ ਵਰਗ ਦੀ ਸਿਖਲਾਈ ਵਿੱਚ।

22.11. ਉਚੇਰੀ ਸਿੱਖਿਆ ਦੇ ਅੰਦਰ ਹੀ ਉਲਥੇ ਅਤੇ ਵਿਆਖਿਆ, ਕਲਾ ਤੇ ਅਜਾਇਬ-ਘਰਾਂ ਦਾ ਪ੍ਰਬੰਧ, ਪੁਰਾਤੱਤ-ਵਿਗਿਆਨ, ਕਲਾ-ਕਿਰਤਾਂ ਦਾ ਰੱਖ-ਰਖਾਅ, ਭਾਸ਼ਚਿੱਤਰੀ-ਨਮੂਨਾਕਾਰੀ, ਅਤੇ ਮੱਕੜਜਾਲ ਨਮੂਨਾਕਾਰੀ ਦੇ ਕਾਰਜਕ੍ਰਮ ਤੇ ਉਪਾਧੀਆਂ ਸਿਰਜੀਆਂ ਜਾਣਗੀਆਂ। ਇਹ ਭਾਰਤ ਦੀ ਕਲਾ ਤੇ ਸੱਭਿਆਚਾਰ ਦੀ ਸੰਭਾਲ ਤੇ ਵਾਧੇ ਲਈ, ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਉੱਚ-ਗੁਣਵੱਤਾ ਵਾਲੀ ਸਮੱਗਰੀ ਦੇ ਵਿਕਾਸ ਲਈ, ਕਲਾ-ਕਿਰਤਾਂ ਦੇ ਰੱਖ-ਰੱਖਾਅ ਲਈ, ਅਜਾਇਬ-ਘਰਾਂ ਤੇ ਵਿਰਾਸਤੀ ਤੇ ਸੈਰ-ਸਪਾਟਾ ਥਾਵਾਂ ਦੀ ਨਿਗਰਾਨੀ ਤੇ ਚਲਾਉਣ ਵਾਸਤੇ ਉੱਚੀ ਯੋਗਤਾ ਵਾਲੇ ਵਿਅਕਤੀਆਂ ਦੇ ਵਿਕਾਸ ਲਈ ਲੋੜੀਂਦਾ ਹੈ, ਤੇ ਨਤੀਜੇ ਵੱਜੋਂ ਇਹ ਸੈਰ-ਸਪਾਟਾ ਉਦਯੋਗ ਨੂੰ ਵੀ ਵੱਡੇ ਪੱਧਰ ‘ਤੇ ਤਗੜਿਆਂ ਕਰੇਗਾ।

22.12. ਇਹ ਨੀਤੀ ਮੰਨਦੀ ਹੈ ਕਿ ਭਾਰਤ ਦੀ ਅਮੀਰ ਵਿਰਾਸਤ ਦਾ ਗਿਆਨ ਸਿਖਿਆਰਥੀ ਸਿੱਧੇ ਆਤਮਸਾਤ ਕਰਨ। ਇਸ ਦਾ ਮਤਲਬ ਇਹ ਹੋਵੇਗਾ ਕਿ ਵਿਦਿਅਰਥੀਆਂ ਲਈ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਘੁੰਮ-ਫਿਰ ਕੇ ਆਉਣ ਜਿਹੀਆਂ ਆਮ ਸਰਗਰਮੀਆਂ ਸ਼ਾਮਲ ਕੀਤੀਆਂ ਜਾਣ, ਇਹ ਸੈਰ-ਸਪਾਟੇ ਨੂੰ ਈ ਹੁਲਾਰਾ ਨਹੀਂ ਦੇਵੇਗਾ ਬਲਕਿ ਇਸ ਦਾ ਨਤੀਜਾ ਭਾਰਤ ਦੇ ਵੱਖ-ਵੱਖ ਹਿੱਸਿਆਂ ਦੀ ਵੰਨ-ਸਵੰਨਤਾ, ਸੱਭਿਆਚਾਰ, ਤੇ ਪਰੰਪਰਾਵਾਂ ਦੀ ਸਮਝ ਤੇ ਗਿਆਨ ਵੀ ਹੋਵੇਗਾ। 'ਇੱਕ ਭਾਰਤ ਸ੍ਰੇਸ਼ਠ ਭਾਰਤ' ਯੋਜਨਾ ਅਧੀਨ ਇਸ ਦਿਸ਼ਾ ਲਈ, ਦੇਸ ਵਿੱਚ 100 ਸੈਰ-ਸਪਾਟਾ ਟਿਕਾਣਿਆਂ ਦੀ ਪਛਾਣ ਕੀਤੀ ਜਾਵੇਗੀ ਜਿੱਥੇ ਸਿੱਖਿਆ ਸੰਸਥਾਵਾਂ ਇਹਨਾਂ ਖੇਤਰਾਂ ਬਾਰੇ ਜਾਣਕਾਰੀ ਦੇ ਵਾਧੇ ਹਿੱਤ ਇਹਨਾਂ ਦੇ ਇਤਿਹਾਸ, ਵਿਗਿਆਨਕ ਯੋਗਦਾਨ, ਪਰੰਪਰਾਵਾਂ, ਮੂਲ ਸਾਹਿਤ ਤੇ ਗਿਆਨ, ਆਦਿ ਦੇ ਅਧਿਐਨ ਲਈ ਵਿਦਿਆਰਥੀਆਂ ਨੂੰ ਘੱਲਣਗੀਆਂ।

22.13. ਕਲਾਵਾਂ, ਭਾਸ਼ਾਵਾਂ, ਤੇ ਮਾਨਵ-ਵਿਗਿਆਨਾਂ ਸਾਰਿਆਂ ਲਈ ਉਚੇਰੀ ਸਿੱਖਿਆ ਵਿੱਚ ਅਜਿਹੇ ਕਾਰਜਕ੍ਰਮ ਤੇ ਉਪਾਧੀਆਂ ਦੀ ਸਿਰਜਣਾ ਰੁਜ਼ਗਾਰ ਦੇ ਵੱਧ ਪਸਾਰ ਵਾਲੇ ਉੱਚ-ਗੁਣਵੱਤਾ ਵਾਲੇ ਮੌਕੇ ਵੀ ਹਾਸਲ ਕਰਾਏਗੀ ਜਿਸ ਨਾਲ ਇਹਨਾਂ ਯੋਗਤਾਵਾਂ ਦੀ ਅਸਰਦਾਰ ਵਰਤੋਂ ਵੀ ਹੋਵੇਗੀ। ਪਹਿਲਾਂ ਹੀ ਸੈਂਕੜੇ ਪੀਠ, ਅਜਾਇਬ-ਘਰ, ਕਲਾ ਪਰਦਰਸ਼ਨ-ਘਰ, ਤੇ ਵਿਰਾਸਤੀ ਥਾਵਾਂ ਹਨ ਜਿੰਨ੍ਹਾਂ ਦੇ ਪ੍ਰਭਾਵੀ ਕਾਰਜਕਰਨ ਲਈ ਯੋਗਤਾ-ਹਾਸਲ ਵਿਅਕਤੀਆਂ ਦੀ ਵੱਡੀ ਲੋੜ ਹੈ। ਜਿਵੇਂ ਹੀ ਇਹ ਥਾਵਾਂ ਢੁੱਕਵੀਂ ਯੋਗਤਾ ਵਾਲੇ ਵਿਅਕਤੀਆਂ ਨਾਲ ਭਰੀਆਂ ਜਾਣਗੀਆਂ, ਤੇ ਹੋਰ ਕਲਾ-ਕਿਰਤਾਂ ਹਾਸਲ ਕੀਤੀਆਂ ਜਾਣਗੀਆਂ ਤੇ ਸੰਭਾਲੀਆਂ ਜਾਣਗੀਆਂ ਤਾਂ ਬਿਜਲੇਈ ਅਜਾਇਬ-ਘਰਾਂ, ਪਰਦਰਸ਼ਨ-ਘਰਾਂ, ਤੇ ਵਿਰਾਸਤੀ ਥਾਵਾਂ ਸਣੇਂ ਹੋਰ ਅਜਾਇਬ-ਘਰ ਭਾਰਤ ਦੇ ਸੈਰ-ਸਪਾਟਾ ਉਦਯੋਗ ਦੇ ਨਾਲ-ਨਾਲ ਵਿਰਾਸਤ ਦੇ ਰੱਖ-ਰੱਖਾਅ ਲਈ ਵੀ ਯੋਗਦਾਨ ਪਾ ਸਕਦੇ ਹਨ।

22.14. ਵੱਖ-ਵੱਖ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਉੱਚ-ਗੁਣਵੱਤਾ ਵਾਲੀ ਸਿੱਖਣ ਸਮੱਗਰੀ ਤੇ ਮਹੱਤਾ ਵਾਲੀ ਹੋਰ ਲਿਖਤੀ ਤੇ ਉਚੇਰੀ ਸਮੱਗਰੀ ਜਨਤਾ ਨੂੰ ਹਾਸਲ ਕਰਾਉਣ ਲਈ ਭਾਰਤ ਆਪਣੇ ਉਲਥਾ ਕਰਨ ਦੇ ਤੇ ਵਿਆਖਿਆ ਕਰਨ ਦੇ ਯਤਨਾਂ ਦਾ ਤੁਰੰਤ ਪਸਾਰ ਕਰੇਗਾ। ਇਸ ਵਾਸਤੇ, ਇੱਕ 'ਭਾਰਤੀ ਉਲਥਾ ਤੇ ਵਿਆਖਿਆ ਸੰਸਥਾਨ' ਥਾਪਿਆ ਜਾਵੇਗਾ। ਅਜਿਹਾ ਸੰਸਥਾਨ ਦੇਸ ਲਈ ਸੱਚੀ-ਮੁੱਚੀਂ ਮਹੱਤਾ ਵਾਲੀ ਸੇਵਾ ਹਾਸਲ ਕਰਾਏਗਾ, ਤੇ ਨਾਲ ਦੀ ਨਾਲ ਵੱਡੀ ਗਿਣਤੀ ਵਿੱਚ ਬਹੁਭਾਸ਼ੀ ਭਾਸ਼ਾ ਤੇ ਵਿਸ਼ਾ ਮਾਹਰਾਂ ਨੂੰ ਤੇ ਉਲਥੇ ਤੇ ਵਿਆਖਿਆ ਦੇ ਮਾਹਰਾਂ ਨੂੰ ਰੁਜ਼ਗਾਰ ਵੀ ਦੇਵੇਗਾ, ਜਿਹੜਾ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਵਾਧੇ ਵਿੱਚ ਸਹਾਈ ਹੋਵੇਗਾ। ਭਾਅਵਿਸ ਆਪਣੇ ਉਲਥਾ ਤੇ ਵਿਆਖਿਆ ਯਤਨਾਂ ਲਈ ਤਕਨਾਲੋਜੀ ਦੀ ਵੱਡੀ ਪੱਧਰ 'ਤੇ ਵਰਤੋਂ ਕਰੇਗਾ। ਭਅਵਿਸਾਂ ਸਮੇਂ ਨਾਲ ਆਪਣੇ-ਆਪ ਵਿਕਾਸ ਕਰਨਗੀਆਂ ਤੇ ਜਿਵੇਂ ਹੀ ਯੋਗਤਾ ਵਾਲੇ ਉਮੀਦਵਾਰਾਂ ਦੀ ਮੰਗ ਤੇ ਗਿਣਤੀ ਵਧੇਗੀ ਹੋਰ ਖੋਜ ਵਿਭਾਗਾਂ ਨਾਲ ਸਹਿਯੋਗ ਵਧਾਉਣ ਲਈ ਇਹ ਉਸਿਸਾਂ ਸਮੇਤ ਬਹੁਤ ਸਾਰੀਆਂ ਥਾਵਾਂ 'ਤੇ ਬਣਾਈਆਂ ਜਾਣਗੀਆਂ।

22.15. ਸੰਸਕ੍ਰਿਤ ਦੇ ਅਰਥ ਭਰਪੂਰ ਯੋਗਦਾਨ ਤੇ ਵੱਖ-ਵੱਖ ਰੂਪਾਕਾਰਾਂ ਤੇ ਵਿਸ਼ਿਆਂ ਵਿੱਚ ਸਾਹਿਤ ਕਰਕੇ, ਇਸ ਦੀ ਸੱਭਿਆਚਾਰੀ ਮਹੱਤਾ, ਤੇ ਇਹਦੇ ਵਿਗਿਆਨਵੀ ਸੁਭਾਅ ਕਰਕੇ, ਇੱਕ-ਧਾਰਾਵੀ ਸੰਸਕ੍ਰਿਤ ਪਾਠਸ਼ਾਲਾਵਾਂ ਤੇ ਵਿਸ਼ਵਵਿਦਿਆਲਿਆਂ ਤੱਕ ਸੀਮਤ ਰੱਖਣ ਤੋਂ ਹਟ ਕੇ ਸੰਸਕ੍ਰਿਤ ਨੂੰ ਪਾਠਸ਼ਾਲਾਵਾਂ ਵਿੱਚ ਤਗੜੇ ਰੂਪ ਵਿੱਚ ਹਾਸਲ ਕਰਾ

ਕੇ ਮੁੱਖ-ਧਾਰਾ ਵਿੱਚ ਸ਼ਾਮਲ ਕੀਤਾ ਜਾਵੇਗਾ, ਜਿਸ ਵਿੱਚ ਇਹ ਤਿੰਨ-ਭਾਸ਼ਾਈ ਸੂਤਰ ਦੀ ਇੱਕ ਭਾਸ਼ਾ ਦੇ ਨਾਲ-ਨਾਲ ਉਚੇਰੀ ਸਿੱਖਿਆ ਵਿੱਚ ਵੀ ਸ਼ਾਮਲ ਹੋਵੇਗੀ। ਇਹ ਕੱਲੀ-ਕਾਰੀ ਨਹੀਂ, ਬਲਕਿ ਮਨੋਭਾਵੀ ਤੇ ਨਵੇਂ ਢੰਗਾਂ ਨਾਲ ਤੇ ਗਣਿਤ, ਤਾਰਾ-ਵਿਗਿਆਨ, ਦਰਸ਼ਨ, ਭਾਸ਼ਾ-ਵਿਗਿਆਨ, ਨਾਟਕ-ਸ਼ਾਤਰ, ਯੋਗ, ਆਦਿ ਸਮਕਾਲੀ ਤੇ ਪ੍ਰਸੰਗੀ ਵਿਸ਼ਿਆਂ ਨਾਲ ਜੋੜ ਕੇ ਪੜ੍ਹਾਈ ਜਾਵੇਗੀ। ਇੰਞ, ਬਾਕੀ ਨੀਤੀ ਦੀ ਅਨੁਸਾਰਤਾ ਵਿੱਚ, ਸੰਸਕ੍ਰਿਤ ਵਿਸ਼ਵਵਿਦਿਆਲੇ ਵੀ ਉਚੇਰੀ ਸਿੱਖਿਆ ਦੀਆਂ ਵੱਡੀਆਂ ਬਹੁਵਿਸ਼ਾਵੀ ਸੰਸਥਾਵਾਂ ਬਣਨ ਵੱਲ ਵਧਣਗੇ। ਸੰਸਕ੍ਰਿਤ ਤੇ 'ਸੰਸਕ੍ਰਿਤ ਗਿਆਨ ਪ੍ਰਣਾਲੀ' ਦਾ ਅਧਿਆਪਨ ਤੇ ਸਿਰਮੌਰ ਅੰਤਰਵਿਸ਼ਾਵੀ ਖੋਜ ਕਰਨ ਵਾਲੇ ਸੰਸਕ੍ਰਿਤ ਵਿਭਾਗ ਸਾਰੀ ਨਵੀਂ ਬਹੁਵਿਸ਼ਾਵੀ ਉਚੇਰੀ ਸਿੱਖਿਆ ਪ੍ਰਣਾਲੀ ਵਿੱਚ ਥਾਪੇ/ਤਗੜੇ ਕੀਤੇ ਜਾਣਗੇ। ਜੇ ਕੋਈ ਵਿਦਿਆਰਥੀ ਅਜਿਹਾ ਚਾਹਵੇ ਤਾਂ ਸੰਸਕ੍ਰਿਤ ਸਰਬੰਗੀ ਬਹੁਵਿਸ਼ਾਵੀ ਉਚੇਰੀ ਸਿੱਖਿਆ ਦਾ ਸੁਭਾਵੀ ਹਿੱਸਾ ਬਣ ਜਾਵੇਗੀ। ਸਿੱਖਿਆ ਤੇ ਸੰਸਕ੍ਰਿਤ ਵਿੱਚ 4-ਸਾਲਾ ਅਖੰਡੀ ਬਹੁਵਿਸ਼ਾਵੀ ਦੋਹਰੀ ਉਪਾਧੀ ਸਿਸ ਚਲਾ ਕੇ ਸਾਰੇ ਦੇਸ ਵਿੱਚ ਇੱਕ ਮੁਹਿੰਮ ਦੇ ਰੂਪ ਵਿੱਚ ਵੱਡੀ ਗਿਣਤੀ ਵਿੱਚ ਸੰਸਕ੍ਰਿਤ ਅਧਿਆਪਕਾਂ ਦਾ ਪੇਸ਼ਾਵੀਕਰਣ ਕੀਤਾ ਜਾਵੇਗਾ।

22.16. ਭਾਰਤ ਸਾਰੀਆਂ ਸਨਾਤਨੀ ਭਾਸ਼ਾਵਾਂ ਤੇ ਸਾਹਿਤ ਦਾ ਅਧਿਐਨ ਕਰਨ ਵਾਲੀਆਂ ਸੰਸਥਾਵਾਂ ਤੇ ਵਿਸ਼ਵਵਿਦਿਆਲਿਆਂ ਦਾ ਇੰਞੇ ਈ ਪਸਾਰ ਕਰੇਗਾ, ਜਿਸ ਵਿੱਚ ਹਜ਼ਾਰਾਂ ਖਰੜੇ ਜਿੰਨ੍ਹਾਂ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ ਨੂੰ ਇਕੱਠੇ ਕਰਨ, ਸੰਭਾਲਣ, ਉਲਥਾਉਣ, ਅਤੇ ਅਧਿਐਨ ਕਰਨ ਦੇ ਤਗੜੇ ਯਤਨ ਸ਼ਾਮਲ ਹੋਣਗੇ। ਸਾਰੇ ਦੇਸ ਦੀਆਂ ਸੰਸਕ੍ਰਿਤ ਤੇ ਸਾਰੀਆਂ ਭਾਸ਼ਾਵਾਂ ਦੀਆਂ ਸੰਸਥਾਵਾਂ ਤੇ ਵਿਭਾਗ ਅਰਥ ਭਰਪੂਰ ਢੰਗ ਨਾਲ ਤਗੜੇ ਕੀਤੇ ਜਾਣਗੇ ਜਿਸ ਵਿੱਚ, ਖਾਸ ਤੌਰ 'ਤੇ, ਵੱਡੀ ਗਿਣਤੀ ਵਿੱਚ ਖਰੜੇ ਤੇ ਉਹਨਾਂ ਦੇ ਦੂਜੇ ਵਿਸ਼ਿਆਂ ਨਾਲ ਸਬੰਧ ਦੇ ਅਧਿਐਨ ਲਈ ਵਿਦਿਆਰਥੀਆਂ ਦੇ ਵੱਡੇ ਨਵੇਂ ਪੂਰਾਂ ਨੂੰ ਬਣਦੀ ਸਿਖਲਾਈ ਦਿੱਤੀ ਜਾਵੇਗੀ। ਆਪਣੀ ਸਵੈਧੀਨਤਾ ਕਾਇਮ ਰੱਖਦੇ ਹੋਏ, ਸਨਾਤਨੀ ਭਾਸ਼ਾਵਾਂ ਸੰਸਥਾਵਾਂ ਵਿਸ਼ਵਵਿਦਿਆਲਿਆਂ ਵਿੱਚ ਰਲੇਵੇਂ ਦਾ ਟੀਚਾ ਰੱਖਣਗੀਆਂ ਤਾਂ ਕਿ ਅਧਿਆਪਨ ਅਮਲਾ ਕੰਮ ਕਰ ਸੱਕੇ ਤੇ ਵਿਦਿਆਰਥੀ ਵੀ ਤਗੜੇ ਤੇ ਕਰੜੇ ਬਹੁਵਿਸ਼ਾਵੀ ਕਾਰਜਕ੍ਰਮਾਂ ਦੇ ਹਿੱਸੇ ਵੱਜੋ ਸਿਖਲਾਈ ਹਾਸਲ ਕਰ ਸੱਕਣ। ਏਸੇ ਟੀਚੇ ਨੂੰ ਸਾਹਵੇਂ ਰੱਖਦਿਆਂ, ਜਿੱਥੇ ਵੀ ਪ੍ਰਸੰਗੀ ਹੋਵੇ, ਭਾਸ਼ਾਵਾਂ ਨੂੰ ਪਰਨਾਏ ਵਿਸ਼ਵਵਿਦਿਆਲੇ ਬਹੁਵਿਸ਼ਾਵੀ ਬਣ ਜਾਣਗੇ; ਮੁੜ ਉਹ ਸਬੰਧਤ ਭਾਸ਼ਾ ਵਿੱਚ ਸਿਰਮੌਰ ਭਾਸ਼ਾ ਅਧਿਆਪਕਾਂ ਦਾ ਵਿਕਾਸ ਕਰਨ ਲਈ ਸਿੱਖਿਆ ਤੇ ਇੱਕ ਭਾਸ਼ਾ ਵਿੱਚ ਦੋਹਰੀ ਉਪਾਧੀ ਸਿੱਸ ਕਾਰਜਕ੍ਰਮ ਹਾਸਲ ਕਰਾ ਸੱਕਣਗੇ। ਹੋਰ, ਇਹ ਵੀ ਸੁਝਾਅ ਹੈ ਕਿ ਭਾਸ਼ਾਵਾਂ ਵਾਸਤੇ ਇੱਕ ਨਵੀਂ ਸੰਸਥਾ ਦੀ ਥਾਪਣਾ ਕੀਤੀ ਜਾਵੇ। ਪਾਲੀ, ਫ਼ਾਰਸੀ, ਤੇ ਪ੍ਰਾਕ੍ਰਿਤ ਲਈ ਵੀ ਕਿਸੇ ਵਿਸ਼ਵਵਿਦਿਆਲੇ ਦੇ ਵਿਹੜੇ ਵਿੱਚ ਕੌਮੀ ਸੰਸਥਾ (ਜਾਂ ਸੰਸਥਾਵਾਂ) ਦੀ ਥਾਪਣਾ ਕੀਤੀ ਜਾਵੇਗੀ। ਭਾਰਤੀ ਕਲਾਵਾਂ, ਕਲਾ ਇਤਿਹਾਸ, ਤੇ ਭਾਰਤ-ਅਧਿਐਨ ਸ਼ਾਸਤਰ ਦੇ ਅਧਿਐਨ ਲਈ ਸੰਸਥਾਵਾਂ ਤੇ ਵਿਸ਼ਵਵਿਦਿਆਲਿਆਂ ਲਈ ਵੀ ਅਜਿਹੀਆਂ ਈ ਪਹਿਲਕਦਮੀਆਂ ਕੀਤੀਆਂ ਜਾਣਗੀਆਂ।

22.17. ਸਨਾਤਨੀ, ਕਬੀਲਿਆਈ, ਤੇ ਖ਼ਤਰੇ ਅਧੀਨ ਭਾਸ਼ਾਵਾਂ ਸਣੇਂ ਸਾਰੀਆਂ ਭਾਰਤੀ ਭਾਸ਼ਾਵਾਂ ਦੀ ਸੰਭਾਲ ਤੇ ਵਾਧੇ ਲਈ ਨਵੇਂ ਤਾਣ ਨਾਲ ਯਤਨ ਕੀਤੇ ਜਾਣਗੇ। ਲੋਕਾਂ ਦੀ ਵੱਡੇ ਪੱਧਰ ਤੇ ਭਾਈਵਾਲੀ ਨਾਲ, ਤਕਨਾਲੋਜੀ ਤੇ ਜਨ-ਦਾਨ ਇਹਨਾਂ ਯਤਨਾਂ ਵਿੱਚ ਵੱਡੀ ਭੂਮਕਾ ਨਿਭਾਉਣਗੇ।

22.18. ਭਾਰਤ ਦੇ ਸੰਵਿਧਾਨ ਦੀ ਅੱਠਵੀਂ ਸੂਚੀ ਵਿੱਚ ਦਰਜ ਹਰ ਭਾਸ਼ਾ ਲਈ ਬਿਲਕੁਲ ਨਵੇਂ ਸੰਕਲਪਾਂ ਲਈ ਸਰਲ ਪਰ ਸਹੀ ਸ਼ਬਦਾਵਲੀ ਤੈਅ ਕਰਨ ਲਈ ਅਤੇ ਮਿਥੇ ਸਮੇਂ ਦੇ ਹਿਸਾਬ ਨਾਲ ਬਿਲਕੁਲ ਨਵੇਂ ਸ਼ਬਦਕੋਸ਼ ਲੋਕ ਅਰਪਣ ਕਰਨ ਲਈ ਕੁਝ ਸਰਬੋਤਮ ਵਿਦਵਾਨਾਂ ਤੇ ਮਾਤ ਭਾਸ਼ੀਆਂ ਦੀ ਮੌਜੂਦਗੀ ਵਾਲੇ ਪੀਠ ਥਾਪੇ ਜਾਣਗੇ (ਜਿਵੇਂ ਸਾਰੇ ਜੱਗ ਵਿੱਚ ਬੜੀਆਂ ਹੋਰ ਭਾਸ਼ਾਵਾਂ ਲਈ ਸਫ਼ਲ ਯਤਨ ਕੀਤੇ ਜਾਂਦੇ ਹਨ)। ਇਹ ਪੀਠ ਜਿੱਥੇ ਸੰਭਵ ਹੋਵੇ ਪ੍ਰਚੱਲਤ ਸ਼ਬਦ ਅਪਣਾ ਕੇ ਸ਼ਬਦਕੋਸ਼ ਤਿਆਰ ਕਰਨ ਵੇਲੇ ਇੱਕ-ਦੂਜੇ ਨਾਲ ਸਲਾਹ-ਮਸ਼ਵਰਾ ਵੀ ਕਰਨਗੇ, ਤੇ ਕਈ ਮਾਮਲਿਆਂ ਵਿੱਚ ਜਨਤਾ ਤੋਂ ਸਭ ਤੋਂ ਢੁੱਕਵੇਂ ਸੁਝਾਅ ਵੀ ਲੈਣਗੇ। ਸਿੱਖਿਆ, ਪੱਤਰਕਾਰੀ, ਲੇਖਣ, ਭਾਸ਼ਣਕਾਰੀ, ਅਤੇ ਹੋਰ ਵਿੱਚ ਵਰਤੋਂ ਲਈ ਇਹ ਸ਼ਬਦਕੋਸ਼ ਵੱਡੀ ਪੱਧਰ 'ਤੇ ਵੰਡੇ ਜਾਣਗੇ, ਅਤੇ ਪੋਥੀ ਕਾਇਆ ਦੇ ਨਾਲ-ਨਾਲ ਮੱਕੜਜਾਲ 'ਤੇ ਵੀ ਹਾਸਲ ਹੋਣਗੇ। ਅੱਠਵੀਂ ਸੂਚੀ ਵਾਲੀਆਂ ਭਾਸ਼ਾਵਾਂ ਲਈ ਇਹ ਪੀਠ ਕੇਂਦਰ ਸਰਕਾਰ ਰਾਜ ਸਰਕਾਰਾਂ ਨਾਲ ਸਲਾਹ-ਮਸ਼ਵਰਾ

ਕਰ ਕੇ ਥਾਪੇਗੀ। ਕੇਂਦਰ ਤੇ/ਜਾਂ ਰਾਜ ਹੋਰ ਦੂਜੀਆਂ ਵੱਡੀ ਗਿਣਤੀ ਵਿੱਚ ਬੁਲਾਰਿਆਂ ਵਾਲੀਆਂ ਭਾਸ਼ਾਵਾਂ ਲਈ ਵੀ ਪੀਠ ਇੰਞੇ ਈ ਥਾਪ ਸਕਦੇ ਹਨ।

22.19. ਖਤਰੇ ਹੇਠਲੀਆਂ ਤੇ ਸਾਰੀਆਂ ਭਾਰਤੀ ਭਾਸ਼ਾਵਾਂ ਅਤੇ ਇਹਨਾਂ ਨਾਲ ਜੁੜੀਆਂ ਅਮੀਰ ਸਥਾਨੀ ਕਲਾਵਾਂ ਤੇ ਸੱਭਿਆਚਾਰ ਦੀ ਸੰਭਾਲ ਲਈ ਸਾਰੀਆਂ ਭਾਰਤੀ ਭਾਸ਼ਾਵਾਂ ਦਾ ਮੱਕੜਜਾਲ-ਅਧਾਰੀ ਮੰਚ/ਮੁਹਾਣੇ/ਵਿੱਕੀ ਰਾਹੀਂ ਭੰਡਾਰਣ/ਦਸਤਾਵੇਜ਼ੀਕਰਣ ਕੀਤਾ ਜਾਵੇਗਾ। ਇਸ ਮੁਹਾਣੇ 'ਤੇ ਭਾਸ਼ਾ ਬੋਲਣ ਵਾਲੇ, ਕਹਾਣੀਆਂ ਸੁਨਾਉਣ ਵਾਲੇ, ਕਵਿਤਾ ਬੋਲਣ ਵਾਲੇ, ਅਤੇ ਨਾਟਕ ਖੇਡਣ ਵਾਲੇ, ਲੋਕ ਗੀਤ ਗਾਉਣ ਤੇ ਨੱਚਣ ਵਾਲੇ, ਤੇ ਹੋਰ ਲੋਕਾਂ (ਖਾਸ ਤੌਰ 'ਤੇ ਵਡੇਰੀ ਉਮਰ ਦੇ ਲੋਕਾਂ) ਦੇ ਬੋਲਚਿੱਤਰ, ਸ਼ਬਦਕੋਸ਼, ਬੋਲ-ਭੰਡਾਰ (ਰਿਕਾਰਡਿੰਗਜ਼), ਤੇ ਹੋਰ ਹਾਸਲ ਹੋਣਗੇ। ਸਾਰੇ ਦੇਸ 'ਚੋਂ ਲੋਕਾਂ ਨੂੰ ਸਬੰਧ ਰੱਖਦੀ ਸਮੱਗਰੀ ਮੰਚਾਂ/ਮੁਹਾਣਿਆਂ/ ਵਿੱਕੀਆਂ ਵਿੱਚ ਜੋੜ ਕੇ ਇਹਨਾਂ ਯਤਨਾਂ ਵਿੱਚ ਹਿੱਸਾ ਪਾਉਣ ਲਈ ਸੱਦਿਆ ਜਾਵੇਗਾ। ਵਿਸ਼ਵਵਿਦਿਆਲੇ ਤੇ ਉਹਨਾਂ ਦੀਆਂ ਖੋਜ ਟੋਲੀਆਂ ਸਾਰੇ ਦੇਸ਼ ਵਿੱਚ ਇਹਨਾਂ ਮੰਚਾਂ ਨੂੰ ਅਮੀਰ ਬਨਾਉਣ ਲਈ ਇੱਕ-ਦੂਜੇ ਨਾਲ ਤੇ ਜਨ-ਸਮੂਹਾਂ ਨਾਲ ਰਲ ਕੇ ਕੰਮ ਕਰਨਗੇ। ਇਹਨਾਂ ਸੰਭਾਲ ਦੇ ਯਤਨਾਂ, ਤੇ ਇਹਨਾਂ ਨਾਲ ਜੁੜੇ ਖੋਜ ਪ੍ਰਾਜੈਕਟਾਂ, ਮਿ.ਲ. ਇਤਿਹਾਸ, ਪੁਰਾਤੱਤ, ਭਾਸ਼ਾ-ਵਿਗਿਆਨ, ਆਦਿ ਲਈ ਰਾਸ਼ੀ ਕੌਖੋਸ ਹਾਸਲ ਕਰਾਏਗੀ।

22.20. ਭਾਰਤੀ ਭਾਸ਼ਾਵਾਂ, ਕਲਾਵਾਂ, ਤੇ ਸੱਭਿਆਚਾਰ ਦੇ ਸਥਾਨੀ ਉਸਤਾਦਾਂ (ਮਾਸਟਰਜ਼) ਨਾਲ ਤੇ/ਜਾਂ ਉਚੇਰੀ ਸਿੱਖਿਆਂ ਦੇ ਅੰਦਰ ਹੀ ਅਧਿਐਨ ਲਈ ਸਾਰੇ ਉਮਰ-ਵਰਗਾਂ ਦੇ ਲੋਕਾਂ ਲਈ ਵਜ਼ੀਫ਼ੇ ਥਾਪੇ ਜਾਣਗੇ। ਭਾਰਤੀ ਭਾਸ਼ਾਵਾਂ ਦਾ ਵਾਧਾ ਤਾਂ ਈ ਹੋ ਸਕਦਾ ਹੈ ਜੇ ਉਹ ਲਗਾਤਾਰ ਵਰਤੀਆਂ ਜਾਣ ਤੇ ਜੇ ਇਹ ਅਧਿਆਪਨ ਤੇ ਸਿੱਖਣ ਲਈ ਵਰਤੀਆਂ ਜਾਣ। ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਜੀਵੰਤ ਕਾਵਿ, ਉਪਨਿਆਸ, ਅਣਗਲਪੀ ਪੋਥੀਆਂ, ਪਾਠ-ਪੋਥੀਆਂ, ਪੱਤਰਕਾਰੀ, ਤੇ ਹੋਰ ਕਿਰਤਾਂ ਯਕੀਨੀ ਬਨਾਉਣ ਲਈ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਸਿਰਮੌਰ ਕਾਵਿ ਤੇ ਵਾਰਤਕ ਲਈ ਇਨਾਮਾਂ ਵਰਗੇ ਪ੍ਰੋਤਸਾਹਨ ਥਾਪੇ ਜਾਣਗੇ। ਭਾਰਤੀ ਭਾਸ਼ਾਵਾਂ ਵਿੱਚ ਮੁਹਾਰਤ ਰੁਜ਼ਗਾਰ ਦੇ ਮੌਕਿਆਂ ਲਈ ਯੋਗਤਾ ਕਾਰਕਾਂ ਦਾ ਹਿੱਸਾ ਬਣਾਈ ਜਾਵੇਗੀ। .

## 23. ਤਕਨਾਲੋਜੀ ਦੀ ਵਰਤੋਂ ਤੇ ਅਖੰਡਤਾ

23.1. ਭਾਰਤ ਸੂਚਨਾ ਤੇ ਸੰਚਾਰ ਤਕਨਾਲੋਜੀ ਅਤੇ ਹੋਰ ਸਿਖਰਲੇ ਖੇਤਰਾਂ, ਜਿਵੇਂ ਕਿ ਪੁਲਾੜ, ਵਿੱਚ ਭੂਮੰਡਲੀ ਆਗੂ ਹੈ। 'ਅੰਕੀ ਭਾਰਤ ਮੁਹਿੰਮ' ਪੂਰੇ ਰਾਸ਼ਟਰ ਦੀ ਇੱਕ ਅੰਕੀ ਤੌਰ 'ਤੇ ਸ਼ਕਤੀ-ਹਾਸਲ ਸਮਾਜ ਤੇ ਗਿਆਨ ਅਰਥਚਾਰੇ ਵਿੱਚ ਕਾਇਆ-ਪਲਟੀ ਕਰਨ ਵਿੱਚ ਸਹਾਈ ਹੁੰਦੀ ਪਈ ਹੈ। ਇਸ ਕਾਇਆ-ਪਲਟੀ ਵਿੱਚ ਸਿੱਖਿਆ ਭਾਵੇਂ ਨਿਰਣੇਕਾਰੀ ਭੂਮਿਕਾ ਅਦਾ ਕਰੇਗੀ, ਤਕਨਾਲੋਜੀ ਆਪ ਵੀ ਸਿੱਖਿਆ ਅਮਲਾਂ ਅਤੇ ਸਿੱਟਿਆਂ ਦੇ ਸੁਧਾਰ ਵਿੱਚ ਮਹੱਤਵ ਵਾਲੀ ਭੂਮਕਾ ਅਦਾ ਕਰੇਗੀ; ਇੰਞ, ਤਕਨਾਲੋਜੀ ਤੇ ਸਿੱਖਿਆ ਦਾ ਹਰ ਪੱਧਰ 'ਤੇ ਨਾਤਾ ਦੋ-ਦਿਸ਼ਾਵੀ ਹੈ।

23.2. ਤਕਨੀਕ-ਮੰਝੇ ਅਧਿਆਪਕਾਂ ਤੇ ਵਿਦਿਆਰਥੀ ਉੱਦਮੀਆਂ ਸਣੇਂ ਉੱਦਮੀਆਂ ਦੀ ਪ੍ਰਤੱਖ ਸਿਰਜਣਯੋਗਤਾ ਨਾਲ ਜੁੜ ਕੇ ਤਕਨਾਲੋਜੀ ਵਿਕਾਸ ਦੀ ਵਿਸਫੋਟੀ ਗਤੀ ਦੇ ਹੁੰਦਿਆਂ ਇਹ ਪੱਕਾ ਹੈ ਕਿ ਤਕਨਾਲੋਜੀ ਸਿੱਖਿਆ 'ਤੇ ਬੜੇ ਢੰਗਾ ਨਾਲ ਅਸਰ ਕਰੇਗੀ, ਜਿੰਨ੍ਹਾਂ 'ਚੋਂ ਇਸ ਵੇਲੇ ਕੁਝ ਨੂੰ ਈ ਕਿਆਸੀਆ ਜਾ ਸਕਦਾ ਹੈ। ਨਕਲੀ ਬੁੱਧ, ਮਸ਼ੀਨ ਸਿੱਖਣ, ਅਖੰਡ ਲੜੀਆਂ, ਚੁਸਤ ਫੱਟੇ, ਹੱਥ-ਫੜਵੇਂ ਕੰਪਿਊਟਰ ਉਪਕਰਣ, ਵਿਦਿਆਰਥੀ ਵਿਕਾਸ ਲਈ ਢਲਵੀਂ ਕੰਪਿਊਟਰ ਪਰੀਖਿਆ, ਅਤੇ ਮਾਨਸਿਕ-ਸਾਧਨ ਤੇ ਭੌਤਿਕ-ਸਾਧਨ ਵਾਲੀਆਂ ਨਵੀਆਂ ਤਕਨਾਲੋਜੀਆਂ ਇਹ ਈ ਨਹੀਂ ਬਦਲਣਗੀਆਂ ਕਿ ਵਿਦਿਆਰਥੀ ਜਮਾਤ-ਕਮਰੇ ਵਿੱਚ ਕੀ ਸਿੱਖਦੇ ਹਨ ਬਲਕਿ ਇਹ ਵੀ ਬਦਲ ਦੇਣਗੀਆਂ ਕਿ ਉਹ ਕਿਵੇਂ ਸਿੱਖਦੇ ਹਨ; ਇਸ ਕਰਕੇ, ਇਹਨਾਂ ਖੇਤਰਾਂ ਤੇ ਹੋਰਨਾਂ ਲਈ ਤਕਨਾਲੋਜੀ ਮੁਹਾਜ ਤੇ ਸਿੱਖਿਆਵੀ ਮੁਹਾਜ ਦੋਵਾਂ 'ਤੇ ਵੱਡੀ ਪੱਧਰ 'ਤੇ ਖੋਜ ਦੀ ਲੋੜ ਹੋਵੇਗੀ।

23.3. ਸਿੱਖਿਆ ਦੇ ਇੱਕ ਤੋਂ ਵੱਧ ਪੱਖਾਂ ਵਿੱਚ ਸੁਧਾਰ ਲਈ ਤਕਨਾਲੋਜੀ ਦੀ ਵਰਤੋਂ ਤੇ ਅਖੰਡੀਕਰਣ ਨੂੰ ਬੜ੍ਹਾਵਾ ਦਿੱਤਾ ਜਾਵੇਗਾ ਤੇ ਅਪਣਾਇਆ ਜਾਵੇਗਾ, ਬਸ਼ਰਤੇ ਕਿ ਇਹ ਦਖ਼ਲ ਲਾਗੂ ਕਰਨ ਤੋਂ ਪਹਿਲਾਂ ਇਹਨਾਂ ਦਾ ਸਬੰਧ ਰੱਖਦੇ ਪ੍ਰਸੰਗਾਂ ਵਿੱਚ ਪਕਿਆਈ ਨਾਲ ਅਤੇ ਪਾਰਦਰਸ਼ਤਾ ਨਾਲ ਮੁਲਾਂਕਣ ਕੀਤਾ ਹੋਵੇ। ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੋਵਾਂ ਲਈ ਸਿੱਖਣ, ਮੁਲਾਂਕਣ, ਯੋਜਨਾਬੰਦੀ, ਪ੍ਰਸ਼ਾਸਨ, ਅਤੇ ਇੰਵੇ ਈ ਹੋਰਾਂ ਦੇ ਵਾਧੇ ਲਈ ਤਕਨਾਲੋਜੀ ਦੀ ਵਰਤੋਂ ਬਾਰੇ ਵਿਚਾਰਾਂ ਦੇ ਬੇਰੋਕ ਲੈਣ-ਦੇਣ ਵਾਸਤੇ ਮੰਚ ਹਾਸਲ ਕਰਾਉਣ ਲਈ ਇੱਕ ਸਵੈਧੀਨ ਪਿੰਡ, 'ਕੌਮੀ ਸਿੱਖਿਆਵੀ ਤਕਨਾਲੋਜੀ ਮੰਚ' (ਕੌਸਿਤਮ), ਦੀ ਰਚਨਾ ਕੀਤੀ ਜਾਵੇਗੀ। ਕੌਸਿਤਮ ਦਾ ਟੀਚਾ ਸਿੱਖਿਆ ਸੰਸਥਾਵਾਂ ਦੀ ਅਗਵਾਈ ਕਰਨ ਵਾਲਿਆਂ, ਰਾਜ ਤੇ ਕੇਂਦਰੀ ਸਰਕਾਰਾਂ, ਤੇ ਹੋਰ ਹਿੱਤਧਾਰੀਆਂ ਨੂੰ ਬਿਲਕੁਲ ਨਵਾਂ ਗਿਆਨ ਤੇ ਖੋਜ ਹਾਸਲ ਕਰਾ ਕੇ ਤੇ ਨਾਲ ਦੀ ਨਾਲ ਸਲਾਹ-ਮਸ਼ਵਰੇ ਤੇ ਸਰਬੋਤਮ ਰੀਤਾਂ ਸਾਂਝੀਆਂ ਕਰਨ ਦੇ ਮੌਕੇ ਹਾਸਲ ਕਰਾ ਕੇ ਤਕਨਾਲੋਜੀ ਦੇ ਪਰਵੇਸ਼, ਤੈਨਾਤੀ, ਤੇ ਵਰਤੋਂ ਬਾਰੇ ਨਿਰਣੇ ਕਰਨ ਵਿੱਚ ਸੌਖ ਹਾਸਲ ਕਰਾਉਣਾ ਹੋਵੇਗਾ। ਕੌਸਿਤਮ ਦੇ ਹੇਠਲੇ ਕਾਰਜ ਹੋਣਗੇ:

ੳ. ਤਕਨਾਲੋਜੀ-ਅਧਾਰੀ ਦਖ਼ਲਾਂ ਬਾਰੇ ਕੇਂਦਰੀ ਤੇ ਰਾਜ ਸਰਕਾਰ ਕਰਿੰਦੀਆਂ ਨੂੰ ਸੁਤੰਤਰ ਪਰਮਾਣ-ਅਧਾਰੀ ਸਲਾਹ ਦੇਣਾ;

ਅ. ਸਿੱਖਿਆਵੀ ਤਕਨਾਲੋਜੀ ਵਿੱਚ ਬੋਧੀ ਤੇ ਸੰਸਥਾਈ ਸਮਰਥਾਵਾਂ ਦੀ ਉਸਾਰੀ;

ੲ. ਇਸ ਖੇਤਰ ਵਿੱਚ ਰਣਨੀਤਾਵੀ ਧੁੱਸ ਖੇਤਰਾਂ ਨੂੰ ਚਿਤਵਣਾ; ਤੇ

ਸ. ਖੋਜ ਤੇ ਕਾਢ ਲਈ ਨਵੀਆਂ ਦਿਸ਼ਾਵਾਂ ਦੱਸਣੀਆਂ।

23.4. ਸਿਖਿਆਵੀ ਤਕਨਾਲੋਜੀ ਦੇ ਛੇਤੀ-ਛੇਤੀ ਬਦਲਦੇ ਖੇਤਰ ਵਿੱਚ ਪ੍ਰਸੰਗੀ ਰਹਿਣ ਲਈ, ਕੌਸਿਤਮ ਇੱਕ ਤੋਂ ਵੱਧ ਸਰੋਤਾਂ ਤੋਂ ਭਰੋਸੇਯੋਗ ਅੰਕੜਿਆਂ ਦਾ ਪਰਵਾਹ ਲਗਾਤਾਰ ਬਣਾਈ ਰੱਖੇਗੀ, ਜਿਸ ਵਿੱਚ ਸਿਖਿਆਵੀ ਤਕਨਾਲੋਜੀ ਦੇ ਕਾਢਕਾਰ ਤੇ ਵਿਹਾਰਕਾਰ ਵੀ ਸ਼ਾਮਲ ਹੋਣਗੇ ਅਤੇ ਅੰਕੜਿਆਂ ਦੇ ਬਿਖਲੇਖਣ ਲਈ ਖੋਜੀਆਂ ਦੇ ਵੱਖ-ਵੱਖ ਜੁੱਟਾਂ ਨਾਲ ਜੁੜੇਗੀ। ਗਿਆਨ ਤੇ ਵਿਹਾਰ ਦੇ ਜੀਵੰਤ ਪਿੰਡ ਦੇ ਵਿਕਾਸ ਨੂੰ ਸਹਾਰਾ ਦੇਣ ਵਾਸਤੇ, ਕੌਮੀ ਤੇ ਕੌਮਾਂਤਰੀ ਸਿਖਿਆਵੀ ਤਕਨਾਲੋਜੀ ਖੋਜਕਾਰਾਂ, ਉੱਦਮੀਆਂ, ਤੇ ਵਿਹਾਰਕਾਰਾਂ ਤੋਂ ਆਗਤ ਹਾਸਲ ਕਰਨ ਲਈ ਕੌਸਿਤਮ ਇੱਕ ਤੋਂ ਵੱਧ ਖੇਤਰੀ ਤੇ ਕੌਮੀ ਸਮਾਗਮ, ਕਾਰਜਸ਼ਾਲਾਵਾਂ ਕਰਾਏਗੀ।

23.5. ਤਕਨਾਲੋਜੀ ਦੇ ਦਖਲਾਂ ਦੀ ਧੁੱਸ ਅਧਿਆਪਨ-ਸਿੱਖਣ ਤੇ ਮੁਲਾਂਕਣ ਅਮਲਾਂ ਦੇ ਸੁਧਾਰ ਲਈ, ਅਧਿਆਪਕਾਂ ਦੀ ਤਿਆਰੀ ਤੇ ਪੇਸ਼ਾਵੀ ਵਿਕਾਸ ਨੂੰ ਸਹਾਰਾ ਦੇਣ ਲਈ, ਸਿੱਖਿਆ ਦੀ ਪਹੁੰਚ ਵਿੱਚ ਵਾਧੇ ਲਈ, ਸਿਖਿਆਵੀ ਯੋਜਨਾਬੰਦੀ, ਪ੍ਰਬੰਧ, ਅਤੇ ਪ੍ਰਸ਼ਾਸਨ ਨੂੰ ਠੀਕ ਲੀਹਾਂ ਤੇ ਪਾਉਣ ਲਈ ਹੋਵੇਗੀ, ਜਿਸ ਵਿੱਚ ਦਾਖਲਿਆਂ, ਹਾਜ਼ਰੀ, ਤੇ ਮੁਲਾਂਕਣ, ਆਦਿ ਨਾਲ ਜੁੜੇ ਅਮਲ ਹੋਣਗੇ।

23.6. ਉਤਲੇ ਸਾਰੇ ਉਦੇਸ਼ਾਂ ਲਈ, ਸਿੱਖਿਆਵੀ ਸੂਖਮ-ਸਾਧਨਾਂ (ਸਾਫ਼ਟਵੇਅਰ) ਦੀਆਂ ਉੱਤਮ ਕਿਸਮਾਂ ਦਾ ਵਿਕਾਸ ਕੀਤਾ ਜਾਵੇਗਾ ਤੇ ਹਰ ਪੱਧਰ 'ਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਹਾਸਲ ਕਰਾਈਆਂ ਜਾਣਗੀਆਂ। ਇਹ ਸਾਰੇ ਸੂਖਮ-ਸਾਧਨ ਭਾਰਤ ਦੀਆਂ ਸਾਰੀਆਂ ਮੁੱਖ ਭਾਸ਼ਾਵਾਂ ਵਿੱਚ ਹਾਸਲ ਹੋਣਗੇ ਅਤੇ ਦੂਰ-ਦੁਰਾਡੇ ਖੇਤਰਾਂ ਤੇ ਦਿਵਿਆਂਗ ਵਿਦਿਆਰਥੀਆਂ ਸਮੇਤ ਵਰਤੋਂਕਾਰਾਂ ਦੇ ਵੱਡੇ ਹਲਕਿਆਂ ਨੂੰ ਹਾਸਲ ਹੋਣਗੇ। ਅਧਿਆਪਨ-ਸਿੱਖਣ ਦੀ ਬਿਜਲੇਈ-ਵਿਸ਼ਾਵਸਤ ਦਾ ਵਿਕਾਸ ਸਾਰੀਆਂ ਭਾਸ਼ਾਵਾਂ ਵਿੱਚ ਸਾਰੇ ਰਾਜਾਂ ਵੱਲੋਂ ਤੇ ਨਾਲ ਦੀ ਨਾਲ ਕੌਸਿਖੋਸਿਪ, ਕੇਂਸਿਤਸ (ਕੇਂਦਰੀ ਸਿੱਖਿਆ ਤਕਨਾਲੋਜੀ ਸੰਸਥਾਨ, ਸੀਆਈਈਟੀ), ਕੇਂਦੂਸਿਬੋ (ਸੀਬੀਐਸਈ), ਕੌਖੁਪਾਸ (ਕੌਮੀ ਖੁਲ੍ਹੀ ਪਾਠਸ਼ਾਲਾ ਸੰਸਥਾਨ, ਐਨਆਈਓਐਸ), ਤੇ ਹੋਰ ਪਿੰਡਾਂ/ਸੰਸਥਾਵਾਂ ਵੱਲੋਂ ਲਗਾਤਾਰ ਜਾਰੀ ਰਵ੍ਹੇਗਾ, ਤੇ ਦੀਕਸ਼ਾ ਮੰਚ 'ਤੇ ਚੜ੍ਹਾਇਆ ਜਾਵੇਗਾ। ਇਸ ਮੰਚ ਦੀ ਵਰਤੋਂ ਬਿਜਲੇਈ-ਵਿਸ਼ਾਵਸਤ ਰਾਹੀਂ 'ਅਧਿਆਪਕਾਂ ਦੇ ਪੇਸ਼ਾਵੀ ਵਿਕਾਸ ਲਈ ਵੀ ਹੋ ਸਕਦੀ ਹੈ। ਦੀਕਸ਼ਾ ਤੇ ਨਾਲ ਦੀ ਨਾਲ ਹੋਰ ਸਿੱਖਿਆ ਤਕਨਾਲੋਜੀ ਤੇ ਹੋਰ ਪਹਿਲਕਦਮੀਆਂ ਦੇ ਵਾਧੇ ਤੇ ਪਸਾਰ ਲਈ ਕੇਂਸਿਤਸ ਨੂੰ ਤਗੜਾ ਕੀਤਾ ਜਾਵੇਗਾ। ਪਾਠਸ਼ਾਲਾਵਾਂ ਦੇ ਅਧਿਆਪਕਾਂ ਨੂੰ ਢੁੱਕਵੇ ਉਪਕਰਣ ਹਾਸਲ

ਕਰਾਏ ਜਾਣਗੇ ਤਾਂ ਕਿ ਅਧਿਆਪਕ ਅਧਿਆਪਨ-ਸਿੱਖਣ ਵਿਹਾਰ ਵਿੱਚ ਬਿਜਲੇਈ-ਵਿਸ਼ਾਵਸਤ ਦਾ ਢੁੱਕਵਾਂ ਸੁਮੇਲ ਕਰ ਸੱਕਣ। ਤਕਨਾਲੋਜੀ-ਅਧਾਰੀ ਸਿੱਖਿਆ ਮੰਚ, ਜਿਵੇਂ ਕਿ ਦੀਕਸ਼ਾ/ਸਵੱਯਮ, ਪਾਠਸ਼ਾਲਾ ਤੇ ਉਚੇਰੀ ਸਿੱਖਿਆ ਵਿੱਚ ਬਿਹਤਰ ਢੰਗ ਨਾਲ ਜੋੜੇ ਜਾਣਗੇ, ਅਤੇ ਇਸ ਵਿੱਚ ਵਰਤੋਂਕਾਰਾਂ ਵੱਲੋਂ ਦਰਜਾ ਦੇਣਾ/ਪੜਚੋਲ ਕਰਨਾ ਸ਼ਾਮਲ ਹੋਵੇਗਾ, ਤਾਂ ਕਿ ਵਿਸ਼ਾਵਸਤ ਦੇ ਵਿਕਾਸਕਾਰ ਵਰਤੋਂਕਾਰ ਲਈ ਸੌਖਾਲੀ ਤੇ ਗੁਣਵੱਤਾ ਵਾਲੀ ਵਿਸ਼ਾਵਸਤ ਸਿਰਜ ਸੱਕਣ।

23.7. ਨਵੀਆਂ ਸਾਹਮਣੇ ਆਉਂਦੀਆਂ ਪਈਆਂ ਬਿਘਨਪਾਊ ਤਕਨਾਲੋਜੀਆਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੋਵੇਗੀ, ਜਿਹੜੀਆਂ ਸਿੱਖਿਆ ਪ੍ਰਣਾਲੀ ਦੀ ਪੱਕੀ ਕਾਇਆ-ਪਲਟੀ ਕਰਨਗੀਆਂ। ਜਦੋਂ 'ਸਿੱਖਿਆ ਤੇ ਕੌਮੀ ਨੀਤੀ' 1986/1992 ਬਣਾਈ ਗਈ ਸੀ, ਉਦੋਂ ਇੰਟਰਨੈੱਟ ਵੱਲੋਂ ਲਿਆਂਦੇ ਜਾਣ ਵਾਲੇ ਬਿਘਨਪਾਊ ਅਸਰ ਦੀ ਕਿਆਸ ਲਾਉਣੀ ਔਖੀ ਸੀ। ਸਾਡੀ ਹਾਲੀਆ ਸਿੱਖਿਆ ਪ੍ਰਣਾਲੀ ਵਿੱਚ ਇਹਨਾਂ ਤਿੱਖੇ ਤੇ ਬਿਘਨਪਾਊ ਬਦਲਾਵਾਂ ਨਾਲ ਸਿੱਝਣ ਲਈ ਯੋਗਤਾ ਦੀ ਅਣਹੋਂਦ, ਸਾਨੂੰ ਦਿਨੋ-ਦਿਨ ਵਧਦੇ ਪਏ ਮੁਕਾਬਲੇ ਦੇ ਜੱਗ ਵਿੱਚ ਸੰਕਟ ਭਰੇ ਥਾਂ 'ਤੇ ਬਹਾਉਂਦੀ ਹੈ। ਮਿਸਾਲ ਲਈ, ਜਿਸ ਸਮੇਂ ਤੱਥਮੂਲਕ ਤੇ ਅਮਲਮੂਲਕ ਗਿਆਨ ਨੂੰ ਤੁਲਨ ਵਿੱਚ ਕੰਪਿਊਟਰ ਮੋਟੇ ਤੌਰ 'ਤੇ ਮਨੁੱਖਾਂ ਤੋਂ ਅੱਗੇ ਲੰਘ ਗਏ ਹਨ, ਸਾਡੀ ਸਿੱਖਿਆ ਨੇ ਵਿਦਿਆਰਥੀਆਂ ਦੀਆਂ ਉੱਚ-ਮੰਡਲੀ ਸਮਰਥਾਵਾਂ ਵਿਕਸਤ ਕਰਨ ਦੀ ਕੀਮਤ 'ਤੇ ਹਰ ਪੱਧਰ 'ਤੇ ਇਸ ਗਿਆਨ ਦਾ ਭਾਰ ਪਾਇਆ ਹੋਇਆ ਹੈ।

23.8. ਇਹ ਨੀਤੀ ਉਸ ਵੇਲੇ ਲਿਆਂਦੀ ਜਾਂਦੀ ਪਈ ਹੈ ਜਦੋਂ ਇੱਕ ਨਿਰਵਿਵਾਦੀ ਬਿਘਨਪਾਊ ਤਕਨਾਲੋਜੀ - ਬਣਾਉਟੀ ਬੁੱਧ (ਬਬੁ) 3ਦਿਸ਼ਾਵੀ/7ਦਿਸ਼ਾਵੀ ਅਭਾਸੀ-ਸੱਚ - ਸਾਹਮਣੇ ਆ ਗਈ ਹੈ। ਜਿਵੇਂ-ਜਿਵੇਂ ਬਬੁ-ਅਧਾਰੀ ਕਿਆਸ-ਅਰਾਈਆਂ ਦੀ ਕੀਮਤ ਡਿੱਗੇਗੀ, ਬਬੁ ਹੁਨਰਮੰਦ ਪੇਸ਼ਾਵੀਆਂ ਨਾਲ ਬਰਾਬਰੀ ਕਰੇਗੀ ਜਾਂ ਪਿੱਛੇ ਛੱਡੇਗੀ ਅਤੇ, ਇਸ ਕਰਕੇ, ਉਪਚਾਰਕਾਰਾਂ (ਡਾਕਟਰਜ਼) ਜਿਹੇ ਹੁਨਰਮੰਦ ਪੇਸ਼ਾਵੀਆਂ ਲਈ ਬੜੀ ਲਾਭਕਾਰੀ ਸਹਾਇਤਾਕਾਰ ਹੋਵੇਗੀ। ਬਬੁ ਦੀ ਕੰਮਕਾਰ ਦੀਆਂ ਥਾਵਾਂ ਤੇ ਬਿਘਨਪਾਊ ਸਮਰੱਥਾ ਸਾਫ਼ ਦਿੱਸਦੀ ਹੈ, ਤੇ ਸਿੱਖਿਆ ਪ੍ਰਣਾਲੀ ਨੂੰ ਇਸ ਦਾ ਛੇਤੀ ਹੁੰਗਾਰਾ ਭਰਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਕੌਸਿਤਮ ਦੇ ਪੱਕੇ ਕੰਮਾਂ ਵਿੱਚੋਂ ਇੱਕ ਇਹ ਹੋਵੇਗਾ ਕਿ ਉਹਨਾਂ ਦੀ ਬਿਘਨਪਾਊ ਸਮਰੱਥਾ ਤੇ ਕਿਆਸ ਕੀਤੇ ਸਮੇਂ ਦੇ ਆਧਾਰ 'ਤੇ ਵਰਗਵੰਡ ਕਰੇ ਤੇ ਇਹ ਬਿਖਲੇਖਣ ਸਮੇਂ-ਸਮੇਂ ਸਿਰ ਮਸਵਿਮ ਨੂੰ ਦੇਂਦੀ ਰਵ੍ਹੇ। ਇਹਨਾਂ ਆਗਤਾਂ ਦੇ ਆਧਾਰ 'ਤੇ, ਮਵਿਸਮ ਉਹਨਾਂ ਤਕਨਾਲੋਜੀਆਂ ਦੀ ਰਸਮੀ ਪਛਾਣ ਕਰੇਗਾ ਜਿਹੜੀਆਂ ਦੀ ਸਾਹਮਣੇ ਆਉਣ ਨੂੰ ਸਿੱਖਿਆ ਪ੍ਰਣਾਲੀ ਦੇ ਹੁੰਗਾਰੇ ਦੀ ਲੋੜ ਹੈ।

23.9. ਮਸਵਿਮ ਦੀ ਨਵੀਂ ਬਿਘਨਪਾਊ ਤਕਨਾਲੋਜੀ ਦੀ ਰਸਮੀ ਮਾਨਤਾ ਦੇ ਹੁੰਗਾਰੇ ਵੱਜੋਂ, ਕੌਮੀ ਖੋਜ ਸੰਸਥਾਨ ਇਸ ਤਕਾਨਲੋਜੀ ਵਿੱਚ ਖੋਜ ਯਤਨਾਂ ਦੀ ਪਹਿਲਕਦਮੀ ਕਰੇਗਾ ਜਾਂ ਪਸਾਰ ਕਰੇਗਾ। ਬਬੁ ਦੇ ਪ੍ਰਸੰਗ ਵਿੱਚ, ਕੌਖੋਸ ਤਿੰਨ-ਨੁਕਾਤੀ ਪਹੁੰਚ 'ਤੇ ਵਿਚਾਰ ਕਰ ਸਕਦੀ ਹੈ: ੳ) ਬੀਜਕੀ ਬਬੁ ਖੋਜ ਨੂੰ ਅੱਗੇ ਵਧਾਉਣਾ; ਅ) ਵਰਤੋਂ-ਅਧਾਰੀ ਖੋਜ ਦਾ ਵਿਕਾਸ ਤੇ ਤੈਨਾਤੀ; ਅਤੇ, ੲ) ਬਬੁ ਦੀ ਵਰਤੋਂ ਕਰ ਕੇ ਸਿਹਤ ਸੰਭਾਲ, ਖੇਤੀਬਾੜੀ, ਅਤੇ ਪੌਣ-ਪਾਣੀ ਜਿਹੇ ਭੂਮੰਡਲੀ ਬਦਲਾਵਾਂ ਦਾ ਸਾਹਮਣਾ ਕਰਨ ਲਈ ਕੌਮਾਂਤਰੀ ਖੋਜ ਯਤਨਾ ਨੂੰ ਅੱਗੇ ਵਧਾਉਣਾ।

23.10. ਉਸਿਸਾਂ ਬਿਘਨਪਾਊ ਤਕਨਾਲੋਜੀਆਂ 'ਤੇ ਬੱਸ ਖੋਜ ਕਰਨ 'ਚ ਹੀ ਨਹੀਂ ਬਲਕਿ ਪੜ੍ਹਾਈ ਸਮੱਗਰੀ ਅਤੇ ਕੋਰਸਾਂ ਦੇ ਪਹਿਲੇ ਰੂਪ ਤਿਆਰ ਕਰਨ 'ਚ ਵੀ ਸਰਗਰਮ ਭੂਮਕਾ ਨਿਭਾਉਣਗੀਆਂ, ਜਿਸ ਵਿੱਚ ਸਿਖਰਲੇ ਖੇਤਰਾਂ ਵਿੱਚ ਬਿਜਲੇਈ ਕੋਰਸ ਅਤੇ ਪੇਸ਼ਾਵੀ ਸਿੱਖਿਆ ਜਿਹੇ ਖਾਸ ਖੇਤਰਾਂ 'ਤੇ ਉਹਨਾਂ ਦੇ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਸ਼ਾਮਲ ਹੋਵੇਗਾ। ਤਕਨਾਲੋਜੀ ਦੇ ਪਰਪੱਕ ਪੱਧਰ ਹਾਸਲ ਕਰ ਲੈਣ ਤੋਂ ਬਾਅਦ, ਉਸਿਸਾਂ, ਜਿੰਨ੍ਹਾਂ ਕੋਲ ਹਜ਼ਾਰਾਂ ਵਿਦਿਆਰਥੀ ਹਨ, ਇਹਨਾਂ ਅਧਿਆਪਨ ਤੇ ਹੁਨਰਕਾਰੀ ਯਤਨਾਂ ਨੂੰ ਤੋਲਣ ਵਿੱਚ ਆਦਰਸ਼ ਹਾਲਤ ਵਿੱਚ ਹੋਣਗੀਆਂ, ਜਿਸ ਵਿੱਚ ਰੁਜ਼ਗਾਰ ਲਈ ਤਿਆਰ ਹੋਣ ਲਈ ਮਿਥਵੀਂ ਸਿਖਲਾਈ ਸ਼ਾਮਲ ਹੋਵੇਗੀ। ਬਿਘਨਪਾਊ ਤਕਨਾਲੋਜੀਆਂ ਕੁਝ ਨੌਕਰੀਆਂ ਨੂੰ ਫਾਲਤੂ ਬਨਾਉਣਗੀਆਂ, ਇਸ ਲਈ ਰੁਜ਼ਗਾਰ ਪੈਦਾ ਕਰਨ ਤੇ ਚੱਲਦਾ ਰੱਖਣ ਲਈ ਹੁਨਰਕਾਰੀ ਤੇ ਅਣਹੁਨਰਕਾਰੀ ਵੱਲ ਅਜਿਹੀਆਂ ਪਹੁੰਚਾ ਜਿਹੜੀਆਂ ਚੁਸਤ-ਦਰੁਸਤ ਹੋਣ ਤੇ ਗੁਣਵੱਤਾ ਯਕੀਨੀ ਬਨਾਉਣ ਦੀ ਮਹੱਤਾ ਦਿਨੋ-ਦਿਨ

ਵਧਦੀ ਜਾਵੇਗੀ। ਸੰਸਥਾਵਾਂ ਅਜਿਹੀ ਸਿਖਲਾਈ ਦੇਣ ਲਈ ਸੰਸਥਾਈ ਤੇ ਅਣ-ਸੰਸਥਾਈ ਭਾਈਵਾਲ ਤਸਦੀਕ ਕਰਨ ਲਈ ਸਵੈਧੀਨ ਹੋਣਗੀਆਂ ਤੇ ਇਹ ਸਿਖਲਾਈ ਹੁਨਰਾਂ ਤੇ ਉਚੇਰੀ ਸਿੱਖਿਆ ਰੂਪ-ਰੇਖਾਵਾਂ ਨਾਲ ਜੋੜੀ ਜਾਵੇਗੀ।

23.11. ਵਿਸ਼ਵਵਿਦਿਆਲਿਆਂ ਦਾ ਮਸ਼ੀਨ ਸਿੱਖਣ ਵਰਗੇ ਬੀਜਕੀ ਖੇਤਰਾਂ ਤੇ ਨਾਲ-ਨਾਲ ਬਹੁਵਿਸ਼ਾਵੀ "ਬਬੁ+ਕ" ਖੇਤਰਾਂ ਅਤੇ ਸਿਹਤ ਸੰਭਾਲ, ਖੇਤੀਬਾੜੀ, ਤੇ ਕਨੂੰਨ ਜਿਹੇ ਪੇਸ਼ਾਵੀ ਖੇਤਰਾਂ ਵਿੱਚ ਦਅਚਾ ਅਤੇ ਉਤਰ-ਸਨਾਤਕ ਕਾਰਜਕ੍ਰਮ ਚਲਾਉਣ ਦਾ ਟੀਚਾ ਹੋਵੇਗਾ। ਉਹ ਇਹਨਾਂ ਖੇਤਰਾਂ ਵਿੱਚ ਕੋਰਸਾਂ ਦਾ ਵਿਕਾਸ ਕਰ ਸਕਦੇ ਹਨ ਤੇ ਸਵੱਯਮ ਜਿਹੇ ਮੰਚਾਂ ਰਾਹੀਂ ਉਹਨਾਂ ਦਾ ਪ੍ਰਸਾਰ ਕਰ ਸਕਦੇ ਹਨ। ਛੇਤੀ ਅਪਣਾਏ ਜਾਣ ਲਈ, ਉਸਿਸਾਂ ਇਹ ਬਿਜਲੇਈ ਕੋਰਸ ਸਨਾਤਕ-ਪੂਰਬਲੇ ਤੇ ਕਿੱਤਾਮੁਖੀ ਕੋਰਸਾਂ ਦੇ ਪਰੰਪਰਾਵੀ ਅਧਿਆਪਨ ਨਾਲ ਵੀ ਜੋੜ ਸਕਦੀਆਂ ਹਨ। ਉਸਿਸਾਂ ਅੰਕੜਾ-ਟੀਕੀ, ਬਿੰਬ-ਵਰਗੀਕਰਣ, ਅਤੇ ਉਚਾਰ ਲਿਪੀਅੰਤਰੀ ਜਿਹੇ ਬਬੁ ਲਾਭ ਲੜੀ ਨੂੰ ਤਗੜਾ ਕਰਨ ਵਾਲੇ ਨੀਂਵੀਂ-ਮੁਹਾਰਤ ਵਾਲੇ ਕੰਮਾਂ ਦੀ ਮਿਥੀ ਸਿਖਲਾਈ ਦੇ ਸਕਦੀਆਂ ਹਨ। ਪਾਠਸ਼ਾਲਾ ਵਿਦਿਆਰਥੀਆਂ ਨੂੰ ਭਾਸ਼ਾਵਾਂ ਦੇ ਅਧਿਆਪਨ ਦੇ ਯਤਨ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਲਈ 'ਸੁਭਾਵੀ ਭਾਸ਼ਾ ਕਸ਼ੀਦਣ' (ਐਨਐਲਪੀ) ਨੂੰ ਅੱਗੇ ਵਧਾਉਣ ਲਈ ਯਤਨਾਂ ਨਾਲ ਗੰਢੇ ਜਾਣਗੇ।

23.12. ਜਿਵੇਂ-ਜਿਵੇਂ ਬਿਘਨਪਾਊ ਤਕਨਾਲੋਜੀਆਂ ਸਾਹਮਣੇ ਆਉਣਗੀਆਂ, ਪਾਠਸ਼ਾਲਾ ਪੜ੍ਹਾਈ ਤੇ ਨਿਰੰਤਰ ਸਿੱਖਿਆ ਇਹਨਾਂ ਦੇ ਸੰਭਾਵੀ ਬਿਘਨਪਾਊ ਅਸਰਾਂ ਬਾਰੇ ਆਮ ਜਨਤਾ ਦੀ ਚੇਤੰਨਤਾ ਵਧਾਉਣ ਵਿੱਚ ਸਹਾਇਤਾ ਕਰਨਗੀਆਂ ਅਤੇ ਇਹਨਾਂ ਨਾਲ ਜੁੜੇ ਮੁੱਦਿਆਂ ਨੂੰ ਨਜਿੱਠਣਗੀਆਂ ਵੀ। ਇਹਨਾਂ ਤਕਨਾਲੋਜੀਆਂ ਨਾਲ ਜੁੜੇ ਮਾਮਲਿਆਂ ਬਾਰੇ ਜਾਣਕਾਰੀ ਭਰੀ ਜਨਤਕ ਸਹਿਮਤੀ ਲਈ ਇਹ ਚੇਤੰਨਤਾ ਜ਼ਰੂਰੀ ਹੈ। ਪਾਠਸ਼ਾਲਾ ਵਿੱਚ, ਭਖਦੇ ਮਾਮਲਿਆਂ ਅਤੇ ਸਦਾਚਾਰੀ ਮਾਮਲਿਆਂ ਬਾਰੇ ਅਧਿਐਨ ਵਿੱਚ ਬਿਘਨਪਾਊ ਤਕਨਾਲੋਜੀਆਂ 'ਤੇ ਵਿਚਾਰ ਵੀ ਸ਼ਾਮਲ ਹੋਵੇਗੀ, ਇਹੋ ਜਿਹੀਆਂ ਤਕਨਾਲੋਜੀਆਂ ‘ਤੇ ਜਿਹੜੀਆਂ ਕੌਸਿਤਮ/ਮਸਵਿਮ ਵੱਲੋਂ ਪਛਾਣੀਆਂ ਗਈਆਂ ਹੋਣ। ਨਿਰੰਤਰ ਸਿੱਖਿਆ ਲਈ ਪੜ੍ਹਾਈ ਦੀ ਅਤੇ ਵਿਚਾਰ-ਵਟਾਂਦਰੇ ਦੀ ਢੁੱਕਵੀਂ ਸਮੱਗਰੀ ਵੀ ਤਿਆਰ ਕੀਤੀ ਜਾਵੇਗੀ।

23.13. ਬਬੁ-ਅਧਾਰੀ ਤਕਨਾਲੋਜੀਆਂ ਲਈ ਅੰਕੜੇ ਕੁੰਜੀਵਤ ਇੰਧਨ ਹਨ, ਤੇ ਅੰਕੜਿਆਂ ਨਾਲ ਵਾਹ ਅਤੇ ਅੰਕੜਿਆਂ ਦੇ ਬਚਾਅ ਲਈ ਨਿਜੱਤਵ, ਕਨੂੰਨ, ਅਤੇ ਮਾਨਕਾ ਦੇ ਮੁੱਦਿਆਂ ਬਾਰੇ ਚੇਤੰਨਤਾ ਵਧਾਉਣੀ ਨਿਰਣੇਕਾਰੀ ਹੈ। ਬਬੁ-ਅਧਾਰੀ ਤਕਨਾਲੋਜੀਆਂ ਦੇ ਵਿਕਾਸ ਤੇ ਤੈਨਾਤੀ ਨਾਲ ਜੁੜੇ ਸਦਾਚਾਰ ਦੇ ਮੁੱਦਿਆਂ ਨੂੰ ਉਜਾਗਰ ਕਰਨਾ ਵੀ ਜ਼ਰੂਰੀ ਹੈ। ਇਹਨਾਂ ਚੇਤੰਨਤਾ ਵਧਾਉਣ ਵਾਲੇ ਯਤਨਾਂ ਵਿੱਚ ਸਿੱਖਿਆ ਕੁੰਜੀਵਤ ਭੂਮਕਾ ਨਿਭਾਏਗੀ। ਹੋਰ ਬਿਘਨਪਾਊ ਤਕਨਾਲੋਜੀਆਂ ਜਿੰਨ੍ਹਾਂ ਨਾਲ ਸਾਡੇ ਜਿਉਣ ਢੰਗ ਦੇ ਬਦਲਣ ਦੀ ਆਸ ਹੈ, ਅਤੇ, ਇਸ ਲਈ, ਸਾਡੇ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਢੰਗ ਬਦਲਣ ਦੀ ਆਸ ਹੈ, ਉਹਨਾਂ ਵਿੱਚ ਸਾਫ਼ ਤੇ ਨਵਿਆਈ ਜਾਣ ਵਾਲੀ ਊਰਜਾ, ਜਲ-ਸੰਭਾਲ, ਹੰਢਣਸਾਰ ਖੇਤੀ, ਵਾਤਾਵਰਣ ਦੀ ਸੰਭਾਲ ਅਤੇ ਹੋਰ ਵਾਤਾਵਰਣ-ਪੱਖੀ ਪਹਿਲਕਦਮੀਆਂ ਸ਼ਾਮਲ ਹਨ; ਇਹਨਾਂ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਦਿੱਤਾ ਜਾਵੇਗਾ।

## 24. ਬਿਜਲੇਈ ਤੇ ਅੰਕਾਵੀ ਸਿੱਖਿਆ: ਤਕਨਾਲੋਜੀ ਦੀ ਇੱਕ-ਸਮਾਨ ਵਰਤੋਂ ਯਕੀਨੀ ਬਨਾਉਣਾ

24.1. ਨਵੀਆਂ ਪ੍ਰਸਥਿਤੀਆਂ ਤੇ ਯਥਾਰਥ ਨਵੀਆਂ ਪਹਿਲਕਦਮੀਆਂ ਲੋੜਦੇ ਹਨ। ਮਹਾਂਮਾਰੀਆਂ ਤੇ ਜੱਗ-ਮਹਾਂਮਾਰੀਆਂ ਇਹ ਲੋੜਦੀਆਂ ਹਨ ਕਿ ਜਦੋਂ ਤੇ ਜਿੱਥੇ ਸਿੱਖਿਆ ਦੇ ਪਰੰਪਰਾਵੀ ਤੇ ਆਹਮੋ-ਸਾਹਮਣੇ ਵਾਲੇ ਢੰਗ ਸੰਭਵ ਨਹੀਂ ਓਥੇ ਅਸੀਂ ਉੱਤਮ ਸਿੱਖਿਆ ਲਈ ਬਦਲਵੇਂ ਢੰਗਾਂ ਨਾਲ ਤਿਆਰ ਹੋਈਏ। ਇਸ ਸਬੰਧ ਵਿੱਚ, 'ਕੌਮੀ ਸਿੱਖਿਆ ਨੀਤੀ 2020' ਤਕਨਾਲੋਜੀ ਦੇ ਲਾਭਾਂ ਨੂੰ ਤੁਲ ਦੇਣ ਦੀ ਮਹੱਤਾ ਨੂੰ ਮੰਨਦੀ ਹੈ, ਭਾਵੇਂ ਕਿ ਇਸ ਦੇ ਸੰਭਾਵੀ ਜੋਖਮ ਤੇ ਖਤਰਿਆਂ ਨੂੰ ਵੀ ਸਵੀਕਾਰਦੀ ਹੈ। ਕਿਵੇਂ ਬਿਜਲੇਈ/ਅੰਕਾਵੀ ਸਿੱਖਿਆ ਦੇ ਲਾਭ ਇਸ ਦੀਆਂ ਹਾਨੀਆਂ ਨੂੰ ਘਟਾ ਕੇ ਲੈ ਜਾ ਸਕਦੇ ਹਨ ਇਹ ਤੈਅ ਕਰਨ ਲਈ ਧਿਆਨ ਨਾਲ ਘੜੇ ਅਤੇ ਢੁੱਕਵੀਂ ਤਰ੍ਹਾਂ ਤੋਲੇ ਅਗਾਊਂ ਅਧਿਐਨਾਂ ਦੀ ਲੋੜ ਹੈ। ਇਸ ਦੌਰਾਨ, ਸਾਰਿਆਂ ਲਈ ਉੱਤਮ ਸਿੱਖਿਆ ਹਾਸਲ ਕਰਾਉਣ ਵਿੱਚ ਹਾਲੀਆ ਤੇ ਭਵਿੱਖੀ ਚੁਣੌਤੀਆਂ ਦਾ

ਸਾਹਮਣਾ ਕਰਨ ਲਈ ਮੌਜੂਦਾ ਅੰਕਾਵੀ ਮੰਚਾਂ ਅਤੇ ਚੱਲਦੇ ਸੂਸੰਤ-ਅਧਾਰੀ ਸਿਖਿਆਵੀ ਪਹਿਲਕਦਮੀਆਂ ਨੂੰ ਪੂਰਨਤਾ ਹਾਸਲ ਕਰਾਉਣੀ ਚਾਹੀਦੀ ਹੈ ਤੇ ਪਸਾਰ ਕਰਨਾ ਚਾਹੀਦਾ ਹੈ।

24.2. ਪਰ, ਬਿਜਲੇਈ/ਅੰਕਾਵੀ ਸਿੱਖਿਆ ਦੇ ਲਾਭਾਂ ਨੂੰ ਓਨਾ ਚਿਰ ਤੁਲਿਆ ਨਹੀਂ ਜਾ ਸਕਦਾ ਜਿੰਨਾਂ ਚਿਰ ਅੰਕਾਵੀ ਪਾੜੇ ਨੂੰ ਅੰਕੀ ਭਾਰਤ ਮੁਹਿੰਮ ਤੇ ਪੁੱਗ ਸਕਦੇ ਕੰਪਿਊਟਰ ਉਪਕਰਣ ਦੇਣ ਜਿਹੇ ਸਾਂਝੇ ਯਤਨਾਂ ਰਾਹੀਂ ਪੂਰਿਆ ਨਹੀਂ ਜਾਂਦਾ। ਇਹ ਬੜੀ ਮਹੱਤਾ ਵਾਲਾ ਹੈ ਕਿ ਬਿਜਲੇਈ ਤੇ ਅੰਕਾਵੀ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ ਇੱਕ-ਸਮਾਨਤਾ ਦੇ ਸਰੋਕਾਰਾਂ ਨੂੰ ਤਸੱਲੀ ਨਾਲ ਨਜਿੱਠੇ।

24.3. ਅਸਰਦਾਰ ਬਿਜਲੇਈ ਸਿੱਖਿਆਦਾਤਾ ਬਣਨ ਲਈ ਅਧਿਆਪਕਾਂ ਨੂੰ ਢੁੱਕਵੀਂ ਸਿਖਲਾਈ ਤੇ ਵਿਕਾਸ ਦੀ ਲੋੜ ਹੈ। ਇਹ ਬੱਸ ਧਾਰਿਆ ਨਹੀਂ ਜਾ ਸਕਦਾ ਕਿ ਇੱਕ ਪਰੰਪਰਾਵੀ ਜਮਾਤੀ-ਕਮਰੇ ਦਾ ਚੰਗਾ ਅਧਿਆਪਕ ਆਪਣੇ ਆਪ ਬਿਜਲੇਈ ਜਮਾਤ-ਕਮਰੇ ਦਾ ਚੰਗਾ ਅਧਿਆਪਕ ਹੋ ਜਾਵੇਗਾ। ਬਿਜਲੇਈ ਮੁਲਾਂਕਣ ਸਿੱਖਿਆ-ਵਿਧੀ ਵਿੱਚ ਲੋੜੀਂਦੇ ਬਦਲਾਵਾਂ ਦੇ ਨਾਲ ਵੱਖਰੀ ਪਹੁੰਚ ਵੀ ਮੰਗਦਾ ਹੈ। ਵੱਡੀ ਪੱਧਰ 'ਤੇ ਬਿਜਲੇਈ ਪਰੀਖਿਆਵਾਂ ਲੈਣ ਵਿੱਚ ਅਨੇਕਾਂ ਚੁਣੌਤੀਆਂ ਹਨ, ਜਿਸ ਵਿੱਚ ਬਿਜਲੇਈ ਵਾਤਾਵਰਣ ਵਿੱਚ ਪੁੱਛੇ ਜਾ ਸੱਕਣ ਵਾਲੇ ਸੁਆਲਾਂ ਦੀ ਕਿਸਮ ਦੀਆਂ ਸੀਮਾਵਾਂ, ਤਾਣੇ-ਬਾਣੇ ਅਤੇ ਬਿਜਲੀ ਦੀ ਗੜਬੜ, ਅਤੇ ਅਣਸਦਾਚਾਰੀ ਵਿਹਾਰ ਨੂੰ ਰੋਕਣਾ ਹੈ। ਕੁਝ ਕਿਸਮ ਦੇ ਕੋਰਸ/ਵਿਸ਼ੇ, ਜਿਵੇਂ ਪਰਦਰਸ਼ਨੀ ਕਲਾਵਾਂ ਅਤੇ ਵਿਗਿਆਨ ਦੀ ਅਮਲੀ ਪਰੀਖਿਆ ਲਈ ਬਿਜਲੇਈ/ਅੰਕਾਵੀ ਵਾਤਾਵਰਣ ਦੀਆਂ ਸੀਮਾਵਾਂ ਹਨ, ਜਿਨ੍ਹਾਂ 'ਤੇ ਨਵੇਂ ਢੰਗਾਂ ਨਾਲ ਕੁਝ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਵੀ ਅੱਗੇ, ਜੇ ਬਿਜਲੇਈ ਸਿੱਖਿਆ ਨੂੰ ਵਿਹਾਰੀ ਤੇ ਸਰਗਰਮੀ-ਅਧਾਰੀ ਸਿੱਖਣ ਨਾਲ ਨਹੀਂ ਜੋੜਿਆ ਜਾਂਦਾ, ਤਾਂ ਇਸ ਦੇ ਬੱਸ ਪਰਦਾ-ਅਧਾਰੀ ਸਿੱਖਿਆ ਬਣਨ ਦੀ ਸੰਭਾਵਨਾ ਹੋਵੇਗੀ ਜਿਸ ਵਿੱਚ ਸਿੱਖਣ ਦੇ ਸਮਾਜੀ, ਭਾਵਨਾਵੀ, ਤੇ ਮਨੋਚਲਣੀ ਪੱਖਾਂ 'ਤੇ ਸੀਮਤ ਜਿਹਾ ਧਿਆਨ ਹੀ ਹੋਵੇਗਾ।

24.4. ਅੰਕਾਵੀ ਤਕਨਾਲੋਜੀਆਂ ਦੇ ਸਾਹਮਣੇ ਹੁੰਦਿਆਂ ਅਤੇ ਪਾਠਸ਼ਾਲਾ ਤੋਂ ਉਚੇਰੀ ਸਿੱਖਿਆ ਤੱਕ ਦੇ ਹਰ ਪੱਧਰ ਦੇ ਅਧਿਆਪਨ-ਸਿੱਖਣ ਲਈ ਤਕਨਾਲੋਜੀ ਨੂੰ ਤੁਲਨ ਦੀ ਸਾਹਮਣੇ ਆਉਂਦੀ ਪਈ ਮਹੱਤਾ ਦੇ ਹੁੰਦਿਆਂ, ਇਹ ਨੀਤੀ ਹੇਠਲੀਆਂ ਕੁੰਜੀਵਤ ਪਹਿਲਕਦਮੀਆਂ ਦੀ ਸਿਫ਼ਾਰਿਸ਼ ਕਰਦੀ ਹੈ:

**ੳ. ਬਿਜਲੇਈ ਸਿੱਖਿਆ ਲਈ ਅਗਾਊਂ ਅਧਿਐਨ:** ਇਸ ਦੀਆਂ ਹਾਨੀਆਂ ਨੂੰ ਘਟਾਉਂਦਿਆਂ ਹੋਇਆਂ, ਸਿੱਖਿਆ ਨੂੰ ਬਿਜਲੇਈ ਸਿੱਖਿਆ ਨਾਲ ਜੋੜਨ ਦੇ ਲਾਭਾਂ ਦਾ ਮੁਲਾਂਕਣ ਕਰਨ ਲਈ ਅਤੇ ਵਿਦਿਆਰਥੀ ਸੰਦ-ਝੱਸ, ਬਿ-ਵਿਸ਼ਾਵਸਤ ਦੇ ਪਸੰਦੀਦਾ ਸੱਚੇ, ਆਦਿ ਜਿਹੇ ਜੁੜਵੇਂ ਖੇਤਰਾਂ ਦੇ ਅਧਿਐਨ ਲਈ ਵੀ ਅਗਾਊਂ ਅਧਿਐਨਾਂ ਦੀ ਇੱਕ ਸਮਾਂਤਰ ਲੜੀ ਚਲਾਉਣ ਲਈ ਕੌਸਿਤਮ (ਕੌਮੀ ਸਿੱਖਿਆ ਤਕਨਾਲੋਜੀ ਮੰਚ, ਐਨਈਟੀਐਫ), ਕੇਂਸਿਤਸ (ਕੇਂਦਰੀ ਸਿੱਖਿਆ ਤਕਨਾਲੋਜੀ ਸੰਸਥਾਨ, ਸੀਆਈਈਟੀ), ਇਗਾਂਕੌਖੁਵਿ (ਇੰਦਰਾ ਗਾਂਧੀ ਕੌਮੀ ਖੁਲ੍ਹਾ ਵਿਸ਼ਵਵਿਦਿਆਲਾ, ਇਗਨੂ), ਭਾਤਸਾਂ (ਆਈਆਈਟੀਜ਼), ਕੌਤਸਾਂ (ਐਨਆਈਟੀਜ਼), ਆਦਿ ਜਿਹੀਆਂ ਢੁੱਕਵੀਆਂ ਕਰਿੰਦੀਆਂ ਦੀ ਪਛਾਣ ਕੀਤੀ ਜਾਵੇਗੀ। ਇਹਨਾਂ ਅਗਾਊਂ ਅਧਿਐਨਾਂ ਦੇ ਨਤੀਜੇ ਜਨਤਕ ਤੌਰ 'ਤੇ ਦੱਸੇ ਜਾਣਗੇ ਤੇ ਲਗਾਤਾਰ ਸੁਧਾਰ ਲਈ ਵਰਤੇ ਜਾਣਗੇ।

**ਅ. ਅੰਕਾਵੀ ਢਾਂਚਾ:** ਸਿੱਖਿਆ ਖੇਤਰ ਵਿੱਚ ਖੁੱਲ੍ਹੇ, ਸਾਂਝੀ ਵਰਤੋਂ ਵਾਲੇ, ਵਧਾਏ ਜਾ ਸੱਕਣ ਵਾਲੇ, ਤੇ ਜਨਤਕ ਅੰਕਾਵੀ ਢਾਂਚੇ ਲਈ ਪੈਸਾ ਲਾਉਣ ਦੀ ਲੋੜ ਹੈ ਜਿਹੜਾ ਇੱਕ ਤੋਂ ਵੱਧ ਮੰਚਾਂ ਦੁਆਰਾ ਵਰਤਿਆ ਜਾ ਸੱਕੇ ਤੇ ਜਿਹੜਾ ਭਾਰਤ ਦੇ ਵੱਡੇ ਖੇਤਰ, ਵੰਨ-ਸਵੰਨਤਾ, ਜਟਲਤਾ, ਤੇ ਸੰਦ ਪਸਾਰ ਦੇ ਹੱਲ ਲਈ ਉਪਾਵਾਂ ਦਾ ਸੰਕੇਤ ਦੇ ਸੱਕੇ। ਇਹ ਯਕੀਨੀ ਬਣਾਏਗਾ ਕਿ ਤਕਨਾਲੋਜੀ ਵਿੱਚ ਤਿੱਖੇ ਵਾਧਿਆਂ ਦੇ ਨਾਲ ਤਕਨਾਲੋਜੀ-ਅਧਾਰੀ ਹੱਲ ਪੁਰਾਣੇ ਨਾ ਪੈ ਜਾਣ।

**ਏ. ਬਿਜਲੇਈ ਅਧਿਆਪਨ ਮੰਚ ਤੇ ਸੰਦ:** ਸਿਖਿਆਰਥੀਆਂ ਦੀ ਉੱਨਤੀ ਦੀ ਪੈੜ ਨੱਪਣ ਲਈ ਅਧਿਆਪਕਾਂ ਨੂੰ ਸੰਰਚਨਾਏ, ਸੌਖੀ ਵਰਤੋਂ ਵਾਲੇ ਸਹਾਈ ਸੰਦਾਂ ਦਾ ਉਮਦਾ ਜੁੱਟ ਹਾਸਲ ਕਰਾਉਣ ਲਈ ਸਵੱਯਮ ਤੇ ਦੀਕਸ਼ਾ ਜਿਹੇ ਢੁੱਕਵੇਂ ਹਾਲੀਆ ਬਿ-ਸਿੱਖਣ ਮੰਚਾਂ ਦਾ ਪਸਾਰ ਕੀਤਾ ਜਾਵੇਗਾ। ਜਿਵੇਂ ਕਿ ਹਾਲੀਆ ਜੱਗ-ਮਹਾਂਮਾਰੀ ਨੇ ਵਿਖਾ ਦਿੱਤਾ ਹੈ, ਬਿਜਲੇਈ ਜਮਾਤਾਂ ਲਾਉਣ ਲਈ ਦੁਪੱਖੀ (ਟੂ ਵੇਅ) ਚਿੱਤਰੀ ਅਤੇ ਦੁਪੱਖੀ ਸਰਵਣੀ ਦਮੁਹੀਂਏਂ (ਇੰਟਰਫ਼ੇਸ) ਹਕੀਕੀ ਲੋੜ ਹਨ।

**ਸ. ਵਿਸ਼ਾਵਸਤ ਦੀ ਸਿਰਜਣਾ, ਅੰਕਾਵੀ ਭੰਡਾਰ, ਅਤੇ ਪ੍ਰਸਾਰ:** ਇਸ ਦੇ ਅਸਰ ਦੀ ਸੰਭਾਵਨਾ ਤੇ ਗੁਣਵੱਤਾ ਬਾਰੇ ਦਰਜਾਬੰਦੀ ਲਈ ਇੱਕ ਸਾਫ਼ ਜਨਤਕ ਪ੍ਰਣਾਲੀ ਵਾਲੇ ਵਿਸ਼ਾਵਸਤ ਦੇ ਇੱਕ ਅੰਕਾਵੀ ਭੰਡਾਰ ਦਾ ਵਿਕਾਸ ਕੀਤਾ ਜਾਵੇਗਾ ਜਿਸ ਵਿੱਚ ਕੋਰਸ-ਵਸਤ ਦੀ ਸਿਰਜਣਾ, ਸਿੱਖਣ ਖੇਡਾਂ ਤੇ ਨਕਲਾਂ, ਵਧਾਵੀ ਸੱਤ, ਅਤੇ ਅਭਾਸੀ ਸੱਤ ਸ਼ਾਮਲ ਹੋਣਗੇ। ਮਨੋਰੰਜਨ ਭਰੇ ਸਿੱਖਣ ਲਈ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਵਰਤੋਂਕਾਰੀਆਂ, ਭਾਰਤੀ ਕਲਾ ਦੀਆਂ ਬਾਜ਼ੀਆਂ, ਉਹਨਾਂ ਨੂੰ ਚਲਾਉਣ ਦੀਆਂ ਸਾਫ਼ ਹਿਦਾਇਤਾਂ ਸਣੇਂ, ਤਿਆਰ ਕੀਤੀਆਂ ਜਾਣਗੀਆਂ। ਵਿਦਿਆਰਥੀਆਂ ਨੂੰ ਬਿ-ਵਿਸ਼ਾਵਸਤ ਵੰਡਣ ਲਈ ਨਕਲ-ਸੰਭਾਲਣ ਦਾ ਇੱਕ ਭਰੋਸੇਯੋਗ ਢੰਗ ਹਾਸਲ ਕਰਾਇਆ ਜਾਵੇਗਾ।

**ਹ. ਅੰਕਾਵੀ ਪਾੜੇ ਨਾਲ ਸਿੱਝਣਾ:** ਇਹ ਹੁੰਦਿਆਂ ਕਿ ਅਬਾਦੀ ਦੇ ਇੱਕ ਵੱਡੇ ਹਿੱਸੇ ਤੱਕ ਅੰਕਾਵੀ ਪਹੁੰਚ ਬੜੀ ਨਿਗੂਣੀ ਜਿਹੀ ਹੈ, ਟੀਵੀ, ਰੇਡੀਓ, ਅਤੇ ਜਨ-ਸਮੂਹ ਰੇਡੀਓ ਜਿਹੇ ਹਾਲੀਆ ਜਨ-ਸੰਚਾਰ ਮਾਧਿਅਮਾਂ ਦੀ ਦੂਰਦਰਸ਼ੀ ਪ੍ਰਸਾਰਣ ਤੇ ਸਰਵਣੀ-ਪ੍ਰਸਾਰਣ ਲਈ ਵੱਡੀ ਵਰਤੋਂ ਕੀਤੀ ਜਾਵੇਗੀ। ਵਿਦਿਆਰਥੀ ਵਰਗ ਦੀਆਂ ਵੱਖ-ਵੱਖ ਲੋੜਾਂ ਦੀ ਪੂਰਤੀ ਲਈ ਅਜਿਹੇ ਕਾਰਜਕ੍ਰਮ ਵੱਖ-ਵੱਖ ਭਾਸ਼ਾਵਾਂ ਵਿੱਚ ਸੱਤੇ ਦਿਨ ਚੌਵੀ ਘੰਟੇ (24/7) ਹਾਸਲ ਕਰਾਏ ਜਾਣਗੇ। ਭਾਰਤੀ ਭਾਸ਼ਾਵਾਂ ਵਿੱਚ ਅੰਕਾਵੀ ਵਿਸ਼ਾਵਸਤ ਤੇ ਧਿਆਨ ਦੇਣ ਤੇ ਜ਼ੋਰ ਦਿੱਤਾ ਜਾਵੇਗਾ ਤੇ ਇਸ ਦੀ ਲੋੜ ਹੋਵੇਗੀ; ਜਿੱਥੋਂ ਤੱਕ ਸੰਭਵ ਹੋਵੇ, ਅਧਿਆਪਕਾਂ ਤੇ ਵਿਦਿਆਰਥੀਆਂ ਤੱਕ ਅੰਕਾਵੀ ਵਿਸ਼ਾਵਸਤ ਉਹਨਾਂ ਦੇ ਪੜ੍ਹਾਈ ਦੇ ਮਾਧਿਅਮ ਵਿੱਚ ਪਹੁੰਚਾਉਣ ਦੀ ਲੋੜ ਹੋਵੇਗੀ।

**ਕ. ਅਭਾਸੀ ਪ੍ਰਯੋਗਸ਼ਾਲਾਵਾਂ:** ਦੀਕਸ਼ਾ, ਸਵੱਯਮ, ਤੇ ਸਵੱਯਮਪ੍ਰਭਾ ਜਿਹੇ ਹਾਲੀਆਂ ਬਿ-ਸਿੱਖਣ ਮੰਚਾਂ ਨੂੰ ਅਭਾਸੀ ਪ੍ਰਯੋਗਸ਼ਾਲਾਵਾਂ ਬਣਾ ਕੇ ਤੁਲਿਆ ਜਾਵੇਗਾ ਤਾਂ ਕਿ ਸਾਰੇ ਵਿਦਿਆਰਥੀਆਂ ਦੀ ਉੱਤਮ ਅਭਿਆਸ ਅਤੇ ਹੱਥੀਂ ਕੀਤੇ ਪ੍ਰਯੋਗ ਤੇ ਟਿਕੇ ਸਿੱਖਣ ਅਨੁਭਵਾਂ ਤੱਕ ਪਹੁੰਚ ਹੋ ਸੱਕੇ। ਪਹਿਲੋਂ ਭਰੀ ਵਿਸ਼ਾਵਸਤ ਵਾਲੀਆਂ ਬਿੱਜ-ਫੱਟੀਆਂ ਜਿਹੇ ਢੁੱਕਵੇਂ ਅੰਕਾਵੀ ਸੰਦਾ ਰਾਹੀਂ ਸਅਵੰਸੀ ਵਿਦਿਆਰਥੀਆਂ ਤੇ ਅਧਿਆਪਕਾਂ ਤੱਕ ਲੋੜੀਂਦੀ ਪਹੁੰਚ ਹਾਸਲ ਕਰਾਉਣ ਦੀ ਸੰਭਾਵਨਾਂ ਨੂੰ ਵੀ ਵਿਚਾਰਿਆ ਜਾਵੇਗਾ ਤੇ ਵਿਕਾਸ ਕੀਤਾ ਜਾਵੇਗਾ।

**ਖ. ਅਧਿਆਪਕਾਂ ਲਈ ਸਿਖਲਾਈ ਤੇ ਪ੍ਰੋਤਸਾਹਨ:** ਅਧਿਆਪਕ ਇਸ ਦੀ ਕਰੜੀ ਸਿਖਲਾਈ ਹਾਸਲ ਕਰਨਗੇ ਕਿ ਸਿਖਿਆਰਥੀ-ਮੁਖੀ ਸਿੱਖਿਆ-ਵਿਧੀ ਅਤੇ ਬਿਜਲੇਈ ਅਧਿਆਪਨ ਮੰਚਾਂ ਤੇ ਸੰਦਾਂ ਦੀ ਵਰਤੋਂ ਕਰਕੇ ਆਪਣੇ-ਆਪ ਉੱਚ-ਗੁਣਵੱਤਾ ਵਾਲੇ ਬਿਜਲੇਈ ਵਿਸ਼ਾਵਸਤ ਰਚਨਹਾਰੇ ਕਿਵੇਂ ਬਣਿਆ ਜਾਵੇ। ਵਿਦਿਆਰਥੀਆਂ ਦੇ ਵਿਸ਼ਾਵਸਤ ਨਾਲ ਸਰਗਰਮੀ ਨਾਲ ਜੁੜਨ ਅਤੇ ਇੱਕ-ਦੂਜੇ ਨਾਲ ਜੁੜਨ ਵਿੱਚ ਸਹਾਈ ਹੋਣ ਲਈ ਅਧਿਆਪਕਾਂ ਦੀ ਭੂਮਕਾ 'ਤੇ ਜ਼ੋਰ ਦਿੱਤਾ ਜਾਵੇਗਾ।

**ਗ. ਬਿਜਲੇਈ ਮੁਲਾਂਕਣ ਅਤੇ ਪਰੀਖਿਆਵਾਂ:** ਸੁਝਾਏ ਕੌਮੀ ਮੁਲਾਂਕਣ ਕੇਂਦਰ ਜਾਂ ਪਰਖ, ਪਾਠਸ਼ਾਲਾ ਬੋਰਡ, ਕੌਮੁਕੇਂ/ਕੌਪਕ (ਕੌਮੀ ਮੁਲਾਂਕਣ ਕੇਂਦਰ/ਕੌਮੀ ਪਰੀਖਿਆ ਕਰਿੰਦੀ) ਅਤੇ ਹੋਰ ਜਾਣੇ-ਪਛਾਣੇ ਪਿੰਡਾਂ ਜਿਹੇ ਢੁੱਕਵੇਂ ਪਿੰਡ ਮੁਲਾਂਕਣ ਰੂਪ-ਰੇਖਾਵਾਂ ਤਿਆਰ ਕਰਨਗੇ ਤੇ ਲਾਗੂ ਕਰਨਗੇ, ਜਿਸ ਵਿੱਚ ਸਮਰਥਾਵਾਂ ਦੇ ਨਮੂਨੇ, ਬਸਤੇ, ਸਿਰਲੇਖ/ਮੁੱਖ-ਤੱਤ, ਮਾਨਕੀ ਮੁਲਾਂਕਣ, ਅਤੇ ਮੁਲਾਂਕਣ ਖਾਕੇ ਸ਼ਾਮਲ ਹੋਣਗੇ। 21ਵੀਂ ਸਦੀ ਦੇ

ਹੁਨਰਾਂ 'ਤੇ ਮੁੱਖ ਧਿਆਨ ਧਰ ਕੇ ਸਿੱਖਿਆ ਤਕਨਾਲੋਜੀਆਂ ਦੀ ਵਰਤੋਂ ਰਾਹੀਂ ਮੁਲਾਂਕਣ ਦੇ ਨਵੇਂ ਢੰਗਾਂ ਦੀ ਰਾਹ-ਵਿਖਾਈ ਲਈ ਅਧਿਐਨ ਹੱਥ ਲਏ ਜਾਣਗੇ।

**ਘ. ਸਿੱਖਣ ਦੇ ਰਲਵੇਂ ਨਮੂਨੇ:** ਭਾਵੇਂ ਕਿ ਅੰਕਾਵੀ ਸਿੱਖਣ ਤੇ ਸਿੱਖਿਆ ਤੇ ਜ਼ੋਰ ਦਿੱਤਾ ਗਿਆ ਹੈ ਪਰ ਆਹਮੋ-ਸਾਹਮਣੇ ਵਿਅਕਤੀਗਤ ਸਿੱਖਣ ਦੀ ਮਹੱਤਾ ਨੂੰ ਵੀ ਪੂਰੀ ਮਾਨਤਾ ਦਿੱਤੀ ਗਈ ਹੈ। ਇਸ ਕਰਕੇ, ਵੱਖ-ਵੱਖ ਵਿਸ਼ਿਆਂ ਲਈ ਢੁੱਕਵੇਂ ਬਦਲਵੇਂ ਢੰਗਾਂ ਲਈ ਰਲਵੇਂ-ਮਿਲਵੇਂ ਸਿੱਖਣ ਦੇ ਅਸਰਦਾਰ ਨਮੂਨਿਆਂ ਦੀ ਪਛਾਣ ਕੀਤੀ ਜਾਵੇਗੀ।

**ਙ. ਮਾਨਕ ਤੈਅ ਕਰਨਾ:** ਬਿਜਲੇਈ/ਅੰਕਾਵੀ ਸਿੱਖਿਆ 'ਤੇ ਜਿਵੇਂ-ਜਿਵੇਂ ਖੋਜ ਸਾਹਮਣੇ ਆਉਂਦੀ ਹੈ, ਕੌਸਿਤਮ ਅਤੇ ਹੋਰ ਢੁੱਕਵੇਂ ਪਿੰਡ ਬਿਜਲੇਈ/ਅੰਕਾਵੀ ਅਧਿਆਪਨ-ਸਿੱਖਣ ਲਈ ਵਿਸ਼ਾਵਸਤ, ਤਕਨਾਲੋਜੀ, ਅਤੇ ਸਿੱਖਿਆ-ਵਿਧੀ ਦੇ ਮਾਨਕ ਤੈਅ ਕਰਨਗੇ। ਇਹ ਮਾਨਕ ਰਾਜਾਂ, ਬੋਰਡਾਂ, ਪਾਠਸ਼ਾਲਾਵਾਂ ਤੇ ਪਾਠਸ਼ਾਲਾ ਸਮੂਹਾਂ, ਉਸਿਸਾਂ, ਆਦਿ ਦੇ ਬਿ-ਸਿੱਖਣ ਲਈ ਸੇਧਾਂ ਉਲੀਕਣ ਵਿੱਚ ਸਹਾਈ ਹੋਣਗੇ।

## 24.5. ਜੱਗ-ਪੱਧਰ ਦਾ ਅੰਕਾਵੀ ਢਾਂਚਾ, ਸਿਖਿਆਵੀ ਅੰਕਾਵੀ ਵਿਸ਼ਾਵਸਤ ਅਤੇ ਸਮਰੱਥਾ ਦੀ ਉਸਾਰੀ ਲਈ ਪਰਨਾਈ ਇਕਾਈ ਦੀ ਸਿਰਜਣਾ

ਸਿੱਖਿਆ ਵਿੱਚ ਤਕਨਾਲੋਜੀ ਸਾਧਨ ਹੈ ਉਦੇਸ਼ ਨਹੀਂ ਅਤੇ ਨੀਤੀ ਦੇ ਉਦੇਸ਼ਾਂ ਨੂੰ ਲਾਗੂ ਕਰਨ ਲਈ ਵੱਖ-ਵੱਖ ਪ੍ਰਣਾਲੀਆਂ ਵਾਲੀਆਂ ਧਿਰਾਂ ਨੂੰ ਸੁਰਾਂ ਮਿਲਾਉਣ ਦੀ ਲੋੜ ਹੋਵੇਗੀ। ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੋਵਾਂ ਦੀਆਂ ਬਿ-ਸਿੱਖਿਆ ਲੋੜਾਂ ਪੂਰੀਆਂ ਕਰਨ ਲਈ ਅੰਕਾਵੀ ਢਾਂਚਾ, ਅੰਕਾਵੀ ਵਿਸ਼ਾਵਸਤ ਤੇ ਸਮਰੱਥਾ ਵਾਧੇ ਦੀ ਉਸਾਰੀ ਲਈ ਇੱਕ-ਸੁਰ ਕਦਮਾਂ ਦੇ ਉਦੇਸ਼ ਨਾਲ ਮੰਤਰਾਲੇ ਵਿੱਚ ਇਸ ਨੂੰ ਪਰਨਾਈ ਇਕਾਈ ਦੀ ਰਚਨਾ ਕੀਤੀ ਜਾਵੇਗੀ। ਤਕਨਾਲੋਜੀ ਦਾ ਕਿਉਂਕਿ ਲਗਾਤਾਰ ਵਿਕਾਸ ਹੁੰਦਾ ਪਿਆ ਹੈ, ਇਸ ਲਈ ਉੱਚ-ਗੁਣਵੱਤਾ ਵਾਲਾ ਬਿ-ਸਿੱਖਣਾ ਹਾਸਲ ਕਰਾਉਣ ਲਈ ਮਾਹਰਾਂ ਦੀ ਲੋੜ ਹੈ; ਅਜਿਹੇ ਹੱਲਾਂ ਦੀ ਸਿਰਜਣਾ ਲਈ ਜੀਵੰਤ ਪ੍ਰਣਾਲੀ ਨੂੰ ਉਤਸ਼ਾਹ ਦੇਣ ਦੀ ਲੋੜ ਹੈ ਜਿਹੜੇ ਭਾਰਤ ਦੀਆਂ ਪਸਾਰ, ਵੰਨਸੁਵੰਨਤਾ, ਇੱਕ-ਸਮਾਨਤਾ ਦੀਆਂ ਚੁਣੌਤੀਆਂ ਨੂੰ ਹੀ ਹੱਲ ਨਾ ਕਰਨ ਬਲਕਿ ਤਕਨਾਲੋਜੀ ਵਿੱਚ ਹੁੰਦੇ ਤਿੱਖੇ ਬਦਲਾਵਾਂ ਦੇ ਨਾਲ-ਨਾਲ ਵਿਕਾਸ ਵੀ ਕਰ ਸੱਕਣ, ਤਕਨਾਲੋਜੀ ਜਿਸ ਦਾ ਅੱਧਾ-ਜੀਵਨ ਇੱਕ ਸਾਲ ਲੰਘਣ ਨਾਲ ਈ ਘਟ ਜਾਂਦਾ ਹੈ। ਇਸ ਲਈ, ਇਹ ਕੇਂਦਰ ਪ੍ਰਸ਼ਾਸਨ, ਸਿੱਖਿਆ, ਸਿੱਖਿਆ ਤਕਨਾਲੋਜੀ, ਅੰਕਾਵੀ ਸਿੱਖਿਆ-ਵਿਧੀ ਤੇ ਮੁਲਾਂਕਣ, ਬਿ-ਪ੍ਰਸ਼ਾਸਨ, ਆਦਿ 'ਚੋਂ ਮਾਹਰਾਂ ਵਾਲਾ ਹੋਵੇਗਾ।

# ਭਾਗ - IV ਵਾਸਤਵਿਕਤਾ ਵਿੱਚ ਲਿਆਉਣਾ

## 25. ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਨੂ ਤਗੜੇ ਬਨਾਉਣਾ

25.1. ਇਸ ਨੀਤੀ ਨੂੰ ਸਫ਼ਲਤਾ ਨਾਲ ਲਾਗੂ ਕਰਨਾ ਲੰਮੇਰ-ਕਾਲੀ ਸੂਝ, ਮੁਹਾਰਤ ਦਾ ਲਗਾਤਾਰ ਹਾਸਲ ਹੋਣਾ, ਅਤੇ ਕੌਮੀ, ਰਾਜ-ਪੱਧਰੀ, ਸੰਸਥਾਵੀ, ਅਤੇ ਨਿੱਜ-ਪੱਧਰੀ ਸਾਰੇ ਹਿੱਸੇਦਾਰਾਂ ਦੇ ਸਾਂਝੇ ਅਮਲ ਦੀ ਮੰਗ ਕਰਦਾ ਹੈ। ਇਸ ਪ੍ਰਸੰਗ ਵਿੱਚ, ਨੀਤੀ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' ਨੂੰ ਤਗੜੇ ਕਰਨ ਤੇ ਸ਼ਕਤੀਕਰਣ ਕਰਨ ਦੀ ਸਿਫ਼ਾਰਿਸ਼ ਕਰਦੀ ਹੈ ਜਿਹੜਾ ਕਿਧਰੇ ਵੱਧ ਅਧਿਕਾਰਾਂ ਵਾਲਾ ਹੋਵੇਗਾ ਤੇ ਸਿੱਖਿਆਵੀ ਤੇ ਸੱਭਿਆਚਾਰੀ ਵਿਕਾਸ ਨਾਲ ਜੁੜੇ ਮੁੱਦਿਆਂ 'ਤੇ ਵੱਡੇ ਪਸਾਰ ਵਾਲੀ ਸਲਾਹਕਾਰੀ ਅਤੇ ਨਰੀਖਣ-ਪਰੀਖਣ ਦਾ ਮੰਚ ਹੀ ਨਹੀਂ ਹੋਵੇਗਾ। ਮੁੜ-ਘੜਿਆ ਤੇ ਮੁੜ-ਓਜਿਆ ਕੇਂਸਿਸਬੋ ਮਸਵਿਮ ਅਤੇ ਰਾਜਾਂ ਦੇ ਅਨੁਸਾਰੀ ਸਿਖਰਲੇ ਪਿੰਡਾਂ ਨਾਲ ਨੇੜਲੇ ਸਹਿਯੋਗ ਨਾਲ ਦੇਸ ਦੀ ਸਿੱਖਿਆ ਚਿਤਵਨ ਦੇ ਵਿਕਾਸ, ਪ੍ਰਗਟਾਓ, ਮੁਲਾਂਕਣ, ਅਤੇ ਸੁਧਾਰ ਲਈ ਜੁੰਮੇਵਾਰ ਹੋਵੇਗਾ। ਇਹ ਸੰਸਥਾਵੀ ਰੂਪ-ਰੇਖਾਵਾਂ ਤਿਆਰ ਕਰੇਗਾ ਅਤੇ ਇਹਨਾਂ ਦੀ ਲਗਾਤਾਰ ਪੜਚੋਲ ਕਰੇਗਾ ਜਿਹੜਾ ਇਸ ਚਿਤਵਨ ਨੂੰ ਹਕੀਕਤ ਵਿੱਚ ਬਦਲਣ ਵਿੱਚ ਸਹਾਈ ਹੋਵੇਗਾ।

25.2. ਸਿੱਖਿਆ ਅਤੇ ਸਿੱਖਣ 'ਤੇ ਧਿਆਨ ਵਾਪਸ ਲਿਆਉਣ ਲਈ, ਚੰਗਾ ਹੋਵੇ ਕਿ 'ਮਨੁੱਖੀ ਸਰੋਤ ਵਿਕਾਸ ਮੰਤਰਾਲੇ' (ਮਸਵਿਮ) ਦਾ ਨਾਂ ਮੁੜ ਬਦਲ ਕੇ 'ਸਿੱਖਿਆ ਮੰਤਰਾਲਾ' (ਸਿਮ) ਕਰ ਦਿੱਤਾ ਜਾਵੇ।

## 26. ਵਿੱਤਕਾਰੀ: ਸਭ ਲਈ ਪੁੱਗਦੀ ਅਤੇ ਉੱਤਮ ਸਿੱਖਿਆ

26.1. ਸਮਾਜ ਦੇ ਭਵਿੱਖ ਲਈ ਆਪਣੇ ਨੌਜੁਆਨਾਂ ਦੀ ਉੱਚ-ਗੁਣਵੱਤਾ ਵਾਲੀ ਸਿੱਖਿਆ ਨਾਲੋਂ ਬਿਹਤਰ ਕੋਈ ਨਿਵੇਸ਼ ਨਹੀਂ; ਇਹ ਨੀਤੀ ਸਿੱਖਿਆ 'ਚ ਪੈਸਾ ਲਾਉਣ ਦੇ ਅਰਥ ਭਰਪੂਰ ਵਾਧੇ ਲਈ ਵਚਨਬੱਧ ਹੈ। ਮੰਦੇ ਭਾਗੀਂ, ਜਿਵੇਂ ਕਿ 1968 ਦੀ ਨੀਤੀ ਵਿੱਚ ਚਿਤਵਿਆ ਗਿਆ ਸੀ, 1986 ਦੀ ਨੀਤੀ ਵਿੱਚ ਦੁਹਰਾਇਆ ਗਿਆ ਸੀ, ਅਤੇ ਨੀਤੀ ਦੀ 1992 ਵਾਲੀ ਪੜਚੋਲ ਵਿੱਚ ਮੁੜ ਪੱਕਿਆਂ ਕੀਤਾ ਗਿਆ ਸੀ, ਭਾਰਤ ਵਿੱਚ ਸਿੱਖਿਆ 'ਤੇ ਜਨਤਕ ਖਰਚ ਕੁਘਪੈ ਦੀ 6% ਸਿਫ਼ਾਰਿਸ਼ ਕੀਤੀ ਪੱਧਰ ਦੇ ਨੇੜੇ ਨਹੀਂ ਅੱਪੜਿਆ। ਭਾਰਤ ਵਿੱਚ ਸਿੱਖਿਆ ਤੇ ਹਾਲੀਆ ਜਨਤਕ ਖਰਚ (ਸਰਕਾਰੀ - ਕੇਂਦਰ ਤੇ ਰਾਜ ਦੋਵੇਂ) ਕੁਘਪੈ ਦੇ 4.43% ਦੇ ਨੇੜੇ-ਤੇੜੇ ਵੇ (ਆਮਦਨ-ਖਰਚ (ਬਜਟ) ਵਿਚਲੇ ਖਰਚ 2017-18 ਦਾ ਬਿਖਲੇਖਣ) ਅਤੇ ਸਿੱਖਿਆ ਲਈ ਸਾਰੇ ਸਰਕਾਰੀ ਖਰਚ ਦੇ 10% ਦੇ ਨੇੜੇ-ਤੇੜੇ ਵੇ। ਇਹ ਪ੍ਰਤੀਸ਼ਤ ਬਹੁਤੇ ਵਿਕਸਿਤ ਅਤੇ ਵਿਕਾਸਸ਼ੀਲ ਦੇਸਾਂ ਨਾਲੋਂ ਕਿਧਰੇ ਘੱਟ ਹੈ।

26.2. ਸਿੱਖਿਆ ਦਾ ਉਦੇਸ਼ ਉੱਤਮ ਤਰ੍ਹਾਂ ਹਾਸਲ ਕਰਨ ਲਈ ਅਤੇ ਇਸ ਤੋਂ ਦੇਸ ਤੇ ਇਸ ਦੇ ਅਰਥਚਾਰੇ ਨੂੰ ਵੱਡੀ ਗਿਣਤੀ ਵਿੱਚ ਹੋਣ ਵਾਲੇ ਲਾਭ ਹਾਸਲ ਕਰਨ ਲਈ, ਇਹ ਨੀਤੀ ਕੇਂਦਰ ਸਰਕਾਰ ਤੇ ਸਾਰੀਆਂ ਰਾਜ ਸਰਕਾਰਾਂ ਵੱਲੋਂ ਸਿੱਖਿਆ ਵਿੱਚ ਜਨਤਕ ਨਿਵੇਸ਼ ਵਿੱਚ ਅਰਥ ਭਰਪੂਰ ਵਾਧੇ 'ਤੇ ਬਿਨਾਂ ਕਿਸੇ ਹਿਚਕ ਦੇ ਸਹੀ ਪਾਂਦੀ ਹੈ ਤੇ ਚਿਤਵਦੀ ਹੈ। ਕੇਂਦਰ ਤੇ ਰਾਜ ਸਿੱਖਿਆ ਖੇਤਰ ਵਿੱਚ ਜਨਤਕ ਨਿਵੇਸ਼ ਵਧਾ ਕੇ ਕੁਘਪੈ ਦੇ 6% 'ਤੇ ਛੇਤੀ ਤੋਂ ਛੇਤੀ ਪੁੱਜਣ ਲਈ ਰਲ ਕੇ ਕੰਮ ਕਰਨਗੇ। ਇਹ ਉੱਚ-ਗੁਣਵੱਤਾ ਵਾਲੀ ਅਤੇ ਇੱਕ-ਸਮਾਨ ਜਨਤਕ ਸਿੱਖਿਆ ਪ੍ਰਣਾਲੀ ਹਾਸਲ ਕਰਨ ਲਈ ਹੱਦ ਤੋਂ ਵੱਧ ਨਿਰਣੇਕਾਰੀ ਹੈ, ਜਿਸ ਪ੍ਰਣਾਲੀ ਦੀ ਭਾਰਤ ਦੇ ਆਰਥਿਕ, ਸਮਾਜੀ, ਸੱਭਿਆਚਾਰੀ, ਬੋਧੀ, ਅਤੇ ਤਕਨਾਲੋਜੀ ਦੀ ਭਵਿੱਖੀ ਉੱਨਤੀ ਅਤੇ ਵਾਧੇ ਲਈ ਸੱਚੀ-ਮੁੱਚੀ ਲੋੜ ਹੈ।

26.3. ਖਾਸ ਤੌਰ 'ਤੇ, ਸਿੱਖਿਆ ਦੇ ਵੱਖ-ਵੱਖ ਨਿਰਣੇਕਾਰੀ ਤੱਤਾਂ ਤੇ ਅੰਗਾਂ ਲਈ ਵਿੱਤੀ ਸਹਾਰਾ ਹਾਸਲ ਕਰਾਇਆ ਜਾਵੇਗਾ, ਜਿਵੇਂ ਕਿ ਸਰਬਵਿਆਪੀ ਪਹੁੰਚ ਯਕੀਨੀ ਬਨਾਉਣਾ, ਸਿੱਖਣ ਸਰੋਤ, ਖੁਰਾਕੀ ਸਹਾਰਾ, ਵਿਦਿਆਰਥੀ ਸੁਰੱਖਿਆ ਤੇ ਭਲਾਈ, ਅਧਿਆਪਕਾਂ ਤੇ ਅਮਲੇ ਦੀ ਢੁਕਵੀਂ ਗਿਣਤੀ, ਅਧਿਅਪਾਕ ਵਿਕਾਸ, ਅਤੇ ਉਚੇਚੇ ਹੱਕਾਂ ਤੋਂ ਹੀਣ ਤੇ ਸਮਾਜਿਕ-ਆਰਥਿਕ ਤੌਰ 'ਤੇ ਵੰਚਿਤ ਸਮੂਹਾਂ ਲਈ ਇੱਕ-ਸਮਾਨ ਉੱਚ-ਗੁਣਵੱਤਾ ਵਾਲੀ ਸਿੱਖਿਆ ਲਈ ਸਾਰੀਆਂ ਕੁੰਜੀਵਤ ਪਹਿਲਕਦਮੀਆਂ ਲਈ ਵਿੱਤੀ ਸਹਾਰਾ।

26.4. ਇੱਕ ਵੇਲੇ ਦੇ ਖਰਚਿਆਂ ਦੇ ਨਾਲ, ਜਿਹੜੇ ਮੁੱਢਲੇ ਤੌਰ 'ਤੇ ਢਾਂਚੇ ਅਤੇ ਸਰੋਤਾਂ ਨਾਲ ਜੁੜੇ ਹੁੰਦੇ ਹਨ, ਇਹ ਨੀਤੀ ਸਿੱਖਿਆ ਪ੍ਰਣਾਲੀ ਦੀ ਤਿਆਰੀ ਲਈ ਵਿੱਤ ਹਾਸਲ ਕਰਾਉਣ ਲਈ ਹੇਠਲੇ ਕੁੰਜੀਵਤ ਲੰਮੇਰ-ਚਿਰੇ ਧੁੱਸ ਖੇਤਰਾਂ ਦੀ ਪਛਾਣ ਕਰਦੀ ਹੈ: ੳ) ਉੱਤਮ ਮੁੱਢਲੀ ਬਾਲ-ਉਮਰ ਦੇਖ-ਭਾਲ ਸਿੱਖਿਆ ਦੀ ਸਰਬਵਿਆਪੀ ਪਹੁੰਚ; ਅ) ਨੀਂਹਵੀਂ ਸਾਖਰਤਾ ਤੇ ਅੰਕ-ਗਿਆਨ ਯਕੀਨੀ ਬਨਾਉਣਾ; ੲ) ਪਾਠਸ਼ਾਲਾ ਸਮੂਹਾਂ/ਜੜੁੱਤਾਂ ਨੂੰ ਲੋੜੀਂਦੇ ਤੇ ਢੁੱਕਵੇਂ ਸਰੋਤ ਹਾਸਲ ਕਰਾਉਣਾ; ਸ) ਭੋਜਨ ਤੇ ਖੁਰਾਕ ਹਾਸਲ ਕਰਾਉਣਾ (ਛਾਹ ਵੇਲੇ ਤੇ ਭੱਤੇ ਵੇਲੇ ਦੇ ਖਾਣੇ); ਹ) ਅਧਿਆਪਕ ਸਿੱਖਿਆ ਵਿੱਚ ਪੈਸਾ ਲਾਉਣਾ ਤੇ ਅਧਿਆਪਕਾਂ ਦਾ ਲਗਾਤਾਰ ਪੇਸ਼ਾਵੀ ਵਿਕਾਸ; ਕ) ਉੱਤਮਤਾ ਦੇ ਪਾਲਣ-ਪੋਸਣ ਲਈ ਮਹਾਂਵਿਦਿਆਲਿਆਂ ਤੇ ਵਿਸ਼ਵਵਿਦਿਆਲਿਆਂ ਦੀ ਪੂਰੀ ਕਾਇਆ-ਪਲਟੀ; ਖ) ਖੋਜ ਵਿੱਚ ਰੁੱਝਣਾ; ਅਤੇ ਗ) ਤਕਨਾਲੋਜੀ ਤੇ ਬਿਜਲੇਈ ਸਿੱਖਿਆ ਦੀ ਵੱਡੇ ਪੱਧਰ 'ਤੇ ਵਰਤੋਂ।

26.5. ਭਾਰਤ ਵਿੱਚ ਸਿੱਖਿਆ ਲਈ ਨੀਂਵੇਂ ਪੱਧਰ ਦਾ ਵਿੱਤ ਵੀ ਜ਼ਿਲਾ/ਸੰਸਥਾ ਪੱਧਰ 'ਤੇ ਅਕਸਰ ਸਮੇਂ-ਸਿਰ ਨਹੀਂ ਖਰਚਿਆ ਜਾਂਦਾ, ਜੋ ਉਸ ਰਾਸ਼ੀ ਦੇ ਕਿਆਸੇ ਨਿਸ਼ਾਨੇ ਹਾਸਲ ਕਰਨ ਵਿੱਚ ਰੋਕ ਪਾਂਦਾ ਹੈ। ਇਸ ਲਈ, ਢੁੱਕਵੇਂ ਨੀਤੀ ਬਦਲਾਵਾਂ ਰਾਹੀਂ ਹਾਸਲ ਰਾਸ਼ੀ ਦੀ ਵਰਤੋਂ ਵਿੱਚ ਸੁਚਾਰੂਪਨ ਦੇ ਵਾਧੇ ਦੀ ਲੋੜ ਹੈ। ਵਿੱਤੀ ਪ੍ਰਸ਼ਾਸਨ ਤੇ ਪ੍ਰਬੰਧ ਰਾਸ਼ੀਆਂ

ਦੇ ਇਕਸਾਰ, ਸਮੇਂ-ਸਿਰ, ਤੇ ਢੁੱਕਵੇਂ ਵਹਾਅ 'ਤੇ ਧਿਆਨ ਦੇਣਗੇ। ਪ੍ਰਸ਼ਾਸਨੀ ਅਮਲਾਂ ਵਿੱਚ ਢੁੱਕਵਾਂ ਬਦਲਾਅ ਕੀਤਾ ਜਾਵੇਗਾ ਤੇ ਲੀਹਾਂ ਤੇ ਪਾਇਆ ਜਾਵੇਗਾ ਤਾਂ ਕਿ ਰਾਸ਼ੀਆਂ ਦੇਣ ਦੇ ਢੰਗ ਤਰੀਕਿਆਂ ਦਾ ਨਤੀਜਾ ਵੱਡੀ ਪੱਧਰ 'ਤੇ ਅਣਖਰਚੀਆਂ ਰਾਸ਼ੀਆਂ ਵਿੱਚ ਨਾ ਨਿਕਲੇ। ਸਰਕਾਰੀ ਸਰੋਤਾਂ ਦੀ ਸੁਚਾਰੂ ਵਰਤੋਂ ਤੇ ਰਾਸ਼ੀਆਂ ਦੇ ਜਮ੍ਹਾਂ ਰਹਿਣ ਤੋਂ ਬਚਾਅ ਲਈ, ਸਵਿੱਨੇ (ਸਧਾਰਣ ਵਿੱਤੀ ਨੇਮ, ਜੀਐਫ਼ਆਰ), ਜਵਿਪ੍ਰਪ (ਜਨਤਕ ਵਿੱਤੀ ਪ੍ਰਬੰਧ ਪ੍ਰਣਾਲੀ ਪੀਐਫ਼ਐਮਐਸ) ਦੀਆਂ ਵਿਵਸਥਾਵਾਂ ਅਤੇ ਲਾਗੂ ਕਰਨ ਵਾਲੀਆਂ ਕਰਿੰਦੀਆਂ ਨੂੰ 'ਸਮੇਂ ਸਿਰ' ਸਪੁਰਦਗੀ ਦਾ ਅਨੁਸਰਣ ਕੀਤਾ ਜਾਵੇਗਾ। ਰਾਜਾਂ/ਉਸਿਸਾਂ ਨੂੰ ਕਾਰਗੁਜ਼ਾਰੀ ਅਨੁਸਾਰ ਰਾਸ਼ੀਆਂ ਦੇਣ ਦੇ ਢੰਗ-ਤਰੀਕੇ ਬਣਾਏ ਜਾ ਸਕਦੇ ਹਨ। ਇੰਞ ਈ, ਸਅਵੰਸਾਂ ਲਈ ਰੱਖੀਆਂ ਰਾਸ਼ੀਆਂ ਦੇ ਸਰਬੋਤਮ ਤਰ੍ਹਾਂ ਮਿਥਣ ਅਤੇ ਵਰਤੋਂ ਲਈ ਸੁਚਾਰੂ ਵਿਉਂਤਾਂ ਯਕੀਨੀ ਬਣਾਈਆਂ ਜਾਣਗੀਆਂ। ਭੂਮਕਾਵਾਂ ਦੀ ਸਾਫ਼ ਵੰਡ ਤੇ ਪਾਰਦਰਸ਼ੀ ਸਵੈ-ਘੋਸ਼ਣਾਵਾਂ, ਸੰਸਥਾਵਾਂ ਦਾ ਸ਼ਕਤੀਕਰਣ ਤੇ ਸਵੈਧੀਨਤਾ, ਅਤੇ ਅਗਵਾਈ ਵਾਲੀਆਂ ਥਾਵਾਂ 'ਤੇ ਸਿਰਮੌਰ ਤੇ ਯੋਗਤਾ-ਪ੍ਰਾਪਤ ਮਾਹਰਾਂ ਦੀ ਭਰਤੀ ਦੀਆਂ ਸੇਧਾਂ ਵਾਲੀ ਨਵੀਂ ਸੁਝਾਈ ਨੇਮਬੰਦੀ ਪ੍ਰਸ਼ਾਸਨ ਪੱਧਤੀ ਰਾਸ਼ੀਆਂ ਦਾ ਵਧੇਰੇ ਇਕਸਾਰ, ਛੇਤੀ, ਤੇ ਵਧੇਰੇ ਪਾਰਦਰਸ਼ੀ ਵਹਾਅ ਸੰਭਵ ਬਣਾਏਗੀ।

26.6. ਇਹ ਨੀਤੀ ਸਿੱਖਿਆ ਖੇਤਰ ਵਿੱਚ ਨਿੱਜੀ ਲੋਕਭਲਾਈ ਵਾਲੀ ਸਰਗਰਮੀ 'ਚ ਓਜ ਭਰਨ, ਸਰਗਰਮ ਵਾਧਾ, ਤੇ ਸਹਾਰੇ ਦਾ ਸੱਦਾ ਵੀ ਦੇਂਦੀ ਹੈ। ਖਾਸ ਤੌਰ 'ਤੇ, ਕੋਈ ਵੀ ਜਨਤਕ ਸੰਸਥਾ ਸਿੱਖਿਆਵੀ ਅਮਲਾਂ ਨੂੰ ਤੁਲ ਦੇਣ ਲਈ ਉਹਨਾਂ ਨੂੰ ਦਿੱਤੇ ਜਾਣ ਵਾਲੇ ਬਜਟੀ ਸਹਾਰੇ ਤੋਂ ਉੱਤੇ ਤੇ ਵੱਧ ਜਨਤਕ ਨਿੱਜੀ ਲੋਕਭਲਾਈ ਰਾਸ਼ੀਆਂ ਇਕੱਠੀਆਂ ਕਰਨ ਲਈ ਪਹਿਲਕਦਮੀਆਂ ਕਰ ਸਕਦੀ ਹੈ।

26.7. ਸਿੱਖਿਆ ਦੇ ਵਪਾਰੀਕਰਣ ਦੇ ਮਾਮਲੇ ਨੂੰ ਨੀਤੀ ਨੇ ਬਣਦੇ ਇੱਕ ਤੋਂ ਵੱਧ ਢੰਗਾਂ ਰਾਹੀਂ ਨਜਿੱਠਿਆ ਹੈ, ਜਿਸ ਵਿਚ ਸ਼ਾਮਲ ਹਨ: 'ਹੌਲੀ ਪਰ ਕਰੜੀ' ਨੇਮਬੰਦੀ ਪਹੁੰਚ ਜਿਹੜੀ ਵਿੱਤ, ਅਮਲਾਂ, ਕੋਰਸ ਤੇ ਕਾਰਜਕ੍ਰਮਾਂ, ਅਤੇ ਸਿਖਿਆਵੀ ਸਿੱਟਿਆਂ ਦੀ ਪੂਰੀ ਜਨਤਕ ਸਵੈ-ਘੋਸ਼ਣਾ ਜ਼ਰੂਰੀ ਬਣਾਉਂਦੀ ਹੈ; ਜਨਤਕ ਸਿੱਖਿਆ ਵਿੱਚ ਭਰਪੂਰ ਪੈਸਾ ਲਾਉਣਾ; ਤੇ ਜਨਤਕ ਤੇ ਨਿੱਜੀ ਸਾਰੀਆਂ ਸੰਸਥਾਵਾਂ ਦੇ ਚੰਗੇ ਪ੍ਰਸ਼ਾਸਨ ਲਈ ਢੰਗ-ਤਰੀਕੇ। ਇੰਞ ਈ, ਲੋੜਵੰਦ ਜਾਂ ਹੱਕਧਾਰੀ ਹਿੱਸਿਆਂ ਤੇ ਬਿਨਾਂ ਅਸਰ ਪਾਏ, ਕੀਮਤਾਂ ਦੀ ਉਚੇਰੀ ਵਾਪਸੀ ਦੇ ਮੌਕਿਆਂ ਦੀ ਤਲਾਸ਼ ਵੀ ਕੀਤੀ ਜਾਵੇਗੀ।

## 27. ਵਿਹਾਰ ਵਿੱਚ ਲਿਆਉਣਾ

27.1. ਕਿਸੇ ਵੀ ਨੀਤੀ ਦਾ ਕਾਰਗਰ ਹੋਣਾ ਇਸ ਦੇ ਵਿਹਾਰ ਵਿੱਚ ਲਿਆਉਣ 'ਤੇ ਟਿਕਿਆ ਹੁੰਦਾ ਹੈ। ਅਜਿਹੇ ਵਿਹਾਰ ਵਿੱਚ ਲਿਆਉਣ ਲਈ ਇੱਕ ਤੋਂ ਵੱਧ ਪਹਿਲਕਦਮੀਆਂ ਤੇ ਕਦਮਾਂ ਦੀ ਲੋੜ ਹੁੰਦੀ ਹੈ, ਜਿਹੜੇ ਇੱਕ ਤੋਂ ਵੱਧ ਪਿੰਡਾਂ ਵੱਲੋਂ ਇਕਸੁਰ ਅਤੇ ਪ੍ਰਣਾਲੀਬੰਦ ਢੰਗ ਨਾਲ ਚੁੱਕੇ ਜਾਣਗੇ। ਇਸ ਲਈ, ਇਸ ਨੀਤੀ ਨੂੰ ਵਿਹਾਰ ਵਿੱਚ ਲਿਆਉਣ ਦੀ ਅਗਵਾਈ ਮਸਵਿਮ, ਕੇਂਸਿਸਬੋ (ਕੇਂਦਰੀ ਸਿੱਖਿਆ ਸਲਾਹਕਾਰ ਬੋਰਡ, ਸੀਏਬੀਈ), ਸੰਘੀ ਤੇ ਰਾਜ ਸਰਕਾਰਾਂ, ਸਿੱਖਿਆ ਨਾਲ ਜੁੜੇ ਮੰਤਰਾਲੇ, ਰਾਜਾਂ ਦੇ ਸਿੱਖਿਆ ਵਿਭਾਗ, ਬੋਰਡ, ਕੌਪਕ, ਪਾਠਸ਼ਾਲਾ ਤੇ ਉਚੇਰੀ ਸਿੱਖਿਆ ਦੇ ਨੇਮਬੰਦੀ ਪਿੰਡ, ਕੌਸਿਖੋਸਪ, ਰਸਖੋਸਿਪਾਂ, ਪਾਠਸ਼ਾਲਾਵਾਂ, ਅਤੇ ਉਸਿਸਾਂ ਕਰਨਗੀਆਂ; ਇਹ ਯਕੀਨੀ ਬਨਾਉਣ ਲਈ ਕਿ ਇਹ ਨੀਤੀ ਸੁਰਬੱਧ ਯੋਜਨਾਬੰਦੀ ਅਤੇ ਸਿੱਖਿਆ ਨਾਲ ਜੁੜੇ ਸਾਰੇ ਪਿੰਡਾਂ ਦੀ ਸਾਂਝੀ ਊਰਜਾ ਰਾਹੀਂ ਇਸ ਦੀ ਭਾਵਨਾ ਤੇ ਆਸਾਂ ਅਨੁਸਾਰ ਵਿਹਾਰ ਵਿੱਚ ਲਿਆਂਦੀ ਜਾਂਦੀ ਹੈ, ਇਸ ਨਾਲ ਇੱਕ ਸਮਾਂ-ਰੇਖਾ ਤੇ ਯੋਜਨਾ ਵੀ ਜੁੜੀ ਹੋਵੇਗੀ।

27.2. ਕਾਰਜ ਪਾਲਣ ਲਈ ਅਗਲੇ ਸਿਧਾਂਤ ਸੇਧਾਂ ਦੇਣਗੇ। ਪਹਿਲਾ, ਨੀਤੀ ਦੀ ਭਾਵਨਾ ਤੇ ਆਸਾਂ ਨੂੰ ਲਾਗੂ ਕਰਨਾ ਸਭ ਤੋਂ ਨਿਰਣੇਕਾਰੀ ਮੁੱਦਾ ਹੋਵੇਗਾ। ਦੂਜੇ, ਇਹ ਮਹੱਤਾ ਵਾਲਾ ਹੈ ਕਿ ਨੀਤੀ ਦੀਆਂ ਪਹਿਲਕਦਮੀਆਂ ਪੜਾਅ-ਵਾਰ ਲਾਗੂ ਕੀਤੀਆਂ ਜਾਣ, ਕਿਉਂਕਿ ਹਰ ਇੱਕ ਨੀਤੀ ਨੁਕਤੇ ਦੇ ਕਈ ਪੜਾਅ ਹਨ ਤੇ ਹਰੇਕ ਪੜਾਅ ਦੀ ਲੋੜ ਹੈ ਕਿ ਉਸ ਤੋਂ ਪਹਿਲਾ ਪੜਾਅ ਸਫ਼ਲਤਾ ਨਾਲ ਅਮਲ ਵਿੱਚ ਆ ਚੁੱਕਿਆ ਹੋਵੇ। ਤੀਜੇ, ਨੀਤੀ ਨੁਕਤਿਆਂ ਦੀ ਆਦਰਸ਼ ਪੜਾਅ-ਲੜੀ ਬਨਾਉਣ ਅਤੇ ਸਭ ਤੋਂ ਨਿਰਣੇਕਾਰੀ ਤੇ ਤੁਰੰਤ ਲੋੜੀਂਦੇ ਕਦਮ ਪਹਿਲਾਂ ਚੁੱਕਣੇ ਯਕੀਨੀ ਬਨਾਉਣ ਲਈ ਪਹਿਲਤਾ ਕ੍ਰਮ ਬਨਾਉਣਾ ਬੜੀ ਮਹੱਤਾ ਵਾਲਾ ਹੋਵੇਗਾ, ਜਿਸ ਨਾਲ ਤਗੜੀ ਨੀਂਹ ਤਿਆਰ ਬਣ ਸੱਕੇਗੀ। ਚੌਥੇ, ਕਾਰਜ ਪਾਲਣ ਦਾ

ਸਰਬੰਗੀ ਹੋਣਾ ਕੁੰਜੀਵਤ ਹੋਵੇਗਾ; ਕਿਉਂਕਿ ਇਹ ਨੀਤੀ ਅੰਦਰੋਂ ਜੁੜੀ ਹੋਈ ਹੈ ਤੇ ਸਰਬੰਗੀ ਹੈ, ਟੋਟਿਆਂ ਵਿੱਚ ਨਹੀਂ ਪੂਰੀ ਦੀ ਪੂਰੀ ਨੂੰ ਵਿਹਾਰ ਵਿੱਚ ਲਿਆਉਣ ਨਾਲ ਹੀ ਚਾਹੇ ਟੀਚਿਆਂ ਦੀ ਪ੍ਰਾਪਤੀ ਯਕੀਨੀ ਬਣੇਗੀ। ਪੰਜਵੇਂ, ਕਿਉਂਕਿ ਸਿੱਖਿਆ ਸਾਂਝੀ ਸੂਚੀ ਦਾ ਵਿਸ਼ਾ ਹੈ, ਇਸ ਲਈ ਕੇਂਦਰ ਤੇ ਰਾਜਾਂ ਵਿਚਕਾਰ ਧਿਆਨ ਨਾਲ ਯੋਜਨਾਬੰਦੀ, ਸਾਂਝੀ ਨਜ਼ਰਸਾਨੀ, ਅਤੇ ਸਹਿਯੋਗੀ ਕਾਰਜ ਪਾਲਣ ਦੀ ਲੋੜ ਹੋਵੇਗੀ। ਛੇਵੇਂ, ਕੇਂਦਰੀ ਤੇ ਰਾਜ ਪੱਧਰ 'ਤੇ ਲੋੜੀਂਦੇ ਸਰੋਤ - ਮਨੁੱਖੀ, ਢਾਂਚੇ ਨਾਲ ਜੁੜੇ, ਤੇ ਵਿੱਤੀ - ਸਮੇਂ-ਸਿਰ ਹਾਸਲ ਕਰਾਉਣੇ ਨੀਤੀ ਦੇ ਸੰਤੋਖਜਨੀ ਪਾਲਣ ਲਈ ਨਿਰਣਾਈ ਹੋਵੇਗਾ। ਅੰਤ 'ਤੇ, ਸਾਰੀਆਂ ਪਹਿਲਕਦਮੀਆਂ ਦੀ ਅਸਰਦਾਰ ਗੰਢਬੰਦੀ ਯਕੀਨੀ ਬਨਾਉਣ ਲਈ ਇੱਕ ਤੋਂ ਵੱਧ ਸਮਾਂਤਰ ਕਾਰਜ ਪਾਲਣ ਯਤਨਾਂ ਵਿਚਲੇ ਸਬੰਧਾਂ ਦਾ ਧਿਆਨ ਨਾਲ ਬਿਖਲੇਖਣ ਅਤੇ ਪੜਚੋਲ ਜ਼ਰੂਰੀ ਹੋਵੇਗੀ। ਇਸ ਵਿੱਚ ਕੁਝ ਖਾਸ ਕਦਮਾਂ ਲਈ ਛੇਤੀ ਨਿਵੇਸ਼ ਸ਼ਾਮਲ ਹੋਵੇਗਾ (ਜਿਵੇਂ ਕਿ ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਢਾਂਚੇ ਦੀ ਥਾਪਣਾ) ਜਿਹੜਾ ਸਾਰੇ ਅਗਲੇ ਕਾਰਜਕ੍ਰਮਾਂ ਤੇ ਕਦਮਾਂ ਲਈ ਤਗੜੀ ਨੀਂਹ ਤੇ ਰਵਾਂਦਾਰ ਗਤੀ ਯਕੀਨੀ ਬਨਾਉਣ ਲਈ ਅਟੱਲ ਹੋਵੇਗਾ।

27.3. ਨੀਤੀ ਦੇ ਉਦੇਸ਼ ਪੂਰੀ ਤਰ੍ਹਾਂ ਤੇ ਪੜਾਅ-ਵਾਰ ਢੰਗ ਨਾਲ ਹਾਸਲ ਕਰਨ ਹਿੱਤ, ਇਸ ਨੀਤੀ ਦੇ ਹਰ ਇੱਕ ਪੱਖ ਲਈ ਵਿਸਤਾਰ ਸਹਿਤ ਕਾਰਜ ਪਾਲਣ ਯੋਜਨਾਵਾਂ ਦਾ ਉਤਲੇ ਸਿਧਾਂਤਾਂ ਦੀ ਅਨੁਸਾਰਤਾ ਵਿੱਚ ਵਿਕਾਸ ਕਰਨ ਲਈ ਦੂਜੇ ਜੁੜਦੇ ਮੰਤਰਾਲਿਆਂ ਨਾਲ ਸਹਿਕਾਰਤਾ ਤੇ ਸਲਾਹ ਮਸ਼ਵਰੇ ਨਾਲ ਕੇਂਦਰ ਅਤੇ ਰਾਜ ਦੋਵਾਂ ਪੱਧਰਾਂ 'ਤੇ ਮਾਹਰਾਂ ਦੀਆਂ ਵਿਸ਼ਾ-ਵਾਰ ਕਾਰਜ ਪਾਲਣ ਸਮਿਤੀਆਂ ਥਾਪੀਆਂ ਜਾਣਗੀਆਂ। ਨੀਤੀ ਦੇ ਕਾਰਜ ਪਾਲਣ ਦੀ ਹਰ ਕਦਮ ਲਈ ਮਿਥੇ ਟੀਚਿਆਂ ਅਨੁਸਾਰ ਗਤੀ ਦੀ ਸਲਾਨਾ ਸਾਂਝੀ ਪੜਚੋਲ ਮਸਵਿਮ ਤੇ ਰਾਜਾਂ ਵੱਲੋਂ ਬਣਾਈਆਂ ਮਨੋਨੀਤ ਟੋਲੀਆਂ ਕਰਨਗੀਆਂ, ਤੇ ਪੜਚੋਲਾਂ ਕੇਂਸਿਸਬੋ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ। ਪੂਰੀ ਦੀ ਪੂਰੀ ਨੀਤੀ 2030-40 ਦੇ ਦਹਾਕੇ ਵਿੱਚ ਵਿਹਾਰ ਵਿੱਚ ਹੋਵੇਗੀ, ਜਿਸ ਤੋਂ ਬਾਅਦ ਦੂਜੀ ਸਰਬੰਗੀ ਪੜਚੋਲ ਹੱਥ ਲਈ ਜਾਵੇਗੀ।

# ਸੰਖੇਪ ਸਾਰਣੀ ਪੰਜਾਬੀ ਅੱਖਰਕ੍ਰਮ ਅਨੁਸਾਰ:

| | | |
|---|---|---|
| ਉਸਿਸ | ਉਚੇਰੀ ਸਿੱਖਿਆ ਸੰਸਥਾ | HEI - Higher Education Institution |
| ਉਦਸਿਸ | ਉਦਯੋਗੀ ਸਿਖਲਾਈ ਸੰਸਥਾਂ | ITI - Industrial Training Institute |
| ਉਮਾਸ | ਉੱਘੇ ਮਾਹਰ ਸਮਿਤਿ | EEC - Eminent Expert Committee |
| ਅਸਸ | ਅਣ-ਸਰਕਾਰੀ ਸੰਗਠਨ | NGO - Non-Governmental Organization |
| ਅਸਿਸ | ਅਧਿਆਪਕ ਸਿੱਖਿਆ ਸੰਸਥਾ | TEI - Teacher Education Institution |
| ਅਸਿਬਸ | ਅਧਿਆਪਕ ਸਿੱਖਿਆ ਬਲਾਕ ਸੰਸਥਾ | BITE - Block Institute of Teacher Education |
| ਅਕ | ਅਨੁਸੂਚੇ ਕਬੀਲੇ | ST - Scheduled Tribe(s) |
| ਅਜਾ | ਅਨੁਸੂਚੀਆਂ ਜਾਤੀਆਂ | SC - Scheduled Caste(s) |
| ਅਯੂਸ਼ | ਅਯੁਰਵੇਦ, ਯੋਗ ਤੇ ਪ੍ਰਕਿਰਤੀ ਉਪਚਾਰ, ਯੂਨਾਨੀ, ਸਿੱਧ, ਤੇ ਸਮਉਪਚਾਰ | AYUSH - Ayurveda, Yoga and Naturopathy, Unani, Siddha and Homeopathy |
| ਅਯੋਪ | ਅਧਿਆਪਕ ਯੋਗਤਾ ਪਰੀਖਿਆ | TET - Teacher Eligibility Test |
| ਅਵਿਅ | ਅਪੰਗ ਵਿਅਕਤੀ ਅਧਿਕਾਰ | RPWD - Rights of Persons with Disabilities |
| ਉਵਿਸ਼ੈਉਸ | ਉਪਚਾਰ ਵਿਗਿਆਨ ਅਤੇ ਸ਼ੈਲ-ਉਪਚਾਰ ਸਨਾਤਕ | MBBS - Bachelor of Medicine and Bachelor of Surgery |
| ਇਗਾਂਕੌਖੁਵਿ | ਇੰਦਰਾ ਗਾਂਧੀ ਕੌਮੀ ਖੁਲ੍ਹਾ ਵਿਸ਼ਵਵਿਦਿਆਲਾ | IGNOU - Indira Gandhi National Open University |
| ਇਜ਼ਿਸਿਸੂਪ | ਇਕਰੂਪ ਜ਼ਿਲਾ ਸਿੱਖਿਆ ਸੂਚਨਾ ਪ੍ਰਣਾਲੀ | U-DISE - Unified District Information System for Education |
| ਇਬਾਵਿਮ | ਇਸਤਰੀ ਅਤੇ ਬਾਲ ਵਿਕਾਸ ਮੰਤਰਾਲਾ | MWCD - Ministry of Women and Child Development |
| ਸਉਮ | ਸਵੈਧੀਨ ਉਪਾਧੀ-ਦੇਣਾ ਮਹਾਂਵਿਦਿਆਲਾ | AC - Autonomous degree-granting College |
| ਸਅਵੰਸ | ਸਮਾਜਿਕ-ਆਰਥਿਕ ਵੰਚਿਤ ਸਮੂਹ | SEDG - Socio-Economically Disadvantaged Group |
| ਸਸਿਪ | ਸਧਾਰਣ ਸਿੱਖਿਆ ਪਰਿਸ਼ਦ | GEC - General Education Council |
| ਸਸਿਮੁ | ਸਰਬ ਸਿੱਖਿਆ ਮੁਹਿੰਮ | SSA - Sarva Shiksha Abhiyan |
| ਸੰਖੇ | ਸੰਘੀ ਖੇਤਰ | UT - Union Territory |
| ਸਪ | ਸਹਿਮਤੀ ਪੱਤਰ | MOU - Memorandum of Understanding |
| ਸਮਸੰ | ਸਰਲ ਮਾਨਕ ਸੰਸਕ੍ਰਿਤ | SSS - Simple Standard Sanskrit |
| ਸਰਾਸਿਵਿਸਸ | ਸੰਜੁਗਤ ਰਾਸ਼ਟਰ ਸਿੱਖਿਆ, ਵਿਗਿਆਨ ਅਤੇ ਸੱਭਿਆਚਾਰ ਸੰਗਠਨ | UNESCO - United Nations Educational, Scientific and Cultural Organization |
| ਸੰਰਾਸੰ | ਸੰਸਕ੍ਰਿਤ ਰਾਹੀਂ ਸੰਸਕ੍ਰਿਤ | STS - Sanskrit Through Sanskrit |
| ਸਵਿੱਨੇ | ਸਧਾਰਣ ਵਿੱਤੀ ਨੇਮ | GFR - General Financial Rule |

| | | |
|---|---|---|
| ਸੰਵਿਯੋ | ਸੰਸਥਾਵੀ ਵਿਕਾਸ ਯੋਜਨਾ | IDP - Institutional Development Plan |
| ਸਿਉਸ | ਸਿੱਖਿਆ ਉਤਰ-ਸਨਾਤਕ | M.Ed. - Master of Education |
| ਸਿਸ | ਸਿੱਖਿਆ ਸਨਾਤਕ | B.Ed. - Bachelor of Education |
| ਸਿਪਭਮ | ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ | MHFW - Ministry of Health and Family Welfare |
| ਸਿਮ | ਸਿੱਖਿਆ ਮੰਤਰਾਲਾ | MoE - Ministry of Education |
| ਸ਼ਿਅਅ | ਸ਼ਿਸ਼ ਅਧਿਆਪਕ ਅਨੁਪਾਤ | PTR - Pupil Teacher Ratio |
| ਸੂਸੰਤ | ਸੂਚਨਾ ਅਤੇ ਸੰਚਾਰ ਤਕਨਾਲੋਜੀ | ICT - Information and Communication Technology |
| ਹੰਵਿਟੀ/ਹੰਵਿਉ | ਹੰਢਣਸਾਰ ਵਿਕਾਸ ਉਦੇਸ਼ | SDG - Sustainable Development Goal |
| ਕਿਜੀਪ੍ਰਵਾ | ਕਿੱਤਾ-ਜੀਵਨ ਪ੍ਰਬੰਧ ਤੇ ਵਾਧਾ | CMP - Career Management and Progression |
| ਕਿਮੁਸਿਸ | ਕਿੱਤਾਮੁਖੀ ਸਿੱਖਿਆ ਸਨਾਤਕ | B.Voc. - Bachelor of Vocational Education |
| ਕੇਂਸਿਸਬੋ | ਕੇਂਦਰੀ ਸਿੱਖਿਆ ਸਲਾਹਕਾਰ ਬੋਰਡ | CABE - Central Advisory Board of Education |
| ਕੇਂਸਿਤਸ | ਕੇਂਦਰੀ ਸਿੱਖਿਆ ਤਕਨਾਲੋਜੀ ਸੰਸਥਾਨ | CIET - Central Institute of Educational Technology |
| ਕੇਂਦੂਸਿਬੋ | ਕੇਂਦਰੀ ਦੂਜਾਵੀ ਸਿੱਖਿਆ ਬੋਰਡ | CBSE - Central Board of Secondary Education |
| ਕੁਦਾਅ | ਕੁੱਲ ਦਾਖ਼ਲਾ ਅਨੁਪਾਤ | GER - Gross Enrolment Ratio |
| ਕੁਘਪੈ | ਕੁੱਲ ਘਰੇਲੂ ਪੈਦਾਵਾਰ | GDP - Gross Domestic Product |
| ਕੌਉਸਿਨੇਪ | ਕੌਮੀ ਉਚੇਰੀ ਸਿੱਖਿਆ ਨੇਮਬੰਦੀ ਪਰਿਸ਼ਦ | NHERC - National Higher Education Regulatory Council |
| ਕੌਉਸਿਯੋਰੂਰੇ | ਕੌਮੀ ਉਚੇਰੀ ਸਿੱਖਿਆ ਯੋਗਤਾ ਰੂਪ-ਰੇਖਾ | NHEQF - National Higher Education Qualifications Framework |
| ਕੌਅਸਿਪ | ਕੌਮੀ ਅਧਿਆਪਕ ਸਿੱਖਿਆ ਪਰਿਸ਼ਦ | NCTE - National Council for Teacher Education |
| ਕੌਅਸਿਪਾਰੂਰੇ | ਕੌਮੀ ਅਧਿਆਪਕ ਸਿੱਖਿਆ ਪਾਠਕ੍ਰਮ ਰੂਪ-ਰੇਖਾ | NCFTE - National Curriculum Framework for Teacher Education |
| ਕੌਅਪੇਮਾ | ਕੌਮੀ ਅਧਿਆਪਕ ਪੇਸ਼ਾਵੀ ਮਾਨਕ | NPST - National Professional Standards for Teachers |
| ਕੌਅੰਪ | ਕੌਮੀ ਅੰਕਣ ਪਰਿਸ਼ਦ | NAC - National Accreditation Council |
| ਕੌਸਿਖੋਸਿਪ | ਕੌਮੀ ਸਿੱਖਿਆ ਖੋਜ ਅਤੇ ਸਿਖਲਾਈ ਪਰਿਸ਼ਦ | NCERT - National Council of Educational Research and Training |
| ਕੌਸਿਤਮ | ਕੌਮੀ ਸਿੱਖਿਆ ਤਕਨਾਲੋਜੀ ਮੰਚ | NETF - National Educational Technology Forum |
| ਕੌਸਿਨੀ | ਕੌਮੀ ਸਿੱਖਿਆ ਨੀਤੀ | NPE - National Policy on Education |
| ਕੌਸੈਵਿਟੋ | ਕੌਮੀ ਸੈਨਿਕ ਵਿਦਿਆਰਥੀ ਟੋਲੀ | NCC - National Cadet Corps |
| ਕੌਹੁਯੋਰੂਰੇ | ਕੌਮੀ ਹੁਨਰ ਯੋਗਤਾ ਰੂਪ-ਰੇਖਾ | NSQF - National Skills Qualifications Framework |

| | | |
|---|---|---|
| ਕੌਕਿਮੁਸਿਰਸ | ਕੌਮੀ ਕਿੱਤਾਮੁਖੀ ਸਿੱਖਿਆ ਰਲੇਵਾਂ ਸਮਿਤੀ | NCIVE - National Committee for the Integration of Vocational Education |
| ਕੌਕਿਮੁਸਿਪ | ਕੌਮੀ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਪਰਿਸ਼ਦ | NCVET - National Council for Vocational Education and Training |
| ਕੌਖੁਪਾਸ | ਕੌਮੀ ਖੁਲ੍ਹੀ ਪਾਠਸ਼ਾਲਾ ਸੰਸਥਾਨ | NIOS - National Institute of Open Schooling |
| ਕੌਖੋਸ | ਕੌਮੀ ਖੋਜ ਸੰਸਥਾਨ | NRF - National Research Foundation |
| ਕੌਤਸ | ਕੌਮੀ ਤਕਨਾਲੋਜੀ ਸੰਸਥਾਨ | NIT - National Institute of Technology |
| ਕੌਪਕ | ਕੌਮੀ ਪਰੀਖਿਆ ਕਰਿੰਦੀ | NTA - National Testing Agency |
| ਕੌਪ੍ਰਾਸ | ਕੌਮੀ ਪ੍ਰਾਪਤੀ ਸਰਵੇਖਣ | NAS - National Achievement Survey |
| ਕੌਪਾਸਿਰੂਰੇ | ਕੌਮੀ ਪਾਠਸ਼ਾਲਾ ਸਿੱਖਿਆ ਰੂਪ-ਰੇਖਾ | NCFSE - National Curriculum Framework for School Education |
| ਕੌਪਾਰੂਰੇ | ਕੌਮੀ ਪਾਠਕ੍ਰਮ ਰੂਪ-ਰੇਖਾ | NCF - National Curriculum Framework |
| ਕੌਭਾਕਾਪਸ | ਕੌਮੀ ਭਾਰਤ ਕਾਇਆ-ਪਲਟੀ ਸੰਸਥਾ | NITI - National Institution for Transforming India |
| ਕੌਮੁਬਾਉਦੇਭਾ ਸਿਸਿਵਿਰੂਰੇ | ਕੌਮੀ ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਲਈ ਸਿੱਖਿਆ-ਵਿਧੀ ਰੂਪ-ਰੇਖਾ | NCPFECCE - National Curricular and Pedagogical Framework for Early Childhood Care and Education |
| ਕੌਵੰਸਦ | ਕੌਮੀ ਵੰਨਗੀ ਸਰਵੇਖਣ ਦਫ਼ਤਰ | NSSO - National Sample Survey Office |
| ਖੁਦੂਸਿ | ਖੁਲ੍ਹਾ ਅਤੇ ਦੂਰਵਰਤੀ ਸਿੱਖਣਾ | ODL - Open and Distance Learning |
| ਖੋਕਾ | ਖੋਜ ਅਤੇ ਕਾਢ | R&I - Research and Innovation |
| ਚੋਅਅੰਪ | ਚੋਣ ਅਧਾਰਤ ਅੰਕ ਪ੍ਰਣਾਲੀ | CBCS - Choice Based Credit System |
| ਜਸਕੇਂ | ਜੜੁੱਤ ਸਰੋਤ ਕੇਂਦਰ | CRC - Cluster Resource Centre |
| ਜਵਿਪ੍ਰਪ | ਜਨਤਕ ਵਿੱਤੀ ਪ੍ਰਬੰਧ ਪ੍ਰਣਾਲੀ | PFMS - Public Financial Management System |
| ਜ਼ਿਸਿਅ | ਜ਼ਿਲਾ ਸਿੱਖਿਆ ਅਧਿਕਾਰੀ | DEO - District Education Officer |
| ਜ਼ਿਸਿਸਿਸ | ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ | DIET - District Institute of Education and Training |
| ਜੀਤਵਿ | ਜੀਵੀ-ਤਕਨਾਲੋਜੀ ਵਿਭਾਗ | DBT - Department of Biotechnology |
| ਦਅਚਾ | ਦਰਸ਼ਨ ਅਚਾਰੀਆ | Ph.D - Doctor of Philosophy |
| ਦੀਕਸ਼ਾ/ ਗਿਸਾਂਅੰਢਾਂ | ਗਿਆਨ ਸਾਂਝ ਲਈ ਅੰਕਵੀ ਢਾਂਚਾ | DIKSHA - Digital Infrastructure for Knowledge Sharing |
| ਦੂਪੱਸ਼ | ਦੂਜੀਆਂ ਪੱਛੜੀਆਂ ਸ਼੍ਰੇਣੀਆਂ | OBC - Other Backward Classes |
| ਨਿਪੇਵਿ | ਨਿਰੰਤਰ ਪੇਸ਼ਾਵੀ ਵਿਕਾਸ | CPD - Continuous Professional Development |
| ਨੌਪਮਸਸਿਅ ਮ | ਨੌਜੁਆਨ ਪਰੇਰੇ ਮਨਾਂ ਲਈ ਸਰਗਰਮ ਸਿੱਖਣ ਅਧਿਐਨ ਮੱਕੜਜਾਲ | SWAYAM - Study Webs of Active Learning for Young Aspiring Minds |

| | | |
|---|---|---|
| ਪਊਵਿ | ਪਰਮਾਣੂ ਊਰਜਾ ਵਿਭਾਗ | DAE - Department of Atomic Energy |
| ਪਰਖ/ ਕਾਮੁਪਸਵਿਗਿਬਿ | ਕਾਰਗੁਜ਼ਾਰੀ ਮੁਲਾਂਕਣ, ਪੜਚੋਲ ਅਤੇ ਸਰਬੰਗੀ ਵਿਕਾਸ ਲਈ ਗਿਆਨ ਬਿਸ਼ਲੇਸ਼ਣ | PARAKH - Performance Assessment, Review and Analysis of Knowledge for Holistic Development |
| ਪ੍ਰਬੋ | ਪ੍ਰਸ਼ਾਸਕ ਬੋਰਡ | BoG - Board of Governors |
| ਪਵਿਯੋ | ਪਾਠਸ਼ਾਲਾ ਵਿਕਾਸ ਯੋਜਨਾ | SDP - School Development Plan |
| ਪਾਸਪ੍ਰਸ | ਪਾਠਸ਼ਾਲਾ ਸਮੂਹ ਪ੍ਰਬੰਧ ਸਮਿਤੀ | SCMC - School Complex Management Committee |
| ਪਾਸਵਿਯੋ | ਪਾਠਸ਼ਾਲਾ ਸਮੂਹ/ਜੜੁੱਤ ਵਿਕਾਸ ਯੋਜਨਾ | SCDP - School Complex/Cluster Development Plan |
| ਪਾਸਿਨਿ | ਪਾਠਸ਼ਾਲਾ ਸਿੱਖਿਆ ਨਿਦੇਸ਼ਾਲਾ | DSE - Directorate of School Education |
| ਪਾਗੁਮੁਅਰੂਰੇ | ਪਾਠਸ਼ਾਲਾ ਗੁਣਵੱਤਾ ਮੁਲਾਂਕਣ ਅਤੇ ਅੰਕਣ ਰੂਪ-ਰੇਖਾ | SQAAF - School Quality Assessment and Accreditation Framework |
| ਪਾਪ੍ਰਸ | ਪਾਠਸ਼ਾਲਾ ਪ੍ਰਬੰਧ ਸਮਿਤੀ | SMC - School Management Committee |
| ਪੀਅੰਭ | ਪੀਠੀ ਅੰਕ ਭੰਡਾਰ | ABC - Academic Bank of Credit |
| ਪੇਮਾਤੈਪਿ | ਪੇਸ਼ਾਵੀ ਮਾਨਕ ਤੈਅਕਰਣ ਪਿੰਡ | PSSB - Professional Standard Setting Body |
| ਬਸਕੇਂ | ਬਲਾਕ ਸਰੋਤ ਕੇਂਦਰ | BRC - Block Resource Centre |
| ਬਸਿਅ | ਬਲਾਕ ਸਿੱਖਿਆ ਅਧਿਕਾਰੀ | BEO - Block Education Officer |
| ਬਸਿਖੋਵਿ | ਬਹੁਵਿਸ਼ਾਵੀ ਸਿੱਖਿਆ ਅਤੇ ਖੋਜ ਵਿਸ਼ਵਵਿਦਿਆਲਾ | MERU - Multidisciplinary Education and Research Universities |
| ਬਬੁ | ਬਣਾਉਟੀ ਬੁੱਧ | AI - Artificial Intelligence |
| ਬਾਸਿਕੇਂ | ਬਾਲਗ ਸਿੱਖਿਆ ਕੇਂਦਰ | AEC - Adult Education Centre |
| ਭਉਪ | ਭਵਨ ਉਸਾਰੀ ਪਰਿਸ਼ਦ | CoA - Council of Architecture |
| ਭਔਵਿਪ | ਭਾਰਤੀ ਔਖਧ ਵਿਗਿਆਨ ਪਰਿਸ਼ਦ | PCI - Pharmacy Council of India |
| ਭਇਖੋਪ | ਭਾਰਤੀ ਇਤਿਹਾਸੀ ਖੋਜ ਪਰਿਸ਼ਦ | ICHR - Indian Council of Historical Research |
| ਭਾਉਸਿਆ | ਭਾਰਤੀ ਉਚੇਰੀ ਸਿੱਖਿਆ ਅਯੋਗ | HECI - Higher Education Commission of India |
| ਭਾਉਵਿਸ | ਭਾਰਤੀ ਉਲਥਾ ਅਤੇ ਵਿਆਖਿਆ ਸੰਸਥਾਨ | IITI - Indian Institute of Translation and Interpretation |
| ਭਾਉਵਿਖੋਪ | ਭਾਰਤੀ ਉਪਚਾਰ ਵਿਗਿਆਨ ਖੋਜ ਪਰਿਸ਼ਦ | ICMR - Indian Council of Medical Research |
| ਭਾਸਭਾਂ | ਭਾਰਤੀ ਸੰਕੇਤ ਭਾਸ਼ਾ | ISL - Indian Sign Language |
| ਭਾਖੇਖੋਪ | ਭਾਰਤੀ ਖੇਤੀਬਾੜੀ ਖੋਜ ਪਰਿਸ਼ਦ | ICAR - Indian Council of Agricultural Research |
| ਭਾਤਸ | ਭਾਰਤੀ ਤਕਨਾਲੋਜੀ ਸੰਸਥਾਨ | IIT - Indian Institute of Technology |

| | | |
|---|---|---|
| ਭਾਪਉਪ | ਭਾਰਤੀ ਪਸ਼ੂ-ਉਪਚਾਰ ਪਰਿਸ਼ਦ | VCI - Veterinary Council of India |
| ਭਾਪ੍ਰਸ | ਭਾਰਤੀ ਪ੍ਰਬੰਧ ਸੰਸਥਾਨ | IIM - Indian Institute of Management |
| ਭਾਮੁਵਪ | ਭਾਰਤੀ ਮੁੜ-ਵਸੇਬਾ ਪਰਿਸ਼ਦ | RCI - Rehabilitation Council of India |
| ਭੂਨਾਸਿ | ਭੂਮੰਡਲੀ ਨਾਗਰਿਕਤਾ ਸਿੱਖਿਆ | GCED - Global Citizenship Education |
| ਮਸਵਿਮ | ਮਨੁੱਖੀ ਸਰੋਤ ਵਿਕਾਸ ਮੰਤਰਾਲਾ | MHRD - Ministry of Human Resource Development |
| ਮਿ.ਲ. | ਮਿਸਾਲ ਲਈ | e.g. |
| ਮੁਬਾਦੇਸਿ | ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ | ECCE - Early Childhood Care and Education |
| ਮੁਬੋ | ਮੁਲਾਂਕਣ ਬੋਰਡ | BoA - Board of Assessment |
| ਰਾਸਿਖੋਸਿਪ | ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪਰਿਸ਼ਦ | SCERT - State Council of Educational Research and Training |
| ਰਾਖੁਪਾਸ | ਰਾਜ ਖੁੱਲ੍ਹੀ ਪਾਠਸ਼ਾਲਾ ਸੰਸਥਾ | SIOS - State Institute of Open Schooling |
| ਰਾਪਰੂਰੇ | ਰਾਜ ਪਾਠਕ੍ਰਮ ਰੂਪ-ਰੇਖਾ | SCF - State Curricular Framework |
| ਰਾਪਾਮਾਸ਼ | ਰਾਜ ਪਾਠਸ਼ਾਲਾ ਮਾਨਕ ਸ਼ਕਤੀ | SSSA - State School Standards Authority |
| ਰਾਪ੍ਰਸ | ਰਾਜ ਪ੍ਰਾਪਤੀ ਸਰਵੇਖਣ | SAS - State Achievement Survey |
| ਵਕਾਦ | ਵਰਤੋਂਕਾਰੀ ਕਾਰਜਕ੍ਰਮ ਦਮੁਹੀਆਂ | API - Application Programming Interface |
| ਵਿਅਆ | ਵਿਸ਼ਵਵਿਦਿਆਲਾ ਅਨੁਦਾਨ ਆਯੋਗ | UGC - University Grants Commission |
| ਵਿਸਿਖ | ਵਿਸ਼ੇਸ਼ ਸਿੱਖਿਆ ਖੰਡ | SEZ - Special Education Zone |
| ਵਿਖੁਬਿਕੋ | ਵਿਸ਼ਾਲ ਖੁੱਲ੍ਹਾ ਬਿਜਲੇਈ ਕੋਰਸ | MOOC - Massive Open Online Course |
| ਵਿਤਜੰਗ | ਵਿਗਿਆਨ, ਤਕਨਾਲੋਜੀ, ਜੰਤਰਕੀ, ਅਤੇ ਗਣਿਤ | STEM - Science, Technology, Engineering, and Mathematics |
| ਵਿਤਵਿ | ਵਿਗਿਆਨ ਅਤੇ ਤਕਨਾਲੋਜੀ ਵਿਭਾਗ | DST - Department of Science and Technology |
| ਵਿਲੋਬ | ਵਿਸ਼ੇਸ਼ ਲੋੜਾਂ ਵਾਲੇ ਬੱਚੇ | CWSN - Children With Special Needs |

# ਸੰਖੇਪ ਸਾਰਣੀ ਅੰਗਰੇਜ਼ੀ ਅੱਖਰਕ੍ਰਮ ਅਨੁਸਾਰ:

| | | |
|---|---|---|
| ਸਉਮ | ਸਵੈਧੀਨ ਉਪਾਧੀ-ਦੇਣਾ ਮਹਾਂਵਿਦਿਆਲਾ | AC - Autonomous degree-granting College |
| ਬਬੁ | ਬਣਾਉਟੀ ਬੁੱਧ | AI - Artificial Intelligence |
| ਪੀਅੰਭ | ਪੀਠੀ ਅੰਕ ਭੰਡਾਰ | ABC - Academic Bank of Credit |
| ਬਾਸਿਕੇਂ | ਬਾਲਗ ਸਿੱਖਿਆ ਕੇਂਦਰ | AEC - Adult Education Centre |
| ਵਕਾਦ | ਵਰਤੋਂਕਾਰੀ ਕਾਰਜਕ੍ਰਮ ਦਮੁਹੀਆਂ | API - Application Programming Interface |
| ਅਯੂਸ਼ | ਅਯੁਰਵੇਦ, ਯੋਗ ਤੇ ਪ੍ਰਕਿਰਤੀ ਉਪਚਾਰ, ਯੂਨਾਨੀ, ਸਿੱਧ, ਤੇ ਸਮਉਪਚਾਰ | AYUSH - Ayurveda, Yoga and Naturopathy, Unani, Siddha and Homeopathy |
| ਸਿਸ | ਸਿੱਖਿਆ ਸਨਾਤਕ | B.Ed. - Bachelor of Education |
| ਬਸਿਅ | ਬਲਾਕ ਸਿੱਖਿਆ ਅਧਿਕਾਰੀ | BEO - Block Education Officer |
| ਬਅਸਿਸ | ਬਲਾਕ ਅਧਿਆਪਕ ਸਿੱਖਿਆ ਸੰਸਥਾ | BITE - Block Institute of Teacher Education |
| ਮੁਬੋ | ਮੁਲਾਂਕਣ ਬੋਰਡ | BoA - Board of Assessment |
| ਪ੍ਰਬੋ | ਪ੍ਰਸ਼ਾਸਕ ਬੋਰਡ | BoG - Board of Governors |
| ਬਸਕੇਂ | ਬਲਾਕ ਸਰੋਤ ਕੇਂਦਰ | BRC - Block Resource Centre |
| ਕਿਮੁਸਿਸ | ਕਿੱਤਾਮੁਖੀ ਸਿੱਖਿਆ ਸਨਾਤਕ | B.Voc. - Bachelor of Vocational Education |
| ਕੇਂਸਿਸਬੋ | ਕੇਂਦਰੀ ਸਿੱਖਿਆ ਸਲਾਹਕਾਰ ਬੋਰਡ | CABE - Central Advisory Board of Education |
| ਚੋਅਅੰਪ | ਚੋਣ ਅਧਾਰਤ ਅੰਕ ਪ੍ਰਣਾਲੀ | CBCS - Choice Based Credit System |
| ਕੇਂਦੂਸਿਬੋ | ਕੇਂਦਰੀ ਦੂਜਾਵੀ ਸਿੱਖਿਆ ਬੋਰਡ | CBSE - Central Board of Secondary Education |
| ਕੇਂਸਿਤਸ | ਕੇਂਦਰੀ ਸਿੱਖਿਆ ਤਕਨਾਲੋਜੀ ਸੰਸਥਾਨ | CIET - Central Institute of Educational Technology |
| ਕਿਜੀਪ੍ਰਵਾ | ਕਿੱਤਾ-ਜੀਵਨ ਪ੍ਰਬੰਧ ਤੇ ਵਾਧਾ | CMP - Career Management and Progression |
| ਭਉਪ | ਭਵਨ ਉਸਾਰੀ ਪਰਿਸ਼ਦ | CoA - Council of Architecture |
| ਨਿਪੇਵਿ | ਨਿਰੰਤਰ ਪੇਸ਼ਾਵੀ ਵਿਕਾਸ | CPD - Continuous Professional Development |
| ਜਸਕੇਂ | ਜੜੁੱਤ ਸਰੋਤ ਕੇਂਦਰ | CRC - Cluster Resource Centre |
| ਵਿਲੋਬ | ਵਿਸ਼ੇਸ਼ ਲੋੜਾਂ ਵਾਲੇ ਬੱਚੇ | CWSN - Children With Special Needs |
| ਪਊਵਿ | ਪਰਮਾਣੂ ਊਰਜਾ ਵਿਭਾਗ | DAE - Department of Atomic Energy |
| ਜੀਤਵਿ | ਜੀਵੀ-ਤਕਨਾਲੋਜੀ ਵਿਭਾਗ | DBT - Department of Biotechnology |
| ਜ਼ਿਸਿਅ | ਜ਼ਿਲਾ ਸਿੱਖਿਆ ਅਧਿਕਾਰੀ | DEO - District Education Officer |
| ਜ਼ਿਸਿਸਿਸ | ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ | DIET - District Institute of Education and Training |

| | | |
|---|---|---|
| ਦੀਕਸ਼ਾ/ ਗਿਸਾਂਅੰਢਾਂ | ਗਿਆਨ ਸਾਂਝ ਲਈ ਅੰਕਵੀ ਢਾਂਚਾ | DIKSHA - Digital Infrastructure for Knowledge Sharing |
| ਪਾਸਿਨਿ | ਪਾਠਸ਼ਾਲਾ ਸਿੱਖਿਆ ਨਿਦੇਸ਼ਾਲਾ | DSE - Diectorate of School Education |
| ਵਿਤਵਿ | ਵਿਗਿਆਨ ਅਤੇ ਤਕਨਾਲੋਜੀ ਵਿਭਾਗ | DST - Department of Science and Technology |
| ਮੁਬਾਦੇਸਿ | ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ | ECCE - Early Childhood Care and Education |
| ਉਮਾਸ | ਉੱਘੇ ਮਾਹਰ ਸਮਿਤਿ | EEC - Eminent Expert Committee |
| ਮਿ.ਲ. | ਮਿਸਾਲ ਲਈ | e.g. |
| ਭੂਨਾਸਿ | ਭੂਮੰਡਲੀ ਨਾਗਰਿਕਤਾ ਸਿੱਖਿਆ | GCED - Global Citizenship Education |
| ਕੁਘਪੈ | ਕੁੱਲ ਘਰੇਲੂ ਪੈਦਾਵਾਰ | GDP - Gross Domestic Product |
| ਸਸਿੱਪ | ਸਧਾਰਣ ਸਿੱਖਿਆ ਪਰਿਸ਼ਦ | GEC - General Education Council |
| ਕੁਦਾਅ | ਕੁੱਲ ਦਾਖ਼ਲਾ ਅਨੁਪਾਤ | GER - Gross Enrolment Ratio |
| ਸਵਿੱਨੇ | ਸਧਾਰਣ ਵਿੱਤੀ ਨੇਮ | GFR - General Financial Rule |
| ਭਾਉਸਿਆ | ਭਾਰਤੀ ਉਚੇਰੀ ਸਿੱਖਿਆ ਅਯੋਗ | HECI - Higher Education Commission of India |
| ਉਸਿਅਪ | ਉਚੇਰੀ ਸਿੱਖਿਆ ਅਨੁਦਾਨ ਪਰਿਸ਼ਦ | HEGC - Higher Education Grants Council |
| ਉਸਿਸ | ਉਚੇਰੀ ਸਿੱਖਿਆ ਸੰਸਥਾ | HEI - Higher Education Institution |
| ਭਾਖੇਖੋਪ | ਭਾਰਤੀ ਖੇਤੀਬਾੜੀ ਖੋਜ ਪਰਿਸ਼ਦ | ICAR - Indian Council of Agricultural Research |
| ਭਾਇਖੋਪ | ਭਾਰਤੀ ਇਤਿਹਾਸੀ ਖੋਜ ਪਰਿਸ਼ਦ | ICHR - Indian Council of Historical Research |
| ਭਾਉਵਿਖੋਪ | ਭਾਰਤੀ ਉਪਚਾਰ ਵਿਗਿਆਨ ਖੋਜ ਪਰਿਸ਼ਦ | ICMR - Indian Council of Medical Research |
| ਸੂਸੰਤ | ਸੂਚਨਾ ਅਤੇ ਸੰਚਾਰ ਤਕਨਾਲੋਜੀ | ICT - Information and Communication Technology |
| ਸੰਵਿਯੋ | ਸੰਸਥਾਵੀ ਵਿਕਾਸ ਯੋਜਨਾ | IDP - Institutional Development Plan |
| ਇਗਾਂਕੌਖੁਵਿ | ਇੰਦਰਾ ਗਾਂਧੀ ਕੌਮੀ ਖੁੱਲ੍ਹਾ ਵਿਸ਼ਵਵਿਦਿਆਲਾ | IGNOU - Indira Gandhi National Open University |
| ਭਾਪ੍ਰਸ | ਭਾਰਤੀ ਪ੍ਰਬੰਧ ਸੰਸਥਾਨ | IIM - Indian Institute of Management |
| ਭਾਤਸ | ਭਾਰਤੀ ਤਕਨਾਲੋਜੀ ਸੰਸਥਾਨ | IIT - Indian Institute of Technology |
| ਭਾਉਵਿਸ | ਭਾਰਤੀ ਉਲਥਾ ਅਤੇ ਵਿਆਖਿਆ ਸੰਸਥਾਨ | IITI - Indian Institute of Translation and Interpretation |
| ਭਾਸਭਾਂ | ਭਾਰਤੀ ਸੰਕੇਤ ਭਾਸ਼ਾ | ISL - Indian Sign Language |
| ਉਦਸਿਸ | ਉਦਯੋਗੀ ਸਿਖਲਾਈ ਸੰਸਥਾਂ | ITI - Industrial Training Institute |
| ਉਵਿਸ਼ੈਉਸ | ਉਪਚਾਰ ਵਿਗਿਆਨ ਅਤੇ ਸ਼ੈਲ-ਉਪਚਾਰ | MBBS - Bachelor of Medicine and Bachelor of Surgery |

| | | |
|---|---|---|
| | ਸਨਾਤਕ | |
| ਸਿਉਸ | ਸਿੱਖਿਆ ਉਤਰ-ਸਨਾਤਕ | M.Ed. - Master of Education |
| ਬਸਿਖੋਵਿ | ਬਹੁਵਿਸ਼ਾਵੀ ਸਿੱਖਿਆ ਅਤੇ ਖੋਜ ਵਿਸ਼ਵਵਿਦਿਆਲਾ | MERU - Multidisciplinary Education and Research Universities |
| ਸਿਪਭਮ | ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ | MHFW - Ministry of Health and Family Welfare |
| ਮਸਵਿਮ | ਮਨੁੱਖੀ ਸਰੋਤ ਵਿਕਾਸ ਮੰਤਰਾਲਾ | MHRD - Ministry of Human Resource Development |
| ਸਿਮ | ਸਿੱਖਿਆ ਮੰਤਰਾਲਾ | MoE - Ministry of Education |
| ਵਿਖੁਬਿਕੋ | ਵਿਸ਼ਾਲ ਖੁਲ੍ਹਾ ਬਿਜਲੇਈ ਕੋਰਸ | MOOC - Massive Open Online Course |
| ਸਪ | ਸਹਿਮਤੀ ਪੱਤਰ | MOU - Memorandum of Understanding |
| ਇਬਾਵਿਮ | ਇਸਤਰੀ ਅਤੇ ਬਾਲ ਵਿਕਾਸ ਮੰਤਰਾਲਾ | MWCD - Ministry of Women and Child Development |
| ਕੌਅੰਪ | ਕੌਮੀ ਅੰਕਣ ਪਰਿਸ਼ਦ | NAC - National Accreditation Council |
| ਕੌਪ੍ਰਾਸ | ਕੌਮੀ ਪ੍ਰਾਪਤੀ ਸਰਵੇਖਣ | NAS - National Achievement Survey |
| ਕੌਸੈਵਿਟੋ | ਕੌਮੀ ਸੈਨਿਕ ਵਿਦਿਆਰਥੀ ਟੋਲੀ | NCC - National Cadet Corps |
| ਕੌਸਿਖੋਸਿਪ | ਕੌਮੀ ਸਿੱਖਿਆ ਖੋਜ ਅਤੇ ਸਿਖਲਾਈ ਪਰਿਸ਼ਦ | NCERT - National Council of Educational Research and Training |
| ਕੌਪਾਰੂਰੇ | ਕੌਮੀ ਪਾਠਕ੍ਰਮ ਰੂਪ-ਰੇਖਾ | NCF - National Curriculum Framework |
| ਕੌਪਾਸਿਪਾਰੂਰੇ | ਕੌਮੀ ਪਾਠਸ਼ਾਲਾ ਸਿੱਖਿਆ ਪਾਠਕ੍ਰਮ ਰੂਪ-ਰੇਖਾ | NCFSE - National Curriculum Framework for School Education |
| ਕੌਅਸਿਪਾਰੂਰੇ | ਕੋਮੀ ਅਧਿਆਪਕ ਸਿੱਖਿਆ ਪਾਠਕ੍ਰਮ ਰੂਪ-ਰੇਖਾ | NCFTE - National Curriculum Framework for Teacher Education |
| ਕੌਕਿਮੁਸਿਰਸ | ਕੌਮੀ ਕਿੱਤਾਮੁਖੀ ਸਿੱਖਿਆ ਰਲੇਵਾਂ ਸਮਿਤੀ | NCIVE - National Committee for the Integration of Vocational Education |
| ਕੌਮੁਬਾਉਦੇਭਾ ਸਿਸਿਵਿਰੂਰੇ | ਕੌਮੀ ਮੁੱਢਲੀ ਬਾਲ-ਉਮਰ ਦੇਖ-ਭਾਲ ਅਤੇ ਸਿੱਖਿਆ ਲਈ ਸਿੱਖਿਆ-ਵਿਧੀ ਰੂਪ-ਰੇਖਾ | NCPFECCE - National Curricular and Pedagogical Framework for Early Childhood Care and Education |
| ਕੌਅਸਿਪ | ਕੌਮੀ ਅਧਿਆਪਕ ਸਿੱਖਿਆ ਪਰਿਸ਼ਦ | NCTE - National Council for Teacher Education |
| ਕੌਕਿਮੁਸਿਪ | ਕੌਮੀ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਪਰਿਸ਼ਦ | NCVET - National Council for Vocational Education and Training |
| ਕੌਸਿਤਮ | ਕੌਮੀ ਸਿੱਖਿਆ ਤਕਨਾਲੋਜੀ ਮੰਚ | NETF - National Educational Technology Forum |
| ਅਸਸ | ਅਣ-ਸਰਕਾਰੀ ਸੰਗਠਨ | NGO - Non-Governmental Organization |
| ਕੌਉਸਿਯੋਰੂਰੇ | ਕੌਮੀ ਉਚੇਰੀ ਸਿੱਖਿਆ ਯੋਗਤਾ ਰੂਪ-ਰੇਖਾ | NHEQF - National Higher Education Qualifications Framework |
| ਕੌਉਸਿਨੇਪ | ਕੌਮੀ ਉਚੇਰੀ ਸਿੱਖਿਆ ਨੇਮਬੰਦੀ ਪਰਿਸ਼ਦ | NHERC - National Higher Education Regulatory Council |

| | | |
|---|---|---|
| ਕੌਖੁਪਾਸ | ਕੌਮੀ ਖੁਲ੍ਹੀ ਪਾਠਸ਼ਾਲਾ ਸੰਸਥਾਨ | NIOS - National Institute of Open Schooling |
| ਕੌਤਸ | ਕੌਮੀ ਤਕਨਾਲੋਜੀ ਸੰਸਥਾਨ | NIT - National Institute of Technology |
| ਕੌਭਾਕਾਪਸ | ਕੌਮੀ ਭਾਰਤ ਕਾਇਆ-ਪਲਟੀ ਸੰਸਥਾ | NITI - National Institution for Transforming India |
| ਕੌਸਿਨੀ | ਕੌਮੀ ਸਿੱਖਿਆ ਨੀਤੀ | NPE - National Policy on Education |
| ਕੌਅਪੇਮਾ | ਕੌਮੀ ਅਧਿਆਪਕ ਪੇਸ਼ਾਵੀ ਮਾਨਕ | NPST - National Professional Standards for Teachers |
| ਕੌਖੋਸ | ਕੌਮੀ ਖੋਜ ਸੰਸਥਾਨ | NRF - National Research Foundation |
| ਕੌਹੁਯੋਰੂਰੇ | ਕੌਮੀ ਹੁਨਰ ਯੋਗਤਾ ਰੂਪ-ਰੇਖਾ | NSQF - National Skills Qualifications Framework |
| ਕੌਵੰਸਦ | ਕੌਮੀ ਵੰਨਗੀ ਸਰਵੇਖਣ ਦਫ਼ਤਰ | NSSO - National Sample Survey Office |
| ਕੌਪਕ | ਕੌਮੀ ਪਰੀਖਿਆ ਕਰਿੰਦੀ | NTA - National Testing Agency |
| ਦੂਪੱਸ਼ | ਦੂਜੀਆਂ ਪੱਛੜੀਆਂ ਸ਼੍ਰੇਣੀਆਂ | OBC - Other Backward Classes |
| ਖੁਦੂਸਿ | ਖੁਲ੍ਹਾ ਅਤੇ ਦੂਰਵਰਤੀ ਸਿੱਖਣਾ | ODL - Open and Distance Learning |
| ਪਰਖ/ ਕਾਮੁਪਸਵਿਗਿਬਿ | ਕਾਰਗੁਜ਼ਾਰੀ ਮੁਲਾਂਕਣ, ਪੜਚੋਲ ਅਤੇ ਸਰਬੰਗੀ ਵਿਕਾਸ ਲਈ ਗਿਆਨ ਬਿਖਲੇਖਣ | PARAKH - Performance Assessment, Review and Analysis of Knowledge for Holistic Development |
| ਭਔਵਿਪ | ਭਾਰਤ ਔਖਧ ਵਿਗਿਆਨ ਪਰਿਸ਼ਦ | PCI - Pharmacy Council of India |
| ਜਵਿਪ੍ਰਪ | ਜਨਤਕ ਵਿੱਤੀ ਪ੍ਰਬੰਧ ਪ੍ਰਣਾਲੀ | PFMS - Public Financial Management System |
| ਦਅਚਾ | ਦਰਸ਼ਨ ਅਚਾਰੀਆ | Ph.D - Doctor of Philosophy |
| ਪੇਮਾਤੈਪਿ | ਪੇਸ਼ਾਵੀ ਮਾਨਕ ਤੈਅਕਰਣ ਪਿੰਡ | PSSB - Professional Standard Setting Body |
| ਸ਼ਿਅਅ | ਸ਼ਿਸ਼ ਅਧਿਆਪਕ ਅਨੁਪਾਤ | PTR - Pupil Teacher Ratio |
| ਖੋਕਾ | ਖੋਜ ਅਤੇ ਕਾਢ | R&I - Research and Innovation |
| ਭਾਮੁਵਪ | ਭਾਰਤੀ ਮੁੜ-ਵਸੇਬਾ ਪਰਿਸ਼ਦ | RCI - Rehabilitation Council of India |
| ਅਵਿਅ | ਅਪੰਗ ਵਿਅਕਤੀ ਅਧਿਕਾਰ | RPWD - Rights of Persons with Disabilities |
| ਰਾਪ੍ਰਸ | ਰਾਜ ਪ੍ਰਾਪਤੀ ਸਰਵੇਖਣ | SAS - State Achievement Survey |
| ਅਜਾ | ਅਨੁਸੂਚੀਆਂ ਜਾਤੀਆਂ | SC - Scheduled Caste(s) |
| ਪਾਸਵਿਯੋ | ਪਾਠਸ਼ਾਲਾ ਸਮੂਹ/ਜੜੁੱਤ ਵਿਕਾਸ ਯੋਜਨਾ | SCDP - School Complex/Cluster Development Plan |
| ਰਾਸਿਖੋਸਿਪ | ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪਰਿਸ਼ਦ | SCERT - State Council of Educational Research and Training |
| ਰਾਪਰੂਰੇ | ਰਾਜ ਪਾਠਕ੍ਰਮ ਰੂਪ-ਰੇਖਾ | SCF - State Curricular Framework |
| ਪਾਸਪ੍ਰਸ | ਪਾਠਸ਼ਾਲਾ ਸਮੂਹ ਪ੍ਰਬੰਧ ਸਮਿਤੀ | SCMC - School Complex Management Committee |

| | | |
|---|---|---|
| ਹੰਵਿਟੀ/ਹੰਵਿਉ | ਹੰਢਣਸਾਰ ਵਿਕਾਸ ਟੀਚੇ | SDG - Sustainable Development Goal |
| ਪਵਿਯੋ | ਪਾਠਸ਼ਾਲਾ ਵਿਕਾਸ ਯੋਜਨਾ | SDP - School Development Plan |
| ਸਅਵੰਸ | ਸਮਾਜਿਕ-ਆਰਥਿਕ ਵੰਚਿਤ ਸਮੂਹ | SEDG - Socio-Economically Disadvantaged Group |
| ਵਿਸਿਖ | ਵਿਸ਼ੇਸ਼ ਸਿੱਖਿਆ ਖੰਡ | SEZ - Special Education Zone |
| ਰਾਖੁਪਾਸ | ਰਾਜ ਖੁਲ੍ਹੀ ਪਾਠਸ਼ਾਲਾ ਸੰਸਥਾ | SIOS - State Institute of Open Schooling |
| ਪਾਪ੍ਰਸ | ਪਾਠਸ਼ਾਲਾ ਪ੍ਰਬੰਧ ਸਮਿਤੀ | SMC - School Management Committee |
| ਪਾਗੁਮੁਅਰੂਰੇ | ਪਾਠਸ਼ਾਲਾ ਗੁਣਵੱਤਾ ਮੁਲਾਂਕਣ ਅਤੇ ਅੰਕਣ ਰੂਪ-ਰੇਖਾ | SQAAF - School Quality Assessment and Accreditation Framework |
| ਸਸਿਮੁ | ਸਰਬ ਸਿੱਖਿਆ ਮੁਹਿੰਮ | SSA - Sarva Shiksha Abhiyan |
| ਸਮਸੰ | ਸਰਲ ਮਾਨਕ ਸੰਸਕ੍ਰਿਤ | SSS - Simple Standard Sanskrit |
| ਰਾਪਾਮਾਅ | ਰਾਜ ਪਾਠਸ਼ਾਲਾ ਮਾਨਕ ਅਧਿਕਾਰ | SSSA - State School Standards Authority |
| ਅਕ | ਅਨੁਸੂਚੇ ਕਬੀਲੇ | ST - Scheduled Tribe(s) |
| ਵਿਤਜੰਗ | ਵਿਗਿਆਨ, ਤਕਨਾਲੋਜੀ, ਜੰਤਰਕੀ, ਅਤੇ ਗਣਿਤ | STEM - Science, Technology, Engineering, and Mathematics |
| ਸੰਰਾਸੰ | ਸੰਸਕ੍ਰਿਤ ਰਾਹੀਂ ਸੰਸਕ੍ਰਿਤ | STS - Sanskrit Through Sanskrit |
| ਨੌਪਮਸਸਿਅਮ | ਨੌਜੂਆਨ ਪਰੇਰੇ ਮਨਾਂ ਲਈ ਸਰਗਰਮ ਸਿੱਖਣ ਅਧਿਐਨ ਮੱਕੜਜਾਲ | SWAYAM - Study Webs of Active Learning for Young Aspiring Minds |
| ਅਸਿਸ | ਅਧਿਆਪਕ ਸਿੱਖਿਆ ਸੰਸਥਾ | TEI - Teacher Education Institution |
| ਅਯੋਪ | ਅਧਿਆਪਕ ਯੋਗਤਾ ਪਰੀਖਿਆ | TET - Teacher Eligibility Test |
| ਇਜ਼ਿਸਿਸੂਪ | ਇਕਰੂਪ ਜ਼ਿਲਾ ਸਿੱਖਿਆ ਸੂਚਨਾ ਪ੍ਰਣਾਲੀ | U-DISE - Unified District Information System for Education |
| ਵਿਅਆ | ਵਿਸ਼ਵਵਿਦਿਆਲਾ ਅਨੁਦਾਨ ਆਯੋਗ | UGC - University Grants Commission |
| ਸਰਸਿਵਿਸਸ | ਸੰਜੁਗਤ ਰਾਸ਼ਟਰ ਸਿੱਖਿਆ, ਵਿਗਿਆਨ ਅਤੇ ਸੱਭਿਆਚਾਰ ਸੰਗਠਨ | UNESCO - United Nations Educational, Scientific and Cultural Organization |
| ਸੰਖੇ | ਸੰਘੀ ਖੇਤਰ | UT - Union Territory |
| ਭਾਪਉਪ | ਭਾਰਤ ਪਸ਼ੂ-ਉਪਚਾਰ ਪਰਿਸ਼ਦ | VCI - Veterinary Council of India |

*****